# ਕੌਮਾਂਤਰੀ ਅੰਮ੍ਰਿਤਸਰ ਟਾਈਮਜ਼

QUOMANTRY AMRITSAR TIMES

West/East Coast Edition | Volume 11 | Issue 20 | 21 May 2021 to 27 May 2021 | Ph.: (510) 240-5949 | Fax: (888) 323-6950 | Email: info@amritsartimes.com, asrtimes@gmail.com


# ਵਾਈਟ ਹਾਊਸ ਨੇ ਭਾਰਤ ਨੂੰ 50 ਕਰੋੜ ਡਾਲਰ ਦੀ ਕੋਵਿਡ ਸਹਾਇਤਾ ਦਿੱਤੀ

**ਵਾਸ਼ਿੰਗਟਨ/ਏ.ਟੀ.ਨਿਊਜ਼ :** ਅਮਰੀਕਾ ਨੇ ਹੁਣ ਤੱਕ ਭਾਰਤ ਨੂੰ 50 ਕਰੋੜ ਡਾਲਰ ਤੋਂ ਵੱਧ ਦੀ ਕੋਵਿਡ- 19 ਸਹਾਇਤਾ ਮੁਹੱਈਆ ਕਰਵਾਈ ਹੈ। ਵਾਈਟ ਹਾਊਸ ਨੇ ਇਸ ਸਬੰਧੀ ਜਾਣਕਾਰੀ ਦਿੰਦਿਆਂ ਕਿਹਾ ਕਿ ਦੂਜੇ ਮੁਲਕਾਂ ਨੂੰ ਅੱਠ ਕਰੋੜ ਟੀਕਿਆਂ ਦੀ ਵੰਡ ਕਰਨ ਬਾਰੇ ਉਹ ਜਲਦੀ ਹੀ ਫੈਸਲਾ ਲਵੇਗਾ। ਵਾਈਟ ਹਾਊਸ ਦੀ ਪ੍ਰੈੱਸ ਸਕੱਤਰ ਜੇਨ ਸਾਕੀ ਨੇ ਇੱਕ ਵਰਚੁਅਲ ਪ੍ਰੈੱਸ ਕਾਨਫਰੰਸ ਵਿੱਚ ਵਾਈਟ ਹਾਊਸ ਵਿਦੇਸ਼ ਪ੍ਰੈੱਸ ਸਮੂਹ ਦੇ ਮੈਂਬਰਾਂ ਨੂੰ ਕਿਹਾ,'ਹੁਣ ਤੱਕ ਅਮਰੀਕਾ ਨੇ ਭਾਰਤ ਨੂੰ 50 ਕਰੋੜ ਡਾਲਰ ਤੋਂ ਵੱਧ ਦੀ ਕੋਵਿਡ- 19 ਸਹਾਇਤਾ ਪਹੁੰਚਾਈ ਹੈ ਜਿਸ ਵਿੱਚ ਅਮਰੀਕਾ ਦੀ ਫੈੱਡਰਲ ਤੇ ਸੂਬਾ ਸਰਕਾਰਾਂ, ਅਮਰੀਕੀ ਕੰਪਨੀਆਂ ਤੇ ਸੰਸਥਾਵਾਂ ਤੇ ਆਮ ਨਾਗਰਿਕਾਂ ਵੱਲੋਂ ਦਿੱਤਾ ਗਿਆ ਯੋਗਦਾਨ ਸ਼ਾਮਲ ਹੈ।' ਉਨ੍ਹਾਂ ਕਿਹਾ ਕਿ ਬਾਇਡਨ ਪ੍ਰਸ਼ਾਸਨ ਹੁਣ ਉਨ੍ਹਾਂ ਹੋਰ ਦੱਖਣ-ਏਸ਼ਿਆਈ ਮੁਲਕਾਂ ਨੂੰ ਸਹਾਇਤਾ ਦੇਣ ਸਬੰਧੀ ਕੰਮ ਕਰ ਰਿਹਾ ਹੈ ਜੋ ਕੋਵਿਡ- 19 ਮਹਾਮਾਰੀ ਤੋਂ ਪ੍ਰਭਾਵਿਤ ਹਨ। ਉਨ੍ਹਾਂ ਕਿਹਾ,'ਅਸੀਂ ਹਵਾਈ ਮਾਰਗ ਰਾਹੀਂ ਸੱਤ ਖੇਪਾਂ ਭੇਜੀਆਂ ਹਨ ਜਿਨ੍ਹਾਂ ਵਿੱਚ ਮੈਡੀਕਲ ਰਾਹਤ ਸਮੱਗਰੀ ਸ਼ਾਮਲ ਹੈ।

## ਆਸਟ੍ਰੇਲੀਆ ਨੇ ਸਕੂਲਾਂ ਵਿਚ ਸਿੱਖ ਬੱਚਿਆਂ ਦੇ 'ਕਿਰਪਾਨ' ਪਹਿਨਣ 'ਤੇ ਲਾਈ ਪਾਬੰਦੀ

**ਸਿਡਨੀ/ਏ.ਟੀ.ਨਿਊਜ਼:** ਆਸਟ੍ਰੇਲੀਆ ਦੇ ਸਭ ਤੋਂ ਵੱਡੇ ਨਿਊ ਸਾਊਥ ਵੈਲਜ਼ ਨੇ ਆਪਣੇ ਸਕੂਲਾਂ ਵਿਚ ਸਿੱਖ ਧਾਰਮਿਕ ਚਿੰਨ ਕਿਰਪਾਨ ਲੈ ਕੇ ਆਉਣ 'ਤੇ ਪਾਬੰਦੀ ਲਾ ਦਿੱਤੀ ਹੈ। ਇਕ ਸਕੂਲ ਵਿਚ ਇਕ ਵਿਦਿਆਰਥੀ ਦੁਆਰਾ ਕਥਿਤ ਤੌਰ 'ਤੇ ਕਿਰਪਾਨ ਨਾਲ ਦੂਜਿਆਂ ਨੂੰ ਜ਼ਖ਼ਮੀ ਕਰਨ ਤੋਂ ਬਾਅਦ ਇਹ ਫੈਸਲਾ ਲਿਆ ਗਿਆ। 6 ਮਈ ਨੂੰ ਸਿਡਨੀ ਦੇ ਗਲੇਨਵੁਡ ਹਾਈ ਸਕੂਲ ਵਿਚ ਇਕ ਵਿਦਿਆਰਥੀ ਲਹੂ-ਲਹਾਨ ਪਿਆ ਸੀ ਜਿਸ ਤੋਂ ਬਾਅਦ ਪੁਲਿਸ ਤੇ ਐਂਬੂਲੈਂਸ ਬੁਲਾਈ ਗਈ। ਪੁਲਿਸ ਨੂੰ ਦੱਸਿਆ ਗਿਆ ਕਿ ਇਕ ਵਿਦਿਆਰਥੀ ਨੇ ਉਸ ਨੂੰ ਚਾਕੂ ਮਾਰ ਦਿੱਤਾ ਸੀ। 13 ਸਾਲ ਦੇ ਵਿਦਿਆਰਥੀ ਨੂੰ ਫੌਰਨ ਹਸਪਤਾਲ ਲੈ ਜਾਇਆ ਗਿਆ ਜਦਕਿ 14 ਸਾਲ ਦੇ ਇਕ ਵਿਦਿਆਰਥੀ ਨੂੰ ਗ੍ਰਿਫਤਾਰ ਕਰ ਲਿਆ ਗਿਆ। ਉਸ 'ਤੇ ਜਾਨਲੇਵਾ ਹਮਲਾ ਕਰਨ ਦੇ ਦੋਸ਼ਾਂ ਤਹਿਤ ਮੁਕੱਦਮਾ ਦਰਜ ਕੀਤਾ ਗਿਆ ਹੈ ਤੇ ਫਿਲਹਾਲ ਉਹ ਜ਼ਮਾਨਤ 'ਤੇ ਹੈ।




ਦੋਵੇਂ ਵਿਦਿਆਰਥੀਆਂ ਵਿਚ ਝਗੜੇ ਦਾ ਮਾਮਲਾ ਲੱਗਣ ਵਾਲੇ ਇਸ ਮਾਮਲੇ 'ਚ ਅੰਤਰਰਾਸ਼ਟਰੀ ਪੱਧਰ 'ਤੇ ਲਹਿਰ ਪੈਦਾ ਕਰ ਦੇਣ ਦੀ ਸੰਭਾਵਨਾ ਹੈ ਕਿਉਂਕਿ ਇਸ ਘਟਨਾ ਮੂਲ ਰੂਪ ਵਿਚ ਧਰਮ ਵੀ ਹੈ ਤੇ ਬੁਲਿੰਗ ਵੀ, ਦੋਸ਼ ਹੈ ਕਿ ਸਿੱਖ ਭਾਈਚਾਰੇ ਨਾਲ ਸਬੰਧ ਰੱਖਣ ਵਾਲੇ ਦੋਸ਼ੀ ਵਿਦਿਆਰਥੀ ਨੇ ਆਪਣੀ ਕਿਰਪਾਨ ਨਾਲ ਆਪਣੇ ਸਹਿਪਾਠੀ 'ਤੇ ਹਮਲਾ ਕੀਤਾ ਸੀ। ਇਸ ਤੋਂ ਬਾਅਦ ਆਸਟ੍ਰੇਲੀਆ ਵਿਚ ਸਕੂਲਾਂ 'ਚ ਕਿਰਪਾਨ ਲੈ ਕੇ ਆਉਣ ਦੀ ਇਜਾਜ਼ਤ 'ਤੇ ਵਿਵਾਦ ਹੋ ਰਿਹਾ ਹੈ। ਨਿਊ ਸਾਊਥ ਵੈਲਜ਼ ਦੀ ਮੁੱਖ ਮੰਤਰੀ ਨੇ ਕਿਹਾ ਕਿ ਉਹ ਹੈਰਾਨ ਹੈ ਕਿ ਵਿਦਿਆਰਥੀ ਸਕੂਲਾਂ ਵਿਚ ਚਾਕੂ ਲੈ ਕੇ ਆ ਸਕਦੇ ਹਨ।

ਅੰਮ੍ਰਿਤਸਰ ਟਾਈਮਜ ਦਾ ਪੱਖ ਹੈ ਕਿ ਬੱਚਿਆਂ ਨੂੰ ਕਿਰਪਾਨ ਬਾਰੇ ਸੁਚੇਤ ਕਰਨਾ ਚਾਹੀਦਾ ਹੈ, ਕਿ ਇਸਦੀ ਵਰਤੋਂ ਆਮ ਹਥਿਆਰ ਵਜੋਂ ਨਾ ਕਰਨ। ਦੂਸਰਾ ਪੱਖ ਇਹ ਵੀ ਹੈ ਕਿ ਵਿਦੇਸ਼ੀ ਪ੍ਰਸ਼ਾਸਨ ਚਾਕੂ ਤੇ ਕਿਰਪਾਨ ਵਿਚ ਫਰਕ ਨਹੀਂ ਕਰ ਰਿਹਾ।

## ਇਜ਼ਰਾਈਲ ਤੇ ਫ਼ਲਸਤੀਨੀ ਵਿਚਾਲੇ ਜੰਗ ਰੁਕੀ

✪ ਗੋਲੀਬੰਦੀ ਦਾ ਐਲਾਨ ✪ ਗਾਜ਼ਾ ਵਿੱਚ ਘੱਟੋ ਘੱਟ 243 ਜਾਨਾਂ ਗਈਆਂ ਜਿਨਾਂ ਵਿੱਚ 100 ਔਰਤਾਂ ਤੇ ਬੱਚੇ ਸ਼ਾਮਲ ✪ ਬਾਈਡਨ ਨੇ ਕਿਹਾ ਕਿ ਇਹ ਗੋਲੀਬੰਦੀ ਤਰੱਕੀ ਤੇ ਸ਼ਾਂਤੀ ਦਾ ਇੱਕ ਮੌਕਾ ਲੈ ਕੇ ਆਈ





**ਨਿਊਯਾਰਕ/ਏ.ਟੀ.ਨਿਊਜ਼ :** ਇਜ਼ਰਾਈਲ ਤੇ ਫਲਸਤੀਨੀ ਕੱਟੜਪੰਥੀ ਹਮਾਸ ਵਿਚਕਾਰ ਬੀਤੇ ਸ਼ੁਕਰਵਾਰ ਦੌਰਾਨ ਗੋਲੀਬੰਦੀ ਲਾਗੂ ਹੋ ਗਈ ਹੈ।ਇਹ ਗੋਲੀਬੰਦੀ 11 ਦਿਨਾਂ ਤੋਂ ਜਾਰੀ ਸੀ। ਬੰਬਾਰੀ ਹੋਣ ਕਾਰਨ ਹੁਣ ਤੱਕ 240 ਤੋਂ ਵੱਧ ਜਾਨਾਂ ਜਾ ਚੁੱਕੀਆਂ ਹਨ। ਇਜ਼ਰਾਈਲੀ ਕੈਬਨਿਟ ਨੇ 'ਆਪਸੀ ਅਤੇ ਬੇਸ਼ਰਤ' ਗੋਲੀਬੰਦੀ ਦੀ ਪੁਸ਼ਟੀ ਕੀਤੀ ਹੈ। ਹਮਾਸ ਦੇ ਅਧਿਕਾਰੀਆਂ ਨੇ ਯੁੱਧਬੰਦੀ ਲਾਗੂ ਹੋਣ ਦੀ ਪੁਸ਼ਟੀ ਕੀਤੀ ਹੈ। ਅਮਰੀਕੀ ਰਾਸ਼ਟਰਪਤੀ ਜੋਅ ਬਾਈਡਨ ਨੇ ਬਾਅਦ ਵਿੱਚ ਕਿਹਾ ਕਿ ਇਜ਼ਰਾਈਲੀ ਪ੍ਰਧਾਨ ਮੰਤਰੀ ਬਿਨਿਆਮਿਨ ਨੇਤਨਯਾਹੂ ਨੇ ਉਨਾਂ ਕੋਲ ਇਸ ਦੀ ਪੁਸ਼ਟੀ ਕੀਤੀ ਸੀ। ਬਾਈਡਨ ਨੇ ਕਿਹਾ ਕਿ ਇਹ ਗੋਲੀਬੰਦੀ ਤਰੱਕੀ ਤੇ ਸ਼ਾਂਤੀ ਦਾ ਇੱਕ ਮੌਕਾ ਲੈ ਕੇ ਆਈ ਹੈ। ਬੀਤੇ ਵੀਰਵਾਰ ਦੌਰਾਨ 100 ਤੋਂ ਜ਼ਿਆਦਾ ਇਜ਼ਰਾਈਲੀ ਹਵਾਈ ਹਮਲਿਆਂ ਨੇ ਉੱਤਰੀ ਗਾਜ਼ਾ ਵਿੱਚ ਹਮਾਸ ਦੇ ਬੁਨਿਆਦੀ ਢਾਂਚੇ ਨੂੰ ਨਿਸ਼ਾਨਾ ਬਣਾਇਆ ਸੀ। ਹਮਾਸ ਨੇ ਵੀ ਰਾਕਟਾਂ ਨਾਲ ਹਮਲਿਆਂ ਦਾ ਜਵਾਬ ਦਿੱਤਾ। ਗਾਜ਼ਾ ਵਿੱਚ 10 ਮਈ ਨੂੰ ਜੰਗ ਛਿੜੀ ਸੀ। ਇਸ ਤੋਂ ਕਈ ਹਫ਼ਤੇ ਪਹਿਲਾਂ ਤੋਂ ਇਜ਼ਰਾਈਲ-ਫ਼ਲਸਤੀਨ ਵਿੱਚ ਤਣਾਅ ਜਾਰੀ ਸੀ ਜਿਸ ਦੇ ਨਤੀਜੇ ਵਜੋਂ ਮੁਸਲਮਾਨਾਂ ਅਤੇ ਯਹੂਦੀਆਂ ਦੋਵਾਂ ਵੱਲੋਂ ਸਤਿਕਾਰੇ ਜਾਂਦੇ ਇੱਕ ਪਵਿੱਤਰ ਥਾਂ 'ਤੇ ਹਿੰਸਾ ਹੋਈ। ਹਮਾਸ ਨੇ ਇਜ਼ਰਾਈਲ ਨੂੰ ਜਗਾ ਤੋਂ ਪਿੱਛੇ ਹਟਣ ਦੀ ਚੇਤਾਵਨੀ

ਬਾਕੀ ਸਫ਼ਾ 29 'ਤੇ

### ਲਾਲ ਕਿਲ੍ਹਾ ਕਥਿਤ ਹਿੰਸਾ ਦਾ ਮਾਮਲਾ

## ਦਿੱਲੀ ਪੁਲਿਸ ਨੇ ਕੋਰਟ 'ਚ ਪੇਸ਼ ਕੀਤੀ ਚਾਰਜਸ਼ੀਟ, ਪੰਜਾਬੀ ਅਦਾਕਾਰ ਦੀਪ ਸਿੱਧੂ ਸਮੇਤ 16 ਲੋਕ ਬਣਾਏ ਗਏ ਮੁਲਜ਼ਮ

ਨਵੀਂ ਦਿੱਲੀ : ਗਣਤੰਤਰ ਦਿਵਸ 'ਤੇ ਦਿੱਲੀ ਦੇ ਲਾਲ ਕਿਲ੍ਹੇ 'ਤੇ ਹੋਈ ਹਿੰਸਾ ਮਾਮਲੇ 'ਚ ਦਿੱਲੀ ਪੁਲਿਸ ਨੇ ਕੋਰਟ 'ਚ ਚਾਰਜਸ਼ੀਟ ਦਾਖਲ ਕਰ ਦਿੱਤੀ ਹੈ। ਇਸ 'ਚ ਪੰਜਾਬੀ ਅਦਾਕਾਰ ਦੀਪ ਸਿੱਧੂ ਨਾਲ 16 ਲੋਕਾਂ ਨੂੰ ਦੋਸ਼ੀ ਬਣਾਇਆ ਗਿਆ ਹੈ। ਦੱਸਿਆ ਜਾ ਰਿਹਾ ਹੈ ਕਿ ਲੋੜ ਪੈਣ 'ਤੇ ਦਿੱਲੀ ਪੁਲਿਸ ਪੂਰੀ ਚਾਰਜਸ਼ੀਟ ਵੀ ਦਾਖਲ ਕਰੇਗੀ। ਦੱਸ ਦੇਈਏ ਕਿ 26 ਜਨਵਰੀ ਦੇ ਦਿਨ ਕਿਸਾਨ ਅੰਦੋਲਨ ਦੀ ਲੜੀ 'ਚ ਟਰੈਕਟਰ ਤੇ ਮੋਟਰਸਾਈਕਲ 'ਤੇ ਸਵਾਰ ਕਰੀਬ 300 ਹੁੱਲੜਬਾਜੀਆਂ ਨੇ ਲਾਲ ਕਿਲ੍ਹਾ ਦੇ ਅੰਦਰ ਦੱਬ ਕੇ ਉਥਲ-ਪੁਥਲ ਮਚਾਇਆ ਸੀ। ਦਰਅਸਲ, ਖੇਤੀ ਕਾਨੂੰਨਾਂ ਦੇ ਵਿਰੋਧ 'ਚ 26 ਜਨਵਰੀ ਨੂੰ ਕਿਸਾਨਾਂ ਦੀ ਟਰੈਕਟਰ ਪਰੇਡ ਦੌਰਾਨ ਦਿੱਲੀ 'ਚ ਹਿੰਸਾ ਭੜਕ ਗਈ ਸੀ।

ਹੱਦ ਤਾਂ ਉਦੋਂ ਪਾਰ ਹੋਈ ਜਦੋਂ ਅੰਦੋਲਨਕਾਰੀ



ਕਿਸਾਨਾਂ ਨੇ ਲਾਲ ਕਿਲ੍ਹੇ 'ਤੇ ਕਬਜਾ ਕਰ ਲਿਆ ਸੀ ਤੇ ਤਿਰੰਗੇ ਦੇ ਬਗਲ 'ਚ ਆਪਣਾ ਝੰਡਾ ਲਹਿਰਾ ਦਿੱਤਾ ਸੀ। ਇਸ ਤੋਂ ਇਲਾਵਾ ਹੁੱਲੜਬਾਜੀ ਕਿਸਾਨਾਂ ਨੇ ਲਾਲ ਕਿਲ੍ਹਾ ਸਮੇਤ ਕਈ ਥਾਵਾਂ 'ਤੇ ਦੱਬ ਕੇ ਭੰਨ-ਤੋੜ ਕੀਤੀ ਤੇ ਪੁਲਿਸ 'ਤੇ ਵੀ ਜਾਨਲੇਵਾ ਹਮਲਾ ਕੀਤਾ ਸੀ। ਗਣਤੰਤਰ ਦਿਵਸ ਦੇ ਦਿਨ ਹੋਈ ਹਿੰਸਾ 'ਚ 500 ਤੋਂ ਵੀ ਜਿਆਦਾ ਪੁਲਿਸ ਮੁਲਾਜਮ ਜਖਮੀ ਹੋਏ ਸਨ। ਦਿੱਲੀ ਪੁਲਿਸ ਨੇ 150 ਦੇ ਨੇੜੇ-ਤੇੜੇ ਗ੍ਰਿਫਤਾਰੀਆਂ ਵੀ ਕੀਤੀਆਂ ਹਨ ਤੇ 44 ਐੱਫਆਈਆਰ ਦਰਜ ਕੀਤੀਆਂ ਗਈਆਂ ਸਨ।

ਪੰਜਾਬੀ ਅਦਾਕਾਰ ਦੀਪ ਸਿੱਧੂ ਤੋਂ ਇਲਾਵਾ, ਦਿੱਲੀ ਪੁਲਿਸ ਦੀ ਸਪੈਸ਼ਲ ਸੈੱਲ ਨੇ ਲਾਲ ਕਿਲ੍ਹਾ ਹਿੰਸਾ ਮਾਮਲੇ 'ਚ ਵਾਂਟੇਡ ਮਨਿੰਦਰ ਸਿੰਘ ਨੂੰ ਵੀ ਗ੍ਰਿਫਤਾਰ ਕੀਤਾ ਹੈ, ਜਿਸ ਨੂੰ 26 ਜਨਵਰੀ ਨੂੰ ਹਿੰਸਾ ਭੜਕਾਉਣ ਤੇ ਦੋਵੇਂ ਹੱਥਾਂ ਤੋਂ ਤਲਵਾਰਾਂ ਲਹਿਰਾਉਂਦਾ ਦੇਖਿਆ ਗਿਆ ਸੀ।

## ਸੌਦਾ ਸਾਧ ਨੂੰ ਮਿਲੀ 48 ਘੰਟੇ ਦੀ ਕਸਟੱਡੀ ਪੈਰੋਲ, ਸੁਨਾਰੀਆ ਜੇਲ੍ਹ ਤੋਂ ਮਾਂ ਨੂੰ ਮਿਲਣ ਪਹੁੰਚੇ ਗੁਰੂਗ੍ਰਾਮ

**ਰੋਹਤਕ/ਏ.ਟੀ.ਨਿਊਜ਼:**ਇਥੋਂ ਦੀ ਸੁਨਾਰੀਆ ਜੇਲ ਵਿਚ ਜਬਰ ਜਨਾਹ ਅਤੇ ਹੱਤਿਆ ਦੇ ਦੋਸ਼ ਵਿਚ ਜੇਲ੍ਹ ਕੱਟ ਰਹੇ ਸੌਦਾ ਸਾਧ ਸਿਰਸਾ ਨੂੰ 48 ਘੰਟੇ ਦੇ ਕਸਟੱਡੀ ਪੈਰੋਲ ਮਿਲੀ ਹੈ। ਰਾਮ ਰਹੀਮ ਬੀਮਾਰ ਮਾਂ ਨਾਲ ਮਿਲਣ ਲਈ ਗੁਰੂਗ੍ਰਾਮ ਗਿਆ ਹੈ। ਉਥੇ ਸੁਰਖਿਆ ਇੰਤਜ਼ਾਮਾਂ ਤੇ ਉਨ੍ਹਾਂ ਦੇ ਪੈਰੋਕਾਰਾਂ ਦੀ ਭੀੜ ਜਮ੍ਹਾ ਨਾ ਹੋਵੇ, ਇਸ ਲਈ ਪੁਖਤਾ ਇੰਤਜ਼ਾਮ ਕੀਤੇ ਗਏ ਹਨ।

ਦੱਸ ਦੇਈਏ ਕਿ ਹਾਲ ਵਿਚ ਹੀ ਸੌਦਾ ਸਾਧ ਨੂੰ ਰੋਹਤਕ ਪੀਜੀਆਈ ਵਿਚ ਵਿਚ ਭਰਤੀ ਕਰਵਾਇਆ ਗਿਆ ਸੀ। ਜਿਥੇ ਉਨ੍ਹਾਂ ਦਾ ਤਿੰਨ ਦਿਨ ਤਕ ਇਲਾਜ ਚੱਲਣਾ ਸੀ। ਜੋ ਸੁਰੱਖਿਆ ਕਾਰਨਾਂ ਕਰਕੇ ਉਨ੍ਹਾਂ ਨੂੰ ਮਹਿਜ਼ 21 ਘੰਟੇ ਬਾਅਦ ਸੁਨਾਰੀਆ ਜੇਲ੍ਹ ਵਿਚ ਭੇਜ ਦਿੱਤਾ ਗਿਆ। ਇਹ ਘਟਨਾ ਲਗਪਗ ਇਕ ਹਫ਼ਤੇ ਦੀ ਹੈ। ਉਥੇ ਜਾਂਚ ਦੌਰਾਨ ਪਾਇਆ ਗਿਆ ਕਿ ਉਨ੍ਹਾਂ ਨੂੰ ਕੋਈ ਗੰਭੀਰ ਦਿੱਕਤ ਨਹੀਂ ਸੀ। ਉਨ੍ਹਾਂ ਦੀ ਜਾਂਚ ਲਈ ਸੱਤ ਡਾਕਟਰਾਂ ਦਾ ਪੈਨਲ ਗਠਿਤ ਕੀਤਾ ਗਿਆ ਸੀ। ਜੋ ਪੀਜੀਆਈ ਬਾਹਰ ਸਮਰਥਕ ਇਕੱਠੇ ਹੋਣੇ ਸ਼ੁਰੂ ਹੋ ਗਏ ਸਨ। ਇਸ ਕਾਰਨ ਸੌਦਾ ਸਾਧ ਨੂੰ ਵਾਪਸ ਸੁਨਾਰੀਆ ਜੇਲ੍ਹ ਭੇਜਣਾ ਪਿਆ।

ਇਸ ਤੋਂ 2 ਦਿਨ ਬਾਅਦ ਰਾਮ ਰਹੀਮ ਨੇ ਮਾਂ ਦੀ ਤਬੀਅਤ ਖਰਾਬ ਹੋਣ ਦਾ ਹਵਾਲਾ ਦੇ ਕੇ ਪੈਰੋਲ ਮੰਗੀ ਸੀ। ਪੈਰੋਲ ਦੇਣ ਨੂੰ ਲੈ ਕੇ ਪੁਲਿਸ ਅਤੇ ਸਰਕਾਰ ਦੋਵੇਂ ਹੀ ਸ਼ਸੋਪੰਜ ਵਿਚ ਸੀ। ਜੋ ਸ਼ੁੱਕਰਵਾਰ ਲਈ ਉਨ੍ਹਾਂ ਨੂੰ 48 ਘੰਟੇ ਦੀ ਪੈਰੋਲ ਦਿੱਤੀ ਗਈ ਹੈ ਪਰ ਇਸ ਦੌਰਾਨ ਰਾਮ ਰਹੀਮ ਪੁਲਿਸ ਦੀ ਨਿਗਰਾਨੀ ਵਿਚ ਹੀ ਰਹਿਣਗੇ।

# ਬਾਸਾ-ਗੁਰਮੀਤ ਧੜੇ ਵੱਲੋਂ ਨਾਜਾਇਜ ਕਬਜਾ ਬਣਾਈ ਰੱਖਣ ਦੀ ਅਸਫਲ ਕੋਸ਼ਿਸ਼

## ਜੱਜ ਨੇ ਦਿੱਤਾ ਨਵੀਂ ਸੁਪਰੀਮ ਕੌਂਸਲ ਨੂੰ ਚਾਰਜ



ਜਸਵਿੰਦਰ ਸਿੰਘ ਜੰਡੀ Jaswinder Singh Jandi | ਡਾ. ਜਸਪ੍ਰੀਤ ਸਿੰਘ ਅਟਵਾਲ Dr. Jaspreet Singh Atwal | ਗੁਰਵਿੰਦਰ ਸਿੰਘ ਪ੍ਰਿੰਸ Gurvinder Singh Prince | ਹਰਪ੍ਰੀਤ ਸਿੰਘ ਬੈਂਸ Harpreet Singh Bains | ਰਜਿੰਦਰ ਸਿੰਘ ਰਾਜਾ Rajinder Singh Raja

*ਸੰਗਤ ਵੱਲੋਂ ਚੁਣੀ ਗਈ ਨਵੀਂ ਸੁਪਰੀਮ ਕੌਂਸਲ ਜਿਸਨੂੰ ਕੋਰਟ ਨੇ ਚਾਰਜ ਸੌਂਪਿਆ*



*ਰਾਣਾ ਕਾਹਲੋਂ | ਬਾਬ ਢਿੱਲੋਂ | ਐਸ ਪੀ ਸਿੰਘ | ਹਰਜੀਤ ਸਿੰਘ | ਹਰਮਿੰਦਰ ਸਿੰਘ ਅਤੇ ਕੁਲਜੀਤ ਸਿੰਘ*

*ਗੁਰਦੁਆਰੇ ਦਾ ਮਹੌਲ ਖਰਾਬ ਕਰਨ ਅਤੇ ਕੋਰਟ ਵਿੱਚ ਪੰਜ ਪਿਆਰਾ ਸਿਧਾਂਤ ਦੀ ਖਿੱਲੀ ਉਡਾਉਣ ਵਾਲੇ ਇਹ ਸਖਸ ਹਨ।*

**ਫਰੀਮਾਂਟ/ਏ.ਟੀ.ਨਿਊਜ਼:** ਸੁਪੀਰੀਅਰ ਕੋਰਟ ਦੇ ਜੱਜ ਜੈਫਰੀ ਬਰਾਂਡ ਨੇ ਬਾਸਾ-ਗੁਰਮੀਤ ਸਿੰਘ ਧੜੇ ਦੀ ਗੁਰਦੁਆਰਾ ਸਾਹਿਬ ਤੇ ਕਬਜਾ ਬਣਾਈ ਰੱਖਣ ਦੀ ਕੋਸ਼ਿਸ਼ ਕੀਤੀ ਨਾਕਾਮਯਾਬ,ਇਹਨਾਂ ਵੱਲੋਂ ਪਾਈ ਸਟੇਅ ਦੀ ਪਟੀਸਨ ਬੁੱਧਵਾਰ ਨੂੰ ਜੱਜ ਸਾਹਿਬ ਨੇ ਰੱਦ ਕਰਕੇ ਝੂਠੇ ਮਨਸੂਬੇ ਕੀਤੇ ਫੇਲ੍ਹ । ਸਿੱਖ ਸੰਗਤ ਬੇ ਏਰੀਆਂ ਵਾਲੇ ਹਰਜੀਤ ਸਿੰਘ ਵੱਲੋ ਇੱਕ ਸਾਲ ਤੋਂ ਉੱਪਰ ਕੋਰਟ ਨੂੰ ਗੁੰਮਰਾਹ ਕਰਕੇ ,ਆਨੇ-ਬਹਾਨੇ ਬਣਾ ਕੇ ਕੋਰਟ ਤੋਂ ਤਰੀਕਾਂ ਲੈਂਦੇ ਰਹੇ ਤਾਂ ਜੋ ਆਪਣੀ ਡੇਰੇਦਾਰੀ ਕਾਇਮ ਰੱਖੀ ਜਾਵੀ ।

ਗੁਰਦੁਆਰਾ ਸਾਹਿਬ ਫਰੀਮਾਂਟ ਦੀਆਂ ਚੋਣਾਂ 8 ਮਾਰਚ 2020 ਨੂੰ ਹੋ ਗਈਆਂ ਸਨ ਜਿਸ ਵਿੱਚ ਸਿੱਖ ਪੰਚਾਇਤ ਦੇ ਪੰਜੇ ਹੀ ਉਮੀਦਵਾਰਾਂ ਨੇ 1200 ਦੇ ਵੱਡੇ ਫਰਕ ਨਾਲ ਜਿੱਤ ਪ੍ਰਾਪਤ ਕੀਤੀ ਸੀ। ਪਰ ਬਾਸਾ-ਗੁਰਮੀਤ ਸਿੰਘ ਧੜਾ ਸੰਗਤ ਵੱਲੋ ਦਿੱਤੇ ਫਤਵੇ ਨੂੰ ਮੰਨਣ ਤੋਂ ਇਨਕਾਰੀ ਹੋ ਕੇ ਕੋਰਟ ਅਤੇ ਸੰਗਤ ਨੂੰ ਹੁਣ ਤੱਕ ਲਗਾਤਾਰ ਗੁਮਰਾਹ ਕਰਦਾ ਰਿਹਾ ।ਵੋਟਾਂ ਵੇਲੇ ਸਿੱਖ ਪੰਚਾਇਤ ਵਿਰੁੱਧ ਸਿਧਾਂਤ ਛਿੱਕੇ ਟੰਗ ਕੇ ਪੰਥ ਵਿਰੋਧੀ ਪਾਰਟੀਆਂ ਨਾਲ ਵੀ ਗੱਠਜੋੜ ਕੀਤਾ ।ਪੰਜਾਬ ਦੇ ਕਾਂਗਰਸੀ ਲੀਡਰਾਂ ਦੀ ਅਮਰੀਕਾ ਵਿੱਚ ਮੇਜਬਾਨੀ ਕਰਨ ਵਾਲੇ ਰਾਣਾ ਕਾਹਲੋ ਵਰਗਿਆਂ ਨੇ ਅਜਿਹਾ ਛੜ ਯੰਤਰ ਰਚਿਆ ਕਿ ਇਹ ਵੱਡੇ ਪੰਥਕ ਕਹਾਉਣ ਵਾਲੇ ਸਿੱਖਾਂ ਦੇ ਕਾਤਲਾਂ ਅੱਗੇ ਚੰਦ ਵੋਟਾਂ ਦੀ ਖਾਤਰ ਗੋਡੇ ਟੇਕ ਗਏ ।ਇਹਨਾਂ ਵਿੱਚ ਹੋਰ ਵੀ ਕਈ ਅਜਿਹੇ ਬੰਦੇ ਹਨ ਜੋ ਖਾਲਸਾ ਰਾਜ ਦੇ ਕੱਟੜ ਵਿਰੋਧੀ ਹਨ। ਸਿੱਖ ਪੰਚਾਇਤ ਨੂੰ ਖਤਮ ਕਰਨ ਦੇ ਮਨਸੂਬੇ ਘੜਨ ਵਾਲਾ ਐਸ ਪੀ ਸਿੰਘ ਉਰਫ ਗੁਰਸਰਨ ਥਿੰਦ ਝੂਠ ਦਾ ਕਾਫਲਾ ਅਖਬਾਰ ਤੇ ਰੇਡੀਉ ਮਿਰਚੀ ਚਲਾਉਂਣ ਲਈ ਗੁਰਦੂਆਰਾ ਸਾਹਿਬ ਤੋਂ £2500 ਹਰ ਮਹੀਨੇ ਰੇਡੀਓ ਲਈ ਮੰਗਣ ਵਾਲਾ ਆਪਣੇ ਘਟੀਆਂ ਮਨਸੂਬਿਆਂ ਵਿੱਚ ਜਦੋਂ ਕਾਮਯਾਬ ਨਹੀਂ ਹੋ ਸਕਿਆ ਤਾਂ ਉਹ ਸਿੱਖ ਪੰਚਾਇਤ ਨੂੰ ਖਤਮ ਕਰਨ ਦਾ ਪ੍ਰੋਜੈਕਟ ਲੈ ਬੈਠਾ। ਕਿਉਕਿ ਸੈਨਹੋਜੇ ਗੁਰਦੂਆਰੇ ਦੇ ਬਾਬ ਢਿੱਲੋਂ ਨੇ ਰੇਡੀਉ ਨੂੰ 2500 ਡਾਲਰ ਦੇਣਾ ਸ਼ੁਰੂ ਕਰ ਦਿੱਤਾ। ਸਿੱਖ ਪੰਚਾਇਤ ਐਸ ਪੀ ਦੇ ਨਿੱਜੀ ਹਿੱਤ ਪੂਰੇ ਨਾ ਸਕੀ ਤਾਂ ਲਾਲਚੀ ਤੇ ਸਾਜਸੀ ਦਿਮਾਗ ਨੇ ਚੋਣਾਂ ਜਿੱਤਣ ਲਈ ਅਤਿ ਨੀਵੇ ਪੱਧਰ ਦੀ ਘਟੀਆ ਦੂਸਣਬਾਜੀ ਸਿੱਖ ਪੰਚਾਇਤ ਦੇ ਜਿਮੇਵਾਰ ਵਿਅਕਤੀਆਂ ਵਿਰੁੱਧ ਵਰਤੀ ਇਹਨਾਂ ਨੂੰ ਵਹਿਮ ਸੀ ਕਿ ਘਟੀਆ ਹੱਥ ਕੰਢੇ ਵਰਤ ਕੇ ਇਹ ਲੋਕ ਪ੍ਰਬੰਧ ਤੇ ਕਾਬਜ ਹੋ ਜਾਣਗੇ ।ਪਰੰਤੂ ਵਾਹਿਗੁਰੂ ਦੀ ਕਿਰਪਾ ਸਦਕਾ ਸਿੱਖ ਪੰਚਾਇਤ ਦੇ ਪੰਥਕ, ਪੜ੍ਹੇ-ਲਿਖੇ ਅਤੇ ਕਮਿਊਨਿਟੀ ਦੇ ਦੁੱਖ ਸੁੱਖ ਵਿੱਚ ਭਾਈਵਾਲ ਵਿਅਕਤੀਆਂ ਨੇ ਇਹਨਾਂ ਮੌਕਾ ਪ੍ਰਸਤ ਗੱਠਜੋੜ ਨੂੰ ਹਰਾ ਕੇ ਇਹਨਾਂ ਦਾ ਲੱਕ ਤੋੜ ਦਿੱਤਾ।

### ਗੁਰਦੁਆਰਾ ਸਾਹਿਬ ਫਰੀਮਾਂਟ ਕੋਰਟ ਕੇਸ

ਇਸ ਗੱਠਜੋੜ ਵੱਲੋਂ ਝੂਠੀਆਂ ਖਬਰਾਂ ਦੇ ਨਾਲ-ਨਾਲ ਸੋਸਲ ਮੀਡੀਏ ਤੇ ਬਹੁਤ ਗੰਦੀ ਸਬਦਾਵਲੀ ਵਾਲੀ ਤੇ ਬੇਬੁਨਿਆਦ ਦੋਸਾਂ ਵਾਲੀ ਕੰਪੇਨ ਚਲਾਈ ਤੇ ਅੱਜ ਵੀ ਚਲਾ ਰਹੇ ਹਨ। ਇਸ ਕੰਪੇਨ ਵਿੱਚ ਐਸ ਪੀ ਨੇ ਦੋ ਸਿਰ-ਫਿਰੇ ਹਰਮਿੰਦਰ ਸਿੰਘ ਤੇ ਕੁਲਜੀਤ ਸਿੰਘ ਅੱਗੇ ਕੀਤੇ ਹੋਏ ਹਨ ਜਿਹਨਾਂ ਨੇ ਸੱਭ ਤੋਂ ਜਿਆਦਾ ਭਾਈ ਐਚ ਪੀ ਸਿੰਘ, ਭਾਈ ਜਸਜੀਤ ਸਿੰਘ, ਭਾਈ ਭੁਪਿੰਦਰ ਸਿੰਘ ਪਰਮਾਰ ਅਤੇ ਭਾਈ ਬਲਜੀਤ ਸਿੰਘ ਨੂੰ ਨਿਸਾਨਾ ਬਣਾਇਆ। ਇਹਨਾਂ ਤੋਂ ਇਲਾਵਾ ਇਸ ਗੱਠਜੋੜ ਨੇ ਤਕਰੀਬਨ ਸਾਰੇ ਹੀ ਪੰਚਾਇਤ ਮੈਂਬਰਾਂ ਵਿਰੱਧ ਭੱਦੀ ਸਬਦਾਵਲੀ ਵਰਤੀ। ਭਾਈ ਜਸਜੀਤ ਸਿੰਘ ਨੇ ਐਸ ਪੀ ਸਿੰਘ, ਰਾਣਾ ਕਾਹਲੋਂ , ਹਰਮਿੰਦਰ ਸਿੰਘ, ਕੁਲਜੀਤ ਸਿੰਘ ਅਤੇ ਹਰਜੀਤ ਸਿੰਘ ਤੇ ਕੇਸ ਕੀਤਾ ਹੋਇਆ ਹੈ। ਕੇਸਾਂ ਦੀ ਡਿਸਕਵਰੀ ਜਲਦੀ ਹੀ ਭੇਜੇ ਜਾਣ ਦੀ ਉਮੀਦ ਹੈ ।ਭਾਈ ਜਸਜੀਤ ਸਿੰਘ ਨੇ ਦੱਸਣ ਅਨੁਸਾਰ ਹੁਣ ਇਹ ਕੇਸ ਗੱਲ-ਬਾਤ ਨਾਲ ਹੱਲ ਨਹੀਂ ਕੀਤੇ ਜਾਣਗੇ। ਕੋਰਟ ਹੀ ਜੋ ਫੈਸਲਾ ਕਰੂਗਾ ਮੰਨਿਆਂ ਜਾਵੇਗਾ ਇਹਨਾਂ ਲੋਕਾਂ ਨੇ ਅਜਿਹੀ ਭਾਸਾ ਵਰਤੀ ਹੈ ਤੇ ਬਿਨਾ ਸਬੂਤਾਂ ਦੇ ਦੋਸ ਲਾਏ ਹਨ ।ਠੀਕ ਹੈ ਇੱਥੇ ਕਚਹਿਰੀ ਦਾ ਸਿਸਟਮ ਹੌਲੀ ਚੱਲਦਾ ਤੇ ਪੈਸਾ ਵੀ ਲੱਗਦਾ ਪਰ ਅਸੀ ਇਸ ਗੱਲ ਤੇ ਬਜਿੱਦ ਹਾਂ ਕਿ ਜਿਹੜਾ ਘਟੀਆ ਕਿਸਮ ਦਾ ਕਲਚਰ ਇਹ ਬੰਦੇ ਲਿਆਏ ਹਨ ਉਹ ਖਤਮ ਕਰਨਾ ਹੈ। ਇਸਤੋਂ ਬਿਨਾਂ ਇਹ ਲੋਕ ਦੂਜਿਆਂ ਦੇ ਮੋਢਿਆਂ ਤੇ ਚੜ੍ਹਕੇ ਧਮਕੀਆਂ ਵੀ ਦਿੰਦੇ ਰਹਿੰਦੇ ਹਨ ਪਰੰਤੂ ਇਹਨਾਂ ਗੱਲਾਂ ਦੀ ਕੋਈ ਪ੍ਰਵਾਹ ਨਹੀਂ , ਨਿੱਜੀ ਤੌਰ ਤੇ ਉਹਨਾਂ ਲਈ ਵੀ ਤਿਆਰ ਰਹਿੰਦੇ ਹਾਂ।

ਸਾਧ ਸੰਗਤ ਗੋਚਰੇ ਇੱਕ ਧਿਆਨ ਦੇਣ ਵਾਲੀ ਗੱਲ ਹੈ ਕਿ ਇਸ ਗੱਠਜੋੜ ਨੇ ਕਚਹਿਰੀ ਜਾਕੇ ਕਨੂੰਨ ਦੀ ਦੁਰਵਰਤੋਂ ਕੀਤੀ ਹੈ ਅਤੇ ਸੰਗਤ ਦਾ ਚੋਣਾਂ ਵਿੱਚੋਂ ਵਿਸਵਾਸ ਉੱਠ ਜਾਣ ਦੀ ਘਿਨਾਉਣੀ ਕਾਰਵਾਈ ਕੀਤੀ ਹੈ। ਜੇ ਕਿਸੇ ਕਾਰਨ ਜੱਜ ਇਹਨਾਂ ਨੂੰ ਸਟੇਅ ਦੇ ਦਿੰਦਾ ਤਾਂ ਹਮੇਸਾ ਹੀ ਪ੍ਰਬੰਧ ਵਿੱਚਲੀ ਧਿਰ ਦੇ ਹਾਰ ਜਾਣ ਮਗਰੋਂ ਉਹ ਕੋਰਟ ਜਾ ਕੇ ਪ੍ਰਬੰਧ ਤੇ ਦੋ-ਤਿੰਨ ਸਾਲ ਕਾਬਜ ਰਹਿ ਸਕਦੀ ਸੀ। ਅਜਿਹੀ ਹਾਲਤ ਵਿੱਚ ਪ੍ਰਬੰਧਕ ਧਿਰ ਗੁਰਦੂਆਰੇ ਦੇ ਪੈਸੇ ਨਾਲ ਕੇਸ ਲੜ੍ਹ ਸਕਦੀ ਸੀ ਤੇ ਜਿੱਤੀ ਹੋਈ ਧਿਰ ਇੱਕ ਲੱਖ ਤੋਂ ਉੱਪਰ ਪੈਸਾ ਲਾ ਕੇ ਦੋ-ਤਿੰਨ ਸਾਲ ਕਚਹਿਰੀਆਂ ਵਿੱਚ ਖੱਜਲ ਹੋ ਕੇ ਹੀ ਪ੍ਰਬੰਧ ਲੈ ਸਕਦੀ ਸੀ। ਇਸਤਰਾਂ ਦਾ ਮਹੌਲ ਸਿਰਜਨ ਨਾਲ ਕਿਸੇ ਨੇ ਪ੍ਰਬੰਧਕਾਂ ਵਿਰੁੱਧ ਚੋਣ ਲੜਣ ਦਾ ਹੀਆ ਨਹੀਂ ਸੀ ਕਰਨਾ।

ਪਤਾ ਲੱਗਾ ਹੈ ਕਿ ਇਹਨਾਂ ਦਾ ਸਲਾਹਕਾਰ ਬਾਬ ਢਿੱਲੋਂ ਹੈ ਜਿਹੜਾ ਪੈਸੇ ਦੇ ਜੋਰ ਨਾਲ ਕਚਹਿਰੀਆਂ ਦੇ ਕੇਸ ਲਮਕਾਉਣ ਵਿੱਚ ਮਾਹਿਰ ਹੈ। ਇਸਦੇ ਧੜੇ ਵੱਲੋਂ ਸੈਨਹੋਜੇ ਗੁਰਦੂਆਰੇ ਜਾਲੀ ਵੋਟਾਂ ਬਨਾਉਣ ਦੇ ਇਲਜਾਮ ਲੱਗੇ ਸਨ ਅਤੇ ਜਿਸ ਕਾਰਣ ਜੱਜ ਨੇ ਚੋਣਾਂ ਤੋਂ ਇੱਕ ਦਿਨ ਪਹਿਲਾਂ ਚੋਣ ਰੁਕਵਾ ਦਿੱਤੀ ਸੀ। ਹੁਣ ਗੁਰਦੂਆਰੇ ਦੀ ਗੋਲਕ ਵਿੱਚੋਂ ਇਹ ਕੋਰਟ ਕੇਸ ਤੇ ਲਾ ਰਿਹਾ ਹੈ ਤੇ ਪਿੱਛਲੇ ਤਿੰਨ ਸਾਲਾਂ ਤੋਂ ਵਿਰੋਧੀਆਂ ਨੂੰ ਕੋਰਟਾਂ ਵਿੱਚ ਖੱਜਲ ਕਰ ਰਿਹਾ ਹੈ। ਇਹ ਗੱਠਜੋੜ ਅਜਿਹਾ ਮਹੌਲ ਫਰੀਮਾਂਟ ਵਿੱਚ ਸਿਰਜਨਾ ਚਾਹੁੰਦਾ ਸੀ ਪਰ ਇਹਨਾਂ ਦੀ ਇਹ ਸਕੀਮ ਨੂੰ ਕੋਰਟ ਨੇ ਫੇਲ੍ਹ ਕਰ ਦਿੱਤਾ ਹੈ। ਇਹਨਾਂ ਦੇ ਗਵਾਹ ਹਰਜੀਤ ਸਿੰਘ ਵੱਲੋਂ ਕੋਰਟ ਵਿੱਚ ਝੂਠ ਬੋਲਣ ਅਤੇ ਪੰਜ ਪਿਆਰਾ ਸਿਧਾਂਤ ਦੀ ਨਵੀਂ ਪਰਿਭਾਸਾ ਦੇਣ ਦੀ ਗਾਥਾ ਅਗਲੇ ਦਿਨਾਂ ਵਿੱਚ ਪੇਸ ਕੀਤੀ ਜਾਵੇਗੀ।

# ਨਵੀਂ ਸੁਪਰੀਮ ਕੌਂਸਲ ਨੇ ਪੁਰਾਣੀ ਤੋਂ ਮੰਗਿਆ ਗੁਰਦੂਆਰਾ ਸਾਹਿਬ ਦਾ ਰਿਕਾਰਡ ਪਰ ਪੁਰਾਣੀ ਨੇ ਧਾਰੀ ਚੁੱਪ

**ਫਰੀਮਾਂਟ/ਏ.ਟੀ.ਨਿਊਜ਼:** ਮਾਨਯੋਗ ਜੱਜ ਦੇ ਹੁਕਮ ਅਧੀਨ ਚਾਰਜ ਸੰਭਾਲਣ ਤੋਂ ਬਾਅਦ ਨਵੀਂ ਸੁਪਰੀਮ ਕੌਂਸਲ ਨੇ ਪੁਰਾਣੀ ਨੂੰ ਜੋ ਵੀ ਉਹਨਾਂ ਕੋਲ ਗੁਰਦੁਆਰਾ ਸਾਹਿਬ ਦਾ ਸਮਾਨ ਮੋੜਨ ਨੂੰ ਕਿਹਾ ਹੈ। ਪਰ ਸੂਤਰਾਂ ਤੋਂ ਪਤਾ ਲੱਗਾ ਹੈ ਕਿ ਦੋ ਵਾਰ ਈਮੇਲ ਕਰਨ ਤੇ ਵੀ ਬੀਬੀ ਅਰਵਿੰਦਰ ਕੌਰ, ਹਰਮਿੰਦਰ ਸਿੰਘ ਅਤੇ ਕੁਲਜੀਤ ਸਿੰਘ ਕੋਈ ਜੁਆਬ ਨਹੀਂ ਦੇ ਰਹੇ। ਇਸੇ ਤਰਾਂ ਹਰਜੀਤ ਸਿੰਘ ਗਵਾਹ ਕੋਲ ਚੋਣਾਂ ਸਮੇਂ ਦਾ ਸਮਾਨ ਜੋ ਇਸਨੇ ਗੁਰਦੁਆਰਾ ਸਾਹਿਬ ਦੇ ਕਾਰਡ ਤੇ ਖਰੀਦਿਆ ਸੀ ਉਹ ਵੀ ਮੋੜ ਨਹੀਂ ਰਿਹਾ। ਜਿਸ ਵਿੱਚ ਆਈ ਡੀ ਚੈੱਕ ਕਰਨ ਵਾਲੀ ਮਸੀਨ, ਸੰਗਤ ਦੀਆਂ ਮੈਂਬਰਸ਼ਿਪ ਅਰਜੀਆਂ , ਖਾਲਸਾ ਸਕੂਲ ਦਾ ਡਾਟਾਬੇਸ ਅਤੇ ਉਸਦੇ ਲੋਗਿਨ ਅਤੇ ਪਾਸਵਰਡ ਹਨ। ਬੀਬੀ ਅਰਵਿੰਦਰ ਕੌਰ ਨੂੰ ਵੀ ਖਾਲਸਾ ਸਕੂਲ ਦੇ ਲੋਗਿਨ



Harpreet Bains 5/9/21
To: Harjeet & 9 more... >

**Request to Harjeet Singh Randhawa**

Waheguru Ji Ka Khalsa Waheguru Ji Ke Fateh

Harjit Singh,
It has come to our attention that there are many still items in your possession after the FGS March 2020 election ( Listed below):

- Election-Related equipment purchased with Fremont Gurdwara Sahib money
- All Election-related paperwork including Voter Records
  - After returning election-related paperwork and voter Records. You must not share any of these records with anyone and destroy any soft copies since they contain the personal information of FGS registered voters.
- Any Fremont Gurdwara & Khalsa school property, databases & security logins.

We hope you take this email seriously and return the above items immediately. We appreciate your support in this matter and hope to move forward in a civil manner.

Regards,
On behalf Supreme Council as of May 3, 2021
Harpreet Singh Bains
Jaswinder Singh Jandi
Gurvinder Singh
Rajinder Singh Golar
Jaspreet Singh Atwal

ਤੇ ਪਾਸਵਰਡ ਦੇਣ ਦੀ ਬੇਨਤੀ ਕੀਤੀ ਹੈ ਕਿਉਂ ਕਿ ਅਗਲੇ ਹਫਤੇ ਇਸ ਸਾਲ ਦੀਆਂ ਕਲਾਸਾਂ ਲਈ ਭਰਤੀ ਸੁਰੂ ਹੋਣੀ ਹੈ ਪਰ ਲੋਗਿਨ ਨਾਂਹ ਹੋਣ ਕਰਕੇ ਨਵੀਂ ਕਮੇਟੀ ਕੰਮ ਨਹੀਂ ਕਰ ਸਕੇਗੀ। ਬੀਬੀ ਜੀ ਤੇ ਪਿੱਛਲੇ 4 ਸਾਲ ਦੇ ਮਤੇ ਵੀ ਮੰਗੇ ਗਏ ਹਨ। ਇਸੇ ਤਰਾਂ ਬਾਹਰੋਂ ਆਉਣ ਵਾਲਿਆਂ ਜੱਥਿਆਂ ਦਾ ਰਜਿਸਟਰ ਵੀ ਹਰਮਿੰਦਰ ਸਿੰਘ ਕੋਲ ਹੈ। ਨਵੀਂ ਕਮੇਟੀ ਨੂੰ ਪਤਾ ਹੀ ਨਹੀਂ ਕਿ ਕਿਹੜਾ ਜੱਥਾ ਕਿਹੜੇ ਹਫਤੇ ਆ ਰਿਹਾ ਹੈ ਤੇ ਇਹ ਵੀ ਪਤਾ ਨਹੀਂ ਕਿ ਕਿਹੜੇ ਹਫਤੇ ਕੋਈ ਜੱਥਾ ਹੈ ਹੀ ਨਹੀਂ ਤਾਂ ਜੋ ਬੁੱਕ ਕਰ ਲਿਆ ਜਾਵੇ। ਇਸ ਕੋਲੋਂ ਸਪੋਰਟਸ ਅਕੈਡਮੀ ਦਾ ਹਿਸਾਬ ਕਿਤਾਬ ਵੀ ਮੰਗਿਆ ਹੈ।

ਜੇ ਪੁਰਾਣੀ ਸੁਪਰੀਮ ਕੌਂਸਲ ਸਾਰਾ ਰਿਕਾਰਡ ਨਹੀਂ ਦੇ ਕੇ ਜਾਂਦੀ ਤਾਂ ਮੌਜੂਦਾ ਸੁਪਰੀਮ ਕੌਂਸਲ ਨੇ ਕਿਹਾ ਹੈ ਕਿ ਉਹਨਾਂ ਨੂੰ ਦੁਬਾਰਾ ਜੱਜ ਨੂੰ ਹੀ ਕਹਿਣਾ ਪਏਗਾ।



# ਛੋਟੇ ਘੱਲੂਘਾਰੇ ਨੂੰ ਸਮਰਪਿਤ ਵਿਸ਼ੇਸ਼ ਸਮਾਗਮ ਅਤੇ ਵੈਕਸੀਨ ਡਰਾਈਵ

**ਫਰੀਮਾਂਟ/ਏ.ਟੀ.ਨਿਊਜ਼ :** ਗੁਰਦੁਆਰਾ ਸਾਹਿਬ ਫਰੀਮਾਂਟ ਵਿਖੇ ਐਤਵਾਰ ਨੂੰ ਸਜੇ ਵਿਸ਼ੇਸ਼ ਦੀਵਾਨ ਵਿੱਚ 17 ਮਈ 1746 ਨੂੰ ਹੋਏ ਸਿੱਖ ਕਤਲੇਆਮ ਦੀ ਯਾਦ ਮਨਾਈ ਗਈ।ਇਸ ਖ਼ੂਨੀ ਦੁਖਾਂਤ ਨੂੰ ਸਿੱਖ ਇਤਿਹਾਸ ਨੇ ਛੋਟੇ ਘੱਲੂਘਾਰੇ ਦਾ ਨਾਮ ਦਿੱਤਾ। ਇਕ ਦਿਨ ਵਿੱਚ ਅੱਠ ਤੋਂ ਦਸ ਹਜ਼ਾਰ ਸਿੱਖ ਸ਼ਹੀਦ ਹੋਏ ।ਉਨਾਂ ਦੀ ਮਹਾਨ ਸ਼ਹਾਦਤਾਂ ਨੂੰ ਯਾਦ ਕਰਦਿਆਂ ਸਜਾਏ ਦੀਵਾਨ ਵਿੱਚ ਪੰਥ ਦੇ ਮਹਾਨ ਪ੍ਰਚਾਰਕ ਭਾਈ ਪਿੰਦਰਪਾਲ ਸਿੰਘ ਅਤੇ ਗਿਆਨੀ ਪੂਰਨ ਸਿੰਘ ਜੀ ਲੁਧਿਆਣੇ ਵਾਲੇ ਨੇ ਇਤਿਹਾਸ ਨਾਲ ਸਾਂਝ ਪਵਾਈ, ਭਾਈ ਹਰਚਰਨ ਸਿੰਘ ਖ਼ਲਾਸਾ ਅਤੇ ਭਾਈ ਦਿਲਬਾਗ ਸਿੰਘ ਦੇ ਕੀਰਤਨੀਏ ਜਥਿਆਂ ਨੇ ਸੰਗਤਾਂ ਨੂੰ ਛੋਟੇ ਘੱਲੂਘਾਰੇ ਦੇ ਸਮਰਪਿਤ ਦਿਹਾੜੇ 'ਤੇ ਕੀਰਤਨ ਸਰਵਣ ਕਰਾਇਆ ।

ਇਸ ਤੋਂ ਇਲਾਵਾ ਗੁਰਦੁਆਰਾ ਸਾਹਿਬ ਫਰੀਮਾਂਟ ਵਿਖੇ ਕੋਰੋਨਾ ਤੋਂ ਬਚਾਅ ਲਈ ਲਗਾਤਾਰ ਵੈਕਸੀਨ ਲਗਾਈ ਜਾ ਰਹੀ ਹੈ। ਆਉਣ ਵਾਲੇ ਦਿਨਾਂ ਵਿੱਚ ਵੀ ਹਫ਼ਤੇ ਦੇ






ਆਖਰੀ ਐਤਵਾਰ ਵੈਕਸੀਨ ਲਗਾਈ ਜਾਵੇਗੀ ।ਲੰਮੇ ਸਮੇਂ ਤੋਂ ਬਾਅਦ ਸੰਗਤਾਂ ਗੁਰਦੁਆਰਾ ਸਾਹਿਬ ਵਿਖੇ ਪਹੁੰਚਕੇ ਕਥਾ, ਕੀਰਤਨ ਸਰਵਣ ਕਰ ਰਹੀਆਂ ਹਨ, ਗੁਰੂ ਕੇ ਲੰਗਰ ਅਤੁੱਟ ਵਰਤ ਰਹੇ ਸਨ।

ਗੁਰਦੁਆਰਾ ਸਾਹਿਬ ਫਰੀਮਾਂਟ ਵਿਖੇ ਲਗਾਤਾਰ ਚੱਲ ਰਹੀ ਵੈਕਸੀਨ ਡਰਾਈਵ ਦੌਰਾਨ ਫਰੀਮਾਂਟ ਸਿਟੀ ਦੀ ਮੇਅਰ, ਸਿਟੀ ਦੇ ਨੁਮਾਇੰਦੇ ਅਤੇ ਫ਼ਾਇਰ ਡਿਪਾਰਟਮੈਂਟ ਦੇ ਆਫੀਸਰ ਵਿਸ਼ੇਸ਼ ਤੌਰ 'ਤੇ ਪਹੁੰਚੇ ਜਿਨਾਂ ਨੇ ਸਿੱਖ ਕਮਿਊਨਿਟੀ ਵੱਲੋਂ ਕੀਤੀਆਂ ਜਾ ਰਹੀਆਂ ਸੇਵਾਵਾਂ ਦੀ ਸ਼ਲਾਘਾ ਕਰਦਿਆਂ ਗੁਰਦੁਆਰਾ ਸਾਹਿਬ ਫਰੀਮਾਂਟ ਦੀ ਮੌਜੂਦਾ ਪ੍ਰਬੰਧਕ ਕਮੇਟੀ ਦਾ ਧੰਨਵਾਦ ਕੀਤਾ ।

ਗੁਰਦੁਆਰਾ ਸਾਹਿਬ ਫਰੀਮਾਂਟ ਵਿਖੇ ਸਿੱਖ ਪੰਚਾਇਤ ਦੇ ਸੇਵਾਦਾਰਾਂ ਵੱਲੋਂ ਸਿੱਖਸ ਫਾਰ ਹਿਊਮੈਨਟੀ ਦੇ ਸਹਿਯੋਗ ਨਾਲ ਇਸ ਐਤਵਾਰ 840 ਵੈਕਸੀਨ ਲਗਾਏ ਗਏ। ਹੁਣ ਤੱਕ ਗੁਰਦੁਆਰਾ ਸਾਹਿਬ ਫਰੀਮਾਂਟ ਵਿਖੇ 9000 ਦੇ ਕਰੀਬ ਵੈਕਸੀਨ ਲਗਾਏ ਜਾ ਚੁੱਕੇ ਹਨ ।ਸਾਰੇ ਸੇਵਾਦਾਰਾਂ ਦਾ ਸਾਰੇ ਵਲੰਟੀਅਰਾਂ ਦੇ ਸਹਿਯੋਗ ਸਦਕਾ ਵਾਹਿਗੁਰੂ ਦੀ ਕ੍ਰਿਪਾ ਸਦਕਾ ਇਹ ਸੇਵਾਵਾਂ ਲਗਾਤਾਰ ਚੱਲਦੀਆਂ ਰਹਿਣਗੀਆਂ ।

# ਕੋਵਿਡ ਵੈਕਸੀਨ ਡਰਾਈਵ ਕਰਕੇ ਸਿੱਖਸ ਫਾਰ ਹਿਊਮੈਨਿਟੀ ਅਤੇ ਗੁਰਦੁਆਰਾ ਸਾਹਿਬ ਫਰੀਮਾਂਟ ਦੀ ਹਰ ਪਾਸਿਉਂ ਸ਼ਲਾਘਾ







**ਫਰੀਮਾਂਟ/ਏ.ਟੀ.ਨਿਊਜ਼ :** ਕੋਰੋਨਾ ਮਹਾਂਮਾਰੀ ਨੇ ਦੁਨੀਆਂ ਨੂੰ ਇੱਕ ਅਜਿਹਾ ਝਟਕਾ ਦਿੱਤਾ ਹੈ ਜਿਸ ਨਾਲ ਕਾਰੋਬਾਰਾਂ ਦੇ ਨਾਨ-ਨਾਲ ਲੋਕਾਂ ਦੀ ਸੋਚ ਵਿੱਚ ਵੀ ਤਬਦੀਲੀ ਆਈ ਹੈ। ਇਸ ਮਹਾਂਮਾਰੀ ਦੌਰਾਨ ਜੋ ਸਿੱਖ ਕੌਮ ਨੇ ਆਪਣੇ ਸਿਧਾਂਤ 'ਤੇ ਖੜੇ ਹੋ ਕੇ ਮਨੁੱਖਤਾ ਦੀ ਸੇਵਾ ਕੀਤੀ ਹੈ ਉਹਦੀ ਪ੍ਰਸੰਸਾ ਹਰ ਪਾਸਿਉਂ ਹੋ ਰਹੀ ਹੈ। ਜਿੱਥੇ ਆਪਣੇ ਪਰਿਵਾਰ ਦੇ ਲੋਕ ਕੋਰੋਨਾ ਮਰੀਜ਼ ਦੀ ਸੇਵਾ ਅਤੇ ਸਸਕਾਰ ਤੋਂ ਕਿਨਾਰਾ ਕਰ ਗਏ ਉੱਥੇ ਸਿੱਖਾਂ ਨੇ ਉਨਾਂ ਦੀ ਸੇਵਾ ਕੀਤੀ। ਲੋਕਾਂ ਨੂੰ ਲੰਗਰ ਲਾ ਕੇ ਦੇਣੇ ਸਿੱਖਾਂ ਦੇ ਹਿੱਸੇ ਹੀ ਆਇਆ।

ਕੈਲੇਫੋਰਨੀਆ ਦੀ ਸੰਸਥਾ ਸਿੱਖਸ ਫਾਰ ਹਿਊਮੈਨਿਟੀ ਨੇ 23,000 ਕਰੋਨਾ ਦੇ ਵੈਕਸੀਨ (ਟੀਕੇ) ਲਾ ਕੇ ਸਿੱਖਾਂ ਦਾ ਮਾਣ ਵਧਾਇਆ ਹੈ। ਉਨਾਂ ਵੱਲੋਂ ਗੁਰਦੁਆਰਾ ਸਾਹਿਬ ਫਰੀਮਾਂਟ ਬਣਾਏ ਸੈਂਟਰ ਵਿੱਚ ਹਰ ਸਨਿਚਰਵਾਰ ਅਤੇ ਐਤਵਾਰ ਨੂੰ ਵੈਕਸੀਨ ਡਰਾਈਵ ਹੁੰਦੀ ਹੈ। ਇਸ ਐਤਵਾਰ ਰਿਕਾਰਡਤੋੜ 840 ਲੋਕਾਂ ਦੇ ਵੈਕਸੀਨ ਟੀਕੇ ਲੱਗੇ।

ਫਰੀਮਾਂਟ ਸ਼ਹਿਰ ਦੀ ਮੇਅਰ ਲਿੱਲੀ ਮੇਅ, ਕਾਊਂਸਲ ਮੈਂਬਰ ਯੈਂਗ ਸ਼ੌ ਅਤੇ ਰਿੱਕ ਜੋਨਸ, ਫ਼ਾਇਰ ਡਿਪਾਰਟਮੈਂਟ ਨੇ ਗੁਰਦੁਆਰਾ ਸਾਹਿਬ ਆ ਕੇ ਸਿੱਖਾਂ ਦਾ ਧੰਨਵਾਦ ਕੀਤਾ।

# ਯੂਬਾ ਸਿਟੀ, ਕੈਲੀਫੋਰਨੀਆ ਦੇ ਗੁਰਦੁਆਰਾ ਸਾਹਿਬ ਦੀਆਂ ਚੋਣਾਂ ਦੌਰਾਨ 'ਸਾਧ ਸੰਗਤ' ਧੜਾ ਜੇਤੂ ਰਿਹਾ

**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ) :** ਵਿਸ਼ਵ ਪੱਧਰੀ ਨਗਰ ਕੀਰਤਨ ਕਰਕੇ ਜਾਣਿਆ ਯੂਬਾ ਸਿਟੀ, ਕੈਲੀਫੋਰਨੀਆ ਦੇ 'ਸਿੱਖ ਟੈਂਪਲ' ਦੇ ਪ੍ਰਬੰਧ ਦੀਆਂ ਹੋਈਆਂ ਚੋਣਾ ਵਿੱਚ ਅੱਜ 'ਸਾਧ ਸੰਗਤ' ਧੜਾ ਜੇਤੂ ਰਿਹਾ, ਜਿਸਦੀ ਅਗਵਾਈ ਸਰਬਜੀਤ ਥਿਆੜਾ ਤੇ ਤੇਜਿੰਦਰ ਦੁਸਾਂਝ ਕਰ ਰਹੇ ਸਨ। ਇਸ ਧੜੇ ਦੇ 20 ਉਮੀਦਵਾਰ ਤੇ 'ਪੰਥਕ ਸਲੇਟ' ਦੇ 11 ਉਮੀਦਵਾਰ ਜੇਤੂ ਐਲਾਨੇ ਗਏ। ਇਨਾਂ ਵੋਟਾਂ ਦੌਰਾਨ ਕੁਲ 3613 ਵੋਟਾਂ ਪੋਲ ਹੋਈਆਂ। ਗੁਰਦੁਆਰਾ ਸਿੱਖ ਟੈਂਪਲ ਯੂਬਾ ਸਿਟੀ ਦੀਆਂ ਪ੍ਰਬੰਧਕੀ ਚੋਣਾਂ ਪਿਛਲੇ ਦਿਨੀਂ ਨੇਪਰੇ ਚੜੀਆਂ। ਕਈ ਹਫਤਿਆਂ ਤੋਂ ਦੋਨੋਂ ਧਿਰਾਂ ਵਿੱਚ ਖਿਚੋਤਾਣ ਵਧੀ ਹੋਈ ਸੀ ਤੇ ਦੋਨੋਂ ਧਿਰਾਂ ਹੀ ਸਿਰ ਧੜ ਦੀ ਬਾਜੀ ਲਾ ਕੇ ਬੈਠੀਆਂ ਸਨ। ਦੋਨੋਂ ਧਿਰਾਂ ਦੇ ਵਕੀਲਾਂ ਦੀ ਹਾਜ਼ਰੀ ਵਿਚ ਤੇ ਵਿਧਾਨਿਕ ਤੌਰ 'ਤੇ ਜੇਤੂ ਉਮੀਦਵਾਰਾਂ ਦਾ ਐਲਾਨ ਕਰ ਦਿੱਤਾ ਗਿਆ। ਇਸ ਮੌਕੇ ਪੁਲਿਸ ਅਤੇ ਪ੍ਰਾਈਵੇਟ ਸਕਿਊਰਿਟੀ ਦਾ ਭਾਰੀ ਪ੍ਰਬੰਧ ਕੀਤਾ ਗਿਆ ਸੀ। ਇਸ ਗੁਰਦੁਆਰਾ ਸਿੱਖ ਟੈਂਪਲ ਯੂਬਾ ਸਿਟੀ ਦੀਆਂ ਚੋਣਾਂ ਵਿਚ ਭਾਵੇਂ ਤਿੰਨ ਧਿਰਾਂ ਚੋਣ ਅਖਾੜੇ ਵਿੱਚ ਸਨ ਪਰ ਆਖਿਰ ਮੁੱਖ ਮੁਕਾਬਲਾ ਦੋ ਧਿਰਾਂ ਵਿੱਚਕਾਰ ਹੀ ਹੋ ਕੇ ਨਿਬੜਿਆ। ਦੀਦਾਰ ਸਿੰਘ ਬੈਂਸ ਧੜਾ ਵੀ ਆਖਰ ਵਿਚ ਵੰਡਿਆ ਗਿਆ। ਇਸ ਦੌਰਾਨ ਅੱਧਾ ਧੜਾ 'ਸਾਧ ਸੰਗਤ ਸਲੇਟ' ਤੇ ਅੱਧਾ ਧੜਾ 'ਪੰਥਕ ਸਲੇਟ' ਵੱਲ ਖਿਸਕ ਗਿਆ। ਦੋਨੋ ਧੜੇ ਇੱਕ ਦੂਸਰੇ ਦੇ ਵੋਟਰ ਤੇ ਸਪੋਟਰ ਤੋੜਨ




ਵਿੱਚ ਪੂਰੇ ਸਰਗਰਮ ਰਹੇ। ਇਨਾਂ ਵਿਚ ਦੂਜਾ ਧੜਾ ਗੁਰਨਾਮ ਸਿੰਘ ਪੰਮਾ ਤੇ ਲੰਗਰ ਵਾਲਿਆਂ ਦੀ ਧੜਾ (ਖਾਲਸਾ ਪੰਥ ਸਲੇਟ) ਸੀ, ਪਰ ਦੀਦਾਰ ਸਿੰਘ ਬੈਂਸ ਦੇ ਭਰਾ ਦਿਲਬਾਗ ਸਿੰਘ ਬੈਂਸ ਨੇ ਵੋਟਾਂ ਲਈ ਸਾਧ ਸੰਗਤ ਸਲੇਟ ਨੂੰ ਵੋਟਾਂ ਪਾਉਣ ਦੀ ਅਪੀਲ ਕੀਤੀ ਸੀ। ਗੁਰਦੁਆਰਾ ਸਾਹਿਬ ਦੇ ਬਾਨੀ ਸ. ਦੀਦਾਰ ਸਿੰਘ ਬੈਂਸ ਬੀਮਾਰ ਨਾ ਹੁੰਦੇ ਤਾਂ ਇਹ ਸਥਿਤੀ ਬਿਲਕੁਲ ਉਤਪੰਨ ਨਹੀਂ ਸੀ ਹੋਣੀ। ਅੱਜ ਜੇਤੂ ਧੜੇ ਦੇ ਸਰਬ ਥਿਆੜਾ ਤੇ ਤੇਜਿੰਦਰ ਦੁਸਾਂਝ (ਸਾਧ ਸੰਗਤ ਧੜੇ) ਨੇ ਸਥਾਨਕ ਸਾਰੀ ਸੰਗਤ ਨੂੰ ਸੇਵਾ ਦਾ ਮੌਕਾ ਦੇਣ ਲਈ ਧੰਨਵਾਦ ਕੀਤਾ। ਉਨਾਂ ਕਿਹਾ ਕਿ ਜੋ ਵੀ ਅਸੀਂ ਸੰਗਤਾਂ ਨਾਲ ਵਆਦੇ ਕੀਤੇ ਹਨ ਉਹ ਪੂਰੇ ਕਰਾਂਗੇ ਤੇ ਅਸੀਂ ਸਮੱਚੀ ਸੰਗਤ ਦੇ ਰਿਣੀ ਹਾਂ ਭਾਵੇਂ ਕਿਸੇ ਨੇ ਸਾਨੂੰ ਵੋਟਾਂ ਪਾਈਆਂ ਜਾਂ ਨਹੀਂ। ਜੇਤੂ ਉਮੀਦਵਾਰਾਂ ਵਿੱਚ ਪ੍ਰੀਤਮ ਸਿੰਘ, ਸੁਖਦੇਵ ਸਿੰਘ ਮੁੰਡੀ, ਜਗਦੀਪ ਸਿੰਘ ਬਾਜਵਾ, ਬਲਰਾਜ ਸਿੰਘ ਢਿਲੋਂ, ਸਰਬਜੀਤ ਸਿੰਘ ਥਿਆੜਾ, ਅਜੈਬ ਸਿੰਘ ਮੱਲੀ, ਹਰਜਿੰਦਰ ਬੈਂਸ, ਜਸਬੀਰ ਸਿੰਘ ਧਾਮੀ, ਨਰਿੰਦਰ ਸਿੰਘ, ਨਰ ਸਿੰਘ ਹੀਰ, ਤੇਜਿੰਦਰ ਸਿੰਘ ਦੁਸਾਂਝ, ਮਹਾ ਸਿੰਘ ਢਿਲੋਂ, ਮਨਜੀਤ ਸਿੰਘ ਢਿਲੋਂ, ਹਰਜੀਤ ਸਿੰਘ ਗਿੱਲ, ਦਿਲਵੀਰ ਸਿੰਘ ਗਿੱਲ, ਨਿਰਮਲ ਸਿੰਘ ਜੰਡਾ, ਤਾਰਾ ਸਿੰਘ ਬੰਗਲ, ਗੁਰਕਮਲਜੀਤ ਸਿੰਗ ਕਾਲਕਟ, ਕੁਲਦੀਪ ਸਿੰਗ ਸਹੋਤਾ, ਹਰਭਜਨ ਸਿੰਘ ਢੇਰੀ, ਗੁਰਮੀਤ ਸਿੰਘ ਤੱਖਰ, ਸਰਬਜੀਤ ਸਿੰਘ, ਗੁਰਚਰਨ ਸਿੰਘ ਰੰਧਾਵਾ, ਜੱਸ ਥਿਆੜਾ, ਚਰਨਜੀਤ ਸਿੰਘ ਚੌਹਾਨ, ਤੀਰਥ ਸਿੰਘ ਚੀਮਾ, ਹਰਮਨਦੀਪ ਸਿੰਘ ਸੰਧੂ, ਸਰਬਜੀਤ ਢੁਡਵਾਲ, ਜੋਗਾ ਸਿੰਘ ਰਾਏ, ਮਲਕੀਤ ਸਿੰਘ ਤੇ ਰਵਿੰਦਰ ਸਿੰਘ ਸਹੋਤਾ ਹਨ।

## ਬਾਈਡਨ ਨੇ 'ਹੀਰੋਜ਼ ਗਾਰਡਨ' ਬਣਾਉਣ ਸਮੇਤ ਸਾਬਕਾ ਰਾਸ਼ਟਰਪਤੀ ਟਰੰਪ ਵੱਲੋਂ ਕਈ ਮੁੱਦਿਆਂ 'ਤੇ ਜਾਰੀ ਆਦੇਸ਼ ਕੀਤੇ ਰੱਦ

### ਕਾਨੂੰਨੀ ਪ੍ਰਵਾਸੀਆਂ ਲਈ ਹੁਣ ਸਿਹਤ ਬੀਮਾ ਨਹੀਂ ਹੋਵੇਗਾ ਜ਼ਰੂਰੀ

**ਸੈਕਰਾਮੈਂਟੋ (ਹੁਸਨ ਲੜੋਆ ਬੰਗਾ):** ਰਾਸ਼ਟਰਪਤੀ ਜੋਅ ਬਾਇਡਨ ਨੇ ਸਾਬਕਾ ਰਾਸ਼ਟਰਪਤੀ ਡੋਨਲਡ ਟਰੰਪ ਵੱਲੋਂ 'ਨੈਸ਼ਨਲ ਗਾਰਡਨ ਆਫ ਅਮੈਰੀਕਨ ਹੀਰੋਜ਼' ਬਣਾਉਣ ਸਮੇਤ ਹੋਰ ਕਈ ਮੁੱਦਿਆਂ 'ਤੇ ਜਾਰੀ ਕੀਤੇ





ਸਰਕਾਰੀ ਆਦੇਸ਼ ਰੱਦ ਕਰ ਦਿੱਤੇ ਹਨ। ਸਾਬਕਾ ਰਾਸ਼ਟਰਪਤੀ ਟਰੰਪ ਦਾ 'ਨੈਸ਼ਨਲ ਗਾਰਡਨ ਆਫ ਅਮੈਰੀਕਨ ਹੀਰੋਜ਼' ਇਕ ਵਿਸ਼ੇਸ਼ ਪ੍ਰਾਜੈਕਟ ਸੀ ਜਿਸ ਵਿਚ ਅਮਰੀਕਾ ਦੇ ਗੌਰਵ ਨੂੰ ਵਿਖਾਇਆ ਜਾਣਾ ਸੀ ਤੇ ਦਸਿਆ ਜਾਣਾ ਸੀ ਕਿ ਸਾਡਾ ਦੇਸ਼ ਹੋਰਨਾਂ ਨਾਲੋਂ ਕਿਸ ਤਰਾਂ ਬੇਹਤਰ ਹੈ। ਟਰੰਪ ਨੇ ਕਿਹਾ ਸੀ ਇਹ ਗਾਰਡਨ ਸਾਡੇ ਹੀਰੋਆਂ, ਸਾਡੀਆਂ ਕਦਰਾਂ ਕੀਮਤਾਂ ਤੇ ਸਮੁੱਚੇ ਜੀਵਨ ਦੇ ਢੰਗ- ਤਰੀਕੇ ਨੂੰ ਮਿਟਾਉਣ ਦੀਆਂ ਹੋ ਰਹੀਆਂ ਕੋਸ਼ਿਸ਼ਾਂ ਦਾ ਜਵਾਬ ਹੋਵੇਗਾ। ਟਰੰਪ ਨੇ 2020 ਵਿਚ 'ਮਾਊਂਟ ਰਸ਼ਮੋਰ' ਅੱਗੇ ਇਹ ਗਾਰਡਨ ਬਣਾਉਣ ਦਾ ਐਲਾਨ ਕਰਦਿਆਂ ਕਿਹਾ ਸੀ ਕਿ ਉਹ ਆਸ ਕਰਦੇ ਹਨ ਕਿ ਇਹ ਗਾਰਡਨ ਅਜ਼ਾਦੀ ਦੀ 250ਵੀਂ ਵਰੇਗੰਢ ਮੌਕੇ 4 ਜੁਲਾਈ 20 26 ਨੂੰ ਆਮ ਜਨਤਾ ਲਈ ਖੋਲ ਦਿੱਤਾ ਜਾਵੇਗਾ।

ਬਾਈਡਨ ਨੇ ਸਾਬਕਾ ਰਾਸ਼ਟਪਤੀ ਵੱਲੋਂ ਜਾਰੀ ਉਹ ਆਦੇਸ਼ ਵੀ ਰੱਦ ਕਰ ਦਿੱਤਾ ਜਿਸ ਅਨੁਸਾਰ ਕਾਨੂੰਨੀ ਪ੍ਰਵਾਸੀਆਂ ਲਈ ਸਿਹਤ ਬੀਮਾ ਜਰੂਰੀ ਕਰ ਦਿੱਤਾ ਗਿਆ ਸੀ। ਬਾਇਡਨ ਨੇ ਕਿਹਾ ਹੈ ਕਿ ਉਨਾਂ ਪ੍ਰਵਾਸੀਆਂ ਜੋ ਵਿੱਤੀ ਸਾਧਨਾਂ ਦੀ ਘਾਟ ਕਾਰਨ ਸਿਹਤ ਬੀਮਾ ਨਹੀਂ ਖਰੀਦ ਸਕਦੇ, ਨੂੰ ਰੋਕਣਾ ਅਮਰੀਕਾ ਲਈ ਫਾਇਦੇਮੰਦ ਨਹੀਂ ਹੈ। ਰਾਸ਼ਟਰਪਤੀ ਨੇ ਹੋਰ ਜਿਹੜੇ ਟਰੰਪ ਵੱਲੋਂ ਜਾਰੀ ਆਦੇਸ਼ ਰੱਦ ਕੀਤੇ ਹਨ ਉਨਾਂ ਵਿਚ ਇਤਿਹਾਸਕ ਯਾਦਗਾਰਾਂ ਦੀ ਮਾਣਹਾਨੀ ਲਈ ਸਖਤ ਸਜਾਵਾਂ ਦੀ ਵਿਵਸਥਾ ਕਰਨਾ, ਸੋਸ਼ਲ ਮੀਡੀਆ ਕੰਪਨੀਆਂ ਵਿਰੁੱਧ ਕਾਨੂੰਨੀ ਕਾਰਵਾਈ ਨੂੰ ਆਸਾਨ ਬਣਾਉਣਾ, ਅਮਰੀਕੀ ਵਿਦੇਸ਼ ਸਹਾਇਤਾ ਉਪਰ ਲੋਗੋ ਸਮੇਤ ਟਰੇਡ ਮਾਰਕ ਲਾਉਣ ਜਿਸ ਤੋਂ ਪਤਾ ਲੱਗੇ ਕਿ ਇਹ ਅਮਰੀਕੀ ਟੈਕਸਦਾਤਾ ਦੁਆਰਾ ਦਿੱਤੀ ਗਈ ਹੈ ਤੇ ਸੰਘੀ ਕਾਨੂੰਨਾਂ ਦੀ ਉਲੰਘਣਾ ਦੇ ਮਾਮਲੇ ਵਿੱਚ ਅਪਰਾਧਕ ਜਵਾਬਦੇਹੀ ਨੂੰ ਘਟਾਉਣਾ ਸ਼ਾਮਿਲ ਹਨ।

## ਅਮਰੀਕਾ ਨੇ ਭਾਰਤ ਨਾਲ ਵਪਾਰਕ ਸਬੰਧਾਂ ਲਈ ਪਾਈ ਸਾਂਝ

### ਬਿਜ਼ਨੈੱਸ ਫੋਰਮ ਦਾ ਕੀਤਾ ਪੁਨਰਗਠਨ

**ਵਾਸ਼ਿੰਗਟਨ/ਏ.ਟੀ.ਨਿਊਜ਼:** ਅਮਰੀਕਾ ਦੇ ਬਾਇਡਨ ਪ੍ਰਸ਼ਾਸਨ ਨੇ ਭਾਰਤ ਨਾਲ ਆਰਥਿਕ ਮੁੱਦਿਆਂ ਤੇ ਹੋਰ ਜ਼ਿਆਦਾ ਮਜ਼ਬੂਤੀ ਲਈ ਮਹੱਤਵਪੂਰਨ ਫ਼ੈਸਲਾ ਕੀਤਾ ਹੈ। ਯੂਐੱਸ-ਇੰਡੀਆ ਸੀਈਓ ਫੋਰਮ ਵਿਚ ਅਮਰੀਕਾ ਦੇ 20 ਪ੍ਰਮੁੱਖ ਕਾਰਪੋਰੇਟ ਮੁਖੀਆਂ ਨੂੰ ਸ਼ਾਮਲ ਕੀਤਾ ਜਾਵੇਗਾ। ਇਹ ਫੋਰਮ ਦੋਵਾਂ ਦੇਸ਼ਾਂ ਵਿਚਾਲੇ ਵਪਾਰਕ ਦਿੱਗਜਾਂ ਨੂੰ ਆਪਸੀ ਸਹਿਮਤੀ ਬਣਾਉਣ ਲਈ ਇਕ ਮੰਚ 'ਤੇ ਲਿਆਉਣ ਦਾ ਕੰਮ ਕਰਦਾ ਹੈ।

ਫੋਰਮ ਦੀ ਸਥਾਪਨਾ 2005 ਵਿਚ ਹੋਈ ਸੀ। ਇਸਦਾ ਮਕਸਦ ਹੀ ਦੋਵੇਂ ਦੇਸ਼ਾਂ ਦੇ ਵਪਾਰਕ ਹਿੱਤਾਂ ਨੂੰ ਲੈ ਕੇ ਚੱਲਣ ਹੈ। ਫੋਰਮ 'ਚ ਦੋਵੇਂ ਦੇਸ਼ਾਂ ਦੇ ਪ੍ਰਾਈਵੇਟ ਸੈਕਟਰ ਤੋਂ ਸਹਿ ਚੇਅਰਮੈਨ ਚੁਣੇ ਜਾਂਦੇ ਹਨ, ਅਮਰੀਕਾ ਤੇ ਭਾਰਤ ਦੇ ਵਣਜ ਸਕੱਤਰ ਇਸ ਵਿਚ ਚੇਅਰਮੈਨ ਦੀ ਭੂਮਿਕਾ ਵਿਚ ਹੁੰਦੇ ਹਨ। ਦੋਵੇਂ ਦੇਸ਼ਾਂ ਦੇ ਹੋਰ ਸਰਕਾਰੀ ਅਧਿਕਾਰੀਆਂ ਨੂੰ ਵੀ ਮਹੱਤਵਪੂਰਨ ਜ਼ਿੰਮੇਵਾਰੀ ਦਿੱਤੀ ਜਾਂਦੀ ਹੈ।

ਅਮਰੀਕਾ ਦੇ ਵਣਜ ਵਿਭਾਗ ਦੇ ਅੰਤਰਰਾਸ਼ਟਰੀ ਵਪਾਰ ਪ੍ਰਸ਼ਾਸਨ ਨੇ ਅਮਰੀਕਾ ਨੂੰ ਕੰਪਨੀਆਂ ਦੇ ਸੀਈਓ ਨੂੰ ਇਸ ਫੋਰਮ ਲਈ ਅਰਜ਼ੀ ਮੰਗੀਆਂ ਹਨ। ਫੋਰਮ ਵਿਚ ਸਾਮਲ ਦੋਵੇਂ ਦੇਸ਼ਾਂ ਦੇ ਪ੍ਰਾਈਵੇਟ ਸੈਕਟਰ ਦੇ ਦਿੱਗਜ ਇਸਦੇ ਜ਼ਰੀਏ ਸਰਕਾਰਾਂ ਨੂੰ ਆਰਥਿਕ ਤੇ ਵਪਾਰਕ ਵਿਕਾਸ ਲਈ ਆਪਣੇ ਸੁਝਾਅ ਦੇਣਗੇ। ਇਸ ਨਾਲ ਸਰਕਾਰ ਨੂੰ ਨਿੱਜੀ ਖੇਤਰ ਦੇ ਸੁਝਾਅ ਦੇ ਨਾਲ ਹੀ ਉਨਾਂ ਦੀਆਂ ਚਿੰਤਾਵਾਂ ਤੇ ਸਮੱਸਿਆਵਾਂ ਦੇ ਬਾਰੇ ਵੀ ਅਸਲੀ ਜਾਣਕਾਰੀ ਮਿਲੇਗੀ। ਇਹ ਫੋਰਮ ਦੋਵੇਂ ਦੇਸ਼ਾਂ ਦੇ ਦੋ ਪੱਖੀ ਵਪਾਰਕ ਸਬੰਧਾਂ ਲਈ ਇਕ ਮਹੱਤਵਪੂਰਨ ਸੰਸਥਾ ਦੇ ਰੂਪ ਵਿਚ ਕੰਮ ਕਰੇਗਾ।

20 ਦਿੱਗਜ ਸੀਈਓ ਦਾ ਫੋਰਮ ਵਿਚ ਸ਼ਾਮਲ ਕਰਦੇ ਸਮੇਂ ਇਸ ਗੱਲ ਦਾ ਧਿਆਨ ਰੱਖਿਆ ਗਿਆ ਹੈ ਕਿ ਪੂਰੇ ਦੇਸ਼ ਦੇ ਕਾਰੋਬਾਰੀ ਤੇ ਭੂਗੌਲਿਕ ਖੇਤਰ ਦਾ ਸਹੀ ਨੁਮਾਇੰਦਗੀ ਹੋ ਸਕੇ। ਇਸ ਵਿਚ ਵੱਡੇ, ਦਰਮਿਆਨੇ ਤੇ ਛੋਟੇ ਤਿੰਨਾਂ ਹੀ ਸ਼੍ਰੇਣੀਆਂ ਦੇ ਸਨਅਤਕਾਰਾਂ ਨੂੰ ਸ਼ਾਮਲ ਕੀਤਾ ਜਾਵੇਗਾ।

# ਦੱਖਣੀ ਕੈਲੀਫੋਰਨੀਆ ਵਿਚ ਝਾੜੀਆਂ ਨੂੰ ਲੱਗੀ ਅੱਗ ਸੈਂਕੜੇ ਏਕੜਾਂ ਵਿਚ ਫੈਲੀ

## ਹਜ਼ਾਰਾਂ ਲੋਕ ਸੁਰੱਖਿਅਤ ਥਾਵਾਂ 'ਤੇ ਜਾਣ ਲਈ ਹੋਏ ਮਜਬੂਰ

**ਸੈਕਰਾਮੈਂਟੋ (ਹੁਸਨ ਲੜੋਆ ਬੰਗਾ) :** ਲਾਸ ਏਂਜਲਸ ਕਾਊਂਟੀ ਨੇੜੇ ਦੱਖਣੀ ਕੈਲੀਫੋਰਨੀਆ ਵਿਚ ਝਾੜੀਆਂ ਨੂੰ ਲੱਗੀ ਅੱਗ ਹਜਾਰਾਂ ਏਕੜ ਵਿਚ ਫੈਲ ਗਈ ਜਿਸ ਕਾਰਨ ਅਧਿਕਾਰੀਆਂ ਨੇ ਇਸ ਖੇਤਰ ਵਿਚ ਰਹਿੰਦੇ ਹਜਾਰਾਂ ਲੋਕਾਂ ਨੂੰ ਸੁਰੱਖਿਅਤ ਥਾਵਾਂ 'ਤੇ ਜਾਣ ਲਈ ਕਿਹਾ। ਲਾਸ ਏਂਜਲਸ ਕਾਊਂਟੀ ਦੇ ਅਧਿਕਾਰੀਆਂ ਦਾ ਕਹਿਣਾ ਹੈ ਕਿ ਅੱਗ ਕਿਸੇ ਸ਼ਰਾਰਤੀ ਅਨਸਰ ਨੇ ਜਾਣ ਬੁਝਕੇ ਲਾਈ ਹੈ ਹਾਲਾਂ ਕਿ ਇਹ ਮਾਮਲ ਜਾਂਚ ਅਧੀਨ ਹੈ। ਅਧਿਕਾਰੀਆਂ ਅਨੁਸਾਰ ਟੌਪੰਗਾ ਕੇਨਯੋਨ ਨੇੜੇ ਪਾਲੀਸੇਡਜ ਖੇਤਰ ਵਿਚੋਂ ਤਕਰੀਬਨ 1000 ਲੋਕਾਂ ਨੂੰ ਕੱਢਿਆ ਗਿਆ ਹੈ। ਦੁਪਹਿਰ ਬਾਅਦ ਹਵਾਵਾਂ ਚੱਲਣ ਤੇ ਗਰਮ ਮੌਸਮ ਕਾਰਨ ਅੱਗ 1300 ਏਕੜ ਤੋਂ ਵੱਧ ਖੇਤਰ ਵਿਚ ਫੈਲ ਗਈ ਹਾਲਾਂਕਿ ਰਾਤ ਨੂੰ ਮੌਸਮ ਵਿਚ ਸਿੱਲ ਵਧ ਜਾਣ ਕਾਰਨ ਅੱਗ ਅੱਗੇ ਫੈਲਣ ਤੋਂ ਰੁਕ ਗਈ। ਲਾਸ ਏਂਜਲਸ





ਕਾਊਂਟੀ ਦੇ ਅਧਿਕਾਰੀਆਂ ਅਨੁਸਾਰ ਹਵਾਵਾਂ ਕਾਰਨ ਅੱਗ ਉਤਰ ਪੱਛਮੀ ਖੇਤਰ ਦੇ ਘਰਾਂ ਲਈ ਖਤਰਾ ਪੈਦਾ ਕਰ ਸਕਦੀ ਹੈ ਤੇ ਸੰਘਣੇ ਪਹਾੜੀ ਖੇਤਰ ਦਾ ਜੰਗਲ ਸੜ ਸਕਦਾ ਹੈ ਜੋ ਬਿਲਕੁਲ ਸੁੱਕਾ ਹੈ। ਅੱਗ ਬੁਝਾਉਣ ਵਿਚ ਹੈਲੀਕਾਪਟਰ ਮੱਦਦ ਕਰ ਰਹੇ ਹਨ ਤੇ ਹੈਲੀਕਾਪਟਰਾਂ ਰਾਹੀਂ ਅੱਗ ਉਪਰ ਪਾਣੀ ਪਾਇਆ ਜਾ ਰਿਹਾ ਹੈ। ਕਾਊਂਟੀ ਦੇ ਸ਼ੈਰਿਫ ਵਿਭਾਗ ਦੇ ਬੁਲਾਰੇ ਮਾਰਗਰਟ ਸਟੀਵਰਟ ਅਨੁਸਾਰ ਇਕ ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਕਿਸੇ ਸ਼ੱਕੀ ਨੂੰ ਖੇਤਰ ਵਿਚ ਵੇਖਿਆ ਗਿਆ ਹੈ ਜਿਸ ਵੱਲੋਂ ਅੱਗ ਲਾਈ ਹੋ ਸਕਦੀ ਹੈ ਪ੍ਰੰਤੂ ਇਸ ਸਬੰਧੀ ਠੋਸ ਸਬੂਤ ਨਹੀਂ ਮਿਲੇ।

# 6 ਜੁਲਾਈ ਤੋਂ ਖੁੱਲੇਗੀ ਨਿਊਯਾਰਕ ਦੀ ਇੰਮੀਗ੍ਰੇਸ਼ਨ ਕੋਰਟ

## ਅਮਰੀਕਾ ਵਿੱਚ ਹੁਣ ਪੁਲਿਸ ਕਿਸੇ ਦੇ ਘਰ ਬਿਨਾਂ ਵਾਰੰਟ ਤੋਂ ਨਹੀਂ ਹੋ ਸਕੇਗੀ ਦਾਖਿਲ : ਜਸਪ੍ਰੀਤ ਸਿੰਘ ਅਟਾਰਨੀ

**ਨਿਊਯਾਰਕ/(ਰਾਜ ਗੋਗਨਾ):** ਅਮਰੀਕਾ ਦੇ ਪ੍ਰਸਿੱਧ ਵਕੀਲ ਸ. ਜਸਪ੍ਰੀਤ ਸਿੰਘ ਅਟਾਰਨੀ ਐਟ ਲਾਅ ਨੇ ਪ੍ਰੈੱਸ ਨੂੰ ਜਾਣਕਾਰੀ ਦਿੰਦਿਆਂ ਦੱਸਿਆ ਕਿ ਨਿਊਯਾਰਕ ਦੀ ਇੰਮੀਗ੍ਰੇਸ਼ਨ ਕੋਰਟ ਹੁਣ 6 ਜੁਲਾਈ ਤੋਂ ਖੁੱਲ ਜਾਵੇਗੀ। ਉਨਾਂ ਕਿਹਾ ਕਿ ਭਾਵੇਂ ਇੱਥੇ ਬਹੁਤ ਇੰਮੀਗ੍ਰੇਸ਼ਨ ਕੋਰਟਾਂ ਖੁੱਲੀਆਂ ਹਨ ਪਰ ਨਿਊਯਾਰਕ ਦੀ ਇੰਮੀਗ੍ਰੇਸ਼ਨ ਕੋਰਟ ਪਿਛਲੇ ਇਕ ਸਾਲ ਤੋਂ ਬੰਦ ਸੀ। ਅਮਰੀਕਾ ਦੇ ਇੰਮੀਗ੍ਰੇਸ਼ਨ ਵਿਭਾਗ ਦੀ ਤਾਜ਼ਾ ਜਾਣਕਾਰੀ ਅਨੁਸਾਰ ਨਿਊਯਾਰਕ ਦੀ ਇੰਮੀਗ੍ਰੇਸ਼ਨ ਕੋਰਟ 6 ਜੁਲਾਈ ਤੋਂ ਪੂਰੀ ਤਰਾਂ ਖੁੱਲ ਜਾਵੇਗੀ ਅਤੇ ਮਾਸਟਰ ਅਤੇ ਇੰਨਡਵੀਜੂਅਲ ਡੇਟ ਦੀ ਸੁਣਵਾਈ ਵੀ ਕੀਤੀ ਜਾਵੇਗੀ। ਉਨਾਂ ਦੱਸਿਆ ਕਿ ਨਿਊਯਾਰਕ ਵਿਖੇ ਇੰਮੀਗ੍ਰੇਸ਼ਨ ਕੋਰਟ ਦੀ ਬ੍ਰਾਂਚ ਨਿਊਯਾਰਕ ਵਿਖੇ ਬਰੋਡਵੇਅ ਦੇ ਫੈਡਰਲ ਪਲਾਜਾ ਦੀ ਵੈਰਿਕ ਸਟ੍ਰੀਟ 'ਤੇ ਸਥਿਤ ਹੈ। ਉਨਾਂ ਦੱਸਿਆ ਕਿ ਅਮੈਰੀਕਨ ਸੁਪਰੀਮ ਕੋਰਟ ਦਾ ਇਕ ਹੋਰ ਅਹਿਮ ਫੈਸਲਾ ਆ ਗਿਆ ਹੈ ਜਿਸ ਤਹਿਤ ਅਮਰੀਕਾ ਦੀ ਸੁਪਰੀਮ ਕੋਰਟ ਨੇ ਪੁਲਿਸ ਨੂੰ ਕਿਸੇ ਦੇ ਵੀ ਘਰ ਵਾਰੰਟ ਤੋਂ ਬਿਨਾਂ ਜਾਣ 'ਤੇ ਰੋਕ ਲਾ ਦਿੱਤੀ ਹੈ ਅਤੇ ਇਸ ਕੇਸ ਦਾ ਨਾਮ ਕੈਨੀਗਲੀਆ ਵੀ ਸਟਰੋਮ ਹੈ ਜਦਕਿ ਇਸ ਤੋਂ ਪਹਿਲਾਂ ਪੁਲਿਸ **(Community Caretaker exception)** ਨਿਯਮ ਦੇ ਅਧੀਨ ਕਿਸੇ ਦੇ ਵੀ ਘਰ ਅੰਦਰ ਦਾਖਿਲ ਹੋ ਸਕਦੀ ਸੀ ਪਰ ਹੁਣ ਇਹ ਮੁਮਕਿਨ ਨਹੀਂ ਹੋਵੇਗਾ।



# ਸ਼ਿਕਾਗੋ ਵਿਚ ਗੋਲੀਆਂ ਮਾਰ ਕੇ ਦੋ ਵਿਅਕਤੀਆਂ ਦੀ ਕੀਤੀ ਹੱਤਿਆ , 3 ਹੋਰ ਜਖਮੀ

**ਸੈਕਰਾਮੈਂਟੋ (ਹੁਸਨ ਲੜੋਆ ਬੰਗਾ):** ਸ਼ਿਕਾਗੋ ਵਿਚ ਸ਼ਨੀਵਾਰ ਦੀ ਸਵੇਰ ਨੂੰ ਇਕ ਇਕੱਠ ਵਿਚ ਸ਼ਾਮਲ ਲੋਕਾਂ 'ਤੇ ਇਕ ਸ਼ੱਕੀ ਹਮਲਾਵਰ ਵੱਲੋਂ ਕੀਤੀ ਗਈ ਗੋਲੀਬਾਰੀ ਵਿਚ ਦੋ ਵਿਅਕਤੀਆਂ ਦੀ ਮੌਤ ਹੋ ਗਈ ਤੇ 3 ਹੋਰ ਜ਼ਖਮੀ ਹੋ ਗਏ ਜਿਨਾਂ ਵਿਚੋਂ ਇਕ ਦੀ ਹਾਲਤ ਗੰਭੀਰ ਹੈ। ਪੁਲਿਸ ਅਨੁਸਾਰ ਇਕ 26 ਸਾਲਾ ਤੇ ਇਕ 21 ਸਾਲਾ ਵਿਅਕਤੀ ਜਿਨਾਂ ਦੇ ਸਿਰ ਵਿਚ ਗੋਲੀਆਂ ਵੱਜੀਆਂ ਸਨ, ਨੂੰ ਯਨੀਵਰਸਿਟੀ ਆਫ ਸ਼ਿਕਾਗੋ ਮੈਡੀਕਲ ਸੈਂਟਰ ਲਿਜਾਇਆ ਗਿਆ, ਜਿਥੇ ਉਨਾਂ ਨੂੰ ਮ੍ਰਿਤਕ ਐਲਾਨ ਦਿੱਤਾ ਗਿਆ। ਇਕ 23 ਸਾਲਾ ਵਿਅਕਤੀ ਦੀ ਸੱਜੀ ਬਾਂਹ ਵਿਚ ਗੋਲੀ ਲੱਗੀ ਹੈ ਜਿਸ ਨੂੰ ਗੰਭੀਰ ਹਾਲਤ ਵਿਚ ਕ੍ਰਿਸਟ ਹਸਪਤਾਲ ਵਿਚ ਦਾਖਲ ਕਰਵਾਇਆ ਗਿਆ ਹੈ। ਦੋ ਹੋਰ ਵਿਅਕਤੀਆਂ ਦੇ ਮੋਢੇ ਵਿਚ ਗੋਲੀਆਂ ਵੱਜੀਆਂ ਹਨ ਜਿਨਾਂ ਦੀ ਹਾਲਤ ਠੀਕ ਦੱਸੀ ਜਾ ਰਹੀ ਹੈ। ਪੁਲਿਸ ਮੌਕੇ ਉਪਰੋਂ ਭੱਜੇ ਇਕ ਸ਼ੱਕੀ ਵਿਅਕਤੀ ਦੀ ਤਲਾਸ਼ ਕਰ ਰਹੀ ਹੈ।

# ਵਾਲਮਾਰਟ ਤੇ ਸੈਮ ਕਲੱਬ ਨੇ ਆਪਣੇ ਮੁਲਾਜ਼ਮਾਂ ਤੇ ਗਾਹਕਾਂ ਲਈ ਮਾਸਕ ਪਹਿਣਨ ਦੀ ਲੋੜ ਖਤਮ ਕੀਤੀ

**ਸੈਕਰਾਮੈਂਟੋ (ਹੁਸਨ ਲੜੋਆ ਬੰਗਾ):** ਵਾਲਮਾਰਟ ਤੇ ਸੈਮ'ਜ ਕਲੱਬ ਨੇ ਐਲਾਨ ਕੀਤਾ ਹੈ ਕਿ ਹੁਣ ਉਨਾਂ ਦੇ ਸਟੋਰਾਂ ਵਿਚ ਕੋਵਿਡ-19 ਟੀਕਾਕਰਨ ਕਰਵਾ ਚੁੱਕੇ ਗਾਹਕਾਂ ਤੇ ਮੁਲਾਜ਼ਮਾਂ ਨੂੰ ਮਾਸਕ ਪਹਿਣਨ ਦੀ ਲੋੜ ਨਹੀਂ ਹੈ। ਇਹ ਫੈਸਲਾ ਸੈਂਟਰ ਫਾਰ ਡਸੀਜ਼ ਕੰਟਰੋਲ ਤੇ ਪ੍ਰੀਵੈਨਸ਼ਨ (ਸੀ ਡੀ ਸੀ) ਵੱਲੋਂ ਜਾਰੀ ਨਵੇਂ ਦਿਸ਼ਾ ਨਿਰਦੇਸ਼ਾਂ ਦੇ ਮੱਦੇ ਨਜਰ ਲਿਆ ਗਿਆ ਹੈ ਜਿਨਾਂ ਵਿਚ ਕਿਹਾ ਗਿਆ ਹੈ ਕਿ ਪੂਰੀ ਤਰਾਂ ਟੀਕਾਕਰਨ ਕਰਵਾ ਚੁੱਕੇ ਅਮਰੀਕੀਆਂ ਲਈ ਚਾਰਦੀਵਾਰੀ ਅੰਦਰ ਜਾਂ ਖੁੱਲੀਆਂ ਥਾਵਾਂ ਉਪਰ ਮਾਸਕ ਪਹਿਣਨ ਦੀ ਲੋੜ ਨਹੀਂ ਹੈ। ਯੂ.ਐਸ ਵਾਲਮਾਰਟ ਤੇ ਸੈਮ'ਜ ਕਲੱਬ ਦੇ ਵਰਕਰਾਂ ਤੇ ਮੁਲਾਜ਼ਮਾਂ ਨੂੰ ਭੇਜੇ ਸੁਨੇਹੇ ਵਿਚ ਕਿਹਾ ਗਿਆ ਹੈ ਕਿ ਮੁਕੰਮਲ ਟੀਕਾਕਰਨ ਕਰਵਾ ਚੁੱਕੇ ਮੁਲਾਜ਼ਮ ਮੰਗਲਵਾਰ ਤੋਂ ਮਾਸਕ ਮੁਕਤ ਹੋ ਕੇ ਕੰਮ ਕਰ ਸਕਦੇ ਹਨ।

# ਲਾਸ ਏਂਜਲਸ ਵਿਚ ਇਕ ਰੈਸਟੋਰੈਂਟ ਵਿੱਚ ਫਲਸਤੀਨ ਪੱਖੀ ਵਿਅਕਤੀਆਂ ਵੱਲੋਂ ਯਹੂਦੀਆਂ ਉਪਰ ਹਮਲਾ

**ਸੈਕਰਾਮੈਂਟੋ (ਹੁਸਨ ਲੜੋਆ ਬੰਗਾ):** ਲਾਸ ਏਂਜਲਸ ਵਿਚ ਸੂਸ਼ੀ ਰੈਸਟੋਰੈਂਟ ਵਿਚ ਫਲਸਤੀਨੀ ਪੱਖੀ ਵਿਅਕਤੀਆਂ ਦੇ ਇਕ ਸਮੂਹ ਵੱਲੋਂ ਯਹੂਦੀ ਲੋਕਾਂ ਉਪਰ ਹਮਲਾ ਕਰਨ ਦੀ ਖਬਰ ਹੈ। ਮੌਕੇ ਦੇ ਗਵਾਹਾਂ ਅਨੁਸਾਰ ਕੁਝ ਯਹੂਦੀ ਲੋਕ ਰੈਸਟੋਰੈਂਟ ਵਿਚ ਖਾਣਾ ਖਾ ਰਹੇ ਸਨ ਕਿ ਫਲਸਤੀਨੀ ਪੱਖੀ ਕੁਝ ਲੋਕ ਆਏ ਜੋ ਉਨਾਂ ਉਪਰ ਹਮਲਾ ਕਰਨ ਉਪਰੰਤ ਫਰਾਰ ਹੋ ਗਏ। ਇਸ ਹਮਲੇ ਵਿਚ 5 ਵਿਅਕਤੀ ਜਖਮੀ ਹੋਏ ਹਨ ਹਾਲਾਂ ਕਿ ਜਖਮ ਗੰਭੀਰ ਨਹੀਂ ਹਨ। ਲਾਸ ਏਂਜਲਸ ਪੁਲਿਸ ਵਿਭਾਗ ਅਨੁਸਾਰ ਇਸ ਘਟਨਾ ਦੀ ਨਫਰਤੀ ਅਪਰਾਧ ਵਜੋਂ ਜਾਂਚ ਕੀਤੀ ਜਾ ਰਹੀ ਹੈ। ਪੁਲਿਸ ਅਨੁਸਾਰ ਸ਼ੱਕੀ 3 ਦੋਸ਼ੀ ਅਜੇ ਫਰਾਰ ਹਨ ਤੇ ਉਨਾਂ ਨੂੰ ਕਾਬੂ ਕਰਨ ਲਈ ਕਾਰਵਾਈ ਕੀਤੀ ਜਾ ਰਹੀ ਹੈ। ਸ਼ੱਕੀ ਦੋਸ਼ੀ ਮੌਕੇ ਤੋਂ ਇਕ ਜੀਪ ਵਿਚ ਫਰਾਰ ਹੋਏ ਹਨ।

# ਵਧਵਾਨੀ ਫਾਊਂਡੇਸ਼ਨ ਭਾਰਤ ਦੇ ਕੋਵਿਡ ਪੀੜਤਾਂ ਦੀ ਮੱਦਦ ਲਈ ਦੇਵੇਗਾ 10 ਲੱਖ ਡਾਲਰ

## ਸਮਾਜਿਕ ਸੰਸਥਾਵਾਂ ਰਾਹੀਂ ਪਹੁੰਚਾਈ ਜਾਵੇਗੀ ਸਹਾਇਤਾ

**ਸੈਕਰਾਮੈਂਟੋ (ਹੁਸਨ ਲੜੋਆ ਬੰਗਾ):** ਲਾਸ ਐਲਟਸ (ਕੈਲੀਫੋਰਨੀਆ) ਵਿਚ ਸਥਾਪਿਤ ਵਧਵਾਨੀ ਫਾਊਂਡੇਸ਼ਨ ਨੇ ਭਾਰਤ ਵਿਚ ਕੋਵਿਡ-19 ਦੇ ਮਾਰੂ ਅਸਰ ਨੂੰ ਘਟ ਕਰਨ ਲਈ 10 ਲੱਖ ਡਾਲਰ ਦੇਣ ਦਾ ਐਲਾਨ ਕੀਤਾ ਹੈ। ਇਹ ਮਦਦ 10 ਚੈਰਿਟੀ ਸੰਸਥਾਵਾਂ ਤੇ ਗੈਰ ਸਰਕਾਰੀ ਸੰਗਠਨਾਂ ਰਾਹੀਂ ਤੁਰੰਤ ਪਹੁੰਚਾਈ ਜਾਵੇਗੀ। ਇਹ ਮਦਦ ਮੈਡੀਕਲ ਸਾਧਨਾਂ ਦੇ ਰੂਪ ਵਿਚ ਤੇ ਕੋਵਿਡ-19 ਮਰੀਜ਼ਾਂ ਤੇ ਉਨਾਂ ਦੇ ਪਰਿਵਾਰਾਂ ਨੂੰ ਸਹਾਇਤਾ ਦੇ ਰੂਪ ਵਿਚ ਦਿੱਤੀ ਜਾਵੇਗੀ। ਫਾਊਂਡੇਸ਼ਨ ਨੇ ਜਾਰੀ ਪ੍ਰੈਸ ਰਲੀਜ ਵਿਚ ਕਿਹਾ ਹੈ ਕਿ ਉਨਾਂ ਚੈਰਿਟੀ ਸੰਸਥਾਵਾਂ ਤੇ ਗੈਰ ਸਰਕਾਰੀ ਸੰਗਠਨਾਂ ਦੀ ਚੋਣ ਕੀਤੀ ਹੈ ਜੋ ਕੋਵਿਡ ਮਰੀਜ਼ਾਂ ਤੇ ਉਨਾਂ ਦੇ ਪਰਿਵਾਰਾਂ ਤੱਕ ਫੌਰੀ ਮਦਦ ਪਹੁੰਚਾ ਸਕਣ। ਵਧਵਾਨੀ ਫਾਊਂਡੇਸ਼ਨ ਦੇ ਚੇਅਰਮੈਨ ਭਾਰਤੀ ਮੂਲ ਦੇ ਅਮਰੀਕੀ ਡਾਕਟਰ ਰੋਮੇਸ਼ ਵਧਵਾਨੀ ਨੇ ਕਿਹਾ ਹੈ ਕਿ 'ਕੋਵਿਡ-19 ਦੇ ਭਿਆਨਕ ਰੂਪ ਨਾਲ ਲੜ ਰਹੇ ਭਾਰਤੀ ਪਰਿਵਾਰਾਂ




ਪ੍ਰਤੀ ਵਿਸ਼ਾਲ ਪਹੁੰਚ ਅਪਣਾਉਣ ਦੀ ਲੋੜ ਹੈ ਤੇ ਇਸ ਮੁਹਿੰਮ ਵਿਚ ਵਧ ਤੋਂ ਵਧ ਸੰਸਥਾਵਾਂ ਨੂੰ ਸ਼ਾਮਿਲ ਕਰਨਾ ਚਾਹੀਦਾ ਹੈ। ਵਧਵਾਨੀ ਫਾਊਂਡੇਸ਼ਨ ਸਭ ਤੋਂ ਵੱਧ ਲੋੜਵੰਦ ਖੇਤਰਾਂ ਵਿਚ ਮਦਦ ਪਹੁੰਚਾ ਕੇ ਭਾਰਤੀਆਂ ਦੇ ਦੁੱਖ ਦਰਦ ਨੂੰ ਘਟ ਕਰਨ ਦਾ ਯਤਨ ਕਰੇਗੀ।' ਚੈਰਿਟ ਸੰਸਥਾਵਾਂ ਤੇ ਗੈਰ ਸਰਕਾਰੀ ਸੰਗਠਨ ਪ੍ਰਭਾਵਿਤ ਮਰੀਜ਼ਾਂ ਤੇ ਪਰਿਵਾਰਾਂ ਨਾਲ ਸਿੱਧਾ ਸੰਪਰਕ ਕਰਕੇ ਮੈਡੀਕਲ ਸਹਾਇਤਾ, ਖਾਣਾ, ਨਕਦ ਸਹਾਇਤਾ ਜਾਂ ਕਰਜੇ ਦੇ ਰੂਪ ਵਿਚ ਹੋਰ ਲੋੜੀਂਦੀ ਮਦਦ ਕਰਨਗੀਆਂ। ਸਹਾਇਤਾ ਪਹੁੰਚਾਉਣ ਵਿਚ ਪੂਰੀ ਤਰਾਂ ਪਾਰਦਰਸ਼ਤਾ ਵਰਤੀ ਜਾਵੇਗੀ।

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ QUOMANTRY AMRITSAR TIMES

Editor: Malkeet Singh  Manager: Pardeep Singh  Online Editor: Sukhwinder Singh  Asst. Editor: Balwinderpal Singh, Sarbjeet Kaur Sarb  Online Interview Host: Balraj Pannu
Designer: Balbir Singh  Content Composer: Amritpal Singh  US Distributor: Amritsar Times Inc  Owner: Amritsar Times Pvt Ltd.
Quomantry Amritsar Times is owned by Amritsar Times Pvt Ltd, a company based in India. It owns the content of the Newspaper and hereby does not authorize anyone to redistribute without prior consent. The opinions expressed in this publication are those of the authors unless written by AT Bureau. They do not purport to reflect the opinions or views of the Owner or its members.
All legal disputes must be handled in the courts of State of Punjab in India.

# ਯੂ ਐਸ- ਇੰਡੀਆ ਚੈਂਬਰ ਆਫ ਕਾਮਰਸ ਫਾਊਂਡੇਸ਼ਨ ਟੈਕਸਸ ਨੇ ਕੋਵਿਡ ਰਾਹਤ ਦੀ ਪੰਜਵੀਂ ਖੇਪ ਭਾਰਤ ਭੇਜੀ

## ਹੁਣ ਤੱਕ 85 ਵੈਂਟੀਲੇਟਰ ਤੇ 250 ਆਕਸੀਜਨ ਕੋਨਸੈਂਟ੍ਰੇਟਰਜ ਭੇਜੇ

**ਸੈਕਰਾਮੈਂਟੋ (ਹੁਸਨ ਲੜੋਆ ਬੰਗਾ):** ਯੂ ਐਸ - ਇੰਡੀਆ ਚੈਂਬਰ ਆਫ ਕਾਮਰਸ ਫਾਊਂਡੇਸ਼ਨ ਟੈਕਸਸ ਵੱਲੋਂ ਭਾਰਤ ਵਿਚ ਬੇਕਾਬੂ ਹੋਈ ਕੋਵਿਡ ਮਹਾਂਮਾਰੀ ਨਾਲ ਨਜਿੱਠਣ ਵਿੱਚ ਆਪਣਾ ਯੋਗਦਾਨ ਪਾਉਂਦਿਆਂ ਰਾਹਤ ਦੀ ਪੰਜਵੀਂ ਖੇਪ ਭਾਰਤ ਭੇਜੀ ਗਈ ਹੈ। ਇਸ ਖੇਪ ਵਿਚ 128 ਆਕਸੀਜਨ ਕੋਨਸੈਂਟ੍ਰੇਟਰਜ ਤੇ ਹੋਰ ਡਾਕਟਰੀ ਸਾਜ ਸਮਾਨ ਸ਼ਾਮਿਲ ਹੈ। ਇਸ ਤਰਾਂ ਹੁਣ ਤੱਕ ਫਾਊਂਡੇਸ਼ਨ ਵਲੋਂ 85 ਵੈਂਟੀਲੇਟਰ ਤੇ ਤਕਰੀਬਨ 250 ਆਕਸੀਜਨ ਕੋਨਸੈਂਟ੍ਰੇਟਰਜ ਭਾਰਤ ਭੇਜੇ ਜਾ ਚੁੱਕੇ ਹਨ। ਫਾਊਂਡੇਸ਼ਨ ਵੱਲੋਂ ਜਾਰੀ ਪੰਜਵੀਂ ਖੇਪ ਵਿਚ ਭੇਜੇ ਗਏ 128 ਆਕਸੀਜਨ ਕੈਨਸੈਂਟ੍ਰੇਟਰਜ ਭਾਰਤ ਦੇ ਤਿੰਨ ਰਾਜਾਂ ਵਿਚ ਸਰਕਾਰੀ ਤੇ ਗੈਰ ਸਰਕਾਰੀ ਹਸਪਤਾਲਾਂ ਲਈ ਭੇਜੇ ਗਏ ਹਨ। ਫਾਊਂਡੇਸ਼ਨ ਦੇ ਡਲਾਸ- ਫੋਰਟ ਵਰਥ ਦੇ ਪ੍ਰਧਾਨ ਨੀਲ ਗੋਨੂਗੁੰਟਲਾ ਜੋ ਫਾਊਂਡੇਸ਼ਨ ਤੇ ਕਮਿਊਨਿਟੀ ਸੰਸਥਾਵਾਂ ਦੀ ਤਰਫੋਂ ਰਾਹਤ ਭੇਜਣ ਦੀਆਂ ਕੋਸ਼ਿਸ਼ਾਂ ਦੀ ਅਗਵਾਈ ਕਰ ਰਹੇ ਹਨ, ਨੇ ਕਿਹਾ ਹੈ ਕਿ ਵਿਅਕਤੀਗਤ ਦਾਨੀਆਂ ਤੋਂ ਇਲਾਵਾ ਕਾਰੋਬਾਰੀ ਅਦਾਰਿਆਂ ਤੇ ਸਮਾਜਿਕ ਸੰਸਥਾਵਾਂ ਨੇ ਉਨਾਂ ਦੀ ਅਪੀਲ 'ਤੇ ਵੱਡਾ ਹੁੰਗਾਰਾ ਭਰਿਆ ਹੈ। ਉਨਾਂ ਕਿਹਾ ਕਿ ਭਾਰਤੀ ਮੂਲ ਦੇ ਅਮਰੀਕੀਆਂ ਦੇ ਭਾਰਤ ਨਾਲ ਗਹਿਰੇ ਰਿਸ਼ਤੇ ਹਨ ਤੇ ਉਹ ਮਹਿਸੂਸ ਕਰਦੇ ਹਨ ਕਿ ਭਾਰਤ ਵਿਚ ਕੋਵਿਡ-19 ਦੀ ਦੂਸਰੀ ਲਹਿਰ ਨਿੱਜੀ ਪੱਧਰ 'ਤੇ ਨੁਕਸਾਨ ਪਹੁੰਚਾ ਰਹੀ ਹੈ ਤੇ ਇਹ ਬਹੁਤ ਖਤਰਨਾਕ ਬਣੀ ਹੋਈ ਹੈ। ਇਸ ਲਈ ਹਰ ਸੰਭਵ ਹੱਦ ਤੱਕ ਭਾਰਤ ਵਿਚ ਮੱਦਦ ਪਹੁੰਚਾਈ ਜਾਵੇ। ਜਾਰੀ ਬਿਆਨ ਅਨੁਸਾਰ ਗੋਨੂਗੁੰਟਲਾ ਦੇ ਨਾਲ ਜਗਦੀਪ ਆਹਲੂਵਾਲੀਆ ਤੇ ਅਸ਼ੋਕ ਮਾਗੋ ਫੰਡ ਜੁਟਾਉਣ ਉਪਰ ਨਿਗਰਾਨੀ ਰਖ ਰਹੇ ਹਨ ਤੇ ਇਸ ਸਬੰਧੀ ਕੋਸ਼ਿਸ਼ਾਂ ਵਿਚ ਤਾਲਮੇਲ ਕਰ ਰਹੇ ਹਨ। ਫਾਊਂਡੇਸ਼ਨ ਨੇ ਕਿਹਾ ਹੈ ਕਿ ਡੀ ਐਫ ਡਬਲਯੂ ਏਅਰਪੋਰਟ ਤੇ ਕਤਰ ਏਅਰ ਵੇਅਜ ਮਦਦ ਭੇਜਣ ਵਿਚ ਸਮੁੱਚਾ ਲੋੜੀਂਦਾ ਸਹਿਯੋਗ ਦੇ ਰਹੇ ਹਨ। ਫਾਊਂਡੇਸ਼ਨ ਦੀ ਇਸ ਕੋਸ਼ਿਸ਼ ਵਿਚ ਵੈਸਟ ਟੈਕਸਸ ਦੇ ਭਾਰਤੀ ਮੂਲ ਦੇ ਡਾਕਟਰ ਤੇ ਤਕਰੀਬਨ 2 ਦਰਜਨ ਸੰਸਥਾਵਾਂ ਸਮਰਥਨ ਦੇ ਰਹੀਆਂ ਹਨ।

# ਨਿਊਯਾਰਕ ਦੇ ਮੇਅਰ ਵੱਲੋਂ ਭਾਰਤ ਨੂੰ ਵੈਂਟੀਲੇਟਰ ਤੇ ਹੋਰ ਡਾਕਟਰੀ ਸਮਾਨ ਭੇਜਣ ਦਾ ਐਲਾਨ

**ਸੈਕਰਾਮੈਂਟੋ (ਹੁਸਨ ਲੜੋਆ ਬੰਗਾ):** ਨਿਊਯਾਰਕ ਸ਼ਹਿਰ ਦੇ ਮੇਅਰ ਬਿਲ ਡੇ ਬਲਾਸੀਓ ਨੇ ਐਲਾਨ ਕੀਤਾ ਹੈ ਕਿ ਕੋਵਿਡ-19 ਦੀ ਦੂਸਰੀ ਲਹਿਰ ਦਾ ਮੁਕਾਬਲਾ ਕਰ ਰਹੇ ਭਾਰਤ ਵਿਚ ਉਨਾਂ ਵੱਲੋਂ ਕੋਵਿਡ-19 ਟੈਸਟ ਕਿੱਟਾਂ, ਵੈਂਟੀਲੇਟਰ, ਬੀਪੈਪ ਮਸ਼ੀਨਾਂ, ਪਲੱਸ ਆਕਸਮੀਟਰ ਤੇ ਹੋਰ ਡਾਕਟਰੀ ਸਮਾਨ ਭਾਰਤ ਭੇਜਿਆ ਜਾਵੇਗਾ। ਹਾਲਾਂ ਕਿ ਮੇਅਰ ਨੇ ਭੇਜੇ ਜਾਣ ਵਾਲੇ ਸਮਾਨ ਦੀ ਮਾਤਰਾ ਬਾਰੇ ਕੁਝ ਨਹੀਂ ਕਿਹਾ। ਉਨਾਂ ਕਿਹਾ ਕਿ ਹੁਣ ਸਾਡੇ ਲਈ ਭਾਰਤ ਦੀ ਸੰਕਟ ਦੀ ਘੜੀ ਵਿਚ ਮਦਦ ਕਰਨ ਦਾ ਸਮਾਂ ਹੈ ਤੇ ਅਸੀਂ ਦੱਸ ਦੇਣਾ ਚਹੁੰਦੇ ਹਾਂ ਕਿ ਕੋਵਿਡ-19 ਨਾਲ ਲੜਾਈ ਵਿਚ ਕੋਈ ਵੀ ਇਕੱਲਾ ਨਹੀਂ ਹੈ। ਉਨਾਂ ਕਿਹਾ ਕਿ ਅਸੀਂ ਭਾਰਤ ਲਈ ਅਹਿਮ ਮੈਡੀਕਲ ਸਮਾਨ ਭੇਜ ਰਹੇ ਹਾਂ। ਮੇਅਰ ਨੇ ਕਿਹਾ ਕਿ ਅਸੀਂ ਇਕਜੁੱਟ ਹੋ ਕੇ ਮਹਾਂਮਾਰੀ ਨੂੰ ਹਰਾ ਦੇਵਾਂਗੇ ਤੇ ਹਾਲਾਤ ਛੇਤੀ ਆਮ ਵਾਂਗ ਹੋ ਜਾਣਗੇ। ਇਸ ਮੌਕੇ ਭਾਰਤੀ ਮੂਲ ਦੇ ਅਮਰੀਕੀ ਸ਼ਹਿਰ ਦੇ ਸਿਹਤ ਕਮਿਸ਼ਨਰ ਦਵੇ ਏ ਚੋਕਸ਼ੀ ਨੇ ਕਿਹਾ ਕਿ ਸਾਡਾ ਸ਼ਹਿਰ ਹਜ਼ਾਰਾਂ ਭਾਰਤੀ ਮੂਲ ਦੇ ਅਮਰੀਕੀਆਂ ਦਾ ਘਰ ਹੈ ਤੇ ਸਾਡੇ ਦੇਸ਼ ਦਾ ਇਹ ਨੈਤਿਕ ਫਰਜ ਬਣਦਾ ਹੈ ਕਿ ਮਹਾਂਮਾਰੀ ਉਪਰ ਕਾਬੂ ਪਾਉਣ ਲਈ ਕੌਮਾਂਤਰੀ ਪੱਧਰ ਉਪਰ ਇਕਜੁੱਟਤਾ ਦਾ ਪ੍ਰਗਟਾਵਾ ਕਰੀਏ। ਉਨਾਂ ਨੇ ਵਾਈਟ ਹਾਊਸ ਨੂੰ ਅਪੀਲ ਕੀਤੀ ਕਿ ਕੋਵਿਡ-19 ਵੈਕਸੀਨ ਉਪਰ ਪੇਟੈਂਟ ਖਤਮ ਕਰਨ ਲਈ ਅਗਲੀ ਕਾਰਵਾਈ ਕੀਤੀ ਜਾਵੇ। ਉਨਾਂ ਕਿਹਾ ਕਿ ਇਸ ਸੰਕਟ ਦੀ ਘੜੀ ਵਿਚ ਸਾਰੀਆਂ ਖੋਜਾਂ ਤੇ ਤਕਨੀਕ ਜਨਤਿਕ ਹੋਣੀ ਚਾਹੀਦੀ ਹੈ ਤੇ ਇਹ ਇਕ ਦੂਸਰੇ ਨਾਲ ਸਾਂਝੀਆਂ ਕੀਤੀਆਂ ਜਾਣ।

# ਅਮਰੀਕੀ ਰਾਸ਼ਟਰਪਤੀ ਨੇ ਪਿਛਲੇ ਸਾਲ 6 ਲੱਖ ਡਾਲਰ ਤੋਂ ਵੱਧ ਕਮਾਏ, ਡੇਢ ਲੱਖ ਡਾਲਰ ਤੋਂ ਵੱਧ ਦਿੱਤਾ ਟੈਕਸ

## 2020 ਦੀ ਟੈਕਸ ਰਿਟਰਨ ਕੀਤੀ ਜਨਤਿਕ

**ਸੈਕਰਾਮੈਂਟੋ (ਹੁਸਨ ਲੜੋਆ ਬੰਗਾ):** ਅਮਰੀਕਾ ਦੇ ਰਾਸ਼ਟਰਪਤੀ ਜੋਅ ਬਾਈਡਨ ਤੇ ਫਸਟ ਲੇਡੀ ਜਿਲ ਬਾਈਡਨ ਨੇ ਪਿਛਲੇ ਸਾਲ 6,07,336 ਡਾਲਰ ਕਮਾਏ ਜਿਸ ਵਿਚੋਂ ਉਨਾਂ ਨੇ 1,57,414 ਡਾਲਰ ਸੰਘੀ ਆਮਦਨ ਟੈਕਸ ਦੇ ਰੂਪ ਵਿਚ ਦਿੱਤੇ। ਇਹ ਖੁਲਾਸਾ 2020 ਦੀ ਰਾਸ਼ਟਰਪਤੀ ਵੱਲੋਂ ਦਾਇਰ ਕੀਤੀ ਰਿਟਰਨ ਤੋਂ ਹੋਇਆ ਹੈ ਜੋ ਲੰਘੇ ਦਿਨ ਜਨਤਿਕ ਕੀਤੀ ਗਈ ਹੈ। ਵਾਈਟ ਹਾਊਸ ਵੱਲੋਂ ਰਾਸ਼ਟਰਪਤੀ ਬਾਈਡਨ ਤੇ ਉਪ ਰਾਸ਼ਟਰਪਤੀ ਕਮਲਾ ਹੈਰਿਸ ਦੀਆਂ ਟੈਕਸ ਰਿਟਰਨਾਂ ਜਾਰੀ ਕੀਤੀਆਂ ਗਈਆਂ ਹਨ। ਬਾਈਡਨ ਦੀ ਆਮਦਨੀ ਵਿਚ 2019 ਦੀ ਤੁਲਨਾ ਵਿਚ ਮਾਮੂਲੀ ਕਮੀ ਹੋਈ ਹੈ। ਵਾਈਟ ਹਾਊਸ ਦੀ ਆਮਦਨ ਤੇ ਟੈਕਸ ਅਦਾਇਗੀ ਵਿਚ ਪਾਰਦਰਸ਼ਤਾ ਦੀ ਰਵਾਇਤ ਸਾਬਕਾ ਰਾਸ਼ਟਰਪਤੀ ਡੋਨਲਡ ਟਰੰਪ ਨੇ ਤੋੜੀ ਸੀ ਜਿਨਾਂ ਨੇ ਰਾਸ਼ਟਰਪਤੀ ਵਜੋਂ ਟੈਕਸ ਰਿਟਰਨਾਂ ਜਨਤਿਕ ਕਰਨ ਤੋਂ ਨਾਂਹ ਕਰ ਦਿੱਤੀ ਸੀ ਪ੍ਰੰਤੂ ਬਾਈਡਨ ਨੇ ਉਹ ਰਵਾਇਤ ਮੁੜ ਬਹਾਲ ਕਰਦਿਆਂ ਆਪਣੀ 23ਵੇਂ ਸਾਲ ਦੀਆਂ ਟੈਕਸ ਰਿਟਰਨਾਂ ਜਾਰੀ ਕੀਤੀਆਂ ਹਨ। ਵਾਇਟ ਹਾਊਸ ਦੀ ਪ੍ਰੈਸ ਸਕੱਤਰ ਜੇਨ ਪਸਾਕੀ ਨੇ ਕਿਹਾ ਕਿ ਮੈਂ ਆਸ ਕਰਦਾ ਹਾਂ ਕਿ ਅਸੀਂ ਰਾਸ਼ਟਰਪਤੀ ਦੀਆਂ ਟੈਕਸ ਰਿਟਰਨਾਂ ਜਨਤਿਕ ਕਰਨ ਦੀ ਰਵਾਇਤ ਨੂੰ ਕਾਇਮ ਰਖਾਂਗੇ ਤੇ ਅਮਰੀਕਾ ਦੇ ਹਰ ਰਾਸ਼ਟਰਪਤੀ ਕੋਲੋਂ ਇਹ ਆਸ ਰੱਖੀ ਜਾਣੀ ਚਾਹੀਦੀ ਹੈ। ਬਾਈਡਨ ਤੇ ਉਨਾਂ ਦੀ ਪਤਨੀ ਜਿਲ ਬਾਈਡਨ ਨੇ ਸਾਂਝੇ ਤੌਰ 'ਤੇ ਟੈਕਸ ਰਿਟਰਨਾਂ ਭਰੀਆਂ ਤੇ 25.9% ਸੰਘੀ ਆਮਦਨ ਟੈਕਸ ਦਿੱਤਾ। ਸਾਰੇ ਅਮਰੀਕੀਆਂ ਲਈ ਔਸਤ ਆਮਦਨ ਟੈਕਸ ਦਰ 14.6% ਬਣਦੀ ਹੈ। ਬਾਈਡਨ ਨੇ ਡੇਲਾਵੇਅਰ ਵਿਚ ਸਟੇਟ ਇਨਕਮ ਟੈਕਸ ਰਿਟਰਨ ਵੱਖਰੇ ਤੌਰ 'ਤੇ ਭਰੀ ਹੈ ਜਿਸ ਅਨੁਸਾਰ ਉਨਾਂ ਨੇ 28,794 ਡਾਲਰ ਟੈਕਸ ਦੀ ਅਦਾਇਗੀ ਕੀਤੀ ਹੈ। ਜਿਲ ਬਾਈਡਨ ਨੇ ਵਰਜੀਨੀਆ ਰਾਜ ਵਿਚ ਵੱਖਰੀ ਟੈਕਸ ਰਿਟਰਨ ਭਰੀ ਹੈ ਜਿਸ ਲਈ ਉਨਾਂ ਨੇ 443 ਡਾਲਰ ਟੈਕਸ ਦਿੱਤਾ ਹੈ। ਹੈਰਿਸ ਤੇ ਉਨਾਂ ਦੇ ਪਤੀ ਡੌਘ ਐਮਹੋਫ ਨੇ 2020 ਦੌਰਾਨ 16,95,225 ਡਾਲਰ ਕਮਾਏ ਜਿਸ ਵਿਚੋਂ ਉਨਾਂ ਨੇ 36.7% ਦੀ ਦਰ ਨਾਲ 6,21,893 ਡਾਲਰ ਟੈਕਸ ਦਿੱਤਾ।

# ਜੋਅ ਬਾਈਡਨ ਤੋਂ ਕਈ ਗੁਣਾ ਜ਼ਿਆਦਾ ਕਮਾਉਂਦੀ ਹੈ ਕਮਲਾ ਹੈਰਿਸ

**ਵਾਸ਼ਿੰਗਟਨ/ਏ.ਟੀ.ਨਿਊਜ਼:** ਅਮਰੀਕਾ ਦੇ ਰਾਸ਼ਟਰਪਤੀ ਜੋਅ ਬਾਈਡਨ, ਉਨਾਂ ਦੀ ਪਤਨੀ ਜਿਲ ਤੇ ਉਪ ਰਾਸ਼ਟਰਪਤੀ ਕਮਲਾ ਹੈਰਿਸ ਤੇ ਉਨਾਂ ਦੇ ਪਤੀ ਡਗਲੱਸ ਨੇ 2020 ਦੀ ਆਪਣੀ ਆਮਦਨ ਦੀ ਰਿਟਰਨ ਐਲਾਨ ਦਿੱਤੀ ਹੈ। ਰਿਟਰਨ ਮੁਤਾਬਕ ਕਮਲਾ ਹੈਰਿਸ ਜੋਅ ਬਾਈਡਨ ਦੀ ਆਮਦਨ ਤੋਂ ਢਾਈ ਗੁਣਾ ਤੋਂ ਜ਼ਿਆਦਾ ਕਮਾਉਂਦੇ ਹਨ। ਬਾਈਡਨ ਦੀ ਜਿੰਨੀ ਆਮਦਨ ਹੈ, ਉਸ ਤੋਂ ਜ਼ਿਆਦਾ ਉਹ ਟੈਕਸ ਦਿੰਦੇ ਹਨ। ਬਾਈਡਨ ਦੀ 2019 ਦੇ ਮੁਕਾਬਲੇ ਪਿਛਲੇ ਸਾਲ ਆਮਦਨ ਵੀ ਘੱਟ ਗਈ ਹੈ।



ਵਾਈਟ ਹਾਊਸ ਮੁਤਾਬਕ ਅਮਰੀਕੀ ਰਾਸ਼ਟਰਪਤੀ ਜੋਅ ਬਾਈਡਨ ਤੇ ਉਨਾਂ ਦੀ ਪਤਨੀ ਜਿਲ ਨੇ 2020 'ਚ ਲਗਭਗ ਛੇ ਲੱਖ ਸੱਤ ਹਜ਼ਾਰ ਡਾਲਰ ਦੀ ਕਮਾਈ ਕੀਤੀ ਹੈ। 2019 'ਚ ਇਸ ਜੋੜੇ ਦੀ ਆਮਦਨ 9 ਲੱਖ 85 ਹਜ਼ਾਰ ਡਾਲਰ ਸੀ । 2019 ਦੇ ਮੁਕਾਬਲੇ ਪਿਛਲੇ ਸਾਲ ਉਨਾਂ ਦੀ ਆਮਦਨ 'ਚ ਕਮੀ ਆਈ ਹੈ। ਉਨਾਂ ਦੀ ਆਮਦਨ 'ਤੇ 25.9 ਫ਼ੀਸਦੀ ਦੀ ਟੈਕਸ ਦਰ ਰਹੀ।

ਉਪ ਰਾਸ਼ਟਰਪਤੀ ਕਮਲਾ ਹੈਰਿਸ ਤੇ ਉਨਾਂ ਦੇ ਪਤੀ ਡਗਲੱਸ ਐਮਹਾਫ ਦੀ ਆਮਦਨ 2020 ਵਿਚ ਲਗਭਗ 17 ਲੱਖ ਡਾਲਰ ਰਹੀ। ਇਸ ਜੋੜੇ ਨੇ ਸਰਕਾਰ ਨੂੰ ਛੇ ਲੱਖ 21 ਹਜ਼ਾਰ ਡਾਲਰ ਦਾ ਟੈਕਸ ਚੁਕਾਇਆ। ਉਨਾਂ ਲਈ ਟੈਕਸ ਦਰ 36.7 ਫੀਸਦੀ ਰਹੀ।

ਅਮਰੀਕੀ ਰਾਸ਼ਟਰਪਤੀ ਤੇ ਉਨਾਂ ਦੀ ਪਤਨੀ ਦੀ ਜਿੰਨੀ ਕਮਾਈ ਹੈ, ਉਸ ਤੋਂ ਜ਼ਿਆਦਾ ਕਮਲਾ ਹੈਰਿਸ ਨੇ ਇਨਕਮ ਟੈਕਸ ਦਿੱਤਾ। ਕਮਲਾ ਹੈਰਿਸ ਨੇ ਸਵਾਲ ਲੱਖ ਡਾਲਰ ਦਾ ਟੈਕਸ ਕੈਲੀਫੋਰਨੀਆ 'ਚ ਤੇ ਉਨਾਂ ਦੇ ਪਤੀ ਨੇ 56 ਹਜ਼ਾਰ ਡਾਲਰ ਦਾ ਟੈਕਸ ਕੋਲੰਬੀਆ 'ਚ ਦਿੱਤਾ। 2020 'ਚ ਉਨਾਂ ਨੇ 27 ਹਜ਼ਾਰ ਡਾਲਰ ਦਾਨ 'ਚ ਦਿੱਤੇ।

ਅਮਰੀਕੀ ਰਾਸ਼ਟਰਪਤੀ ਤੇ ਉਨਾਂ ਦੀ ਪਤਨੀ ਨੇ ਵੀ ਦਾਨ 'ਚ 30 ਹਜ਼ਾਰ ਡਾਲਰ ਦਿੱਤੇ ਹਨ। ਯਾਨੀ ਆਪਣੀ ਆਮਦਨ ਦਾ 5.1 ਫੀਸਦੀ ਉਨਾਂ ਨੇ ਦਾਨ 'ਚ ਦਿੱਤਾ।

ਅਮਰੀਕੀ ਕਾਨੂੰਨ ਮੁਤਾਬਕ ਰਾਸ਼ਟਰਪਤੀ ਤੇ ਉਪ ਰਾਸ਼ਟਰਪਤੀ ਨੂੰ ਆਪਣੀ ਵਿੱਤੀ ਜਾਣਕਾਰੀ ਨੂੰ ਜਨਤਕ ਕਰਨਾ ਹੁੰਦਾ ਹੈ। ਇਸੇ ਲਈ ਦੋਵਾਂ ਦੀ ਰਿਟਰਨ ਦੀ ਜਾਣਕਾਰੀ ਵਾਈਟ ਹਾਊਸ ਤੋਂ ਜਨਤਕ ਕੀਤੀ ਗਈ ਹੈ।

# ਦੋ ਕਾਲੇ ਮੂਲ ਦੇ ਲੁਟੇਰਿਆਂ ਵੱਲੋਂ ਭਾਰਤੀ ਮੂਲ ਦੇ ਸਟੋਰ ਮਾਲਕ ਦੀ ਹੱਤਿਆ



**ਨਿਊਯਾਰਕ (ਰਾਜ ਗੋਗਨਾ):** ਬੀਤੀ ਰਾਤ ਨਿਊਯਾਰਕ ਸੂਬੇ ਦੇ ਲਾਂਗ ਆਈਲੈਂਡ ਦੇ ਇਲਾਕੇਂ ਦੇ ਕਸਬੇ ਲਿੰਡਨਹਰਸਟ ਵਿਖੇਂ ਇਕ ਡੈਪਰ ਸਮੋਕ ਸ਼ਾਪ ਦੇ ਗੁਜਰਾਤੀ ਮੂਲ ਦੇ ਮਾਲਿਕ ਦੀ ਦੋ ਕਾਲੇ ਮੂਲ ਦੇ ਲੁਟੇਰਿਆਂ ਨੇ ਲੁੱਟ ਦੇ ਇਰਾਦੇ ਨਾਲ ਉਸ ਦੇ ਸਟੋਰ 'ਚ ਰਾਤ ਨੂੰ 9:40 ਮਿੰਟ ਤੇ ਦਾਖਿਲ ਹੋ ਕੇ (33) ਸਾਲਾ ਕਾਰੋਬਾਰੀ ਦੀ ਹੱਤਿਆ ਕਰ ਦਿੱਤੀ। ਜਿਸ ਦੀ ਪਹਿਚਾਣ ਕਿੰਸ਼ੁਕ ਪਟੇਲ ਵਜੋਂ ਹੋਈ ਹੈ।ਜਿਸ ਦਾ ਪਿਛੋਕੜ ਭਾਰਤ ਤੋਂ ਗੁਜਰਾਤ ਸੂਬੇ ਦੇ ਆਨੰਦ ਸਿਟੀ ਦੇ ਪਿੰਡ ਭਾਦਰਣਾ ਸੀ।ਸਥਾਨਕ ਪ੍ਰਲਿਸ ਨੇ ਸੀਸੀਟੀਵੀ ਕੈਮਰਿਆਂ ਦੀ ਫੁਟੇਜ ਰਾਹੀਂ ਦੋ ਕਾਲੇ ਮੂਲ ਦੇ ਲੁਟੇਰਿਆਂ ਦੀ ਪਛਾਣ ਕੀਤੀ ਹੈ। ਜਿਨਾਂ ਨੇ ਇਸ ਵਾਰਦਾਤ ਨੂੰ ਅੰਜਾਮ ਦਿੱਤਾ ਸੀ। 33 ਸਾਲਾ ਮ੍ਰਿਤਕ ਕਿੰਸ਼ੁਕ ਪਟੇਲ ਨਿਊਯਾਰਕ ਵਿੱਚ ਆਪਣੇ ਪਰਿਵਾਰ ਨਾਲ ਰਹਿੰਦਾ ਸੀ ਜਿਨਾਂ 'ਚ ਉਸ ਦਾ ਪਿਤਾ, ਉਸ ਦੀ ਪਤਨੀ, ਦੋ ਲੜਕੇ ਜਿਨਾਂ ਦੀ ਉਮਰ 4 ਸਾਲ ਅਤੇ ਦੂਸਰੇ ਦੀ 5 ਮਹੀਨੇ ਦੇ ਕਰੀਬ ਹੈ। ਨਿਊਯਾਰਕ ਪੁਲਿਸ ਮੁਤਾਬਕ ਸਟੋਰ ਵਿਚ ਲੱਗੇ ਸੀਸੀਟੀਵੀ ਕੈਮਰਿਆਂ ਦੀ ਫੁਟੇਜ਼ ਵਿੱਚ ਨਜ਼ਰ ਆਉਂਦਾ ਹੈ ਕਿ ਜਦੋਂ ਕਿੰਸ਼ੁਕ ਪਟੇਲ ਸਟੋਰ ਬੰਦ ਕਰਕੇ ਆਪਣੇ ਘਰ ਜਾਣ ਦੀ ਤਿਆਰੀ ਕਰ ਰਿਹਾ ਸੀ, ਇਸੇ ਦੌਰਾਨ ਦੋ ਕਾਲੇ ਮੂਲ ਦੇ ਦੋ ਨੌਜਵਾਨ ਲੁਟੇਰੇ ਸਟੋਰ ਅੰਦਰ ਆਏ ਅਤੇ ਕੋਈ ਸਮਾਨ ਮੰਗਿਆ। ਕਿੰਸ਼ੁਕ ਨੇ ਉਨਾਂ ਨੂੰ ਸਟੋਰ ਬੰਦ ਹੋਣ ਦੀ ਗੱਲ ਕਹੀ ਤਾਂ ਇੱਕ ਨੇ ਉਸ ਦੇ ਸਿਰ 'ਤੇ ਕਿਸੇ ਭਾਰੀ ਚੀਜ਼ ਨਾਲ ਹਮਲਾ ਕਰ ਦਿੱਤਾ ਅਤੇ ਉਹ ਬੇਹੋਸ਼ ਹੋ ਕੇ ਜ਼ਮੀਨ 'ਤੇ ਡਿੱਗ ਪਿਆ ਤੇ ਦੋਵੇਂ ਲੁਟੇਰੇ ਉਸ ਦੇ ਸਟੋਰ ਤੋਂ ਨਗਦੀ ਅਤੇ ਉਸ ਦਾ ਮੋਬਾਈਲ ਵੀ ਖੋਹ ਕੇ ਫਰਾਰ ਹੋ ਗਏ। ਉਸ ਦੇ ਘਰ ਨਾ ਪੁੱਜਣ 'ਤੇ ਪਰਿਵਾਰ ਨੇ ਮੋਬਾਈਲ 'ਤੇ ਸੰਪਰਕ ਕਰਨ ਦੀ ਕੋਸ਼ਿਸ਼ ਕੀਤੀ ਪ੍ਰੰਤੂ ਮੋਬਾਈਲ ਬੰਦ ਆ ਰਿਹਾ ਸੀ। ਇਸ ਤੋਂ ਬਾਅਦ ਉਸ ਦੇ ਪਿਤਾ ਨੇ ਨਿਊਯਾਰਕ ਵਿੱਚ ਹੀ ਰਹਿਣ ਵਾਲੇ ਆਪਣੇ ਇੱਕ ਰਿਸ਼ਤੇਦਾਰ ਨੂੰ ਫੋਨ ਕਰਕੇ ਸੂਚਨਾ ਦਿੱਤੀ। ਜਦੋਂ ਉਹ ਸਟੋਰ 'ਤੇ ਪਹੁੰਚੇ ਤਾਂ ਕਿੰਸ਼ੁਕ ਸਟੋਰ ਦੇ ਅੰਦਰ ਖੂਨ ਨਾਲ ਲਥਪਥ ਪਿਆ ਸੀ। ਜਿਸ ਨੂੰ ਤੁਰੰਤ ਐਂਬੂਲੈਂਸ ਰਾਹੀਂ ਹਸਪਤਾਲ ਲੈ ਜਾਇਆ ਜਾ ਰਿਹਾ ਸੀ, ਪ੍ਰੰਤੂ ਰਸਤੇ ਵਿੱਚ ਹੀ ਉਸ ਦੀ ਮੌਤ ਹੋ ਗਈ।

# ਨਫਰਤੀ ਹਿੰਸਾ ਖਤਰਨਾਕ ਜ਼ਹਿਰ : ਜੋਅ ਬਾਈਡਨ

## ਏਸ਼ੀਅਨਾਂ ਵਿਰੁੱਧ ਹਿੰਸਾ ਨਾਲ ਨਜਿੱਠਣ ਲਈ ਕਾਨੂੰਨ ਉਪਰ ਕੀਤੇ ਦਸਤਖਤ

**ਸੈਕਰਾਮੈਂਟੋ (ਹੁਸਨ ਲੜੋਆ ਬੰਗਾ):** ਰਾਸ਼ਟਰਪਤੀ ਜੋਅ ਬਾਇਡਨ ਨੇ ਏਸ਼ੀਅਨ ਮੂਲ ਦੇ ਅਮਰੀਕਨਾਂ ਵਿਰੁੱਧ ਨਫਰਤੀ ਹਿੰਸਾ ਨਾਲ ਨਜਿੱਠਣ ਲਈ ਕਾਂਗਰਸ ਵੱਲੋਂ ਪਾਸ ਕੀਤੇ ਕਾਨੂੰਨ ਉਪਰ ਦਸਤਖਤ ਕਰ ਦਿੱਤੇ। ਇਸ ਮੌਕੇ ਰਾਸ਼ਟਰਪਤੀ ਨੇ ਨਫਰਤੀ ਹਿੰਸਾ ਨੂੰ ਖਤਰਨਾਕ ਜ਼ਹਿਰ ਕਰਾਰ ਦਿੱਤਾ। ਵਾਈਟ ਹਾਊਸ ਵਿਚ ਹੋਏ ਸਮਾਗਮ ਵਿਚ ਬਾਇਡਨ ਨੇ ਸੰਘੀ ਨਫਰਤੀ ਅਰਾਧ ਕਾਨੂੰਨ ਉਪਰ ਸਹੀ ਪਾਈ। ਅਮਰੀਕਾ ਵਿਚ ਬਣਾਇਆ ਗਿਆ ਇਹ ਪਹਿਲਾ ਨਫਰਤੀ ਅਪਰਾਧ ਕਾਨੂੰਨ ਹੈ। ਇਸ ਮੌਕੇ ਉਨਾਂ ਨੇ ਏਸ਼ੀਅਨ ਮੂਲ ਦੇ ਅਮਰੀਕਨਾਂ ਉਪਰ ਹਮਲਿਆਂ ਨੂੰ ਅੱਤ ਘਿਣਾਉਣਾ ਜੁਰਮ ਕਰਾਰ ਦਿੱਤਾ ਜੋ ਹਮਲੇ ਪਿਛਲੇ ਸਮੇ ਦੌਰਾਨ ਘਟਣ ਦੀ ਬਜਾਏ ਵਧੇ ਹਨ। ਉਨਾਂ ਕਿਹਾ ਕਿ ਮੇਰਾ ਵਿਸ਼ਵਾਸ਼ ਹੈ ਕਿ ਬਹੁਤ ਹੀ ਸਧਾਰਣ ਕਦਰਾਂ ਕੀਮਤਾਂ ਤੇ ਵਿਸ਼ਵਾਸ਼ ਸਾਨੂੰ ਇਕ ਦੂਸਰੇ ਦੇ ਨੇੜੇ ਲਿਆਉਂਦੇ ਹਨ। ਉਨਾਂ ਵਿਚੋਂ ਇਕ ਹੈ ਨਫਰਤ ਵਿਰੁੱਧ ਖੜੇ ਹੋਣਾ। ਨਫਰਤ ਵਿਰੁੱਧ ਖੜੇ ਹੋ ਕੇ ਅਸੀਂ ਉਹ ਕਦਰਾਂ ਕੀਮਤਾਂ ਸੰਭਾਲ ਸਕਦੇ ਹਾਂ ਜੋ ਮਨੁੱਖੀ ਸਮਾਜ ਦੀ ਹੋਂਦ ਲਈ ਬਹੁਤ ਅਹਿਮ ਹਨ। ਰਾਸ਼ਟਰਪਤੀ ਨੇ ਕਿਹਾ ਕਿ ਅਕਸਰ ਅਸੀਂ ਨਫਰਤੀ ਘਟਨਾਵਾਂ ਵਿਰੁੱਧ ਮੂਕ ਬਣੇ ਰਹੇ ਹਾਂ। ਅਜਿਹਾ ਕਰਕੇ ਅਸੀਂ ਨਫਰਤ ਨੂੰ ਵਧਣ ਫੁਲਣ ਦਾ ਮੌਕਾ ਦਿੱਤਾ ਹੈ। ਇਸ ਤੋਂ ਪਹਿਲਾਂ ਇਕ ਟਵੀਟ ਵਿਚ ਰਾਸ਼ਟਰਪਤੀ ਨੇ ਕਿਹਾ ਕਿ ਹਿੰਸਾ ਲਈ ਅਮਰੀਕਾ ਵਿਚ ਕੋਈ ਜਗਾ ਨਹੀਂ ਹੈ ਉਹ ਨਫਰਤੀ ਅਪਰਾਧ ਕਾਨੂੰਨ ਉਪਰ ਦਸਤਖਤ ਕਰਨ ਜਾ ਰਹੇ ਹਨ। 'ਕੋਵਿਡ-19 ਹੇਟ ਕਰਾਈਮ ਐਕਟ' ਕਾਂਗਰਸ ਦੇ ਦੋਨਾਂ ਸਦਨਾਂ ਨੇ ਭਾਰੀ ਬਹੁਮਤ ਨਾਲ ਪਾਸ ਕਰ ਦਿੱਤਾ ਸੀ। ਰਿਪਬਲੀਕਨ ਮੈਂਬਰਾਂ ਨੇ ਵੀ ਇਸ ਦਾ ਸਮਰਥਨ ਕੀਤਾ ਸੀ। ਪ੍ਰਤੀਨਿਧ ਸਦਨ ਵਿਚ ਇਸ ਕਾਨੂੰਨ ਦੇ ਹੱਕ ਵਿਚ 364 ਤੇ ਵਿਰੋਧ ਵਿਚ 62 ਵੋਟਾਂ ਪਈਆਂ ਸਨ ਜਦ ਕਿ ਸੈਨਟ ਵਿਚ ਕੇਵਲ ਇਕ ਵੋਟ ਵਿਰੁੱਧ ਪਈ ਸੀ ਤੇ 94 ਵੋਟਾਂ ਕਾਨੂੰਨ ਦੇ ਹੱਕ ਵਿਚ ਭੁਗਤੀਆਂ ਸਨ। ਸਾਬਕਾ ਰਾਸ਼ਟਰਪਤੀ ਡੋਨਾਲਡ ਟਰੰਪ ਵੱਲੋਂ ਕੋਰੋਨਾ ਫੈਲਣ ਲਈ ਚੀਨ ਨੂੰ ਦੋਸ਼ੀ ਠਹਿਰਾਉਣ ਉਪਰੰਤ ਏਸ਼ੀਅਨਾਂ ਉਪਰ ਹਮਲਿਆਂ ਵਿੱਚ ਤੇਜ਼ੀ ਨਾਲ ਵਾਧਾ ਹੋਇਆ। ਪਿਛਲੇ ਇਕ ਸਾਲ ਦੌਰਾਨ ਅਮਰੀਕਾ ਵਿਚ ਏਸ਼ੀਅਨਾਂ ਵਿਰੁੱਧ 6600 ਤੋਂ ਵੱਧ ਨਫਰਤੀ ਘਟਨਾਵਾਂ ਹੋਈਆਂ ਹਨ।

# ਢੀਂਡਸਾ ਤੇ ਬ੍ਰਹਮਪੁਰਾ ਦੀ ਅਗਵਾਈ ਹੇਠ ਸ਼੍ਰੋਮਣੀ ਅਕਾਲੀ ਦਲ (ਸੰਯੁਕਤ) ਬਣਿਆ

- ਨਸਲਕੁਸ਼ੀ ਦੇ ਕਾਤਲਾਂ ਤੋਂ ਦਾਨ ਲੈਣ ਬਾਰੇ ਸੁਖਬੀਰ ਤੋਂ ਮੰਗਿਆ ਸਪੱਸ਼ਟੀਕਰਨ
- ਗਿਆਨੀ ਵੇਦਾਂਤੀ, ਸਾਬਕਾ ਮੰਤਰੀ ਇੰਦਰਜੀਤ ਸਿੰਘ ਜ਼ੀਰਾ ਨੂੰ ਸ਼ਰਧਾਂਜਲੀ ਭੇਂਟ



**ਚੰਡੀਗੜ/ਏ.ਟੀ.ਨਿਊਜ਼ :** ਅਕਾਲੀ ਦਲ (ਡੈਮੋਕ੍ਰੇਟਿਕ) ਅਤੇ ਅਕਾਲੀ ਦਲ (ਟਕਸਾਲੀ) ਦੇ ਰਲੇਵੇਂ ਤੋਂ ਬਾਅਦ ਜਥੇਦਾਰ ਰਣਜੀਤ ਸਿੰਘ ਬ੍ਰਹਮਪੁਰਾ ਤੇ ਪ੍ਰਧਾਨ ਸੁਖਦੇਵ ਸਿੰਘ ਢੀਂਡਸਾ ਦੀ ਅਗਵਾਈ ਹੇਠ ਅਕਾਲੀ ਦਲ (ਸੰਯੁਕਤ) ਦੇ ਗਠਨ ਦਾ ਐਲਾਨ ਕਰ ਦਿੱਤਾ ਗਿਆ। ਦੋਹਾਂ ਸੀਨੀਅਰ ਅਕਾਲੀ ਆਗੂਆਂ ਨੇ ਮੀਟਿੰਗ ਤੋਂ ਬਾਅਦ ਕਿਹਾ ਕਿ ਦਲ ਦੇ ਜਥੇਬੰਦਕ ਢਾਂਚੇ ਦਾ ਐਲਾਨ ਜਲਦ ਹੀ ਕਰ ਦਿੱਤਾ ਜਾਵੇਗਾ। ਪਾਰਟੀ ਵੱਲੋਂ ਜਥੇਦਾਰ ਬ੍ਰਹਮਪੁਰਾ ਨੂੰ ਸਰਪ੍ਰਸਤ ਤੇ ਢੀਂਡਸਾ ਨੂੰ ਪ੍ਰਧਾਨ ਥਾਪਿਆ ਗਿਆ ਹੈ। ਪਾਰਟੀ ਵੱਲੋਂ ਕਿਹਾ ਗਿਆ ਹੈ ਕਿ ਪੰਜਾਬ ਨੂੰ ਮੌਜੂਦਾ ਸਮੇਂ ਕਾਂਗਰਸ, ਬਾਦਲਾਂ ਅਤੇ ਭਾਜਪਾ ਤੋਂ ਬਚਾਉਣ ਦੀ ਲੋੜ ਹੈ। ਇਸ ਲਈ ਨਵੇਂ ਅਕਾਲੀ ਦਲ ਰਾਹੀਂ ਸੂਬੇ ਦੇ ਲੋਕਾਂ ਨੂੰ ਬਦਲਵੀਂ ਸਿਆਸੀ ਸੋਚ ਤੇ ਸੱਚੀ-ਸੁੱਚੀ ਸਿਆਸਤ ਦਿੱਤੀ ਜਾਵੇਗੀ। ਉਨਾਂ ਕਿਹਾ ਕਿ ਕਾਂਗਰਸ ਅਤੇ ਬਾਦਲਾਂ ਨੇ ਪੰਜਾਬ ਨੂੰ ਰੱਜ ਕੇ ਲੁੱਟਿਆ ਹੈ। ਅਕਾਲੀ ਆਗੂਆਂ ਨੇ ਬਾਦਲਾਂ ’ਤੇ ਪੰਥਕ ਮਰਿਆਦਾਵਾਂ ਦਾ ਘਾਣ ਕਰਨ ਅਤੇ ਸਿੱਖ ਸੰਸਥਾਵਾਂ ਨੂੰ ਠੇਸ ਪਹੁੰਚਾਉਣ ਦੇ ਦੋਸ਼ ਵੀ ਲਾਏ ਹਨ। ਉਨਾਂ ਦੋਸ਼ ਲਾਇਆ ਕਿ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਅਤੇ ਬਾਦਲ ਪਰਿਵਾਰ ਦਰਮਿਆਨ ਸਾਂਝ ਜੱਗ ਜਾਹਿਰ ਹੋ ਚੁੱਕੀ ਹੈ। ਇਹੀ ਕਾਰਨ ਹੈ ਕਿ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਅਤੇ ਪੁਲਿਸ ਗੋਲੀ ਕਾਂਡਾਂ ਦੇ ਦੋਸ਼ੀ ਅੱਜ ਤੱਕ ਫੜੇ ਨਹੀਂ ਗਏ। ਅਕਾਲੀ ਆਗੂਆਂ ਨੇ ਸੂਬੇ ਵਿੱਚ ਰੇਤ ਮਾਫੀਆ, ਟਰਾਂਸਪੋਰਟ ਮਾਫੀਆ, ਕੇਬਲ ਮਾਫੀਆ ਤੇ ਸ਼ਰਾਬ ਮਾਫੀਆ ਦਾ ਪਹਿਲਾਂ ਵਾਂਗ ਹੀ ਦੌਰ ਹੋਣ ਦੇ ਦੋਸ਼ ਵੀ ਲਾਏ। ਉਨਾਂ ਕਿਹਾ ਕਿ ਭਵਿੱਖ ਵਿੱਚ ਹਮਖਿਆਲ ਪਾਰਟੀਆਂ ਨਾਲ ਸਾਂਝ ਪਾ ਕੇ ਪੰਜਾਬ ਨੂੰ ਮਾਫੀਆ ਤੋਂ ਮੁਕਤ ਕਰਾਇਆ ਜਾਵੇਗਾ। ਮੀਟਿੰਗ ਵਿੱਚ ਅਕਾਲੀ ਦਲ ਬਾਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਪਾਸੋਂ ਸਪੱਸ਼ਟੀਕਰਨ ਮੰਗਿਆ ਗਿਆ ਤੇ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਕੋਲ ਕਰੋਨਾ ਕਾਲ ਅਤੇ ਕਿਸਾਨ ਸੰਘਰਸ਼ ਦੌਰਾਨ ਦਾਨ ਵਜੋਂ ਆਈ ਰਕਮ ਦੇ ਵੇਰਵੇ ਸਬੰਧੀ ਵਾਈਟ ਪੇਪਰ ਜਾਰੀ ਕਰਨ ਦੀ ਮੰਗ ਕੀਤੀ ਗਈ। ਉਨਾਂ ਕਿਹਾ ਕਿ ਦੇਸ਼ ਦੁਨੀਆ ਅੰਦਰ ਵਸੀ ਸਿੱਖ ਕੌਮ ਨੂੰ ਪਤਾ ਲੱਗਣਾ ਚਾਹੀਦਾ ਹੈ ਕਿ ਦਾਨ ਵਜੋਂ ਆਈ ਰਕਮ ਕਿਹੜੇ ਲੋਕਾਂ ਪਾਸੋਂ ਕਬੂਲ ਕੀਤੀ ਗਈ ਹੈ। ਕਿਉਂਕਿ ਫਿਲਮੀ ਅਦਾਕਾਰ ਅਮਿਤਾਭ ਬੱਚਨ ਜਿਸ ਦਾ ਨਾਮ ਨਵੰਬਰ 1984 ਦੇ ਸਿੱਖ ਕਤਲੇਆਮ ਨਾਲ ਜੁੜਿਆ ਹੋਇਆ ਹੈ, ਪਾਸੋਂ ਦਿੱਲੀ ਗੁਰਦੁਆਰਾ ਮੈਨੇਜਮੈਂਟ ਕਮੇਟੀ ਨੇ 2 ਕਰੋੜ ਰੁਪਏ ਹਾਸਲ ਕੀਤੇ ਹਨ। ਮੀਟਿੰਗ ਵਿੱਚ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਾਬਕਾ ਜਥੇਦਾਰ ਗਿਆਨੀ ਜੋਗਿੰਦਰ ਸਿੰਘ ਵੇਦਾਂਤੀ, ਸਾਬਕਾ ਸਿਹਤ ਮੰਤਰੀ ਜਥੇਦਾਰ ਇੰਦਰਜੀਤ ਸਿੰਘ ਜ਼ੀਰਾ ਤੇ ਹੋਰਾਂ ਨੂੰ ਸ਼ਰਧਾਂਜਲੀ ਭੇਂਟ ਕੀਤੀ ਗਈ।

## ਸ਼੍ਰੋਮਣੀ ਕਮੇਟੀ ਵੱਲੋਂ ਖ਼ੂਨਦਾਨ ਲਈ ਮੋਬਾਈਲ ਬੱਸ ਸੇਵਾ ਸ਼ੁਰੂ

### ਸਿੱਖੀ ਪ੍ਰਚਾਰ ਲਈ ਆਨਲਾਈਨ ਵਰਕਸ਼ਾਪ ਲਗਾਈ



**ਅੰਮ੍ਰਿਤਸਰ/ਏ.ਟੀ.ਨਿਊਜ਼:** ਕੋਰੋਨਾ ਮਹਾਂਮਾਰੀ ਕਾਰਨ ਖ਼ੂਨਦਾਨੀਆਂ ਵੱਲੋਂ ਹਸਪਤਾਲ ਆ ਕੇ ਖ਼ੂਨਦਾਨ ਕਰਨ ਵਿੱਚ ਆ ਰਹੀ ਮੁਸ਼ਕਲ ਦੇ ਮੱਦੇਨਜ਼ਰ ਸ਼੍ਰੋਮਣੀ ਕਮੇਟੀ ਨੇ ਵਿਸ਼ੇਸ਼ ਬੱਸ ਤਿਆਰ ਕਰਵਾਈ ਹੈ, ਜੋ ਸ਼ਹਿਰਾਂ ਤੇ ਪਿੰਡਾਂ ਵਿੱਚ ਖ਼ੂਨਦਾਨ ਲਈ ਮਦਦਗਾਰ ਸਾਬਤ ਹੋਵੇਗੀ। ਇਸ ਬੱਸ ਨੂੰ ਸ਼੍ਰੋਮਣੀ ਕਮੇਟੀ ਦੀ ਪ੍ਰਧਾਨ ਬੀਬੀ ਜਗੀਰ ਕੌਰ ਨੇ ਹਰੀ ਝੰਡੀ ਦੇ ਕੇ ਰਵਾਨਾ ਕੀਤਾ। ਇਸ ਦੌਰਾਨ ਸ਼੍ਰੋਮਣੀ ਕਮੇਟੀ ਨੇ ਆਨਲਾਈਨ ਧਰਮ ਪ੍ਰਚਾਰ ਲਹਿਰ ਨੂੰ ਅਗਾਂਹ ਵਧਾਉਣ ਲਈ ਗੁਰਮਤਿ ਵਰਕਸ਼ਾਪ ਦੀ ਸ਼ੁਰੂਆਤ ਵੀ ਕੀਤੀ। ਬੀਬੀ ਜਗੀਰ ਕੌਰ ਨੇ ਦੱਸਿਆ ਕਿ ਕੋਰੋਨਾ ਦੇ ਦੌਰ ਦੌਰਾਨ ਸ਼੍ਰੋਮਣੀ ਕਮੇਟੀ ਵੱਲੋਂ ਜਿੱਥੇ ਗੁਰੂ ਰਾਮਦਾਸ ਹਸਪਤਾਲ ਕੋਰੋਨਾ ਮਰੀਜ਼ਾਂ ਨੂੰ ਸਮਰਪਿਤ ਕੀਤਾ ਗਿਆ ਹੈ, ਉੱਥੇ ਹੀ ਪੰਜਾਬ ਵਿੱਚ ਵੱਖ-ਵੱਖ ਥਾਵਾਂ ’ਤੇ ਕੋਰੋਨਾ ਕੇਅਰ ਵਾਰਡ ਤਿਆਰ ਕਰ ਕੇ ਮੈਡੀਕਲ ਸੇਵਾਵਾਂ ਦਿੱਤੀਆਂ ਜਾ ਰਹੀਆਂ ਹਨ। ਉਨਾਂ ਦੱਸਿਆ ਕਿ ਸ਼੍ਰੋਮਣੀ ਕਮੇਟੀ ਵੱਲੋਂ ਅਗਲੇ ਦਿਨਾਂ ਵਿੱਚ ਆਦਮਪੁਰ, ਸੰਗਰੂਰ, ਰੋਪੜ ਤੇ ਫਿਰੋਜ਼ਪੁਰ ਵਿੱਚ ਵੀ ਕੋਵਿਡ ਕੇਅਰ ਕੇਂਦਰ ਖੋਲੇ ਜਾਣਗੇ।

## ਕੋਰੋਨਾ ਪੀੜਤਾਂ ਦੀ ਮਦਦ ਲਈ ਸ੍ਰੀ ਹੇਮਕੁੰਟ ਸਾਹਿਬ ਟਰੱਸਟ ਸਰਗਰਮ

**ਅੰਮ੍ਰਿਤਸਰ/ਏ.ਟੀ.ਨਿਊਜ਼ :** ਸ੍ਰੀ ਹੇਮਕੁੰਟ ਸਾਹਿਬ ਟਰੱਸਟ ਨੇ ਉਤਰਾਖੰਡ ਵਿੱਚ ਕੋਰੋਨਾ ਪੀੜਤਾਂ ਦੀ ਮਦਦ ਲਈ ਦੋ ਐਂਬੂਲੈਂਸਾਂ ਅਤੇ ਆਕਸੀਜਨ ਮੁਹੱਈਆ ਕਰਨ ਦੀ ਸੇਵਾ ਸ਼ੁਰੂ ਕੀਤੀ ਹੈ। ਗੁਰਦੁਆਰਾ ਜੋਸ਼ੀ ਮੱਠ ਤੋਂ ਦੋ ਐਂਬੂਲੈਂਸਾਂ ਰਵਾਨਾ ਕਰਦਿਆਂ ਗੁਰਦੁਆਰਾ ਗੋਬਿੰਦਘਾਟ ਦੇ ਮੈਨੇਜਰ ਸੇਵਾ ਸਿੰਘ ਨੇ ਦੱਸਿਆ ਕਿ ਟਰੱਸਟ ਨੇ ਕੋਰੋਨਾ ਪੀੜਤਾਂ ਨੂੰ ਹਸਪਤਾਲ ਲਿਜਾਣ ਲਈ ਆਕਸੀਜਨ ਸਿਲੰਡਰਾਂ ਨਾਲ ਲੈੱਸ ਦੋ ਐਂਬੂਲੈਂਸ ਵਾਹਨ ਸ਼ੁਰੂ ਕੀਤੇ ਹਨ, ਜਿਨਾਂ ਵਿੱਚੋਂ ਇਕ ਵਾਹਨ ਗੁਰਦੁਆਰਾ ਜੋਸ਼ੀ ਮੱਠ ਅਤੇ ਦੂਜਾ ਗੁਰਦੁਆਰਾ ਗੋਬਿੰਦ ਘਾਟ ਵਿਖੇ ਖੜੇਗਾ। ਕਰੋਨਾ ਪੀੜਤਾਂ ਵੱਲੋਂ ਮਦਦ ਲਈ ਅਪੀਲ ਆਉਣ ’ਤੇ ਤੁਰੰਤ ਇਹ ਵਾਹਨ ਉਨਾਂ ਨੂੰ ਹਸਪਤਾਲ ਲਿਜਾਣਗੇ। ਇਸ ਤੋਂ ਇਲਾਵਾ ਘਰ ਵਿੱਚ ਕਰੋਨਾ ਪੀੜਤਾਂ ਨੂੰ ਆਕਸੀਜਨ ਮੁਹੱਈਆ ਕਰਵਾਉਣ ਲਈ ਕੰਸਨਟਰੇਟਰ ਮੰਗਵਾਏ ਗਏ ਹਨ। ਇਸ ਵੇਲੇ ਉਪਰਲੇ ਇਲਾਕੇ ਵਿੱਚ ਚਾਰ ਕੰਸਨਟਰੇਟਰ ਹਨ ਅਤੇ 6 ਹੋਰ ਕੰਸਨਟਰੇਟਰ ਰਿਸ਼ੀਕੇਸ ਤੋਂ ਇਕ-ਦੋ ਦਿਨ ਵਿੱਚ ਪਹੁੰਚ ਜਾਣਗੇ। ਉਨਾਂ ਦੱਸਿਆ ਕਿ ਦੂਰ-ਦਰਾਜ ਪਹਾੜੀ ਇਲਾਕਿਆਂ ਵਿੱਚ ਮਰੀਜ਼ਾਂ ਨੂੰ ਲਿਆਉਣ ਤੇ ਛੱਡਣ ਲਈ ਆਵਾਜਾਈ ਦੇ ਘੱਟ ਪ੍ਰਬੰਧ ਹਨ। ਇਸ ਵੇਲੇ ਜੋਸ਼ੀ ਮੱਠ ਵਿੱਚ ਭਾਰਤੀ ਫੌਜ ਵੱਲੋਂ 50 ਬੈੱਡਾਂ ਦਾ ਹਸਪਤਾਲ ਕੋਰੋਨਾ ਪੀੜਤਾਂ ਲਈ ਸ਼ੁਰੂ ਕੀਤਾ ਗਿਆ ਹੈ, ਜੇਕਰ ਲੋੜ ਪਈ ਤਾਂ ਗੁਰਦੁਆਰੇ ਦਾ ਹਾਲ ਵੀ ਕੋਰੋਨਾ ਪੀੜਤਾਂ ਲਈ ਦਿੱਤਾ ਜਾਵੇਗਾ।

A-ONE EXPRESS
ਸਾਨੂੰ ਤਜ਼ਰਬੇਕਾਰ ਡਰਾਇਵਰਾਂ ਅਤੇ ਓਨਰ ਓਪਰੇਟਰਾਂ ਦੀ ਲੋੜ ਹੈ
- ਲੰਬਾ ਸਮਾਂ ਕੰਮ ਕਰਨ ਵਾਲੇ ਡਰਾਈਵਰ ਵੀ ਟਰੇਂਡ ਕੀਤੇ ਜਾਂਦੇ ਹਨ
- ਕੈਲੀਫੋਰਨੀਆ ਤੋਂ ਮਿਡਵੈਸਟ, ਨੌਰਥ- ਈਸਟ, ਸਾਊਥ ਈਸਟ
- ਸੌਖੇ ਲੋਡ, ਚੰਗੇ ਪੈਸੇ ਅਤੇ ਤਨਖਾਹ ਸਮੇਂ ਸਿਰ
- 50% ਹੁੱਕ ਡ੍ਰੌਪ
- Excellent Payment
ਪਿਛਲੇ 20 ਸਾਲਾਂ ਤੋਂ ਲਗਾਤਾਰ ਕੰਮ ਕਰਨ ਦਾ ਤਜਰਬਾ
28421 S CHRISMAN RD, UNIT# 3, TRACY, CA



ਹੋਰ ਜਾਣਕਾਰੀ ਲਈ ਮਨਜੀਤ ਸਿੰਘ ਜਾਂ ਸੰਦੀਪ ਸਿੰਘ ਨਾਲ ਹੇਠ ਲਿਖੇ ਨੰਬਰਾਂ ’ਤੇ ਸੰਪਰਕ ਕਰੋ
Toll Free: 888.725.7441, Office: 209.537.0975, Fax: 209.537.0375

### ਮਾਮਲਾ ਗੁਰੂ ਗ੍ਰੰਥ ਸਾਹਿਬ ਬੇਅਦਬੀ ਕਾਂਡ ਦਾ

# ਨਵੀਂ ਸਿਟ ਵੱਲੋਂ ਛੇ ਸੌਦਾ ਸਾਧ ਦੇ ਚੇਲੇ ਗ੍ਰਿਫਤਾਰ

## ✪ 21 ਤੱਕ ਪੁਲਿਸ ਰਿਮਾਂਡ ✪ ਗੁਰੂ ਗ੍ਰੰਥ ਸਾਹਿਬ ਦੇ 100 ਪੰਨੇ ਅਤੇ ਜਿਲਦ ਪ੍ਰੇਮੀਆਂ ਦੇ ਕਬਜ਼ੇ ਵਿੱਚ ਹੋਣ ਦਾ ਦਾਅਵਾ

**ਫ਼ਰੀਦਕੋਟ/ਏ.ਟੀ.ਨਿਊਜ਼ :** ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੇ ਮਾਮਲੇ ਦੀ ਪੜਤਾਲ ਕਰਨ ਲਈ ਪੰਜਾਬ ਸਰਕਾਰ ਵੱਲੋਂ ਡੀਆਈਜੀ ਐੱਸ.ਪੀ.ਐੱਸ ਪਰਮਾਰ ਦੀ ਅਗਵਾਈ ਹੇਠ ਬਣਾਈ ਵਿਸ਼ੇਸ਼ ਜਾਂਚ ਟੀਮ ਨੇ ਬੀਤੇ ਹਫਤੇ ਗੁਰੂ ਗ੍ਰੰਥ ਸਾਹਿਬ ਦੇ ਪੱਤਰਿਆਂ ਨੂੰ ਪਿੰਡ ਬਰਗਾੜੀ ਦੀਆਂ ਗਲੀਆਂ ਵਿੱਚ ਖਿਲਾਰਨ ਅਤੇ ਇਸ ਸਬੰਧੀ ਇਤਰਾਜ਼ਯੋਗ ਪੋਸਟਰ ਲਾਉਣ ਦੇ ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕਰਨ ਦਾ ਦਾਅਵਾ ਕੀਤਾ ਹੈ। ਵਿਸ਼ੇਸ਼ ਜਾਂਚ ਟੀਮ ਨੇ ਇੱਕ ਮਹੀਨੇ ਦੀ ਪੜਤਾਲ ਮਗਰੋਂ ਬੇਅਦਬੀ ਕਾਂਡ ਵਿੱਚ ਛੇ ਸੌਦਾ ਸਾਧ ਦੇ ਚੇਲਿਆਂ ਸ਼ਕਤੀ ਸਿੰਘ, ਸੁਖਜਿੰਦਰ ਸਿੰਘ, ਪ੍ਰਦੀਪ ਸਿੰਘ, ਨਿਸ਼ਾਨ ਸਿੰਘ, ਰਣਜੀਤ ਸਿੰਘ ਤੇ ਬਲਜੀਤ ਸਿੰਘ ਨੂੰ ਗ੍ਰਿਫ਼ਤਾਰ ਕਰ ਲਿਆ ਹੈ। ਇਹ ਸਾਰੇ ਫ਼ਰੀਦਕੋਟ ਜ਼ਿਲੇ ਨਾਲ ਸਬੰਧਤ ਹਨ। ਦੱਸਣਯੋਗ ਹੈ ਕਿ ਅਣਪਛਾਤੇ ਵਿਅਕਤੀਆਂ ਨੇ 12 ਅਕਤੂਬਰ, 2015 ਦੀ ਰਾਤ ਨੂੰ ਪਿੰਡ ਬਰਗਾੜੀ ਦੀਆਂ ਗਲੀਆਂ ਵਿੱਚ ਗੁਰੂ ਗ੍ਰੰਥ ਸਾਹਿਬ ਦੇ ਪਵਿੱਤਰ ਅੰਗ ਪਾੜ ਕੇ ਖਿਲਾਰ ਦਿੱਤੇ ਸਨ ਤੇ ਇਸ ਤੋਂ ਪਹਿਲਾਂ 24 ਸਤੰਬਰ, 2015 ਨੂੰ ਪਿੰਡ ਬਰਗਾੜੀ ਵਿੱਚ ਇਤਰਾਜ਼ਯੋਗ ਪੋਸਟਰ ਲਾਏ ਗਏ ਸਨ ਅਤੇ ਦਾਅਵਾ ਕੀਤਾ ਗਿਆ ਸੀ ਕਿ ਬੁਰਜ ਜਵਾਹਰ ਸਿੰਘ ਵਾਲਾ ਵਿੱਚ ਪਹਿਲੀ ਜੂਨ ਨੂੰ ਚੋਰੀ ਹੋਇਆ ਸਰੂਪ ਉਨਾਂ ਦੇ ਕਬਜ਼ੇ ਵਿੱਚ ਹੈ। ਹੁਣ ਜਾਂਚ ਟੀਮ ਨੇ ਦਾਅਵਾ ਕੀਤਾ ਹੈ ਕਿ ਬਰਗਾੜੀ ਵਿੱਚ ਬੇਅਦਬੀ ਦੇ ਦੋਵੇਂ ਮਾਮਲੇ ਸੁਲਝਾ ਲਏ ਗਏ ਹਨ।

ਅਦਾਲਤ ਨੇ ਫੜੇ ਗਏ ਸਾਰੇ ਡੇਰਾ ਪ੍ਰੇਮੀਆਂ ਨੂੰ 21 ਮਈ ਤੱਕ ਪੁਲੀਸ ਰਿਮਾਂਡ ’ਤੇ ਭੇਜਣ ਦਾ ਹੁਕਮ ਦਿੱਤਾ ਹੈ। ਵਿਸ਼ੇਸ਼ ਜਾਂਚ ਟੀਮ ਦੇ ਇੰਸਪੈਕਟਰ ਦਲਬੀਰ ਸਿੰਘ ਨੇ ਅਦਾਲਤ ਨੂੰ ਦੱਸਿਆ ਕਿ ਹੁਣ ਤੱਕ ਦੀ ਪੜਤਾਲ ਤੋਂ ਇਹ ਗੱਲ ਸਾਹਮਣੇ ਆਈ ਹੈ ਕਿ ਡੇਰਾ ਪ੍ਰੇਮੀਆਂ ਨੇ 12 ਅਕਤੂਬਰ ਨੂੰ ਬਰਗਾੜੀ ਵਿੱਚ ਗੁਰੂ ਗ੍ਰੰਥ ਸਾਹਿਬ ਦੇ 150 ਪੰਨੇ ਪਾੜ ਕੇ ਖਿਲਾਰੇ ਸਨ ਅਤੇ 100 ਪੰਨੇ ਪਿੰਡ ਹਰੀ ਨੌਂ ਵਿੱਚ ਖਿਲਾਰੇ ਜਾਣੇ ਸਨ। ਉਨਾਂ ਗੁਰੂ ਗ੍ਰੰਥ ਸਾਹਿਬ ਦੇ 100 ਪੰਨੇ ਅਤੇ ਜਿਲਦ ਪ੍ਰੇਮੀਆਂ ਦੇ ਕਬਜ਼ੇ ਵਿੱਚ ਹੋਣ ਦਾ ਦਾਅਵਾ ਵੀ ਕੀਤਾ। ਦੂਜੇ ਪਾਸੇ ਡੇਰਾ ਪ੍ਰੇਮੀਆਂ ਦੇ ਵਕੀਲ ਵਿਨੋਦ ਕੁਮਾਰ ਮੌਂਗਾ ਨੇ ਪੁਲਿਸ ਰਿਮਾਂਡ ਦੀ ਅਰਜ਼ੀ ਦਾ ਵਿਰੋਧ ਕਰਦਿਆਂ ਕਿਹਾ ਕਿ ਛੇ ਸਾਲ ਪੁਰਾਣੇ ਕੇਸ ਦੀ ਸੀਬੀਆਈ ਹਰ ਪੱਖ ਤੋਂ ਜਾਂਚ ਕਰ ਚੁੱਕੀ ਹੈ ਅਤੇ ਪੜਤਾਲ ਮਗਰੋਂ ਡੇਰਾ ਪ੍ਰੇਮੀਆਂ ਨੂੰ ਕਲੀਨ ਚਿੱਟ ਵੀ ਮਿਲ ਚੁੱਕੀ ਹੈ। ਉਸ ਨੇ ਅਦਾਲਤ ਨੂੰ ਦੱਸਿਆ ਕਿ ਪੰਜਾਬ ਪੁਲਿਸ ਸਿਆਸੀ ਆਗੂਆਂ ਦੇ ਕਥਿਤ ਇਸ਼ਾਰੇ ’ਤੇ ਡੇਰਾ ਪ੍ਰੇਮੀਆਂ ਨੂੰ ਇਸ ਕੇਸ ਵਿੱਚ ਝੂਠਾ ਫਸਾ ਰਹੀ ਹੈ।

ਇਸ ਮਾਮਲੇ ਦੀ ਪੜਤਾਲ ਪਹਿਲਾਂ ਡੀਆਈਜੀ ਰਣਬੀਰ ਸਿੰਘ ਖਟੜਾ ਕਰ ਰਹੇ ਸਨ ਪਰ ਪੰਜਾਬ ਤੇ ਹਰਿਆਣਾ ਹਾਈਕੋਰਟ ਦੇ ਹੁਕਮਾਂ ਮਗਰੋਂ 4 ਜਨਵਰੀ ਨੂੰ ਪੰਜਾਬ ਸਰਕਾਰ ਨੇ ਨਵੀਂ ਜਾਂਚ ਟੀਮ ਗਠਿਤ ਕਰ ਦਿੱਤੀ ਸੀ ਤੇ ਐੱਸ.ਪੀ.ਐੱਸ ਪਰਮਾਰ ਨੂੰ ਨਵੀਂ ਜਾਂਚ ਟੀਮ ਦਾ ਮੁਖੀ ਥਾਪਿਆ ਗਿਆ ਸੀ।

**ਪੰਜਾਬ ਸਰਕਾਰ ਨੂੰ ਮਿਲੀ ਰਾਹਤ**

ਬੇਅਦਬੀ ਕਾਂਡ ਦੇ ਦੋ ਮਾਮਲੇ ਹੱਲ ਹੋਣ ਨਾਲ ਪੰਜਾਬ ਸਰਕਾਰ ਨੂੰ ਵੱਡੀ ਰਾਹਤ ਮਿਲੀ ਹੈ ਕਿਉਂਕਿ ਕੋਟਕਪੂਰਾ ਗੋਲੀ ਕਾਂਡ ਵਿੱਚ ਪੰਜਾਬ ਤੇ ਹਰਿਆਣਾ ਹਾਈਕੋਰਟ ਦੇ ਆਏ ਫ਼ੈਸਲੇ ਨੇ ਪੰਜਾਬ ਸਰਕਾਰ ਲਈ




ਵੱਡੀਆਂ ਮੁਸ਼ਕਲਾਂ ਖੜੀਆਂ ਕਰ ਦਿੱਤੀਆਂ ਸਨ।

**ਨਵੀਂ ਸਿਟ ਦੀ ਜਨਤਾ ਨੂੰ ਖ਼ਾਸ ਅਪੀਲ**

ਬੇਅਦਬੀ ਮਾਮਲਿਆਂ ਨੂੰ ਲੈ ਕੇ ਪੰਜਾਬ ਸਰਕਾਰ ਵੱਲੋਂ ਬਣਾਈ ਗਈ ਨਵੀਂ ਸਿੱਟ ਦੇ ਵੱਲੋਂ ਇਕ ਨੋਟਿਸ ਜਾਰੀ ਕੀਤਾ ਗਿਆ ਹੈ। ਇਸ ਨੋਟਿਸ ਜ਼ਰੀਏ ਬੁਰਜ ਜਵਾਹਰ ਸਿੰਘ ਵਾਲਿਆਂ ਤੋਂ ਸਰੂਪ ਚੋਰੀ ਕਰਨ ਦੇ ਮਾਮਲੇ ਅਤੇ ਬਰਗਾੜੀ ਬੇਅਦਬੀ ਮਾਮਲਿਆਂ ਨੂੰ ਲੈ ਕੇ ਪਬਲਿਕ ਨੂੰ ਅਪੀਲ ਕੀਤੀ ਗਈ ਹੈ ਕਿ ਜੇਕਰ ਕਿਸੇ ਨੂੰ ਇਸ ਮਾਮਲੇ ’ਚ ਕੋਈ ਜਾਣਕਾਰੀ ਜਾਂ ਸਬੂਤ ਮਿਲਣ ਤਾਂ ਉਹ ਨੋਟਿਸ ’ਚ ਦਿੱਤੇ ਗਏ ਮੋਬਾਇਲ ਨੰਬਰ ’ਤੇ ਫ਼ੋਨ ਜਾਂ ਉਨਾਂ ਨੂੰ ਵਟਸਐਪ ਕਰਨ। ਇਹ ਵੀ ਕਿਹਾ ਗਿਆ ਹੈ ਕਿ ਜਾਣਕਾਰੀ ਦੇਣ ਵਾਲੇ ਦਾ ਨਾਂ ਗੁਪਤ ਰੱਖਿਆ ਜਾਵੇਗਾ। ਇਸ ਨੋਟਿਸ ’ਚ ਸਿੱਟ ਦੇ ਮੁੱਖ ਆਈ. ਜੀ. ਪਰਮਾਰ, ਏ. ਆਈ. ਜੀ. ਰਜਿੰਦਰ ਸਿੰਘ ਜੋਹਲ ਅਤੇ ਇੰਸਪੈਕਟਰ ਦਲਬੀਰ ਸਿੰਘ ਦਾ ਮੋਬਾਇਲ ਨੰਬਰ ਦਿੱਤਾ ਗਿਆ ਹੈ।

ਪੰਜਾਬ ਸਰਕਾਰ ਵੱਲੋਂ ਕੋਟਕਪੂਰਾ ਗੋਲੀਕਾਂਡ ਮਾਮਲੇ ਵਿੱਚ ਗਠਿਤ ਕੀਤੀ ਗਈ ਨਵੀਂ ਛੇਵੀਂ ਐੱਸ.ਆਈ.ਟੀ. ਨੇ ਮਾਮਲੇ ’ਤੇ ਆਪਣੀ ਪੜਤਾਲ ਕਰਨੀ ਸ਼ੁਰੂ ਕਰ ਦਿੱਤੀ ਹੈ। ਜਾਂਚ ਟੀਮ ਦੇ ਮੁਖੀ ਏਡੀਜੀਪੀ ਵਿਜੀਲੈਂਸ ਐੱਲ. ਕੇ. ਯਾਦਵ ਨੇ ਆਪਣੇ ਸਹਿਯੋਗੀ ਮੈਂਬਰਾਂ ਨਾਲ ਬੀਤੇ ਦਿਨੀਂ ਕੋਟਕਪੂਰਾ ਵਿਖੇ ਮੌਕੇ ਦਾ ਜਾਇਜ਼ਾ ਲਿਆ ਸੀ। ਜਾਂਚ ਟੀਮ ਨੇ ਇਸ ਦੌਰੇ ਦੌਰਾਨ ਕਿਸੇ ਨਾਲ ਕੋਈ ਗੱਲਬਾਤ ਨਹੀਂ ਕੀਤੀ ਸੀ। ਇਸ ਜਾਂਚ ਟੀਮ ਨੂੰ 6 ਮਹੀਨਿਆਂ ਦੇ ਵਿੱਚ ਆਪਣੀ ਜਾਂਚ ਰਿਪੋਰਟ ਪੇਸ਼ ਕਰਨ ਦਾ ਸਮਾਂ ਦਿੱਤਾ ਗਿਆ ਹੈ। ਦੱਸਣਯੋਗ ਹੈ ਕਿ ਪੰਜਾਬ ਸਰਕਾਰ ਵੱਲੋਂ 7 ਮਈ ਨੂੰ ਕੋਟਕਪੂਰਾ ਗੋਲੀਕਾਂਡ ਮਾਮਲੇ ਵਿੱਚ ਨਵੀਂ ਤਿੰਨ ਮੈਂਬਰੀ ਐੱਸਆਈਟੀ ਦਾ ਗਠਨ ਕੀਤਾ। ਇਸ ਐੱਸ. ਆਈ. ਟੀ. ਨੂੰ ਆਪਣੀ ਜਾਂਚ ਮੁਕੰਮਲ ਕਰਨ ਲਈ 6 ਮਹੀਨਿਆਂ ਦਾ ਸਮਾਂ ਦਿੱਤਾ ਗਿਆ ਹੈ। ਪੰਜਾਬ ਸਰਕਾਰ ਨੇ ਨਵੀਂ ਐੱਸ. ਆਈ. ਟੀ. ਦੇ ਮੈਂਬਰਾਂ ਨੂੰ ਕੁਝ ਵੀ ਲੀਕ ਨਾ ਕਰਨ ਦੀ ਹਦਾਇਤ ਦਿੱਤੀ ਗਈ ਹੈ। ਪੰਥਕ ਹਲਕਿਆਂ ਦਾ ਮੰਨਣਾ ਹੈ ਕਿ ਇਸ ਸਬੰਧ ਵਿਚ ਸੌਦਾ ਸਾਧ ਨੂੰ ਜਾਂਚ ਘੇਰੇ ਵਿਚ ਲਿਆਉਣਾ ਚਾਹੀਦਾ ਹੈ, ਕਿਉਂਕਿ ਉਸ ਕਾਰਨ ਪੰਜਾਬ ਵਿਚ ਸਿੱਖਾਂ ਤੇ ਡੇਰਾ ਪ੍ਰੇਮੀਆਂ ਦਾ ਟਕਰਾਅ ਹੋਇਆ।












# ਪੰਜਾਬ ਕਾਂਗਰਸ ਵਿਚ ਕੈਪਟਨ ਵਿਰੁੱਧ ਬਗਾਵਤ ਹੋਈ ਹੋਰ ਤੇਜ਼

## ✪ ਚੰਨੀ ਦੇ ਨਿਵਾਸ ’ਤੇ ਬੈਠਕ ਤੋਂ ਬਾਅਦ ਕੈਪਟਨ ਤਾਬੜਤੋੜ ਬਿਆਨਬਾਜ਼ੀ ✪ ਕੈਪਟਨ ਜਲਦ ਹੀ ਸੋਨੀਆ ਤੇ ਰਾਹੁਲ ਗਾਂਧੀ ਦੇ ਸਾਹਮਣੇ ਉਠਾਉਣਗੇ ਸਿੱਧੂ ਦਾ ਮਾਮਲਾ

**ਚੰਡੀਗੜ/ਏ.ਟੀ.ਨਿਊਜ਼ :** ਪੰਜਾਬੀਆਂ ਨੇ ਜਿਨਾਂ ਕਾਰਨਾਂ ਤੇ ਹਾਲਾਤ ਕਾਰਨ ਅਕਾਲੀ ਦਲ ਦੀ ਸਰਕਾਰ ਨੂੰ ਉਖਾੜ ਸੁੱਟਿਆ ਸੀ, ਉਹੀ ਹਾਲਾਤ ਕੈਪਟਨ ਸਰਕਾਰ ਦੇ ਬਣੇ ਹੋਏ ਹਨ।ਉਹੀ ਮਾਫੀਆ, ਉਹੀ ਗੁਰੂ ਗ੍ਰੰਥ ਸਾਹਿਬ ਬੇਅਦਬੀ ਦੇ ਦੋਸ਼ੀਆਂ ਖਿਲਾਫ਼ ਕਾਰਵਾਈ ਨਾ ਹੋਣਾ, ਉਹੀ ਜਾਂ ਉਸ ਤੋਂ ਵੀ ਭੈੜੀ ਨਸ਼ੇ ਦੀ ਵਿਕਰੀ ਦੀ ਹਾਲਤ ਤੇ ਅਕਾਲੀ ਸਰਕਾਰ ਤੋਂ ਵੀ ਜ਼ਿਆਦਾ ਪ੍ਰਸ਼ਾਸਕੀ ਨਾ ਅਹਿਲੀਅਤ ਅਤੇ ਭ੍ਰਿਸ਼ਟਾਚਾਰ ਦੀ ਹਾਲਤ ਨਜ਼ਰ ਆ ਰਹੀ ਹੈ। ਇਸ ਵੇਲੇ ਕੈਪਟਨ ਵਲੋਂ ਨਾਰਾਜ਼ ਵਿਧਾਇਕਾਂ ਤੇ ਮੰਤਰੀਆਂ ਨੂੰ ਮਨਾਉਣ ਲਈ ਭਰਤਇੰਦਰ ਸਿੰਘ ਚਾਹਲ, ਤ੍ਰਿਪਤ ਰਾਜਿੰਦਰ ਸਿੰਘ ਬਾਜਵਾ ਤੇ ਸੁਖਵਿੰਦਰ ਸਿੰਘ ਸੁਖ ਸਰਕਾਰੀਆ ਮੁੱਖ ਰੋਲ ਨਿਭਾਅ ਰਹੇ ਦੱਸੇ ਜਾਂਦੇ ਹਨ। ਇਕ ਹੈਰਾਨੀ ਦੀ ਗੱਲ ਜ਼ਰੂਰ ਹੈ ਕਿ ਇਕ ਪਾਸੇ ਰਵਨੀਤ ਸਿੰਘ ਬਿੱਟੂ ਕੈਪਟਨ ਅਮਰਿੰਦਰ ਸਿੰਘ ਦੇ ਖਿਲਾਫ਼ ਤਿੱਖੇ ਹਮਲੇ ਕਰ ਰਹੇ ਹਨ, ਦੂਜੇ ਪਾਸੇ ਵਿਧਾਇਕ ਗੁਰਕੀਰਤ ਸਿੰਘ ਕੈਪਟਨ ਮੰਤਰੀ ਮੰਡਲ ਵਿਚ ਸ਼ਾਮਿਲ ਹੋਣ ਦੀ ਆਸ ਲਾਈ ਬੈਠੇ ਹਨ। ਇਥੇ ਵਰਨਣਯੋਗ ਹੈ ਕਿ ਗੁਰਕੀਰਤ ਨਾਲ ਅੱਧੀ ਦਰਜਨ ਦੇ ਕਰੀਬ ਵਿਧਾਇਕਾਂ ਦਾ ਇਕ ਮਿੰਨੀ ਗਰੁੱਪ ਕੈਪਟਨ ਦੇ ਸਿਪਾਹਸਲਾਰਾਂ ਦੇ ਸੰਪਰਕ ਵਿਚ ਦੱਸਿਆ ਜਾ ਰਿਹਾ ਹੈ। ਕੈਪਟਨ ਦੇ ਹੱਕ ਵਿਚ ਇਹ ਗੱਲ ਹੈ ਕਿ ਕੈਪਟਨ ਦੇ ਵਿਰੋਧੀ ਇਕੱਠੇ ਨਹੀਂ ਹਨ।

ਨਵਜੋਤ ਸਿੰਘ ਸਿੱਧੂ ਨਾਲ 3-4 ਵਿਧਾਇਕ ਹਨ ਪਰ ਉਹ ਤਾਂ ‘ਏਕਲਾ ਚਲੋ ਰੇ’ ਦੀ ਨੀਤੀ ’ਤੇ ਹੀ ਚੱਲ ਰਹੇ ਹਨ। ਸੁਖਜਿੰਦਰ ਸਿੰਘ ਰੰਧਾਵਾ ਨਾਲ ਕਰੀਬ ਇਕ ਦਰਜਨ ਵਿਧਾਇਕ ਦੱਸੇ ਜਾਂਦੇ ਹਨ। ਜੇਕਰ ਉਹ ਅੜੇ ਰਹੇ ਤਾਂ ਇਸ ਗੱਲ ਦੀ ਸੰਭਾਵਨਾ ਹੈ ਕਿ ਉਹ ਵਿਰੋਧੀਆਂ ਵਿਚ ਇਕ ਪ੍ਰਵਾਨਿਤ ਨੇਤਾ ਵਜੋਂ ਉੱਭਰ ਸਕਣ। ਉਨਾਂ ਦਾ ਸਿੱਧੂ ਨਾਲ ਸਮਝੌਤਾ ਹੋਣਾ ਵੀ ਬਹੁਤਾ ਔਖਾ ਨਹੀਂ, ਜਦੋਂ ਕਿ ਰਵਨੀਤ ਬਿੱਟੂ ਆਪਣੇ-ਆਪ ਨੂੰ ਅਗਲੇ ਮੁੱਖ ਮੰਤਰੀ ਵਜੋਂ ਦੇਖ ਹੀ ਰਹੇ ਹਨ। ਪ੍ਰਤਾਪ ਸਿੰਘ ਬਾਜਵਾ ਪਿਛਲੇ ਸਾਢੇ 4 ਸਾਲ ਤੋਂ ਕੈਪਟਨ ਅਮਰਿੰਦਰ ਸਿੰਘ ਨੂੰ ਚੁਣੌਤੀ ਦਿੰਦੇ ਆ ਰਹੇ ਹਨ। ਸ਼ਮਸ਼ੇਰ ਸਿੰਘ ਦੂਲੋ ਵੀ ਕੈਪਟਨ ਖਿਲਾਫ਼ ਖੁੱਲ ਕੇ ਬੋਲਦੇ ਹਨ ਪਰ ਉਹ ਕੈਪਟਨ ਵਿਰੋਧੀਆਂ ਦੇ ਵੀ ਖਿਲਾਫ਼ ਹਨ। ਇਸ ਤਰਾਂ ਸਾਰੀ ਸਥਿਤੀ ਕੈਪਟਨ ਦੇ ਹੱਕ ਵਿਚ ਜਾਂਦੀ ਹੈ।

**ਕੈਪਟਨ ਦੀਆਂ ਮੁਸ਼ਕਲਾਂ**

ਅਸਲ ਵਿਚ ਕੈਪਟਨ ਅਮਰਿੰਦਰ ਸਿੰਘ ਖਿਲਾਫ਼ ਵਿਧਾਇਕ ਦਲ ਅਤੇ ਮੰਤਰੀਆਂ ਵਿਚ ਉੱਠੀ ਹਲਚਲ ਪਿੱਛੇ ਵਿਧਾਇਕਾਂ ਦਾ ਇਹ ਡਰ ਹੀ ਹੈ ਕਿ ਵਿਧਾਨ ਸਭਾ ਚੋਣਾਂ ਕਿਵੇਂ ਜਿੱਤਣਗੇ ? ਕਿਉਂਕਿ 2017 ਵਿਚ ਉਹ ਮੁੱਖ ਰੂਪ ਵਿਚ ਬੇਅਦਬੀ ਕਾਂਡ ਦੇ ਦੋਸ਼ੀਆਂ ਨੂੰ ਸਜ਼ਾ ਦਿਵਾਉਣ ਦੇ ਨਾਂ ’ਤੇ ਹੀ ਜਿੱਤੇ ਸਨ ਪਰ ਅਦਾਲਤ ਵਲੋਂ ਕੁੰਵਰ ਵਿਜੇ ਪ੍ਰਤਾਪ ਵਾਲੀ ਸਿੱਟ ਬਾਰੇ ਜੋ ਫ਼ੈਸਲਾ ਕੀਤਾ ਗਿਆ ਹੈ, ਉਸ ਨਾਲ ਕੈਪਟਨ ਸਰਕਾਰ ਕਟਹਿਰੇ ਵਿਚ ਖੜੀ ਹੋ ਗਈ ਹੈ। ਹੁਣ ਪਤਾ ਲੱਗਾ ਹੈ ਕਿ ਮੁੱਖ ਮੰਤਰੀ ਨਾਰਾਜ਼ ਵਿਧਾਇਕਾਂ ਤੇ ਮੰਤਰੀਆਂ ਨੂੰ ਮਨਾਉਣ ਲਈ ਡਿਨਰ ਡਿਪਲੋਮੇਸੀ ਕਰਕੇ ਉਨਾਂ ਦੀਆਂ ਮੰਗਾਂ ਮੰਨ ਰਹੇ ਹਨ ਤੇ ਉਨਾਂ ਨੂੰ ਇਹ ਯਕੀਨ-ਦਹਾਨੀ ਵੀ ਕਰਵਾਈ ਜਾ ਰਹੀ ਹੈ ਕਿ ਨਵੀਂ ਸਿੱਟ ਰਾਹੀਂ ਸਿਰਫ 3 ਮਹੀਨੇ ਵਿਚ ਹੀ ਇਸ ਮਾਮਲੇ ਨੂੰ ਸਿਰੇ ਲਾ ਦਿੱਤਾ ਜਾਵੇਗਾ। ਪਤਾ ਲੱਗਾ ਹੈ ਕਿ ਨਵੀਂ ਸਿੱਟ ਦੇ ਅਧਿਕਾਰੀਆਂ ਨੂੰ ਕੁੰਵਰ ਵਿਜੇ ਪ੍ਰਤਾਪ ਸਿੰਘ ਵਲੋਂ ਇਕੱਤਰ ਕੀਤੇ ਸਬੂਤਾਂ ਨੂੰ ਅਣਗੌਲਿਆਂ ਨਾ ਕਰਨ ਲਈ ਕਿਹਾ ਗਿਆ ਹੈ। ਸਮਝਿਆ ਜਾਂਦਾ ਹੈ ਕਿ ਕੈਪਟਨ ਚੋਣਾਂ ਤੋਂ ਐਨ ਪਹਿਲਾਂ ਇਕ ਮਾਸਟਰ ਸਟਰੋਕ ਮਾਰ ਕੇ ਇਕ ਪਾਸੇ ਇਹ ਪ੍ਰਭਾਵ ਤੋੜਨ ਦੀ ਕੋਸ਼ਿਸ਼ ਕਰਨਗੇ ਕਿ ਉਨਾਂ ਦੀ ਅਕਾਲੀ ਦਲ ਨਾਲ ਕੋਈ ਮਿਲੀਭੁਗਤ ਹੈ ਤੇ ਦੂਜੇ ਪਾਸੇ ਇਹ ਪ੍ਰਭਾਵ ਵੀ ਦੇਣਗੇ ਕਿ ਉਨਾਂ ਨੇ ਬੇਅਦਬੀ ਕਾਂਡ ਦੇ ਦੋਸ਼ੀਆਂ ਨੂੰ ਪੂਰੀ ਤਰਾਂ ਕਾਨੂੰਨੀ ਪ੍ਰਕਿਰਿਆ ਅਨੁਸਾਰ ਹੀ ਕਾਬੂ ਕੀਤਾ ਹੈ, ਕਿਸੇ ਨਾਲ ਕੋਈ ਧੱਕੇਸ਼ਾਹੀ ਨਹੀਂ ਕੀਤੀ।

ਅਸਲੀਅਤ ਇਹ ਹੈ ਕਿ ਜਦੋਂ ਤੱਕ ਸੋਨੀਆ ਗਾਂਧੀ ਕਾਂਗਰਸ ਪ੍ਰਧਾਨ ਹਨ, ਉਦੋਂ ਤੱਕ ਕੈਪਟਨ ਦੀ ਗੱਦੀ ਨੂੰ ਕੋਈ ਖ਼ਤਰਾ ਹੋਣ ਦੇ



ਆਸਾਰ ਨਾਂਹ ਦੇ ਬਰਾਬਰ ਹੀ ਹਨ। ਹਾਲਾਂਕਿ ਰਾਹੁਲ ਗਾਂਧੀ ਦੇ ਖ਼ਾਸ ਸਮਝੇ ਜਾਂਦੇ ਕ੍ਰਿਸ਼ਨਾ ਅਲਾਵਰੂ ਵਲੋਂ ਦੋ ਦਿਨ ਪੰਜਾਬ ਵਿਚ ਰਹਿ ਕੇ ਰਾਹੁਲ ਨੂੰ ਪੰਜਾਬ ਬਾਰੇ ਦਿੱਤੀ ਇਕ ਰਿਪੋਰਟ ਵੀ ਚਰਚਾ ਵਿਚ ਹੈ। ਇਸ ਦਰਮਿਆਨ ਪੰਜਾਬ ਕਾਂਗਰਸ ਦਾ ਨਵਾਂ ਪ੍ਰਧਾਨ ਬਣਾਏ ਜਾਣ ਦੀ ਚਰਚਾ ਵੀ ਗਰਮ ਹੈ। ਪਤਾ ਲੱਗਾ ਹੈ ਕਿ ਕੈਪਟਨ ਭਾਵੇਂ ਸੁਨੀਲ ਜਾਖੜ ਦੇ ਖਿਲਾਫ਼ ਨਹੀਂ ਹਨ ਪਰ ਉਨਾਂ ਵਲੋਂ ਨਵਜੋਤ ਸਿੰਘ ਸਿੱਧੂ ਨੂੰ ਪੰਜਾਬ ਕਾਂਗਰਸ ਦਾ ਪ੍ਰਧਾਨ ਬਣਨ ਤੋਂ ਰੋਕਣ ਲਈ ਇਕ ਵਾਰ ਫਿਰ ਸੋਨੀਆ ਗਾਂਧੀ ਨਾਲ ਸੰਪਰਕ ਕਰਕੇ ਸਾਬਕਾ ਮੰਤਰੀ ਲਾਲ ਸਿੰਘ ਨੂੰ ਪੰਜਾਬ ਕਾਂਗਰਸ ਦਾ ਪ੍ਰਧਾਨ ਬਣਾਉਣ ਬਾਰੇ ਕਿਹਾ ਜਾ ਰਿਹਾ ਹੈ। ਇਥੇ ਵਰਨਣਯੋਗ ਹੈ ਕਿ ਲਾਲ ਸਿੰਘ ਜਿਥੇ ਸੋਨੀਆ ਦੇ ਨੇੜੇ ਹਨ, ਉਥੇ ਉਹ ਪ੍ਰਿਅੰਕਾ ਅਤੇ ਰਾਹੁਲ ਦੇ ਵੀ ਵਿਸ਼ਵਾਸਪਾਤਰਾਂ ਵਿਚ ਸ਼ਾਮਿਲ ਦੱਸੇ ਜਾਂਦੇ ਹਨ। ਜਦੋਂ ਕਿ ਮੁੱਖ ਮੰਤਰੀ ਦੀ ਕੁਰਸੀ ਦਾ ਟੀਚਾ ਲੈ ਕੇ ਚੱਲਣ ਵਾਲੇ ਪ੍ਰਤਾਪ ਸਿੰਘ ਬਾਜਵਾ ਅਤੇ ਰਵਨੀਤ ਸਿੰਘ ਬਿੱਟੂ ਬਾਰੇ ਵੀ ਚਰਚਾ ਹੈ ਕਿ ਉਹ ਮੁੱਖ ਮੰਤਰੀ ਬਣਨ ਦੇ ਸਫ਼ਰ ਵਿਚ ਇਕ ਪੜਾਅ ਵਜੋਂ ਚੋਣਾਂ ਤੋਂ ਪਹਿਲਾਂ ਪੰਜਾਬ ਕਾਂਗਰਸ ਦੀ ਪ੍ਰਧਾਨਗੀ ਦੇ ਦਾਅਵੇਦਾਰ ਹੋ ਸਕਦੇ ਹਨ। ਇਸ ਦਰਮਿਆਨ ਪਤਾ ਲੱਗਾ ਹੈ ਕਿ ਨਵਜੋਤ ਸਿੰਘ ਸਿੱਧੂ ਪੰਜਾਬ ਕਾਂਗਰਸ ਪ੍ਰਧਾਨ ਜਾਂ ਉਪ ਮੁੱਖ ਮੰਤਰੀ ਅਤੇ ਨਾਲ ਹੀ ਗ੍ਰਹਿ ਮੰਤਰਾਲੇ ਤੋਂ ਘੱਟ ਕਿਸੇ ਅਹੁਦੇ ਲਈ ਸਹਿਮਤ ਨਹੀਂ ਹਨ। ਪਰ ਭਾਵੇਂ ਕੈਪਟਨ ਖੇਮਾ ਪੂਰੀ ਕੋਸ਼ਿਸ਼ ਕਰ ਰਿਹਾ ਹੈ ਕਿ ਉਹ ਥੱਕ ਹਾਰ ਕੇ ਕਾਂਗਰਸ ਛੱਡ ਜਾਣ। ਜਾਣਕਾਰੀ ਅਨੁਸਾਰ ਨਵਜੋਤ ਸਿੱਧੂ ਬਾਰੇ ਭਾਵੇਂ ‘ਭਾਜਪਾ’ ਅਤੇ ‘ਆਪ’ ਨਾਲ ਗੱਲਬਾਤ ਚਲਦੀ ਹੋਣ ਦੀਆਂ ਕਿੰਨੀਆਂ ਵੀ ਖ਼ਬਰਾਂ ਫੈਲ ਰਹੀਆਂ ਹਨ, ਉਹ ਅਜੇ ਕਾਂਗਰਸ ਛੱਡਣ ਦੇ ਰੌਂਅ ਵਿਚ ਨਹੀਂ ਹਨ। ਉਨਾਂ ਨੇ ਰਾਹੁਲ ਗਾਂਧੀ ਅਤੇ ਪ੍ਰਿਅੰਕਾ ਗਾਂਧੀ ਨੂੰ ਕਿਹਾ ਹੈ ਕਿ ਉਹ ਇਨਾਂ ਦੋਵਾਂ ਅਹੁਦਿਆਂ ਤੋਂ ਘੱਟ ਕੁਝ ਵੀ ਪ੍ਰਵਾਨ ਨਹੀਂ ਕਰਨਗੇ ਪਰ ਕਾਂਗਰਸ ਨਹੀਂ ਛੱਡਣਗੇ। ਸਗੋਂ ਆਉਂਦੀਆਂ ਵਿਧਾਨ ਸਭਾ ਚੋਣਾਂ ਵਿਚ ਉਹ ਕਾਂਗਰਸ ਦਾ ਪ੍ਰਚਾਰ ਕਰਨਗੇ। ਅਜਿਹੀ ਹਾਲਤ ਵਿਚ ਸਮਝਿਆ ਜਾ ਸਕਦਾ ਹੈ ਕਿ ਸਿੱਧੂ 2022 ਦੀਆਂ ਚੋਣਾਂ ਤੋਂ ਬਾਅਦ ਮੁੱਖ ਮੰਤਰੀ ਬਣਨ ਦੀ ਆਸ ਤੇ ਭਰੋਸੇ ਅਧੀਨ ਹੀ ਕਾਂਗਰਸ ਵਿਚ ਰਹਿ ਸਕਦੇ ਹਨ। ਸੋ, ਸੰਭਵ ਹੈ ਕਿ ਕਾਂਗਰਸ 2022 ਦੀਆਂ ਚੋਣਾਂ ਵਿਚ ਕਿਸੇ ਨੂੰ ਵੀ ਪੰਜਾਬ ਦਾ ਸੰਭਾਵਿਤ ਮੁੱਖ ਮੰਤਰੀ ਨਾ ਐਲਾਨੇ ਅਤੇ ਇਹ ਫ਼ੈਸਲਾ ਲਵੇ ਕਿ ਨਵੇਂ ਮੁੱਖ ਮੰਤਰੀ ਦਾ ਫ਼ੈਸਲਾ ਚੋਣਾਂ ਜਿੱਤਣ ਉਪਰੰਤ ਵਿਧਾਇਕਾਂ ਦੀ ਸਲਾਹ ਨਾਲ ਹੀ ਕੀਤਾ ਜਾਵੇਗਾ। ਇਨਾਂ ਹਾਲਤਾਂ ਵਿਚ ਆਉਣ ਵਾਲੇ ਕੁਝ ਹਫ਼ਤਿਆਂ ਵਿਚ ਕਾਂਗਰਸ ਦੀ ਅੰਦਰੂਨੀ ਸਥਿਤੀ ਧਮਾਕੇਦਾਰ ਹੋਵੇਗੀ ਕਿ ਕੈਪਟਨ ਹਾਈ ਕਮਾਨ ਤੋਂ ਦੱਬਦੇ ਹਨ ਜਾਂ ਸਿੱਧੂ ਨੂੰ ਬਾਹਰ ਦਾ ਰਸਤਾ ਦਿਖਾਉਣ ਵਿਚ ਸਫਲ ਹੁੰਦੇ ਹਨ।

**ਕੈਪਟਨ ਖਿਲਾਫ ਬਗਾਵਤ ਤੇ ਮੀਟਿੰਗ**

ਪੰਜਾਬ ਕਾਂਗਰਸ ਅਤੇ ਸਰਕਾਰ ਵਿਚ ਕੈਪਟਨ ਦੀ ਕਾਰਜਸ਼ੈਲੀ ਨੂੰ ਲੈ ਕੇ ਉੱਠਿਆ ਵਿਰੋਧ ਹੋਰ ਤਿੱਖਾ ਹੋ ਰਿਹਾ ਹੈ। ਪਾਰਟੀ ਦੇ ਪੰਜਾਬ ਮਾਮਲਿਆਂ ਦੇ ਇੰਚਾਰਜ ਹਰੀਸ਼ ਰਾਵਤ ਵਲੋਂ ਕੁਝ ਆਗੂਆਂ ਨੂੰ ਬਿਆਨਬਾਜ਼ੀ ਤੋਂ ਰੋਕਣ ਅਤੇ ਕੈਬਨਿਟ ਮੰਤਰੀ ਚਰਨਜੀਤ ਸਿੰਘ ਚੰਨੀ ਦੀ ਪ੍ਰੈੱਸ ਕਾਨਫ਼ਰੰਸ ਰੱਦ ਕਰਵਾਉਣ ਦੇ ਬਾਵਜੂਦ ਕਈ ਮੰਤਰੀ ਤੇ ਵਿਧਾਇਕ ਚਰਨਜੀਤ ਸਿੰਘ ਚੰਨੀ ਦੇ ਨਿਵਾਸ ਅਸਥਾਨ ’ਤੇ ਇਕੱਠੇ ਹੋਏ ਤੇ ਬੈਠਕ ਤੋਂ ਬਾਅਦ ਕੈਪਟਨ ਸਰਕਾਰ ਦੀ ਉਨਾਂ ਖੁੱਲ ਕੇ ਨੁਕਤਾਚੀਨੀ ਵੀ ਕੀਤੀ। ਮੀਟਿੰਗ ਤੋਂ ਬਾਅਦ ਪ੍ਰਦੇਸ਼ ਕਾਂਗਰਸ ਦੇ ਸਾਬਕਾ ਪ੍ਰਧਾਨ ਅਤੇ ਮੌਜੂਦਾ ਸੰਸਦ ਮੈਂਬਰ ਪ੍ਰਤਾਪ ਸਿੰਘ ਬਾਜਵਾ ਨੇ ਕਿਹਾ ਕਿ ਚੰਨੀ ਦੇ ਨਿਵਾਸ ’ਤੇ ਇਸ ਵਿਚਾਰ-ਵਟਾਂਦਰੇ ਵਿਚ 5 ਮੰਤਰੀ ਅਤੇ 7 ਵਿਧਾਇਕ ਹਾਜ਼ਰ ਸਨ।ਉਨਾਂ ਕਿਹਾ ਕਿ ਕਾਂਗਰਸ ਦੇ ਜਿਨਾਂ ਵਰਕਰਾਂ 10 ਸਾਲ ਦੇ ਸੰਘਰਸ਼ ਤੋਂ ਬਾਅਦ ਸਰਕਾਰ ਨੂੰ ਵਜੂਦ ਵਿਚ ਲਿਆਂਦਾ ਉਹ ਅੱਜ ਬੇਹੱਦ ਨਿਰਾਸ਼ ਹਨ, ਕਿਉਂਕਿ ਪੰਜਾਬ ਵਿਚ 4 ਸਾਲ ਤੋਂ ਕੋਈ ਚੁਣੀ ਲੋਕਤੰਤਰੀ ਸਰਕਾਰ ਨਹੀਂ, ਬਲਕਿ ਰਾਸ਼ਟਰਪਤੀ ਰਾਜ ਵਾਲਾ ਮਾਹੌਲ ਹੈ, ਜਿੱਥੇ ਕਿ ਸੇਵਾ-ਮੁਕਤ ਅਧਿਕਾਰੀ ਸੂਬਾ ਚਲਾ ਰਿਹਾ ਹੈ, ਮੁੱਖ ਮੰਤਰੀ ਦਾ ਨਿੱਜੀ ਦੋਸਤ ਐਡਵੋਕੇਟ ਜਨਰਲ ਹੈ, ਜਿਸ ਨੇ ਤਕਰੀਬਨ ਸਾਰੇ ਕੇਸ ਹਾਰੇ ਹਨ ਤੇ ਸੂਬੇ ਦਾ ਪੁਲਿਸ ਮੁਖੀ ਕੇਂਦਰ ਸਰਕਾਰ ਵਲੋਂ ਲਵਾਇਆ ਹੋਇਆ ਹੈ। ਉਨਾਂ ਕਿਹਾ ਕਿ ਰਾਜ ਦਾ ਵਿਜੀਲੈਂਸ ਅਗਰ 4 ਸਾਲ ਬਾਅਦ ਹਰਕਤ ਵਿਚ ਆਇਆ ਵੀ ਹੈ ਤਾਂ ਉਹ ਬਾਦਲਾਂ ਵਿਰੁੱਧ ਨਹੀਂ, ਬਲਕਿ ਕਾਂਗਰਸੀ ਮੰਤਰੀਆਂ ਤੇ ਵਿਧਾਇਕਾਂ ਦੀ ਬਾਂਹ ਮਰੋੜ ਰਿਹਾ ਹੈ। ਬਾਜਵਾ ਨੇ ਕਿਹਾ ਕਿ ਨਵਜੋਤ ਸਿੰਘ ਸਿੱਧੂ, ਪ੍ਰਗਟ ਸਿੰਘ ਅਤੇ ਚਰਨਜੀਤ ਸਿੰਘ ਚੰਨੀ ਵਿਰੁੱਧ ਕਾਰਵਾਈ ਪੂਰਨ ਤੌਰ ’ਤੇ ਗੈਰ-ਲੋਕਤੰਤਰੀ ਅਤੇ ਪਾਰਟੀ ਹਿੱਤਾਂ ਦੇ ਵਿਰੁੱਧ ਹੈ ਅਤੇ ਉਹ ਉਨਾਂ ਸਾਰੇ ਆਗੂਆਂ ਨਾਲ ਖੜੇ ਹਨ, ਜਿਨਾਂ ਨੂੰ ਸਰਕਾਰ ਧਮਕਾ ਰਹੀ ਹੈ। ਉਨਾਂ ਕਿਹਾ ਕਿ ਮਹਿਲਾ ਕਮਿਸ਼ਨ ਦੀ ਚੇਅਰਪਰਸਨ ਜੋ ਬਿਨਾਂ ਕਿਸੇ ਸ਼ਿਕਾਇਤ ਤੋਂ ਵਾਵਰੋਲਾ ਖੜਾ ਕਰ ਰਹੀ ਹੈ ਉਸ ਨੂੰ ਸ਼ਹਿ ਕਿੱਥੋਂ ਮਿਲ ਰਹੀ ਹੈ, ਉਹ ਸਭ ਨੂੰ ਸਪਸ਼ਟ ਹੈ। ਕੈਬਨਿਟ ਮੰਤਰੀ ਚਰਨਜੀਤ ਸਿੰਘ ਚੰਨੀ ਨੇ ਕਿਹਾ ਕਿ ਮੁੱਖ ਮੁੱਦਾ ਤਾਂ ਗੁਰੂ ਦੀ ਬੇਅਦਬੀ ਅਤੇ ਸ਼ਾਂਤਮਈ ਸ਼ਰਧਾਲੂਆਂ ’ਤੇ ਗੋਲਾਬਾਰੀ ਦਾ ਹੈ, ਜਿਸ ਸਬੰਧੀ ਅਸੀਂ ਆਪਣੇ ਚੋਣ ਵਾਅਦਿਆਂ ਨੂੰ ਪੂਰਾ ਨਹੀਂ ਕਰ ਰਹੇ। ਕੈਬਨਿਟ ਮੰਤਰੀ ਸ. ਸੁਖਜਿੰਦਰ ਸਿੰਘ ਰੰਧਾਵਾ ਨੇ ਵੀ ਸ. ਚੰਨੀ ਦੇ ਨਿਵਾਸ ਬਾਹਰ ਗੱਲਬਾਤ ਕਰਦਿਆਂ ਕਿਹਾ ਕਿ ਮਹਿਲਾ ਕਮਿਸ਼ਨ ਇਕ ਵਿਧਾਨਕ ਸੰਸਥਾ ਹੈ ਪਰ ਚੇਅਰਪਰਸਨ ਨੂੰ 3 ਸਾਲ ਬਾਅਦ ਇਕ ਮੁੱਦੇ ਦੀ ਯਾਦ ਕਿਉਂ ਆਈ ਹੈ, ਜਦੋਂ ਕਿ ਔਰਤਾਂ ਵਿਰੁੱਧ ਹੋਈਆਂ ਹੋਰ ਘਟਨਾਵਾਂ ਦਾ ਉਨਾਂ ਨੋਟਿਸ ਨਹੀਂ ਲਿਆ।ਉਨਾਂ ਕਿਹਾ ਕਿ ਅਸਲ ਮੁੱਦਾ ਤਾਂ ਬੇਅਦਬੀ ਦੇ ਦੋਸ਼ੀਆਂ ਵਿਰੁੱਧ ਕਾਰਵਾਈ ਦਾ ਹੈ। ਉਨਾਂ ਕਿਹਾ ਕਿ ਜਦੋਂ ਸੰਤ ਮਹਾਤਮਾ ਨੇ ਮੇਰੇ ਘਰ ਬਾਹਰ ਧਰਨਾ ਲਗਾਇਆ ਅਤੇ ‘ਕੁੱਤਾ ਰਾਜ ਬਹਾਲੀਏ’ ਦਾ ਸ਼ਬਦ ਲਗਾਇਆ ਤਾਂ ਮੇਰੇ ਮਨ ਨੂੰ ਵੱਡੀ ਠੇਸ ਲੱਗੀ। ਉਨਾਂ ਕਿਹਾ ਕਿ ਮੈਂ ਨਾ ਕਿਸੇ ਜਾਂਚ ਤੋਂ ਡਰਦਾ ਤੇ ਨਾ ਹੀ ਜੇਲ ਜਾਣ ਤੋਂ ਡਰਦਾ ਹਾਂ। ਇਸੇ ਦੌਰਾਨ ਪਾਰਟੀ ਹਾਈਕਮਾਨ ਵਲੋਂ ਸੰਕੇਤ ਦਿੱਤਾ ਗਿਆ ਕਿ ਪਾਰਟੀ ਦੇ ਕੌਮੀ ਮੀਤ ਪ੍ਰਧਾਨ ਰਾਹੁਲ ਗਾਂਧੀ ਇਸ ਹਫ਼ਤੇ ਦੇ ਆਖ਼ਰੀ ਦਿਨ ਪੰਜਾਬ ਦੇ ਮੰਤਰੀਆਂ ਅਤੇ ਵਿਧਾਇਕਾਂ ਨੂੰ ਸੂਬੇ ਦੇ ਹਾਲਾਤ ਜਾਣਨ ਅਤੇ ਮੌਜੂਦਾ ਸੰਕਟ ਦੇ ਨਿਬੇੜੇ ਲਈ ਦਿੱਲੀ ਬੁਲਾ ਸਕਦੇ ਹਨ।

**ਕੈਪਟਨ ਜਲਦ ਹੀ ਹਾਈਕਮਾਂਡ ਦੇ ਸਾਹਮਣੇ ਉਠਾਉਣਗੇ ਸਿੱਧੂ ਦਾ ਮਾਮਲਾ**

**ਕੈਪਟਨ ਪਰਗਟ ਸਿੰਘ ਤੋਂ ਖ਼ਫਾ**

ਕੈਪਟਨ ਸਿੱਧੂ ਦੇ ਟਵੀਟ ਅਤੇ ਵਿਧਾਇਕ ਪਰਗਟ ਸਿੰਘ ਵੱਲੋਂ ਕੀਤੀ ਗਈ ਪ੍ਰੈੱਸ ਕਾਨਫ਼ਰੰਸ ਤੋਂ ਬਹੁਤ ਖ਼ਫਾ ਦੱਸੇ ਜਾ ਰਹੇ ਹਨ। ਪਰਗਟ ਸਿੰਘ ਨੇ ਜਿਸ ਤਰਾਂ ਦੇ ਦੋਸ਼ ਮੁੱਖ ਮੰਤਰੀ ਅਤੇ ਉਨਾਂ ਦੇ ਸਿਆਸੀ ਸਕੱਤਰ ਕੈਪਟਨ ਸੰਦੀਪ ਸੰਧੂ ’ਤੇ ਲਾਏ ਹਨ, ਉਹ ਬਹੁਤ ਗੰਭੀਰ ਮਾਮਲਾ ਹੈ, ਜਿਸ ਬਾਰੇ ਕੈਪਟਨ ਨੇ ਆਪਣੇ ਭਰੋਸੇਯੋਗ ਵਿਅਕਤੀਆਂ ਨਾਲ ਚਰਚਾ ਵੀ ਕੀਤੀ ਹੈ। **ਬਾਕੀ ਸਫ਼ਾ 30 ’ਤੇ**

# ਹਾਈਕਮਾਨ ਦੇ ਦਖ਼ਲ ਤੋਂ ਬਾਅਦ ਕਾਂਗਰਸ ਵਿਚ ਤਕਰਾਰ ਰੁਕਿਆ

**ਚੰਡੀਗੜ/ਏ.ਟੀ.ਨਿਊਜ਼:** ਕਾਂਗਰਸ ਹਾਈਕਮਾਨ ਵਲੋਂ ਪੰਜਾਬ ਕਾਂਗਰਸ ਵਿਚ ਚੱਲ ਰਹੀ ਖ਼ਾਨਾ-ਜੰਗੀ ਖਤਮ ਕਰਨ ਸਬੰਧੀ ਦੋਵਾਂ ਧੜਿਆਂ ਨੂੰ ਮਿਲੇ ਆਦੇਸ਼ ਤੋਂ ਬਾਅਦ ਦੋਵਾਂ ਧੜਿਆਂ ਨੇ ਇਕ-ਦੂਸਰੇ ’ਤੇ ਹਮਲੇ ਰੋਕ ਦਿੱਤੇ ਹਨ। ਸੂਚਨਾ ਅਨੁਸਾਰ ਮੁੱਖ ਮੰਤਰੀ ਨੂੰ ਆਦੇਸ਼ ਦਿੱਤਾ ਗਿਆ ਹੈ ਕਿ ਉਨਾਂ ਵਲੋਂ ਕਿਸੇ ਮੰਤਰੀ ਜਾਂ ਵਿਧਾਇਕ ਖ਼ਿਲਾਫ਼ ਕੋਈ ਕਾਰਵਾਈ ਨਾ ਹੋਵੇ। ਪ੍ਰੰਤੂ ਨਾਖ਼ੁਸ਼ ਧੜੇ ਦੇ ਆਗੂਆਂ ਨੇ ਦੱਸਿਆ ਕਿ ਉਨਾਂ ਨੂੰ ਆਪਣੀਆਂ ਸਰਗਰਮੀਆਂ 4-5 ਦਿਨਾਂ ਲਈ ਰੋਕਣ ਲਈ ਕਿਹਾ ਗਿਆ ਹੈ ਪਰ ਮਹਿਲਾ ਕਮਿਸ਼ਨ ਜੋ ਕਿ ਇਕ ਖ਼ੁਦਮੁਖ਼ਤਿਆਰ ਸੰਵਿਧਾਨਕ ਆਧਾਰ ਹੈ, ਉਸ ਦੀ ਚੇਅਰਪਰਸਨ ਵਲੋਂ ਸੋਮਵਾਰ ਤੋਂ ਧਰਨਾ ਅਤੇ ਵਰਤ ਦੇ ਪ੍ਰੋਗਰਾਮ ਦਾ ਕੀ ਹੋਵੇਗਾ, ਉਸ ਸਬੰਧੀ ਸਥਿਤੀ ਸਪੱਸ਼ਟ ਨਹੀਂ ਹੈ। ਕਾਂਗਰਸੀ ਸੂਤਰਾਂ ਦਾ ਕਹਿਣਾ ਹੈ ਕਿ ਪਾਰਟੀ ਵਿਚਲੇ ਸਾਰੇ ਧੜਿਆਂ ਲਈ ਇਸ ਵੇਲੇ ਸਭ ਤੋਂ ਮਹੱਤਵਪੂਰਨ ਮੁੱਦਾ ਪ੍ਰਦੇਸ਼ ਕਾਂਗਰਸ ਦੀ ਪ੍ਰਧਾਨਗੀ ਅਤੇ ਨਵੇਂ ਢਾਂਚੇ ਦਾ ਹੈ ਕਿਉਂਕਿ ਜਿਸ ਕੋਲ ਪ੍ਰਧਾਨਗੀ ਹੋਵੇਗੀ ਉਸ ਦੀ ਹੀ 2022 ਚੋਣਾਂ ਲਈ ਟਿਕਟਾਂ ਦੀ ਵੰਡ ਵਿਚ ਸਰਦਾਰੀ ਰਹੇਗੀ। ਨਵਜੋਤ ਸਿੰਘ ਸਿੱਧੂ ਨੂੰ ਅਗਲਾ ਪ੍ਰਧਾਨ ਥਾਪਣ ਦੇ ਚਰਚਿਆਂ ਕਾਰਨ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦਾ ਧੜਾ ਕਾਫ਼ੀ ਪ੍ਰੇਸ਼ਾਨ ਹੈ ਤੇ ਇਸੇ ਕਾਰਨ ਮੁੱਖ ਮੰਤਰੀ ਉਨਾਂ ਖ਼ਿਲਾਫ਼ ਲਗਾਤਾਰ ਬਿਆਨਬਾਜ਼ੀ ਕਰਦੇ ਰਹੇ ਹਨ। ਚਰਚਾ ਇਹ ਵੀ ਹੈ ਕਿ ਮੁੱਖ ਮੰਤਰੀ ਦੇ ਤਿੱਖੇ ਵਿਰੋਧ ਕਾਰਨ ਹੀ ਪਾਰਟੀ ਹਾਈਕਮਾਨ ਨੇ ਪ੍ਰਦੇਸ਼ ਕਾਂਗਰਸ ਦੇ ਪੁਨਰਗਠਨ ਸਬੰਧੀ ਐਲਾਨ ਰੋਕਿਆ ਹੋਇਆ ਹੈ। ਜਦੋਂ ਕਿ ਸ. ਰਵਨੀਤ ਸਿੰਘ ਬਿੱਟੂ ਅਤੇ ਸ. ਸੁਖਜਿੰਦਰ ਸਿੰਘ ਰੰਧਾਵਾ ਵਰਗੇ ਕੁਝ ਆਗੂ ਵੀ ਕਿਸੇ ਟਕਸਾਲੀ ਕਾਂਗਰਸੀ ਆਗੂ ਨੂੰ ਪ੍ਰਦੇਸ਼ ਕਾਂਗਰਸ ਦਾ ਨਵਾਂ ਪ੍ਰਧਾਨ ਥਾਪਣ ਦੀ ਵਕਾਲਤ ਕਰਨ ਲੱਗ ਪਏ ਹਨ। ਲਗਾਤਾਰ ਬਦਲ ਰਹੇ ਇਨਾਂ ਹਾਲਾਤ ਦੌਰਾਨ ਪਾਰਟੀ ਹਾਈਕਮਾਨ ਕੀ ਫ਼ੈਸਲਾ ਲੈਂਦੀ ਹੈ, ਇਹ ਵੇਖਣ ਵਾਲੀ ਗੱਲ ਹੋਵੇਗੀ। ਇਸੇ ਦੌਰਾਨ ਪਾਰਟੀ ਹਾਈਕਮਾਨ ਵਲੋਂ ਸ੍ਰੀ ਰਾਹੁਲ ਗਾਂਧੀ ਦੀਆਂ ਵਿਧਾਇਕਾਂ ਤੇ ਮੰਤਰੀਆਂ ਨਾਲ ਵੱਖੋ-ਵੱਖ ਮੀਟਿੰਗਾਂ ਦੇ ਪ੍ਰੋਗਰਾਮ ਉਲੀਕਣ ਲਈ ਵੀ ਚਰਚੇ ਜਾਰੀ ਹਨ। ਪਤਾ ਲੱਗਾ ਹੈ ਕਿ ਰਾਹੁਲ ਗਾਂਧੀ 80 ਕਾਂਗਰਸ ਦੇ ਚੁਣੇ ਵਿਧਾਇਕਾਂ ਤੋਂ ਇਲਾਵਾ 37 ਹਾਰੇ ਹੋਏ ਉਮੀਦਵਾਰਾਂ, ਸੰਸਦ ਮੈਂਬਰਾਂ, ਜ਼ਿਲਾ ਪ੍ਰਧਾਨਾਂ ਅਤੇ ਪ੍ਰਦੇਸ਼ ਕਾਂਗਰਸ ਦੇ ਮੌਜੂਦਾ ਪ੍ਰਧਾਨ ਨੂੰ ਮਿਲਣ ਦਾ ਵੀ ਪ੍ਰੋਗਰਾਮ ਬਣਾ ਰਹੇ ਹਨ। ਸੂਤਰਾਂ ਦਾ ਦੱਸਣਾ ਹੈ ਕਿ ਸ੍ਰੀ ਰਾਹੁਲ ਗਾਂਧੀ ਜੇਕਰ ਰੋਜ਼ਾਨਾ 120 ਲੋਕਾਂ ਨੂੰ ਵੀ ਮਿਲਣ ਦਾ ਪ੍ਰੋਗਰਾਮ ਰੱਖਦੇ ਹਨ ਤਾਂ ਸਾਰੇ ਲੋਕਾਂ ਦੇ ਵਿਚਾਰ ਅਤੇ ਰਾਏ ਜਾਣਨ ਵਿਚ ਇਕ ਹਫ਼ਤਾ ਲੱਗ ਜਾਵੇਗਾ। ਇਸੇ ਦੌਰਾਨ ਨਾਖ਼ੁਸ਼ ਧੜੇ ਦੇ ਆਗੂ ਪ੍ਰਤਾਪ ਸਿੰਘ ਬਾਜਵਾ ਨੇ ਕਿਹਾ ਕਿ ਇਸ ਵੇਲੇ ਸਾਡੀ ਮੰਗ ਕੈਪਟਨ ਨੂੰ ਬਦਲਣਾ ਨਹੀਂ, ਬਲਕਿ ਅਸੀਂ ਚਾਹੁੰਦੇ ਹਾਂ ਕਿ ਕੈਪਟਨ ਕੋਲੋਂ ਸਾਰੇ ਵਾਅਦੇ 30-40 ਦਿਨਾਂ ਵਿਚ ਪੂਰੇ ਕਰਵਾਉਣ ਦਾ ਵਚਨ ਲਿਆ ਜਾਵੇ ਪਰ ਜੇ ਉਹ ਇਸ ਤਰਾਂ ਨਹੀਂ ਕਰ ਸਕਦੇ ਤਾਂ ਫਿਰ ਉਹ ਆਪਣਾ ਰਸਤਾ ਵਿਚਾਰ ਲੈਣ। ਉਨਾਂ ਕਿਹਾ ਕਿ ਚੋਣ ਵਾਅਦੇ ਪੂਰੇ ਨਾ ਹੋਣ ਅਤੇ ਸਰਕਾਰੀ ਕਾਰਜਸ਼ੈਲੀ ਤੋਂ ਪਾਰਟੀ ਆਗੂਆਂ ਤੇ ਵਰਕਰਾਂ ਨੂੰ ਦੂਰ ਭਜਾਉਣ ਕਾਰਨ ਅੱਜ ਪਾਰਟੀ ਵੱਡੇ ਸਿਆਸੀ ਸੰਕਟ ਦਾ ਸਾਹਮਣਾ ਕਰ ਰਹੀ ਹੈ ਅਤੇ ਹਰ ਵਿਧਾਇਕ ਨੂੰ ਆਪਣੀ ਸੀਟ ਖ਼ਤਰੇ ਵਿਚ ਨਜ਼ਰ ਆ ਰਹੀ ਹੈ। ਜਿਸ ਕਾਰਨ ਪਾਰਟੀ ਲਈ ਆਪਣੇ ਤੌਰ-ਤਰੀਕਿਆਂ ਅਤੇ ਕਾਰਜਸ਼ੈਲੀ ਵਿਚ ਦਰੁਸਤੀਆਂ ਲਿਆਉਣ ਦੀ ਲੋੜ ਹੈ। ਪਾਰਟੀ ਸੂਤਰਾਂ ਦਾ ਕਹਿਣਾ ਹੈ ਕਿ ਹਾਈਕਮਾਨ ਹੁਣ ਪੰਜਾਬ ਕਾਂਗਰਸ ਦੇ ਇਸ ਕਾਟੋ-ਕਲੇਸ਼ ਨੂੰ ਕਿੰਨੇ ਚੰਗੇ ਢੰਗ ਨਾਲ ਹੱਲ ਕਰਦੀ ਹੈ, ਉਹ 2022 ਚੋਣਾਂ ਲਈ ਕਾਫ਼ੀ ਮਹੱਤਵਪੂਰਨ ਹੋਵੇਗਾ।

# ਪੰਜਾਬ ਦੇ ਪਾਣੀਆਂ ਦਾ ਮਸਲਾ

## ✪ ਸੰਤਾਲੀ ਤੋਂ ਪਹਿਲਾਂ ਰਾਜਸਥਾਨ ਕਰਦਾ ਸੀ ਪੰਜਾਬ ਨੂੰ ਮਾਲੀਆ ਅਦਾ ✪ ਪੰਜਾਬ ਦਾ ਪੱਖ ਇਸ ਮਸਲੇ ਨੂੰ ਰਿਪੇਰੀਅਨ ਸਿਧਾਂਤ ਅਨੁਸਾਰ ਨਿਬੇੜੋ

**ਪਰਵਿੰਦਰ ਸਿੰਘ ਢੀਂਡਸਾ**

ਪੰਜਾਬ ਦੇ ਫਿਰੋਜ਼ਪੁਰ ਹੈੱਡ ਵਰਕਸ ਤੋਂ ਨਿਕਲਦੀ ਗੰਗ ਨਹਿਰ ਨੂੰ ਬੀਕਾਨੇਰ ਫੀਡਰ ਦੇ ਨਾਂ ਨਾਲ ਜਾਣਿਆ ਜਾਂਦਾ ਸੀ। ਇਹ ਨਹਿਰ ਪੰਜਾਬ ਤੋਂ ਰਾਜਸਥਾਨ ਨੂੰ ਪਾਣੀ ਲੈ ਕੇ ਜਾਂਦੀ ਸੀ। ਪੰਜਾਬ ਸਦੀਆਂ ਤੋਂ ਪਾਣੀ ਦੇ ਰੂਪ 'ਚ ਪ੍ਰਾਪਤ ਕੁਦਰਤੀ ਸਾਧਨ ਦੇ ਬਹੁਤਾਤ ਵਾਲਾ ਸੂਬਾ ਹੈ, ਤਾਂ ਹੀ ਪੰਜਾਬ ਦਾ ਵਾਧੂ ਪਾਣੀ ਰਾਜਸਥਾਨ ਨੂੰ ਦਿੱਤਾ ਜਾਂਦਾ ਸੀ ਪਰ ਇਵਜ਼ ਵਜੋਂ ਬੀਕਾਨੇਰ ਦਾ ਮਹਾਰਾਜਾ ਪੰਜਾਬ ਨੂੰ ਮਾਲੀਆ ਅਦਾ ਕਰਦਾ ਸੀ। 1947 ਤੱਕ ਇਹ ਸਿਸਟਮ ਚੱਲਦਾ ਰਿਹਾ ਪਰ ਆਜ਼ਾਦੀ ਤੋਂ ਬਾਅਦ ਭਾਰਤ ਸਰਕਾਰ ਨੇ ਰਾਸ਼ਟਰੀਕਰਨ ਦੇ ਨਾਂ ਹੇਠ ਇਹ ਮਾਲੀਆ ਤਾਂ ਬੰਦ ਕਰ ਦਿੱਤਾ ਪਰ ਬੀਕਾਨੇਰ ਫੀਡਰ ਚੱਲਦੀ ਰਹੀ। 1950 ਵਿਚ ਨਹਿਰੂ ਸਰਕਾਰ ਨੇ ਪੰਜਾਬ ਦੇ ਦਰਿਆਵਾਂ ਨੂੰ ਜੋੜਨ ਦੇ ਨਾਂ ਨਾਲ ਇੱਕ ਯੋਜਨਾ ਤੇ ਕੰਮ ਸ਼ੁਰੂ ਕੀਤਾ। ਉਸ ਸਮੇਂ ਗੁਲਜ਼ਾਰੀ ਲਾਲ ਨੰਦਾ ਭਾਰਤ ਦਾ ਸਿੰਚਾਈ ਮੰਤਰੀ ਸੀ। ਉਨਾਂ 1950 ਵਿਚ ਇਸ ਯੋਜਨਾ ਅਧੀਨ ਭਾਖੜਾ ਡੈਮ ਅਤੇ ਹਰੀਕੇ ਹੈੱਡਵਰਕਸ ਦਾ ਕੰਮ ਸ਼ੁਰੂ ਕਰਵਾਇਆ। ਭਾਖੜਾ ਡੈਮ ਲਈ ਬਿਆਸ ਅਤੇ ਸਤਲੁਜ ਦੇ ਮਿਲਾਣ ਲਈ 'ਬਿਆਸ ਸਤਲੁਜ ਲਿੰਕ ਨਹਿਰ' (ਬੀਐੱਸਐੱਲ) ਦੀ ਉਸਾਰੀ ਆਰੰਭੀ ਗਈ ਜੋ ਅੱਜਕੱਲ ਹਿਮਾਚਲ ਪ੍ਰਦੇਸ਼ ਦਾ ਭਾਗ ਹੈ। ਇਸ ਲਈ ਹਿਮਾਚਲ ਪ੍ਰਦੇਸ਼ ਦੇ ਮੰਡੀ ਸ਼ਹਿਰ ਕੋਲ ਬੰਨ ਬਣਾਇਆ ਗਿਆ। ਮੰਡੀ ਤੋਂ ਰਿਗਰ ਤੱਕ ਸੁਰੰਗ ਰਾਹੀਂ, ਰਿਗਰ ਤੋਂ ਸੁੰਦਰ ਨਗਰ ਤੱਕ ਖੁੱਲੀ ਨਹਿਰ ਰਾਹੀਂ ਅਤੇ ਸੁੰਦਰ ਨਗਰ ਤੋਂ ਫਿਰ ਗੋਬਿੰਦ ਸਾਗਰ ਤੱਕ ਨਹਿਰ ਦਾ ਨਿਰਮਾਣ ਕੀਤਾ ਗਿਆ। ਗੋਬਿੰਦ ਸਾਗਰ ਝੀਲ ਰਾਹੀਂ ਇਹ ਨਹਿਰ ਸਤਲੁਜ ਨਾਲ ਮਿਲਦੀ ਹੈ। ਇਹ ਪਾਣੀ ਕੁੱਲ ਮਿਲਾ ਕੇ 7.5 ਮਿਲੀਅਨ ਏਕੜ ਫੁੱਟ ਬਣਦਾ ਹੈ। ਇੱਕ ਮਿਲੀਅਨ ਏਕੜ ਫੁੱਟ ਪਾਣੀ ਦਾ ਭਾਵ ਹੈ ਕਿ ਜੇ ਇੱਕ ਮਿਲੀਅਨ ਏਕੜ ਵਿਚ ਇੱਕ ਫੁੱਟ ਪਾਣੀ ਖੜਾ ਕਰ ਦਿੱਤਾ ਜਾਵੇ।

ਗੋਬਿੰਦ ਸਾਗਰ ਤੋਂ ਜੋ ਪਾਣੀ ਛੱਡਿਆ ਜਾਂਦਾ ਹੈ, ਉਸ ਨੂੰ 13 ਕਿਲੋਮੀਟਰ ਅੱਗੇ ਜਾ ਕੇ ਨੰਗਲ ਡੈਮ ਵਿਚ ਰੋਕ ਲਿਆ ਜਾਂਦਾ ਹੈ। ਇੱਥੋਂ ਅਲੱਗ ਅਲੱਗ ਨਹਿਰਾਂ ਕੱਢ ਕੇ ਪਾਣੀ ਅਲੱਗ ਅਲੱਗ ਸੂਬਿਆਂ ਨੂੰ ਭੇਜਿਆ ਜਾਂਦਾ ਹੈ। ਭਾਖੜਾ ਨਹਿਰ ਜੋ 1954 ਵਿਚ ਬਣੀ ਸੀ, ਰਾਹੀਂ ਹਰਿਆਣਾ, ਦਿੱਲੀ ਅਤੇ ਰਾਜਸਥਾਨ ਨੂੰ ਪਾਣੀ ਜਾਂਦਾ ਹੈ। 29 ਜਨਵਰੀ 1955 ਨੂੰ ਇੱਕ ਸਮਝੌਤਾ ਲਿਖਿਆ ਗਿਆ ਜਿਸ ਰਾਹੀਂ ਰਾਵੀ ਅਤੇ ਬਿਆਸ ਦਰਿਆ ਨੂੰ ਆਪਸ ਵਿਚ ਮਿਲਾਉਣਾ ਸੀ। ਇਸ ਤਹਿਤ ਰਾਵੀ ਦੇ ਪਾਣੀ ਨੂੰ ਪਠਾਨਕੋਟ ਦੇ ਨਜ਼ਦੀਕ ਮਾਧੋਪੁਰ ਹੈੱਡਵਰਕਸ ਤੇ ਰੋਕਿਆ ਗਿਆ। ਮਾਧੋਪੁਰ ਹੈੱਡਵਰਕਸ ਦਾ ਨਿਰਮਾਣ 1902 ਵਿਚ ਅੰਗਰੇਜ਼ਾਂ ਨੇ ਮਾਝੇ ਦੇ ਇਲਾਕੇ ਦੀ ਸਿੰਚਾਈ ਲਈ ਕੀਤਾ ਸੀ। ਇੱਥੋਂ 'ਰਾਵੀ-ਬਿਆਸ ਲਿੰਕ ਨਹਿਰ' (ਆਰਬੀਐੱਲ) ਕੱਢੀ ਗਈ ਤਾਂ ਕਿ ਰਾਵੀ ਦੇ ਪਾਣੀ ਨੂੰ ਬਿਆਸ ਵਿਚ ਮਿਲਾਇਆ ਜਾ ਸਕੇ। ਇਸ ਦੇ ਨਾਲ ਹੀ ਹਰੀਕੇ ਪੱਤਣ ਜਿੱਥੇ ਸਤਲੁਜ ਤੇ ਬਿਆਸ ਦਰਿਆ ਆਪਸ ਵਿਚ ਮਿਲਦੇ ਹਨ, ਵਿਖੇ ਨਵਾਂ ਹੈੱਡਵਰਕਸ ਬਣਾਇਆ ਗਿਆ। ਇਸ ਹੈੱਡਵਰਕਸ ਵਿਚ ਰਾਵੀ, ਬਿਆਸ ਅਤੇ ਸਤਲੁਜ ਦਾ ਪਾਣੀ ਇਕੱਠਾ ਕਰ ਕੇ ਦੋ ਨਵੀਆਂ ਨਹਿਰਾਂ ਦਾ ਨਿਰਮਾਣ ਕੀਤਾ ਗਿਆ। ਪਹਿਲੀ ਨਹਿਰ ਤਾਂ ਪੁਰਾਣੀ 'ਬੀਕਾਨੇਰ ਫੀਡਰ' ਨੂੰ ਸਪਲਾਈ ਦੇਣ ਲਈ ਸੀ, ਦੂਜੀ ਨਹਿਰ ਜਿਸ ਨੂੰ ਇੰਦਰਾ ਗਾਂਧੀ ਨਹਿਰ ਜਾਂ 'ਰਾਜਸਥਾਨ ਫੀਡਰ' ਵੀ ਕਿਹਾ ਜਾਂਦਾ ਹੈ, 1961 ਵਿਚ ਕੱਢੀ ਗਈ ਜਿਸ ਰਾਹੀਂ ਰਾਜਸਥਾਨ ਦੇ ਜੈਸਲਮੇਰ ਤੱਕ ਪਾਣੀ ਪਹੁੰਚਾਇਆ ਜਾਂਦਾ ਸੀ। ਇਸ ਸਕੀਮ ਨੂੰ ਭਾਰਤ ਸਰਕਾਰ ਨੇ ਜਦ ਸੰਸਾਰ ਬੈਂਕ ਅੱਗੇ ਰੱਖ ਕੇ ਆਪਣੀ ਦਲੀਲ ਪੇਸ਼ ਕੀਤੀ ਕਿ ਇਸ ਰਾਹੀਂ ਰਾਜਸਥਾਨ ਦੇ ਮਾਰੂਥਲੀ ਪ੍ਰਭਾਵਿਤ ਇਲਾਕਿਆਂ ਨੂੰ ਆਬਾਦ ਕੀਤਾ ਜਾਵੇਗਾ ਤਾਂ ਸੰਸਾਰ ਬੈਂਕ ਨੇ ਇਸ ਨੂੰ 'ਸ਼ੱਕੀ ਅਤੇ ਗ਼ੈਰ ਵਾਜਿਬ' ਕਹਿ ਕੇ ਰੱਦ ਕਰ ਦਿੱਤਾ ਸੀ, ਫਿਰ ਵੀ ਭਾਰਤ ਸਰਕਾਰ ਨੇ ਇਨਾਂ ਨਹਿਰਾਂ ਦੀ ਉਸਾਰੀ ਕਰਵਾਈ। ਸੰਸਾਰ ਬੈਂਕ ਨੇ ਆਪਣੀ ਦਲੀਲ ਵਿਚ ਕਿਹਾ ਸੀ ਕਿ ਇਸ ਰਾਹੀਂ ਇੱਕ ਰਾਜ ਦੇ ਕੁਦਰਤੀ ਸਾਧਨਾਂ ਨਾਲ ਦੂਜੇ ਰਾਜ ਨੂੰ ਆਬਾਦ ਕਰਨ ਦੀ ਯੋਜਨਾ ਸੀ। ਰਾਜਸਥਾਨ ਫੀਡਰ ਨਹਿਰ ਜੋ ਲਗਭਗ 650 ਕਿਲੋਮੀਟਰ ਲੰਮੀ ਹੈ, ਰਾਹੀਂ ਪੰਜਾਬ ਦੇ ਦਰਿਆਵਾਂ ਦਾ 7.6 ਮਿਲੀਅਨ ਏਕੜ ਫੁੱਟ ਪਾਣੀ ਬਾਹਰ ਜਾ ਰਿਹਾ ਹੈ।

1947 ਵਿਚ ਪੰਜਾਬ ਦੀ ਵੰਡ ਨਾਲ ਦਰਿਆਈ ਪਾਣੀਆਂ ਦਾ ਮਸਲਾ ਵੀ ਖੜਾ ਹੋ ਗਿਆ। ਆਜ਼ਾਦੀ ਤੋਂ ਪਹਿਲਾਂ ਫਿਰੋਜ਼ਪੁਰ ਹੈੱਡਵਰਕਸ ਦੇ ਨਾਲ ਹੀ ਸੁਲੇਮਾਨਕੀ ਹੈੱਡਵਰਕਸ ਬਣਾਇਆ ਗਿਆ ਸੀ ਜੋ ਜ਼ਿਲਾ ਮਿੰਟਗੁਮਰੀ ਅਤੇ ਮੁਲਤਾਨ ਦੇ ਇਲਾਕਿਆਂ ਨੂੰ ਸਿੰਜਦਾ ਸੀ, ਇਸ ਲਈ ਸੁਲੇਮਾਨਕੀ ਦੇ ਨਾਲ ਨਾਲ ਫਿਰੋਜ਼ਪੁਰ ਹੈੱਡਵਰਕਸ ਨੂੰ ਵੀ ਪੱਛਮੀ ਪੰਜਾਬ ਦਾ ਹਿੱਸਾ ਬਣਾਉਣ ਦੀ ਮੰਗ ਹੋ ਰਹੀ ਸੀ। ਫਿਰੋਜ਼ਪੁਰ ਹੈੱਡਵਰਕਸ ਤੋਂ ਤਿੰਨ ਮੁੱਖ ਨਹਿਰਾਂ ਨਿਕਲਦੀਆਂ ਸਨ ਜਿਨਾਂ ਵਿਚੋਂ ਪੂਰਬੀ ਨਹਿਰ ਤੇ ਗੰਗ ਨਹਿਰ ਫਿਰੋਜ਼ਪੁਰ ਜ਼ਿਲਾ ਤੇ ਬੀਕਾਨੇਰ ਰਿਆਸਤ ਨੂੰ ਸਿੰਜਦੀ ਸੀ ਅਤੇ ਦੀਪਾਲਪੁਰ ਨਹਿਰ ਪੱਛਮੀ ਪੰਜਾਬ ਦੇ





ਲਾਹੌਰ ਤੇ ਮਿੰਟਗੁਮਰੀ ਜ਼ਿਲਿਆਂ ਨੂੰ ਸਿੰਜਦੀ ਸੀ। ਇਸ ਲਈ ਫਿਰੋਜ਼ਪੁਰ ਹੈੱਡਵਰਕਸ ਦੋਵਾਂ ਦੇਸ਼ਾਂ ਲਈ ਅਹਿਮ ਸੀ ਅਤੇ ਇਸ ਬਾਰੇ ਤਕਰੀਬਨ 10-12 ਸਾਲ ਝਗੜਾ ਚੱਲਦਾ ਰਿਹਾ; ਅਖੀਰ ਇਸ ਦਾ ਫੈਸਲਾ ਜਨਵਰੀ 1960 ਵਿਚ ਹੋਇਆ। ਇਸ ਫੈਸਲੇ ਤਹਿਤ ਭਾਰਤ ਸੁਲੇਮਾਨਕੀ ਹੈੱਡਵਰਕਸ ਦੇ ਸਹੀ ਪ੍ਰਬੰਧ ਲਈ ਪਾਕਿਸਤਾਨ ਨੂੰ 9 ਵਰਗ ਮੀਲ ਜਗਾ ਦੇਣ ਲਈ ਰਾਜ਼ੀ ਹੋ ਗਿਆ, ਬਦਲੇ ਵਿਚ ਪਾਕਿਸਤਾਨ ਵੀ ਫਿਰੋਜ਼ਪੁਰ ਹੈੱਡਵਰਕਸ ਦੇ ਸਹੀ ਪ੍ਰਬੰਧ ਲਈ ਭਾਰਤ ਨੂੰ ਕਰੀਬ 9.3 ਵਰਗ ਮੀਲ ਥਾਂ ਦੇਣ ਲਈ ਸਹਿਮਤ ਹੋਇਆ।

ਦੀਪਾਲਪੁਰ ਵਾਂਗ ਅਪਰ ਬਾਰੀ ਨਹਿਰ ਜੋ ਪੱਛਮੀ ਪੰਜਾਬ ਦੇ ਲਾਹੌਰ ਤੇ ਮਿੰਟਗੁਮਰੀ ਇਲਾਕਿਆਂ ਨੂੰ ਸਿੰਜਦੀ ਸੀ, ਨੂੰ ਪੂਰਬੀ ਪੰਜਾਬ ਦੇ ਮਾਧੋਪੁਰ ਹੈੱਡਵਰਕਸ ਤੋਂ ਕੰਟਰੋਲ ਕੀਤਾ ਜਾਂਦਾ ਸੀ। ਭਾਰਤ ਦੀ ਦਲੀਲ ਸੀ ਕਿ ਭਾਰਤ ਵਿਚੋਂ ਪੈਦਾ ਹੋਏ ਇਨਾਂ ਦਰਿਆਵਾਂ ਤੇ ਭਾਰਤ ਦਾ ਹੀ ਕੰਟਰੋਲ ਹੋਣਾ ਚਾਹੀਦਾ ਹੈ, ਦੂਜੇ ਪਾਸੇ ਪਾਕਿਸਤਾਨ ਕੌਮਾਂਤਰੀ ਕਾਨੂੰਨ ਦੀ ਦੁਹਾਈ ਦੇ ਕੇ ਕਹਿੰਦਾ ਸੀ ਕਿ ਇਹ ਦਰਿਆ ਕਿਉਂਕਿ ਪਾਕਿਸਤਾਨ ਵਿਚ ਵੀ ਵਗਦੇ ਹਨ, ਇਸ ਲਈ ਇਨਾਂ ਤੇ ਪਾਕਿਸਤਾਨ ਦਾ ਵੀ ਹੱਕ ਬਣਦਾ ਹੈ। ਇਸ ਮਸਲੇ ਦੇ ਹੱਲ ਲਈ ਭਾਰਤ ਅਤੇ ਪਾਕਿਸਤਾਨ ਦੇ ਇੰਜੀਨੀਅਰਾਂ ਵਿਚਾਲੇ ਦਸੰਬਰ 1947 ਵਿਚ ਸਮਝੌਤਾ ਹੋਇਆ ਜਿਸ ਅਨੁਸਾਰ 31 ਮਾਰਚ 1948 ਤੱਕ ਪਾਕਿਸਤਾਨ ਨੂੰ ਪਾਣੀ ਦਿੱਤਾ ਜਾਣਾ ਸੀ, ਬਦਲੇ ਵਿਚ ਪਾਕਿਸਤਾਨ ਨੇ ਉਹ ਸਾਰੀ ਰਕਮ ਦੇਣੀ ਪ੍ਰਵਾਨ ਕੀਤੀ ਜਿਹੜੀ ਭਾਰਤ ਦਾ ਪ੍ਰਧਾਨ ਮੰਤਰੀ ਨਿਸ਼ਚਿਤ ਕਰੇਗਾ। ਇਸ ਸਮਝੌਤੇ ਨੂੰ 31 ਮਾਰਚ 1948 ਤੋਂ ਬਾਅਦ ਨਵਿਆਇਆ ਨਾ ਗਿਆ ਜਿਸ ਲਈ ਪਹਿਲੀ ਅਪ੍ਰੈਲ ਤੋਂ ਭਾਰਤ ਨੇ ਪਾਣੀ ਦੀ ਸਪਲਾਈ ਬੰਦ ਕਰ ਦਿੱਤੀ। ਲਗਭਗ ਤਿੰਨ ਹਫਤਿਆਂ ਬਾਅਦ ਭਾਰਤ ਨੇ ਪਾਣੀ ਦੀ ਸਪਲਾਈ ਮੁੜ ਚਾਲੂ ਕਰ ਦਿੱਤੀ ਜਦ ਪੱਛਮੀ ਪੰਜਾਬ ਦੀ ਸਰਕਾਰ ਨੇ ਮਾਲੀਆ ਦੇਣਾ ਮੰਨ ਲਿਆ। ਇਸ ਤਰਾਂ ਪੱਛਮੀ ਪੰਜਾਬ ਦੀ ਸਰਕਾਰ ਨੇ ਪਾਣੀਆਂ ਤੇ ਭਾਰਤ ਦਾ ਹੱਕ ਮੰਨ ਲਿਆ ਪਰ ਜੁਲਾਈ 1950 ਵਿਚ ਪਾਕਿਸਤਾਨ ਸਰਕਾਰ ਨੇ ਮਾਲੀਆ ਦੇਣਾ ਮੁੜ ਬੰਦ ਕਰ ਦਿੱਤਾ ਤੇ ਕਿਹਾ ਕਿ ਇਨਾਂ ਨਹਿਰਾਂ ਲਈ ਪਾਣੀ ਮੁੱਖ ਰੂਪ ਵਿਚ ਰਾਵੀ ਦਰਿਆ ਤੋਂ ਆਉਂਦਾ ਹੈ ਜੋ ਬਹੁਤਾ ਪਾਕਿਸਤਾਨ ਵਿਚ ਵਗਦਾ ਹੈ, ਇਸ ਲਈ ਪਾਕਿਸਤਾਨ ਤੋਂ ਇਸ ਦਾ ਮਾਲੀਆ ਲੈਣਾ ਜ਼ਾਇਜ਼ ਨਹੀਂ। ਪਾਕਿਸਤਾਨ ਨੇ ਇੱਕ ਵਾਰ ਫਿਰ ਕੌਮਾਂਤਰੀ ਕਾਨੂੰਨ ਦੇ ਹਵਾਲੇ ਦਿੱਤੇ। ਇਹ ਕੇਸ 1950 ਵਿਚ ਪਾਕਿਸਤਾਨ ਦੁਆਰਾ ਹੇਗ ਦੀ ਕੌਮਾਂਤਰੀ ਅਦਾਲਤ ਵਿਚ ਲਿਜਾਇਆ ਗਿਆ। ਇਸ ਮਸਲੇ ਦੇ ਹੱਲ ਲਈ ਸੰਸਾਰ ਬੈਂਕ ਦੇ ਚੇਅਰਮੈਨ ਈਆਰ ਬਲੈਕ ਨੇ ਡੂੰਘੀ ਘੋਖ ਪੜਤਾਲ ਤੋਂ ਬਾਅਦ 5 ਫਰਵਰੀ 1955 ਨੂੰ ਆਪਣੀ ਯੋਜਨਾ ਪੇਸ਼ ਕੀਤੀ। ਇਸ ਯੋਜਨਾ ਅਨੁਸਾਰ:

(1) ਜਿਹਲਮ, ਚਨਾਬ ਤੇ ਸਿੰਧ ਦਰਿਆ ਤੇ ਪਾਕਿਸਤਾਨ ਦਾ ਹੱਕ ਮੰਨਿਆ ਗਿਆ ਪਰ ਸਿੰਧ ਦਰਿਆ ਵਿਚੋਂ ਪਾਕਿਸਤਾਨ ਭਾਰਤ ਨੂੰ ਜੰਮੂ ਕਸ਼ਮੀਰ ਦੀਆਂ ਲੋੜਾਂ ਜਿਤਨਾ ਪਾਣੀ ਦੇਵੇਗਾ।

(2) ਰਾਵੀ, ਸਤਲੁਜ ਤੇ ਬਿਆਸ ਦਰਿਆਵਾਂ ਤੇ ਭਾਰਤ ਦਾ ਹੱਕ ਨਿਸ਼ਚਿਤ ਕੀਤਾ ਗਿਆ ਪਰ ਇਹ ਵੀ ਕਿਹਾ ਗਿਆ ਸੀ ਕਿ ਜਦ ਤੱਕ ਪਾਕਿਸਤਾਨ ਲੋੜੀਂਦੀਆਂ ਨਹਿਰਾਂ ਦੀ ਖੁਦਾਈ ਨਹੀਂ ਕਰ ਲਵੇਗਾ, ਤਦ ਤੱਕ ਭਾਰਤ ਪਾਕਿਸਤਾਨ ਨੂੰ ਪਾਣੀ ਦੀ ਸਪਲਾਈ ਜਾਰੀ ਰੱਖੇਗਾ। ਇਸ ਲਈ 10 ਸਾਲਾਂ ਦਾ ਸਮਾਂ ਨਿਸ਼ਚਿਤ ਹੋਇਆ।

(3) ਹਰ ਮੁਲਕ ਆਪਣੇ ਹਿੱਸੇ ਦੇ ਦਰਿਆਵਾਂ ਦੀ ਸਹੀ ਵਰਤੋਂ ਲਈ ਆਪਣਾ ਖਰਚ ਆਪ ਕਰੇਗਾ ਪਰ ਉਪਰੋਕਤ ਵਰਨਣ ਕੀਤੀਆਂ ਲਿੰਕ ਨਹਿਰਾਂ ਦੀ ਉਸਾਰੀ ਲਈ ਭਾਰਤ ਪਾਕਿਸਤਾਨ ਨੂੰ ਖਰਚ ਸਹਾਇਤਾ ਦੇਵੇਗਾ।

ਮਈ 1959 ਵਿਚ ਈਆਰ ਬਲੈਕ ਫਿਰ ਭਾਰਤ ਆਇਆ ਅਤੇ ਦੋਵਾਂ ਮੁਲਕਾਂ ਦੇ ਇੰਜਨੀਅਰਾਂ ਨਾਲ ਮਿਲ ਕੇ ਇਲਾਕੇ ਦਾ ਦੌਰਾ ਕੀਤਾ ਤੇ ਅਨੁਮਾਨ ਲਾਇਆ ਕਿ ਲਿੰਕ ਨਹਿਰਾਂ ਦੇ ਨਿਰਮਾਣ ਲਈ 10,000 ਲੱਖ ਡਾਲਰ ਦਾ ਖਰਚ ਆਵੇਗਾ। ਇਸ ਲਈ ਸੰਸਾਰ ਦੇ ਮੁੱਖ ਮੁਲਕਾਂ ਜਿਵੇਂ ਅਮਰੀਕਾ, ਬਰਤਾਨੀਆ, ਆਸਟਰੇਲੀਆ ਆਦਿ ਨੇ ਵੀ ਯੋਗਦਾਨ ਦੇਣਾ ਮੰਨ ਲਿਆ। ਇਸ ਲਈ ਸੰਸਾਰ ਬੈਂਕ ਦੇ ਚੇਅਰਮੈਨ ਬਲੈਕ ਨੇ ਉਪਰੋਕਤ ਮੱਦਾਂ ਦੇ ਆਧਾਰ ਤੇ ਸੰਧੀ ਦਾ ਖਰੜਾ ਤਿਆਰ ਕੀਤਾ ਜਿਸ ਨੂੰ ਦੋਵਾਂ ਮੁਲਕਾਂ ਨੇ ਮੰਨ ਲਿਆ ਤੇ 18 ਸਤੰਬਰ 1960 ਨੂੰ ਪਾਕਿਸਤਾਨ ਦੇ ਰਾਵਲਪਿੰਡੀ ਸ਼ਹਿਰ ਵਿਚ ਭਾਰਤ ਦੇ ਤੱਤਕਾਲੀਨ ਪ੍ਰਧਾਨ ਮੰਤਰੀ ਪੰਡਿਤ ਜਵਾਹਰ ਲਾਲ ਨਹਿਰੂ ਅਤੇ ਪਾਕਿਸਤਾਨ ਦੇ ਰਾਸ਼ਟਰਪਤੀ ਅਯੂਬ ਖਾਨ ਨੇ ਇਸ ਸੰਧੀ ਤੇ ਦਸਤਖਤ ਕੀਤੇ। ਇਉਂ 'ਸਿੰਧ ਨਦੀ ਜਲ ਸਮਝੌਤਾ' (1960) ਦੇ ਨਾਂ ਨਾਲ ਹੋਂਦ ਵਿਚ ਆਈ ਜੋ ਭਵਿੱਖ ਵਿਚ ਦੋਵਾਂ ਮੁਲਕਾਂ ਵਿਚਕਾਰ ਪਾਣੀ ਦੇ ਮਸਲੇ ਤੇ ਪੈਦਾ ਹੋਣ ਵਾਲੇ ਕਿਸੇ ਵੀ ਵਿਵਾਦ ਨੂੰ ਹੱਲ ਕਰਨ ਯੋਗ ਸੀ।

ਜੇ ਪੰਜਾਂ ਦਰਿਆਵਾਂ ਦੇ ਧਰਾਤਲ ਤੇ ਨਜ਼ਰ ਮਾਰੀਏ ਤਾਂ ਕਿਹਾ ਜਾ ਸਕਦਾ ਹੈ ਕਿ ਇਨਾਂ ਪੰਜਾਂ ਦਰਿਆਵਾਂ ਦਾ ਵੱਡਾ ਹਿੱਸਾ (ਬਿਆਸ ਨੂੰ ਛੱਡ ਕੇ) ਪਾਕਿਸਤਾਨ ਵਿਚ ਵਗਦਾ ਹੈ ਅਤੇ ਪਾਕਿਸਤਾਨ ਦੀ ਆਬਾਦੀ ਲਈ ਇਹ ਦਰਿਆ ਜੀਵਨ ਰੇਖਾ ਦਾ ਕੰਮ ਕਰਦੇ ਹਨ। ਭਾਰਤ ਵਿਚ ਤਾਂ ਇਨਾਂ ਦਰਿਆਵਾਂ ਦੇ ਸ੍ਰੋਤ ਮਾਤਰ ਹੀ ਹਨ ਪਰ ਇਹ ਦਰਿਆ ਜ਼ਿਆਦਾਤਰ ਤਾਂ ਪਾਕਿਸਤਾਨ ਦੀ ਹੀ ਧਰਤੀ ਨੂੰ ਆਬਾਦ ਕਰਦੇ ਹਨ। ਭਾਰਤ ਕੋਲ ਤਾਂ ਇਨਾਂ ਤੋਂ ਇਲਾਵਾ ਵੀ ਗੰਗਾ, ਬ੍ਰਹਮਪੁੱਤਰ, ਕਾਵੇਰੀ ਆਦਿ ਜਿਹੇ ਜਲ ਭੰਡਾਰ ਮੌਜੂਦ ਹਨ ਪਰ ਪਾਕਿਸਤਾਨ ਤਾਂ ਮੁੱਖ ਰੂਪ ਵਿਚ ਅਤੇ ਸਿੱਧੇ ਰੂਪ ਵਿਚ ਹੀ ਇਨਾਂ ਦਰਿਆਵਾਂ 'ਤੇ ਹੀ ਨਿਰਭਰ ਹੈ। ਇਸ ਸਮਝੌਤੇ ਤਹਿਤ ਤਿੰਨ ਦਰਿਆਵਾਂ ਤੇ ਤਾਂ ਭਾਰਤ ਦਾ ਹੱਕ ਪੂਰਾ ਸੂਰਾ ਮੰਨਿਆ ਗਿਆ ਸੀ ਪਰ ਸਿੰਧ ਦਰਿਆ ਦਾ 20% ਹੀ ਭਾਰਤ ਵਰਤੋਂ ਵਿਚ ਲਿਆ ਸਕਦਾ ਸੀ ਅਤੇ ਬਾਕੀ ਦੇ 80% ਹਿੱਸੇ 'ਤੇ ਪਾਕਿਸਤਾਨ ਦੇ ਹੱਕ ਨੂੰ ਮਨਜ਼ੂਰੀ ਦਿੱਤੀ ਗਈ ਸੀ। ਜੇ ਨਿਰਪੱਖ ਹੋ ਕੇ ਦੇਖਿਆ ਜਾਵੇ ਤਾਂ ਪਾਕਿਸਤਾਨ ਨੂੰ ਸਿੰਧ ਦਰਿਆ ਦਾ 80% ਪਾਣੀ ਦੇਣਾ ਕੋਈ ਗਲਤ ਨਹੀਂ ਕਿਹਾ ਜਾ ਸਕਦਾ। ਸਿੰਧ ਦਰਿਆ ਦਾ ਸ੍ਰੋਤ ਤਾਂ ਤਿੱਬਤ ਵਿਚ ਹੈ ਜੋ ਭਾਰਤ ਦੇ ਕਸ਼ਮੀਰ ਵਿਚ ਹੁੰਦਾ ਹੋਇਆ ਉੱਤਰੀ ਪਾਕਿਸਤਾਨ ਵਿਚ ਦਾਖਲ ਹੁੰਦਾ ਹੈ ਤੇ ਫਿਰ ਪੂਰੇ ਪਾਕਿਸਤਾਨ ਨੂੰ ਸਿੰਜਦਾ ਹੋਇਆ ਅਰਬ ਸਾਗਰ ਵਿਚ ਜਾ ਸਮਾਉਂਦਾ ਹੈ। ਸਿੰਧ ਨਦੀ ਜਲ ਸਮਝੌਤਾ ਕੌਮਾਂਤਰੀ ਸਹਿਣਸ਼ੀਲਤਾ ਦਾ ਪ੍ਰਤੀਕ ਹੈ। ਜਿੱਥੇ ਵੀ ਕਿਤੇ ਇਸ ਵਰਗੀ ਕੋਈ ਮੁਸ਼ਕਿਲ ਪੈਦਾ ਹੁੰਦੀ ਹੈ ਤਾਂ ਇਸ ਸਮਝੌਤੇ ਨੂੰ ਉਦਾਹਰਨ ਦੇ ਰੂਪ ਵਿਚ ਦੇਖਿਆ ਜਾਂਦਾ ਹੈ।

29 ਜਨਵਰੀ 1955 ਨੂੰ ਪੰਜਾਬ, ਪੈਪਸੂ, ਰਾਜਸਥਾਨ ਅਤੇ ਜੰਮੂ ਕਸ਼ਮੀਰ ਵਿਚਕਾਰ ਪਾਣੀਆਂ ਦੀ ਵੰਡ ਨੂੰ ਲੈ ਕੇ ਸਮਝੌਤਾ ਹੋਇਆ ਜਿਸ ਤਹਿਤ ਪੰਜਾਬ ਨੂੰ 5.9 ਮਿਲੀਆਨ ਏਕੜ ਫੁੱਟ (ਐੱਮਏਐੱਫ), ਪੈਪਸੂ ਨੂੰ 1.3 ਐੱਮਏਐੱਫ, ਰਾਜਸਥਾਨ ਨੂੰ 8 ਐੱਮਏਐੱਫ ਪਾਣੀ ਜਦ ਕਿ ਜੰਮੂ ਕਸ਼ਮੀਰ ਨੂੰ 0.65 ਐੱਮਏਐੱਫ ਪਾਣੀ ਦੇਣ ਦਾ ਐਲਾਨ ਕੀਤਾ ਗਿਆ। 1966 ਨੂੰ ਪੰਜਾਬੀਆਂ ਦੀ ਚਿਰਾਂ ਤੋਂ ਲਟਕਦੀ ਮੰਗ ਮਨਜ਼ੂਰ ਕਰ ਲਈ ਗਈ ਸੀ ਅਤੇ ਪੰਜਾਬ ਨੂੰ ਭਾਸ਼ਾ ਦੇ ਆਧਾਰ ਤੇ ਪੰਜਾਬ ਅਤੇ ਹਰਿਆਣਾ ਵਿਚ ਵੰਡ ਦਿੱਤਾ ਗਿਆ ਸੀ। ਪੰਜਾਬ ਪੁਨਰਗਠਨ ਐਕਟ (1966) ਵਿਚ ਕੇਂਦਰ ਸਰਕਾਰ ਨੇ ਕੁਝ ਅਜਿਹੀ ਵਿਵਸਥਾ ਕਰ ਦਿੱਤੀ ਸੀ ਜਿਸ ਨਾਲ ਪੰਜਾਬ ਦੇ ਦਰਿਆਈ ਪਾਣੀਆਂ ਨੂੰ ਸਟੇਟ ਵਿਸ਼ੇ ਦੀ ਬਜਾਏ ਕੇਂਦਰੀ ਵਿਸ਼ਾ ਐਲਾਨ ਦਿੱਤਾ ਗਿਆ। ਇਹ ਵਿਵਸਥਾਵਾਂ ਨਵੇਂ ਬਣੇ ਐਕਟ ਦੀਆਂ ਧਾਰਾਵਾਂ 78, 79 ਅਤੇ 80 ਵਿਚ ਦਰਜ ਹਨ। ਇਨਾਂ ਧਾਰਾਵਾਂ ਕਰ ਕੇ ਪੰਜਾਬ ਨੂੰ ਅੱਗੇ ਚੱਲ ਕੇ ਭਾਰੀ ਨੁਕਸਾਨ ਝੱਲਣਾ ਪਿਆ। ਇਸ ਹਾਲਤ ਵਿਚ ਹਰਿਆਣਾ ਨੇ ਵੀ ਪੰਜਾਬ ਦੇ ਪਾਣੀਆਂ ਵਿਚੋਂ ਆਪਣਾ ਹਿੱਸਾ ਮੰਗਣਾ ਸ਼ੁਰੂ ਕਰ ਦਿੱਤਾ ਸੀ ਤੇ ਕੇਂਦਰ ਸਰਕਾਰ ਨੂੰ ਇਸ ਮਸਲੇ ਨੂੰ ਹੱਲ ਕਰਨ ਲਈ ਅਪੀਲ ਕੀਤੀ। 1976 ਵਿਚ ਦੇਸ਼ ਵਿਚ ਐਮਰਜੈਂਸੀ ਦੌਰਾਨ ਇੱਕ ਕਾਰਜਕਾਰੀ ਹੁਕਮ ਜਾਰੀ ਕੀਤਾ ਗਿਆ ਜਿਸ ਤਹਿਤ ਇਸ ਮਸਲੇ ਦੇ ਹੱਲ ਲਈ ਸਤਲੁਜ ਯਮੁਨਾ ਲਿੰਕ (ਐੱਸਵਾਈਐੱਲ) ਨਹਿਰ ਬਣਾਉਣੀ ਤਜਵੀਜ਼ ਕੀਤੀ ਗਈ। ਪੰਜਾਬ ਵਿਚ ਇਸ ਦਾ ਭਾਰੀ ਵਿਰੋਧ ਹੋਇਆ।

1977 ਵਿਚ ਸ਼੍ਰੋਮਣੀ ਅਕਾਲੀ ਦਲ ਨੇ ਸੁਪਰੀਮ ਕੋਰਟ ਵਿਚ ਇਸ ਮਸਲੇ ਦੇ ਹੱਲ ਲਈ ਕੇਸ ਦਾਖਲ ਕੀਤਾ ਅਤੇ ਉਸੇ ਸਾਲ ਸਤਲੁਜ ਯਮੁਨਾ ਲਿੰਕ ਨਹਿਰ ਦੀ ਉਸਾਰੀ ਦਾ ਕੰਮ ਸ਼ੁਰੂ ਕੀਤਾ ਗਿਆ। ਸਰਕਾਰ ਨੇ ਐੱਸਵਾਈਐੱਲ ਨਹਿਰ ਲਈ ਜ਼ਮੀਨ ਲੈਣ ਲਈ ਨੋਟੀਫਿਕੇਸ਼ਨ ਜਾਰੀ ਕਰ ਦਿੱਤਾ ਸੀ। ਜੂਨ 1980 ਤੱਕ ਹਰਿਆਣਾ ਵਿਚ ਨਹਿਰ ਦੀ ਉਸਾਰੀ ਦਾ ਕੰਮ ਮੁਕੰਮਲ ਹੋ ਚੁੱਕਾ ਸੀ। 1980 ਵਿਚ ਪੰਜਾਬ ਵਿਚ ਕਾਂਗਰਸ ਪਾਰਟੀ ਦੀ ਸਰਕਾਰ ਬਣ ਚੁੱਕੀ ਸੀ। 31 ਦਸੰਬਰ 1981 ਨੂੰ ਪੰਜਾਬ, ਹਰਿਆਣਾ ਤੇ ਰਾਜਸਥਾਨ ਦੇ ਮੁੱਖ ਮੰਤਰੀਆਂ ਵਿਚਕਾਰ ਪਾਣੀਆਂ ਦੇ ਮਸਲੇ ਨੂੰ ਲੈ ਕੇ ਸਮਝੌਤਾ ਹੋਇਆ। ਕੇਂਦਰ ਵਿਚ ਉਸ ਸਮੇਂ ਕਾਂਗਰਸ ਪਾਰਟੀ ਦੀ ਸ੍ਰੀਮਤੀ ਇੰਦਰਾ ਗਾਂਧੀ ਦੀ ਅਗਵਾਈ ਵਾਲੀ ਸਰਕਾਰ ਸੀ। ਇਸ ਸਮਝੌਤੇ ਤਹਿਤ ਹਰਿਆਣਾ ਨੂੰ ਪਾਣੀ ਦੇਣ ਲਈ ਭਾਖੜਾ ਡੈਮ ਤੋਂ ਸਤਲੁਜ ਯਮੁਨਾ ਲਿੰਕ ਨਹਿਰ ਕੱਢਣ ਤੇ ਮੋਹਰ ਲਾਈ ਗਈ ਜੋ ਪੰਜਾਬ ਵਿਚੋਂ ਭਾਖੜਾ ਡੈਮ ਤੋਂ ਲੈ ਕੇ ਹਰਿਆਣਾ ਦੇ ਕਰਨਾਲ ਸ਼ਹਿਰ ਤੱਕ ਜਾਂਦੀ ਹੈ ਤੇ ਇੱਥੋਂ ਅੱਗੇ ਰਾਜਸਥਾਨ ਲਈ ਇੱਕ ਹੋਰ ਨਹਿਰ ਦੀ ਉਸਾਰੀ ਕੀਤੀ ਗਈ।

ਬਾਕੀ ਸਫ਼ਾ 30 'ਤੇ

# ਯੋਗੀ ਪੰਜਾਬ ਵਿਚ ਮਲੇਰਕੋਟਲਾ ਨੂੰ ਜਿਲ੍ਹਾ ਬਣਾਏ ਜਾਣ ਦੇ ਵਿਰੁੱਧ ਭੜਕਿਆ

## ✪ ਯੋਗੀ ਨੇ ਕਿਹਾ ਕਿ ਧਰਮ ਦੇ ਆਧਾਰ ਤੇ ਅਜਿਹੇ ਫ਼ੈਸਲੇ ਲੈਣਾ ਸੰਵਿਧਾਨ ਦੇ ਖ਼ਿਲਾਫ਼

## ✪ ਭਾਜਪਾ ਨੂੰ ਫ਼ਿਰਕਾਪ੍ਰਸਤੀ ਨੂੰ ਤੂਲ ਦੇਣ ਦੇ ਕੋਝੇ ਯਤਨ ਪੁੱਠੇ ਪੈਣਗੇ-ਕੈਪਟਨ ✪ ਬਾਦਲ ਦਲ ਨੇ ਕੈਪਟਨ ਦਾ ਪੱਖ ਪੂਰਿਆ

ਚੰਡੀਗੜ/ਏ.ਟੀ.ਨਿਊਜ਼ : ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ 14 ਮਈ ਨੂੰ ਈਦ ਦੇ ਮੌਕੇ ਮਲੇਰਕੋਟਲਾ ਨੂੰ ਪੰਜਾਬ ਦਾ ਨਵਾਂ ਜ਼ਿਲਾ ਬਣਾਉਣ ਦਾ ਐਲਾਨ ਕੀਤਾ ਸੀ।ਉੱਤਰ ਪ੍ਰਦੇਸ਼ ਦੇ ਮੁੱਖ ਮੰਤਰੀ ਯੋਗੀ ਆਦਿਤਿਆਨਾਥ ਦਾ ਪੰਜਾਬ ਵਿਚ ਮਲੇਰਕੋਟਲਾ ਨੂੰ ਜ਼ਿਲਾ ਬਣਾਏ ਜਾਣ ਵਿਰੁੱਧ ਫਿਰਕੂ ਬਿਆਨ ਦਿਤਾ ਸੀ। ਭਾਜਪਾ ਦੀ ਸਮੱਸਿਆ ਇਹ ਹੈ ਕਿ ਉਹ ਹਰ ਘਟਨਾ ਅਤੇ ਵਰਤਾਰੇ ਨੂੰ ਆਪਣੀ ਫਿਰਕੂ ਸੋਚ ਅਧੀਨ ਦੇਖਦੀ ਹੈ। ਯੋਗੀ ਨੇ ਟਵੀਟ ਕੀਤਾ ਹੈ, 'ਇਸ ਸਮੇਂ ਮਲੇਰਕੋਟਲਾ ਦਾ ਗਠਨ ਕੀਤੇ ਜਾਣਾ ਕਾਂਗਰਸ ਦੀ ਵੰਡ-ਪਾਊ ਨੀਤੀ ਨੂੰ ਦਰਸਾਉਂਦਾ ਹੈ।' ਉਸ ਨੇ ਇਸ ਫ਼ੈਸਲੇ ਨੂੰ ਅਸੰਵਿਧਾਨਕ ਦੱਸਦਿਆਂ ਕਿਹਾ ਹੈ, 'ਧਰਮ ਦੇ ਆਧਾਰ ਤੇ ਅਜਿਹੇ ਮੁਸਲਮਾਨਾਂ ਦੇ ਹਕ ਵਿਚ ਫ਼ੈਸਲੇ ਲੈਣਾ ਭਾਰਤੀ ਸੰਵਿਧਾਨ ਦੀ ਭਾਵਨਾ ਦੇ ਖ਼ਿਲਾਫ਼ ਹੈ।' ਪੰਜਾਬ ਦੇ ਮੁੱਖ ਮੰਤਰੀ ਨੇ ਯੋਗੀ ਦੇ ਟਵੀਟ ਨੂੰ ਭੜਕਾਊ ਦੱਸਦਿਆਂ ਟਿੱਪਣੀ ਕੀਤੀ ਹੈ ਕਿ ਪੰਜਾਬ ਦੇ ਹਾਲਾਤ ਉੱਤਰ ਪ੍ਰਦੇਸ਼ ਦੇ ਹਾਲਾਤ ਤੋਂ ਕਿਤੇ ਬਿਹਤਰ ਹਨ ਅਤੇ 'ਭਾਜਪਾ ਸੂਬੇ (ਭਾਵ ਉੱਤਰ ਪ੍ਰਦੇਸ਼) ਵਿਚ ਪਿਛਲੇ 4 ਸਾਲ ਤੋਂ ਫ਼ਿਰਕੂ ਨਫ਼ਰਤ ਨੂੰ ਸ਼ਹਿ ਦਿੰਦੀ ਆ ਰਹੀ ਹੈ।' ਕੈਪਟਨ ਨੇ ਇਹ ਵੀ ਕਿਹਾ ਹੈ, 'ਉਸ (ਆਦਿਤਿਆਨਾਥ) ਨੂੰ ਪੰਜਾਬ ਦੀਆਂ ਨੈਤਿਕ ਕਦਰਾਂ ਕੀਮਤਾਂ, ਮਲੇਰਕੋਟਲੇ ਦੇ ਇਤਿਹਾਸ ਅਤੇ ਇਸ ਦੇ ਸਿੱਖਾਂ ਤੇ ਗੁਰੂਆਂ ਨਾਲ ਰਿਸ਼ਤੇ, ਜਿਸ ਬਾਰੇ ਸਾਰੇ ਪੰਜਾਬੀ ਜਾਣਕਾਰ ਹਨ, ਦਾ ਕੀ ਪਤਾ ਹੈ ?' ਕੈਪਟਨ ਅਨੁਸਾਰ ਯੋਗੀ ਦਾ ਬਿਆਨ 'ਭਾਜਪਾ ਦੀਆਂ ਵੰਡ-ਪਾਊ ਨੀਤੀਆਂ ਦੀ ਕਵਾਇਦ ਦੇ ਤੌਰ 'ਤੇ ਸ਼ਾਂਤੀਪੂਰਨ ਪੰਜਾਬ ਵਿਚ ਫ਼ਿਰਕੂ ਨਫ਼ਰਤ ਪੈਦਾ ਕਰਨ ਦਾ ਯਤਨ ਹੈ।'

ਸ਼੍ਰੋਮਣੀ ਅਕਾਲੀ ਦਲ ਦੇ ਬੁਲਾਰੇ ਡਾ. ਦਲਜੀਤ ਸਿੰਘ ਚੀਮਾ ਨੇ ਕਿਹਾ ਹੈ ਕਿ ਇਹ ਮੰਦਭਾਗਾ ਹੈ ਅਤੇ ਇੱਕ ਮੁੱਖ ਮੰਤਰੀ ਨੂੰ ਦੂਸਰੇ ਸੂਬੇ ਦੇ ਪ੍ਰਸ਼ਾਸਨਿਕ ਕੰਮਾਂ ਵਿੱਚ ਦਖ਼ਲਅੰਦਾਜ਼ੀ ਨਹੀਂ ਦੇਣੀ ਚਾਹੀਦੀ।

ਡਾ. ਚੀਮਾ ਨੇ ਕਿਹਾ ਕਿ ਮਲੇਰਕੋਟਲੇ ਦਾ ਸਿੱਖ ਇਤਿਹਾਸ ਵਿੱਚ ਇੱਕ ਅਹਿਮ ਸਥਾਨ ਹੈ ਅਤੇ ਅਤੇ ਇਹ ਸਾਂਝੀਵਾਲਤਾ ਅਤੇ ਭਾਈਚਾਰੇ ਦਾ ਪ੍ਰਤੀਕ ਹੈ।ਦਲਜੀਤ ਸਿੰਘ ਚੀਮਾ ਨੇ ਛੋਟੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਅਤੇ ਮਲੇਰਕੋਟਲੇ ਨਾਲ ਇਸੇ ਸਬੰਧ ਦਾ ਵੀ ਜ਼ਿਕਰ ਕੀਤਾ। ਚੀਮਾ ਨੇ ਕਿਹਾ ਕਿ ਯੋਗੀ ਆਦਿੱਤਿਆਨਾਥ ਨੂੰ ਆਪਣਾ ਬਿਆਨ ਵਾਪਸ ਲੈਣਾ ਚਾਹੀਦਾ ਹੈ।



ਪੰਜਾਬ ਦੇ ਮੁੱਖ ਮੰਤਰੀ ਨੇ ਟਵੀਟ ਕੀਤਾ ਸੀ, "ਈਦ ਦੇ ਸ਼ੁੱਭ ਮੌਕੇ 'ਤੇ, ਮੈਂ ਇਹ ਸਾਂਝਾ ਕਰਦਿਆਂ ਖੁਸ਼ ਹਾਂ ਕਿ ਮੇਰੀ ਸਰਕਾਰ ਨੇ ਮਲੇਰਕੋਟਲਾ ਨੂੰ ਨਵਾਂ ਜ਼ਿਲਾ ਬਣਾਉਣ ਦਾ ਫੈਸਲਾ ਕੀਤਾ ਹੈ। ਇਹ ਪੰਜਾਬ ਦਾ 23ਵਾਂ ਜ਼ਿਲਾ ਹੋਵੇਗਾ, ਜਿਸ ਦੀ ਇਤਿਹਾਸਕ ਅਹਿਮੀਅਤ ਹੈ। ਮੈਂ ਹੁਕਮ ਦਿੱਤਾ ਹੈ ਕਿ ਤੁਰੰਤ ਕੁਝ ਅਜਿਹੀ ਜਗਾ ਦੀ ਭਾਲ ਕੀਤੀ ਜਾਵੇ, ਜਿੱਥੇ ਜ਼ਿਲਾ ਪ੍ਰਸ਼ਾਸਨ ਦਾ ਦਫ਼ਤਰ ਬਣਾਇਆ ਜਾ ਸਕੇ।'

15 ਮਈ ਨੂੰ ਯੋਗੀ ਆਦਿਤਿਆਨਾਥ ਨੇ ਟਵੀਟ ਕਰਕੇ ਕਿਹਾ, 'ਮਤ ਅਤੇ ਧਰਮ ਦੇ ਅਧਾਰ 'ਤੇ ਕਿਸੇ ਤਰਾਂ ਦਾ ਵਿਤਕਰਾ ਭਾਰਤ ਦੇ ਸੰਵਿਧਾਨ ਦੀ ਮੂਲ ਭਾਵਨਾ ਦੇ ਉਲਟ ਹੈ। ਇਸ ਸਮੇਂ ਮਲੇਰਕੋਟਲਾ ਜ਼ਿਲਾ (ਪੰਜਾਬ) ਦਾ ਗਠਨ ਕਰਨਾ ਕਾਂਗਰਸ ਦੀ ਵੰਡ ਵਾਲੀ ਨੀਤੀ ਦਾ ਪ੍ਰਤੀਬਿੰਬ ਹੈ।'

ਸੰਗਰੂਰ ਜ਼ਿਲਾ ਹੈੱਡਕੁਆਰਟਰ ਤੋਂ ਮਲੇਰਕੋਟਲਾ ਦੀ ਦੂਰੀ 35 ਕਿਲੋਮੀਟਰ ਹੈ। ਕਾਂਗਰਸ ਨੇ ਚੋਣਾਂ ਦੌਰਾਨ ਇਸ ਸ਼ਹਿਰ ਨੂੰ ਜ਼ਿਲਾ ਬਣਾਉਣ ਦਾ ਵਾਅਦਾ ਕੀਤਾ ਸੀ।

ਮੁੱਖ ਮੰਤਰੀ ਅਮਰਿੰਦਰ ਸਿੰਘ ਨੇ ਮਲੇਰਕੋਟਲਾ ਵਿੱਚ 500 ਕਰੋੜ ਰੁਪਏ ਦਾ ਇੱਕ ਮੈਡੀਕਲ ਕਾਲਜ, ਇੱਕ ਮਹਿਲਾ ਕਾਲਜ, ਇੱਕ ਨਵਾਂ ਬੱਸ ਅੱਡਾ ਅਤੇ ਇੱਕ ਮਹਿਲਾ ਥਾਣਾ ਬਣਾਉਣ ਦਾ ਐਲਾਨ ਕੀਤਾ ਹੈ।

ਕੈਪਟਨ ਦੇ ਮਲੇਰਕੋਟਲੇ ਨੂੰ ਪੰਜਾਬ ਦਾ 23ਵਾਂ ਜ਼ਿਲਾ ਬਣਾਉਣ ਦੇ ਫ਼ੈਸਲੇ ਦੀ ਪ੍ਰਸ਼ਾਸਨਿਕ ਆਧਾਰ 'ਤੇ ਆਲੋਚਨਾ ਕੀਤੀ ਜਾ ਸਕਦੀ ਸੀ/ਹੈ ਪਰ ਯੋਗੀ ਵੱਲੋਂ ਇਸ ਨੂੰ ਦਿੱਤੀ ਗਈ ਫ਼ਿਰਕੂ ਰੰਗਤ ਅਤਿਅੰਤ ਮੰਦਭਾਗੀ ਹੈ। ਪੰਜਾਬ ਦੇ ਮੁੱਖ ਮੰਤਰੀ ਨੇ ਠੀਕ ਕਿਹਾ ਹੈ ਕਿ ਪੰਜਾਬੀਆਂ ਤੇ ਸਿੱਖਾਂ ਦਾ ਮਲੇਰਕੋਟਲੇ ਨਾਲ ਰਿਸ਼ਤਾ ਵਿਲੱਖਣ ਹੈ। ਇਹ ਰਿਸ਼ਤਾ ਪੰਜਾਬ ਦੇ ਇਤਿਹਾਸਕ ਵਿਰਸੇ ਦਾ ਮਾਣਮੱਤਾ ਹਿੱਸਾ ਹੈ। ਮਲੇਰਕੋਟਲਾ ਪੰਜਾਬ ਦੀ ਭਾਈਚਾਰਕ ਸਾਂਝ ਦਾ ਪ੍ਰਤੀਕ ਹੈ। ਜਦ ਗੁਰੂ ਗੋਬਿੰਦ ਸਿੰਘ ਜੀ ਦੇ ਛੋਟੇ ਸਾਹਿਬਜ਼ਾਦਿਆਂ ਬਾਬਾ ਜ਼ੋਰਾਵਰ ਸਿੰਘ ਅਤੇ ਬਾਬਾ ਫਤਿਹ ਸਿੰਘ ਨੂੰ ਸਰਹਿੰਦ ਦੇ ਨਵਾਬ ਵਜ਼ੀਦ ਖ਼ਾਨ ਦੇ ਕਹਿਰ ਦਾ ਸਾਹਮਣਾ ਕਰਨਾ ਪਿਆ ਤਾਂ ਇਹ ਮਲੇਰਕੋਟਲੇ ਦਾ ਨਵਾਬ ਸ਼ੇਰ ਮੁਹੰਮਦ ਖਾਂ ਹੀ ਸੀ ਜਿਸ ਨੇ ਸਾਹਿਬਜ਼ਾਦਿਆਂ ਦੇ ਹੱਕ ਵਿਚ ਹਾਅ ਦਾ ਨਾਅਰਾ ਮਾਰਿਆ। ਇਸ ਕਾਰਨਾਮੇ ਕਾਰਨ ਸ਼ੇਰ ਮੁਹੰਮਦ ਖਾਂ, ਉਸ ਦੇ ਬੋਲ ਤੇ ਮਲੇਰਕੋਟਲੇ ਦਾ ਸ਼ਹਿਰ ਪੰਜਾਬੀਆਂ ਅਤੇ ਸਿੱਖਾਂ ਦੇ ਮਨਾਂ ਵਿਚ ਹੱਕ-ਸੱਚ ਦੀ ਹਮਾਇਤ ਵਿਚ ਬੋਲਣ ਦੇ ਪ੍ਰਤੀਕ ਬਣ ਗਏ। ਭਾਈਚਾਰਕ ਸਾਂਝ ਏਨੀ ਗੂੜੀ ਹੋਈ ਕਿ 1947 ਦੀ ਵੰਡ ਦੇ ਜ਼ਹਿਰ ਭਰੇ ਮਾਹੌਲ ਵਿਚ ਵੀ ਕਿਸੇ ਨੇ ਮਲੇਰੋਕਟਲੇ ਵਿਚ ਵੱਸਦੇ ਮੁਸਲਮਾਨ ਪਰਿਵਾਰਾਂ ਵੱਲ ਅੱਖ ਉਠਾ ਕੇ ਨਾ ਵੇਖਿਆ। ਪੰਜਾਬ ਦੀ ਇਸ ਇਤਿਹਾਸਕ ਭਾਈਚਾਰਕ ਸਾਂਝ ਦੇ ਸੰਦਰਭ ਵਿਚ ਯੋਗੀ ਦੀ ਟਿੱਪਣੀ ਭੱਦੀ, ਬੇਲੋੜੀ ਅਤੇ ਅਸੰਵੇਦਨਸ਼ੀਲ ਹੈ, ਯੋਗੀ ਸਭ ਤੋਂ ਵੱਡੀ ਵਸੋਂ ਵਾਲੇ ਪ੍ਰਾਂਤ ਦਾ ਮੁੱਖ ਮੰਤਰੀ ਤਾਂ ਹੈ ਪਰ ਉਹ ਉਸ ਇਤਿਹਾਸਕ ਸੂਝ ਤੋਂ ਵਾਂਝਾ ਹੈ ਜਿਸ ਦੀ ਇਕ ਮੁੱਖ ਮੰਤਰੀ ਤੋਂ ਆਸ ਕੀਤੀ ਜਾਂਦੀ ਹੈ।ਯੋਗੀ ਦੇ ਰਾਜ ਵਿਚ ਹਜੂਮੀ ਹਿੰਸਾ ਅਤੇ ਜਬਰ ਜਨਾਹ ਦੀਆਂ ਕਈ ਘਟਨਾਵਾਂ ਹੋਈਆਂ ਹਨ। ਸੱਤਾਧਾਰੀ ਧਿਰ ਦੇ ਕਈ ਵਿਅਕਤੀਆਂ ਨੇ ਹਜੂਮੀ ਹਿੰਸਾ ਕਰਨ ਵਾਲਿਆਂ ਦਾ ਜਨਤਕ ਤੌਰ 'ਤੇ ਮਾਨ-ਸਨਮਾਨ ਕੀਤਾ ਹੈ। ਉਸ ਦੇ ਰਾਜ ਵਿਚ ਸੰਵਿਧਾਨ ਵਿਚ ਨਿਰਧਾਰਤ ਧਰਮ ਨਿਰਪੱਖਤਾ ਅਤੇ ਸਮਾਜਿਕ ਨਿਆਂ ਦੇ ਸਿਧਾਂਤਾਂ ਲਈ ਕੋਈ ਥਾਂ ਨਹੀਂ ਹੈ। ਪ੍ਰਸ਼ਾਸਨ ਦਾ ਹਾਲ ਇਹ ਹੈ ਕਿ ਨਿਰਾਸ਼ਤਾ ਵਿਚ ਡੁੱਬੇ ਲੋਕਾਂ ਨੇ ਕੋਵਿਡ-19 ਕਾਰਨ ਮਰੇ ਆਪਣੇ ਨਜ਼ਦੀਕੀਆਂ ਦੀਆਂ ਅੰਤਿਮ ਰਸਮਾਂ ਪੂਰੀਆਂ ਕਰਨ ਦੀ ਆਸ ਵੀ ਤਿਆਗ ਦਿੱਤੀ ਅਤੇ ਮ੍ਰਿਤਕ ਸਰੀਰਾਂ ਨੂੰ ਗੰਗਾ ਵਿਚ ਵਹਾ ਦਿੱਤਾ। ਸਿਆਸੀ ਮਾਹਿਰਾਂ ਅਨੁਸਾਰ ਯੋਗੀ ਦੀ ਅਗਵਾਈ ਵਾਲੀ ਸਰਕਾਰ ਦੌਰਾਨ ਸੂਬੇ ਦਾ ਨੈਤਿਕ ਅਤੇ ਪ੍ਰਸ਼ਾਸਨਿਕ ਪਤਨ ਤੇਜ਼ੀ ਨਾਲ ਹੋਇਆ ਹੈ। ਅਜਿਹੇ ਆਗੂ ਨੂੰ ਦੂਸਰੇ ਰਾਜਾਂ ਦੇ ਮਾਮਲਿਆਂ ਵਿਚ ਦਖ਼ਲ ਦੇਣ ਦਾ ਕੋਈ ਅਧਿਕਾਰ ਨਹੀਂ। ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ ਭਾਜਪਾ ਨੇਤਾ ਪੰਜਾਬ ਵਿਚ ਫ਼ਿਰਕਾਪ੍ਰਸਤੀ ਨੂੰ ਤੂਲ ਦੇਣ ਦੇ ਯਤਨ ਕਰ ਰਹੇ ਹਨ ਜੋ ਉਨਾਂ ਨੂੰ ਪੁੱਠੇ ਪੈਣਗੇ ।



# ਮਾਮਲਾ ਸੌਦਾ ਸਾਧ ਵਲੋਂ ਮੰਗੀ 21 ਦਿਨ ਦੀ ਪੈਰੋਲ ਦਾ

**ਰਜਿੰਦਰ ਸਿੰਘ ਪੁਰੇਵਾਲ**

ਜਬਰ ਜਨਾਹ ਤੇ ਹੱਤਿਆ ਦੇ ਮਾਮਲੇ 'ਚ ਸਜ਼ਾ ਕੱਟ ਰਹੇ ਡੇਰਾ ਸੱਚਾ ਸੌਦਾ ਮੁਖੀ ਗੁਰਮੀਤ ਸਿੰਘ ਨੇ ਬਿਮਾਰ ਮਾਂ ਦਾ ਹਵਾਲਾ ਦਿੰਦੇ ਹੋਏ 21 ਦਿਨ ਦੀ ਪੈਰੋਲ ਮੰਗੀ ਹੈ। ਜੇਲ ਪ੍ਰਸ਼ਾਸਨ ਨੇ ਪੈਰੋਲ ਦੇਣ ਲਈ ਪੁਲਿਸ ਤੋਂ ਐਨਓਸੀ ਮੰਗੀ ਹੈ। ਪਤਾ ਲਗਾ ਹੈ ਕਿ ਪੁਲਿਸ ਪ੍ਰਸ਼ਾਸਨ ਦੀ ਸੁਰੱਖਿਆ ਕਾਰਨ ਦੇਖਦੇ ਹੋਏ ਫ਼ੈਸਲਾ ਲਵੇਗਾ। ਪੈਰੋਲ ਲਈ ਗੁਰਮੀਤ ਪਹਿਲਾਂ ਵੀ ਕਈ ਵਾਰ ਯਤਨ ਕਰ ਚੁੱਕਿਆ ਹੈ, ਪਰ ਸੁਰੱਖਿਆ ਕਾਰਨਾਂ ਕਰਕੇ ਜੇਲ ਤੋਂ ਬਾਹਰ ਜਾਣ ਦੀ ਇੱਛਾ ਪੂਰੀ ਨਹੀਂ ਹੋਈ।

ਗੁਰਮੀਤ ਨੂੰ ਪੈਰੋਲ ਦੇਣ ਲਈ ਸਿਰਸਾ ਤੇ ਰੋਹਤਕ ਪੁਲਿਸ ਅਧਿਕਾਰੀ ਜੇਲ ਪ੍ਰਸ਼ਾਸਨ ਦੀ ਕਾਨੂੰਨ ਵਿਵਸਥਾ ਨੂੰ ਖ਼ਤਰਾ ਦਿਖਾਈ ਨਾ ਦਿੱਤਾ ਤਾਂ ਪੈਰੋਲ ਮਨਜ਼ੂਰ ਹੋ ਜਾਵੇਗੀ। ਇਸ ਦੇ ਉਲਟ ਜੇਕਰ ਉਸ ਦੇ ਬਾਹਰ ਆਉਣ ਤੋਂ ਬਾਅਦ ਕਾਨੂੰਨ ਵਿਵਸਥਾ ਵਿਗੜਨ ਦੀ ਸੰਭਾਵਨਾ ਦਿਖੀ ਤਾਂ ਪਹਿਲਾਂ ਵਾਂਗ ਹੀ ਪੈਰੋਲ ਦੀ ਅਰਜ਼ੀ ਖਾਰਜ ਹੋ ਜਾਵੇਗੀ। ਗੁਰਮੀਤ ਇਸ ਤੋਂ ਪਹਿਲਾਂ ਪਰਿਵਾਰ 'ਚ ਵਿਆਹ, ਬਿਮਾਰ ਮਾਂ ਦੀ ਦੇਖਭਾਲ, ਖੇਤੀ ਕਰਨ ਲਈ ਪੈਰੋਲ ਮੰਗ ਚੁੱਕਿਆ ਹੈ। ਪੰਥਕ ਹਲਕਿਆਂ ਦਾ ਮੰਨਣਾ ਹੈ ਕਿ ਖਤਰਨਾਕ ਕਿਸਮ ਦੇ ਬਲਾਤਕਾਰੀ ਤੇ ਅਪਰਾਧੀ ਸਾਧ ਨੂੰ ਪੈਰੋਲ ਨਹੀਂ ਦੇਣੀ ਚਾਹੀਦੀ, ਕਿਉਂਕਿ ਉਹ ਸਬੂਤ ਮਿਟਾ ਸਕਦਾ ਹੈ ਤੇ ਗਵਾਹਾਂ ਨੂੰ ਧਮਕਾ ਸਕਦਾ ਹੈ। ਇਸ ਨਾਲ ਉਹੀ ਵਿਹਾਰ ਰਖਣਾ ਚਾਹੀਦਾ ਹੈ ਜੋ ਖਤਰਨਾਕ ਅਪਰਾਧੀਆਂ ਨਾ ਕੀਤਾ ਜਾਂਦਾ ਹੈ।

**ਮਾਲੇਰਕੋਟਲਾ ਨੂੰ 23ਵਾਂ ਜ਼ਿਲਾ ਬਣਾਉਣ ਦਾ ਮਾਮਲਾ**

ਹੁਣ ਤੋਂ ਲਗਭਗ 300 ਸਾਲ ਪਹਿਲਾਂ ਜਦੋਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਦੋਹਾਂ ਸਾਹਿਬਜ਼ਾਦਿਆਂ ਨੂੰ ਕੰਧਾਂ 'ਚ ਜ਼ਿੰਦਾ ਚਿਣਵਾਇਆ ਜਾ ਰਿਹਾ ਸੀ, ਉਦੋਂ ਮਾਲੇਰਕੋਟਲਾ ਦੇ ਨਵਾਬ ਸ਼ੇਰ ਮੁਹੰਮਦ ਖਾਨ ਨੇ ਉਸ ਦਾ ਡਟ ਕੇ ਵਿਰੋਧ ਕੀਤਾ ਸੀ ਅਤੇ ਭਰੇ ਦਰਬਾਰ 'ਚ ਉੱਠ ਕੇ ਉਨਾਂ ਕਿਹਾ ਸੀ ਕਿ ਇਹ ਕੁਕਰਮ ਇਸਲਾਮ ਅਤੇ ਕੁਰਾਨ ਦੇ ਵਿਰੁੱਧ ਹੈ। ਇਹ ਉਹੀ ਮਾਲੇਰਕੋਟਲਾ ਹੈ ਜਿਸ ਨੂੰ ਹੁਣ ਪੰਜਾਬ ਦੀ ਸਰਕਾਰ ਨੇ ਇਕ ਵੱਖਰਾ ਜ਼ਿਲਾ ਐਲਾਨਿਆ ਹੈ।

ਇਸ ਦੇ ਵੱਖਰਾ ਜ਼ਿਲਾ ਬਣਾਉਣ ਦਾ ਵਿਰੋਧ ਉਤਰ ਪ੍ਰਦੇਸ਼ ਦੇ ਮੁਖ ਮੰਤਰੀ ਯੋਗੀ ਆਦਿਤਿਆਨਾਥ ਨੇ ਕੀਤਾ ਹੈ। ਉਨਾਂ ਦੀ ਦਲੀਲ ਹੈ ਕਿ ਮਾਲਰੇਕੋਟਲਾ ਦਾ ਖੇਤਰ ਮੁਸਲਿਮ ਬਹੁਲਤਾ ਵਾਲਾ ਹੈ। ਉਸ ਨੂੰ ਫਿਰਕੂ ਆਧਾਰ 'ਤੇ ਵੱਖਰਾ ਜ਼ਿਲਾ ਬਣਾਉਣਾ ਬਿਲਕੁਲ ਗਲਤ ਹੈ। ਮਾਲੇਰਕੋਟਲਾ ਦੀ ਆਬਾਦੀ ਇਕ ਲੱਖ 35 ਹਜ਼ਾਰ ਹੈ। ਇਸ 'ਚੋਂ 92000 ਮੁਸਲਮਾਨ ਹਨ, 28 ਹਜ਼ਾਰ ਹਿੰਦੂ ਹਨ ਅਤੇ 12 ਹਜ਼ਾਰ ਸਿੱਖ ਹਨ। ਬਾਕੀ ਕੁਝ ਹੋਰਨਾਂ ਭਾਈਚਾਰਿਆਂ ਦੇ ਕੁਝ ਲੋਕ ਹਨ। ਨਵਾਂ ਜ਼ਿਲਾ ਬਣਾਉਣ 'ਤੇ ਕੈਪਟਨ ਦਾ ਤਰਕ

ਮਾਲੇਰਕੋਟਲਾ ਨੂੰ ਪੰਜਾਬ ਦਾ 23ਵਾਂ ਜ਼ਿਲਾ ਐਲਾਨਦੇ ਹੋਏ ਮੁਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਦਲੀਲ ਦਿੱਤੀ ਹੈ ਕਿ ਜੇ ਜ਼ਿਲੇ ਛੋਟੇ ਹੋਣ ਤਾਂ ਉੱਥੇ ਪ੍ਰਸ਼ਾਸਨ ਵਧੀਆ ਤਰੀਕੇ ਨਾਲ ਕੰਮ ਕਰਦਾ ਹੈ। ਉਨਾਂ ਕਿਹਾ ਕਿ ਮਾਲੇਰਕੋਟਲਾ ਨੂੰ ਸੰਗਰੂਰ ਜ਼ਿਲੇ ਤੋਂ ਵੱਖਰਾ ਕਰਨ 'ਤੇ ਉਸ ਦਾ ਵਿਕਾਸ ਤੇਜ਼ੀ ਨਾਲ ਹੋਵੇਗਾ। ਕੈਪਟਨ ਦੀ ਦਲੀਲ ਸਾਰਥਕ ਹੈ ਜਦਕਿ ਯੋਗੀ ਦਾ ਬਿਆਨ ਫਿਰਕੂ ਹੈ। ਜਿੱਥੋਂ ਤੱਕ ਫਿਰਕੂ ਆਧਾਰ 'ਤੇ ਜ਼ਿਲਿਆਂ ਦੀ ਵੰਡ ਦੀ ਗੱਲ ਹੈ ਤਾਂ ਮਾਲੇਰਕੋਟਲਾ ਤਾਂ ਆਪਣੇ ਆਪ 'ਚ ਫਿਰਕੂ ਸਦਭਾਵਨਾ ਦੀ ਬੇਮਿਸਾਲ ਮਿਸਾਲ ਹੈ। ਗੁਰੂ ਗੋਬਿੰਦ ਸਿੰਘ ਜੀ ਦੇ ਸਾਹਿਬਜ਼ਾਦਿਆਂ ਦੀ ਕੁਰਬਾਨੀ ਦੀ ਗੱਲ ਤਾਂ ਅਸੀਂ ਪਹਿਲਾਂ ਹੀ ਦੱਸ ਚੁੱਕੇ ਹਾਂ ਪਰ 1947 ਦੀ ਵੰਡ ਸਮੇਂ ਜਦੋਂ ਪੰਜਾਬ ਦਾ ਚੱਪਾ-ਚੱਪਾ ਫਿਰਕੂ ਦੰਗਿਆਂ ਦਾ ਸ਼ਿਕਾਰ ਸੀ, ਮੁਸਲਿਮ ਬਹੁ-ਗਿਣਤੀ ਵਾਲਾ ਮਾਲੇਰਕੋਟਲਾ ਉਹ ਥਾਂ ਸੀ ਜਿੱਥੇ ਲਗਭਗ ਸ਼ਾਂਤੀ ਬਣੀ ਰਹੀ। ਅੱਜ ਵੀ ਮਾਲੇਰਕੋਟਲਾ ਦੀ ਗਲੀ-ਗਲੀ 'ਚ ਮੰਦਰ, ਮਸਜਿਦ ਅਤੇ ਗੁਰਦੁਆਰੇ ਨਾਲ-ਨਾਲ ਬਣੇ ਹੋਏ ਹਨ। ਇੱਥੇ ਹਿੰਦੂ, ਮੁਸਲਮਾਨ ਅਤੇ ਸਿੱਖ ਇਕ ਦੂਜੇ ਦੇ ਤਿਉਹਾਰਾਂ ਨੂੰ ਮਿਲ ਜੁਲ ਕੇ ਮਨਾਉਂਦੇ ਹਨ। ਸਿੱਖਾਂ ਨੇ ਮਾਲੇਰਕੋਟਲਾ 'ਚ ਨਵਾਬ ਸ਼ੇਰ ਮੁਹੰਮਦ ਖਾਨ ਦੀ ਯਾਦ 'ਚ 'ਹਾ ਦਾ ਨਾਅਰਾ ਸਾਹਿਬ' ਦਾ ਗੁਰਦੁਆਰਾ ਬਣਾਇਆ ਹੋਇਆ ਹੈ। ਮਾਲੇਰਕੋਟਲਾ ਦੇ ਲਕਸ਼ਮੀ ਨਾਰਾਇਣ ਮੰਦਰ ਦੇ ਪੁਰੋਹਿਤ ਦਾ ਕਹਿਣ ਸੀ ਕਿ ਨਵਾਂ ਜ਼ਿਲਾ ਬਣਨ ਨਾਲ ਆਮ ਲੋਕਾਂ ਨੂੰ ਫ਼ਾਇਦਾ ਹੀ ਫ਼ਾਇਦਾ ਹੈ। ਮੁਖ ਮੰਤਰੀ ਨੇ ਜੋ ਨਵੇਂ ਹਸਪਤਾਲ, ਕਾਲਜ ਅਤੇ ਸੜਕਾਂ ਬਣਾਉਣ ਦਾ ਐਲਾਨ ਕੀਤਾ ਹੈ, ਕੀ ਉਸ ਦੀ ਵਰਤੋਂ ਸਿਰਫ਼ ਮੁਸਲਮਾਨ ਹੀ ਕਰਨਗੇ ? ਸੋ ਯੋਗੀ ਦਾ ਬਿਆਨ ਨਫਰਤ ਭਰਪੂਰ ਤੇ ਫਿਰਕੂ ਹੈ।

**ਪੰਜਾਬ ਦਾ ਪਿੰਡ ਕਾਲੂਵਾਲਾ, ਸਾਲ ਤੋਂ ਕੋਈ ਕੋਰੋਨਾ ਪਾਜ਼ੇਟਿਵ ਨਹੀਂ**

ਇਕ ਪਾਸੇ ਪੂਰੇ ਮੁਲਕ ਵਿਚ ਕੋਰੋਨਾ ਦੇ ਮਰੀਜ਼ ਵੱਧ ਰਹੇ ਹਨ ਤੇ ਦੂਜੇ ਪਾਸੇ ਭਾਰਤ-ਪਾਕਿਸਤਾਨ ਸਰਹੱਦ 'ਤੇ ਵੱਸੇ ਮੁਲਕ ਦੇ ਆਖ਼ਰੀ ਪਿੰਡ ਕਾਲੂਵਾਲਾ ਵਿਚ ਹਾਲੇ ਤੱਕ ਇਕ ਵੀ ਕੋਰੋਨਾ ਪਾਜ਼ੇਟਿਵ ਕੇਸ ਨਹੀਂ ਮਿਲਿਆ ਹੈ। ਪੂਰੇ ਪਿੰਡ ਨੇ ਖ਼ੁਦ ਨੂੰ 'ਇਕਾਂਤਵਾਸ' ਕੀਤਾ ਹੋਇਆ ਹੈ। ਪਿੰਡ ਦੇ ਤਿੰਨ ਪਾਸੇ ਸਤਲੁਜ ਦਰਿਆ ਤੇ ਇਕ ਬੰਨੇ ਕੌਮਾਂਤਰੀ ਭਾਰਤ-ਪਾਕਿਸਤਾਨ ਸਰਹੱਦ ਦੀ ਕੰਡਿਆਲੀ ਤਾਰ ਨਾਲ ਘਿਰਿਆ ਹੋਇਆ ਹੈ। ਪਿੰਡ ਪੁੱਜਣ ਲਈ ਕਿਸ਼ਤੀ ਦਾ ਸਹਾਰਾ ਲੈਣਾ ਪੈਂਦਾ ਹੈ।

ਸਿਹਤ ਵਿਭਾਗ ਵੱਲੋਂ ਲੰਘੇ ਵਰੇ ਅਤੇ ਇਸ ਸਾਲ ਦੌਰਾਨ ਦੋ ਟੀਮਾਂ ਭੇਜ ਕੇ ਇੱਥੇ ਸੈਂਪਲਿੰਗ ਕਰਵਾਈ ਗਈ ਹੈ ਜਦਕਿ ਇੱਥੇ ਮਸਾਂ 26 ਜਣਿਆਂ ਨੇ ਟੈਸਟ ਕਰਵਾਏ ਤੇ ਸਾਰਿਆਂ ਦੀ ਰਿਪੋਰਟ ਕੋਰੋਨਾ ਨੈਗਟਿਵ ਆਈ ਸੀ। ਪਿੰਡ ਦੇ ਸਿਰਫ਼ 6 ਜਣਿਆਂ ਨੇ ਵੈਕਸੀਨੇਸ਼ਨ ਕਰਵਾਈ ਹੈ। ਪਿੰਡ ਵਿਚ ਕਰੀਬ 64 ਘਰ ਹਨ ਤੇ 350 ਲੋਕ ਰਹਿੰਦੇ ਹਨ। ਟਾਪੂਨੁਮਾ ਇਹ ਪਿੰਡ ਹੜ ਦੇ ਦਿਨਾਂ ਵਿਚ ਸਾਰੇ ਮੁਲਕ ਨਾਲੋਂ ਕੱਟਿਆ ਜਾਂਦਾ ਹੈ। ਹੜਾਂ ਦੇ ਦਿਨਾਂ ਵਿਚ ਇਨਾਂ ਦੀ ਫ਼ਸਲ ਪੂਰੀ ਤਰਾਂ ਨਸ਼ਟ ਹੋ ਜਾਂਦੀ ਹੈ। ਸਰਪੰਚ ਮੰਗਲ ਸਿੰਘ ਦਾ ਕਹਿਣਾ ਹੈ ਕਿ ਪਿੰਡ ਵਿਚ ਸਰਕਾਰੀ ਸਹੂਲਤਾਂ ਨਾਂ ਹੋਣ ਦੇ ਤੁਲ ਹਨ। ਸਰਕਾਰੀ ਦਵਾਖ਼ਾਨਾ ਤੇ ਹੈਲਥ ਸੈਂਟਰ ਉਨਾਂ ਦੇ ਪਿੰਡ ਤੋਂ ਕੁਲ 5 ਕਿਲੋਮੀਟਰ ਦੂਰ ਹੈ, ਜਿੱਥੇ 2 ਵਜੇ ਤੋਂ ਬਾਅਦ ਕੋਈ ਡਾਕਟਰ ਨਹੀਂ ਬੈਠਾ ਹੁੰਦਾ। ਪਿੰਡ ਦੇ ਲੋਕ ਆਰਐੱਮਪੀਜ਼ ਤੋਂ ਦਵਾਈ ਲੈਂਦੇ ਹਨ। ਇੱਥੇ ਸਵੇਰੇ ਚਾਰ ਵਜੇ ਤੋਂ ਜ਼ਿੰਦਗੀ ਧੜਕਣੀ ਸ਼ੁਰੂ ਹੋ ਜਾਂਦੀ ਹੈ ਤੇ ਸ਼ਾਮੀਂ 8 ਵਜੇ ਸਾਰਾ ਪਿੰਡ ਸੌਂ ਜਾਂਦਾ ਹੈ। ਇਹ ਲੋਕ ਖ਼ੁਦ ਨੂੰ ਸਰਹੱਦ ਦਾ ਸਿਪਾਹੀ ਮੰਨਦੇ ਹਨ। ਸਰਪੰਚ ਹਰਬੰਸ ਸਿੰਘ ਨੇ ਕਿਹਾ ਹੈ ਕਿ ਉਨਾਂ ਦੇ ਪਿੰਡ ਵੱਲ ਕਿਸੇ ਨੇ ਧਿਆਨ ਨਹੀਂ ਦਿੱਤਾ ਹੈ। ਪਿੰਡ ਵਿਚ ਲੰਘੇ ਇਕ ਵਰੇ ਤੋਂ ਕੋਰੋਨਾ ਦਾ ਕੋਈ ਮਰੀਜ਼ ਨਹੀਂ ਹੈ। ਸਰੀਰਕ ਮਿਹਨਤ ਦੇ ਸਦਕਾ ਸਰੀਰ ਤਗੜਾ ਰਹਿੰਦਾ ਹੈ। ਉਨਾਂ ਦੇ




ਪਿੰਡ ਵਿਚ ਨਾ ਤਾਂ ਕੋਈ ਬਾਹਰੋਂ ਆਉਂਦਾ ਹੈ ਤੇ ਨਾ ਹੀ ਉਹ ਹਰ ਰੋਜ਼ ਸ਼ਹਿਰ ਜਾਂਦੇ ਹਨ। ਉਧਰ, ਸਿਵਲ ਸਰਜਨ ਡਾ. ਰਜਿੰਦਰ ਨੇ ਕਿਹਾ ਹੈ ਕਿ ਕਾਲੂਵਾਲਾ ਇਹੋ ਜਿਹਾ ਪਿੰਡ ਹੈ, ਜਿੱਥੇ ਕੋਈ ਕੋਰੋਨਾ ਪਾਜ਼ੇਟਿਵ ਮਰੀਜ਼ ਨਹੀਂ ਲੱਭਿਆ ਹੈ। ਸੋ ਸਰਕਾਰ ਨੂੰ ਚਾਹੀਦਾ ਹੈ ਕਿ ਇਸ ਪਿੰਡ ਨੂੰ ਸਨਮਾਨਿਤ ਕਰੇ।ਇਹ ਵਿਆਪਕ ਮੁੱਦਾ ਹੈ ਪਰ ਇਸ ਵੱਲ ਭਾਰਤ ਦੀ ਕਿਸੇ ਸਰਕਾਰ ਨੇ ਹੁਣ ਤੱਕ ਕੋਈ ਤਵੱਜੋ ਨਹੀਂ ਦਿੱਤੀ। ਕੋਵਿਡ ਨੇ ਸਾਨੂੰ ਇਹ ਸਿਖਾਇਆ ਤੇ ਦਿਖਾਇਆ ਹੈ ਕਿ ਸਾਨੂੰ ਲੋੜ ਹੈ ਅਜਿਹੇ ਸਿਹਤ ਢਾਂਚੇ ਦੀ, ਜਿਸ ਰਾਹੀਂ ਸਾਰਿਆਂ ਦਾ ਸਰਕਾਰੀ ਸਹਾਇਤਾ ਨਾਲ ਸਸਤਾ ਇਲਾਜ ਹੋ ਸਕੇ।

**ਕੋਰੋਨਾ ਵਾਇਰਸ ਤੇ ਬਲੈਕ ਫੰਗਸ**

ਦੁਨੀਆ ਘਾਤਕ ਕੋਰੋਨਾ ਵਾਇਰਸ ਵਿਰੁੱਧ ਲੜ ਰਹੀ ਹੈ। ਹੁਣ ਭਾਰਤ ਕੋਵਿਡ -19 ਦੇ ਮਾਮਲਿਆਂ ਵਿਚ ਦੁਨੀਆ ਵਿਚ ਦੂਜੇ ਨੰਬਰ 'ਤੇ ਹੈ। ਇਹ ਮਹਾਂਮਾਰੀ ਲਈ ਨਵੀਨਤਮ ਹਾਟਸਪਾਟ ਬਣ ਗਿਆ ਹੈ ਕਿਉਂਕਿ ਕੋਰੋਨਾ ਵਾਇਰਸ ਦੀ ਦੂਜੀ ਲਹਿਰ ਦਾ ਪਿਛਲੇ ਮਹੀਨੇ ਤੋਂ ਰਿਕਾਰਡ ਉਚਾਈ 'ਤੇ ਹੈ। ਵਾਇਰਸ ਨੇ ਸਿਰਫ ਲੱਖਾਂ ਲੋਕਾਂ ਦੀ ਜ਼ਿੰਦਗੀ ਨੂੰ ਹੀ ਨਹੀਂ ਨਿਗਲਿਆ, ਬਲਕਿ ਭਾਰਤ ਦੀ ਸਿਹਤ ਸੰਭਾਲ ਨੂੰ ਭਾਰੀ ਦਬਾਅ ਹੇਠ ਕਰ ਦਿੱਤਾ ਹੈ। ਇਕ ਪਾਸੇ ਵਾਇਰਸ ਤਬਾਹੀ ਮਚਾ ਰਿਹਾ ਹੈ, ਦੂਜੇ ਪਾਸੇ ਇਕ ਨਵਾਂ ਲੱਛਣ ਸਾਹਮਣੇ ਆਇਆ ਹੈ ਜੋ ਲੋਕਾਂ ਵਿਚ ਪ੍ਰੇਸ਼ਾਨੀ ਦਾ ਕਾਰਨ ਬਣ ਰਿਹਾ ਹੈ। ਬਲੈਕ ਫੰਗਸ ਦੀ ਲਾਗ ਦੇ ਤੌਰ 'ਤੇ ਜਾਣੇ ਜਾਂਦੇ ਮਿਊਕੋਰਮਾਈਕੋਸਿਸ ਦੇ ਕੇਸ ਕੋਵਿਡ-19 ਨਾਲ ਜੁੜੇ ਦੇਸ਼ ਦੇ ਹਸਪਤਾਲਾਂ ਵਿਚ ਦਿਖਾਈ ਦੇਣ ਲੱਗ ਪਏ ਹਨ। ਹੈਰਾਨ ਕਰਨ ਵਾਲੀ ਗੱਲ ਹੈ ਕਿ ਤੁਸੀਂ ਇਕੋ ਸਮੇਂ ਬਲੈਕ ਫੰਗਸ ਅਤੇ ਕੋਵਿਡ-19 ਦੋਵਾਂ ਦੀ ਲਪੇਟ ਵਿਚ ਆ ਸਕਦੇ ਹੋ।ਮੈਡੀਸਨੈੱਟ ਦੀ ਇਕ ਰਿਪੋਰਟ ਅਨੁਸਾਰ, ਕੋਵਿਡ -19 ਦੇ ਨਾਲ ਫੰਗਲ ਸੰਕ੍ਰਮਣ ਹੋ ਸਕਦਾ ਹੈ। ਖ਼ਾਸਕਰ ਉਨਾਂ ਲੋਕਾਂ ਵਿਚ ਜਿਨਾਂ ਦੇ ਕੇਸ ਜ਼ਿਆਦਾ ਗੰਭੀਰ ਹੁੰਦੇ ਹਨ ਤੇ ਉਹ ਆਈਸੀਯੂ ਵਿਚ ਦਾਖਲ ਹਨ ਜਾਂ ਜਿਨਾਂ ਨੂੰ ਸ਼ੂਗਰ ਜਾਂ ਐਚਆਈਵੀ ਵਰਗੀਆਂ ਬਿਮਾਰੀਆਂ ਹਨ।

ਕੋਵਿਡ -19 ਨਾਲ ਫੰਗਲ ਸੰਕ੍ਰਮਣ ਦਾ ਜੋਖਮ ਵਧ ਜਾਂਦਾ ਹੈ ਅਤੇ ਕੁਝ ਮਾਮਲਿਆਂ ਵਿਚ ਇਹ ਘਾਤਕ ਵੀ ਸਾਬਤ ਹੋਇਆ ਹੈ। ਬਹੁਤ ਸਾਰੇ ਮਾਮਲਿਆਂ ਵਿਚ, ਫੰਗਲ ਸੰਕ੍ਰਮਣ ਕੋਵਿਡ-19 ਤੋਂ ਠੀਕ ਹੋਣ ਤੋਂ ਬਾਅਦ ਹੁੰਦਾ ਹੈ। ਭਾਰਤ ਵਿਚ, ਬਲੈਕ ਫੰਗਸ ਦੇ ਬਹੁਤ ਸਾਰੇ ਮਾਮਲੇ ਸਾਹਮਣੇ ਆਏ ਹਨ। ਪਟਿਆਲਾ 'ਤੇ ਕੋਰੋਨਾ ਦੀ ਭਿਆਨਕ ਬੀਮਾਰੀ ਦੇ ਨਾਲ-ਨਾਲ ਹੁਣ ਬਲੈਕ ਫੰਗਸ ਵਰਗੀ ਬੀਮਾਰੀ ਨੇ ਹਮਲਾ ਕਰ ਦਿੱਤਾ ਹੈ, ਜਿਸ ਕਾਰਣ ਲੋਕਾਂ 'ਚ ਦਹਿਸ਼ਤ ਦਾ ਮਾਹੌਲ ਹੈ। ਘੱਟ ਇਮਿਊਨਿਟੀ ਵਾਲੇ ਮਰੀਜ਼ਾਂ ਲਈ ਇਹ ਬੀਮਾਰੀ ਇਕ ਸ਼ਰਾਪ ਹੈ। ਜੇਕਰ ਤੁਰੰਤ ਇਸ ਬੀਮਾਰੀ ਦਾ ਇਲਾਜ ਨਾ ਸ਼ੁਰੂ ਕੀਤਾ ਜਾਵੇ ਤਾਂ ਇਸ 'ਚ ਮੌਤ ਦਰ 80 ਫ਼ੀਸਦੀ ਹੈ। ਰਾਜਿੰਦਰਾ ਹਸਪਤਾਲ ਦੇ ਮੈਡੀਕਲ ਸੁਪਰਡੈਂਟ ਡਾ. ਐੱਚ. ਐੱਸ. ਰੇਖੀ ਨੇ ਦੱਸਿਆ ਕਿ ਇਸ ਬੀਮਾਰੀ ਨਾਲ ਪੀੜਤ ੩ ਮਰੀਜ਼ ਹਸਪਤਾਲ ਪੁੱਜੇ ਹਨ। ਇਨਾਂ 'ਚੋਂ 2 ਮਰੀਜ਼ਾਂ ਦੀ ਰਿਪੋਰਟ ਪਾਜ਼ੇਟਿਵ ਆ ਗਈ ਹੈ, ਜਦੋਂ ਕਿ 1 ਮਰੀਜ਼ ਦੀ ਰਿਪੋਰਟ ਅਜੇ ਪੈਂਡਿੰਗ ਹੈ। ਸਭ ਤੋਂ ਖ਼ਤਰਨਾਕ ਗੱਲ ਇਹ ਹੈ ਕਿ ਕੋਰੋਨਾ ਮਰੀਜ਼ਾਂ ਦੀ ਅੱਖ ਦੀ ਰੋਸ਼ਨੀ 'ਤੇ ਇਸ ਦਾ ਸਭ ਤੋਂ ਵੱਡਾ ਅਸਰ ਪੈ ਰਿਹਾ ਹੈ। ਕੋਵਿਡ ਵੈਕਸੀਨੇਸ਼ਨ ਕਮੇਟੀ ਦੇ ਚੇਅਰਮੈਨ ਅਤੇ ਆਈ ਡਿਪਾਰਟਮੈਂਟ ਦੇ ਮੁਖੀ ਡਾ. ਐੱਸ. ਐੱਸ. ਪਾਂਡਵ ਦੇ ਮੁਤਾਬਕ ਪਿਛਲੇ 2-3 ਹਫ਼ਤਿਆਂ ਵਿਚ ਪੀ. ਜੀ. ਆਈ. ਦੇ ਆਈ ਸੈਂਟਰ ਵਿਚ 400 ਤੋਂ 500 ਮਰੀਜ਼ ਹੁਣ ਤੱਕ ਦੇਖੇ ਗਏ ਹਨ, ਜਿਨਾਂ ਦੀ ਅੱਖਾਂ ਦੀ ਰੋਸ਼ਨੀ ਬਲੈਕ ਫੰਗਸ ਕਾਰਨ ਚਲੀ ਗਈ ਹੈ। ਪੰਜਾਬ ਦੇ ਮਸ਼ਹੂਰ ਈ. ਐੱਨ. ਟੀ. ਸਰਜਨ ਡਾ. ਹਰਸਿਮਰਨ ਸਿੰਘ ਨੇ ਦੱਸਿਆ ਕਿ ਇਸ ਬੀਮਾਰੀ ਨਾਲ ਜ਼ਿਆਦਾਤਰ ਉਹ ਵਿਅਕਤੀ ਪੀੜਤ ਹੁੰਦਾ ਹੈ, ਜਿਸ ਨੂੰ ਸ਼ੂਗਰ, ਬੀ. ਪੀ., ਕਿਡਨੀ ਖ਼ਰਾਬ ਹੋਵੇ, ਇਮਿਊਨਿਟੀ ਸਿਸਟਮ ਜ਼ਿਆਦਾ ਕਮਜ਼ੋਰ ਹੋਣਾ ਅਤੇ ਕੈਂਸਰ ਹੈ। ਇਹ ਬੀਮਾਰੀ ਨੱਕ 'ਤੇ ਹਮਲਾ ਕਰਦੀ ਹੈ। ਉਸ ਤੋਂ ਬਾਅਦ ਸਰੀਰ ਦੇ ਬਾਕੀ ਹਿੱਸਿਆਂ 'ਚ ਦਾਖ਼ਲ ਹੋ ਜਾਂਦੀ ਹੈ। ਇਸ ਦੇ ਸ਼ੁਰੂਆਤੀ ਲੱਛਣ ਨੱਕ 'ਚੋਂ ਕਾਲੇ ਰੰਗ ਦਾ ਪਾਣੀ ਵਗਣਾ ਆਦਿ ਹੈ। ਇਸ ਬੀਮਾਰੀ ਨਾਲ ਹੱਡੀਆਂ ਵੀ ਗਲਣੀਆਂ ਸ਼ੁਰੂ ਹੋ ਜਾਂਦੀਆਂ ਹਨ। ਇਹ ਦਿਮਾਗ 'ਤੇ ਵੀ ਹਮਲਾ ਕਰਦੀ ਹੈ। ਦੁਨੀਆ ਭਰ ਦੇ ਮੈਡੀਕਲ ਮਾਹਿਰ ਇਸ ਫੰਗਲ ਇਨਫੈਕਸ਼ਨ ਨੂੰ ਹੋਣ ਤੋਂ ਰੋਕਣ ਲਈ ਪੂਰੀ ਕੋਸ਼ਿਸ਼ ਕਰ ਰਹੇ ਹਨ।

ਫੰਗਲ ਸੰਕਰਮਣ ਹਵਾ ਵਿੱਚ ਸਾਹ ਲੈਣ ਨਾਲ ਹੁੰਦਾ ਹੈ। ਬਲੈਕ ਫੰਗਸ ਮੁੱਖ ਤੌਰ 'ਤੇ ਉਨਾਂ ਲੋਕਾਂ ਨੂੰ ਪ੍ਰਭਾਵਤ ਕਰਦੀ ਹੈ ਜਿਨਾਂ ਨੂੰ ਸਿਹਤ ਸਮੱਸਿਆਵਾਂ ਹਨ ਜਾਂ ਉਹ ਲੋਕ ਜੋ ਦਵਾਈਆਂ ਲੈ ਰਹੇ ਹਨ ਜੋ ਕੀਟਾਣੂ ਅਤੇ ਬਿਮਾਰੀ ਨਾਲ ਲੜਨ ਦੀ ਸਰੀਰਕ ਯੋਗਤਾ ਨੂੰ ਘਟਾਉਂਦੇ ਹਨ।

# ਕੋਰੋਨਾ: ਆਰਥਿਕ ਮੰਦੀ, ਮੋਬਾਈਲ ਦੀ ਹੋ ਰਹੀ ਦੁਰਵਰਤੋਂ



**ਸੰਜੀਵ ਸਿੰਘ ਸੈਣੀ, ਮੋਹਾਲੀ**

ਭਾਰਤ ਪਹਿਲਾਂ ਹੀ ਆਰਥਿਕ ਮੰਦੀ ਦੇ ਦੌਰ ਵਿੱਚੋਂ ਗੁਜ਼ਰ ਰਿਹਾ ਸੀ। ਕੋਰੋਨਾ ਵਾਇਰਸ ਨਾਮੁਰਾਦ ਬਿਮਾਰੀ ਨੇ 2020 ਫਰਵਰੀ ਵਿੱਚ ਭਾਰਤ ਵਿੱਚ ਦਸਤਕ ਦਿੱਤੀ ।ਜਿਸ ਕਰਕੇ ਭਾਰਤ ਦੀ ਅਰਥ ਵਿਵਸਥਾ ਡਾਵਾਂਡੋਲ ਹੋ ਗਈ । ਰੋਟੀ ਕੱਪੜਾ ਤੇ ਮਕਾਨ ਹਰ ਆਦਮੀ ਦੀਆਂ ਅਹਿਮ ਜ਼ਰੂਰਤਾਂ ਹਨ। 22, 2020 ਮਾਰਚ ਤੋਂ ਭਾਰਤ ਵਿੱਚ ਤਾਲਾਬੰਦੀ ਕਰ ਦਿੱਤੀ ਗਈ ਸੀ ।ਜਿਵੇਂ ਜਿਵੇਂ ਤਾਲਾਬੰਦੀ ਵਿੱਚ ਛੋਟ ਦਿੱਤੀ ਗਈ ਉਵੇਂ ਹੀ ਮਹਿੰਗਾਈ ਵਧਦੀ ਗਈ, ਜਿਸ ਕਾਰਨ ਕਾਲਾ ਬਾਜ਼ਾਰੀ ਵੀ ਸ਼ੁਰੂ ਹੋ ਗਈ। ਪਿਛਲੇ ਸਾਲ ਨਵੰਬਰ- ਦਸੰਬਰ ਵਿੱਚ ਪਿਆਜ਼ ਦੀ ਕੀਮਤਾਂ ਅਸਮਾਨ ਛੂਹ ਗਈਆਂ ।ਹੁਣ ਤਾਲਾਬੰਦੀ ਦੌਰਾਨ ਮਹਿੰਗਾਈ ਸਿਖ਼ਰਾਂ ਤੇ ਪੁੱਜ ਗਈ ।ਫਲ ਤਾਂ ਦੂਰ ਦੀ ਗੱਲ ਰਹੀ, ਇੰਨੀ ਮਹਿੰਗਾਈ ਵਿੱਚ ਦਾਲਾਂ ਸਬਜ਼ੀਆਂ ਦੀ ਭਰਪਾਈ ਕਰਨਾ ਹੀ ਮੁਸ਼ਕਿਲ ਹੋ ਗਿਆ ਹੈ ।ਪਿਆਜ਼ ਤੇ ਟਮਾਟਰ ਹਮੇਸ਼ਾ ਹੀ ਲੋਕਾਂ ਨੂੰ ਰਵਾਉਂਦੇ ਰਹਿੰਦੇ ਹਨ ।ਅੱਜ ਮਾਰਕੀਟ ਵਿਚ ਫ਼ਲ ਬਹੁਤ ਮਹਿੰਗਾ ਵਿੱਕ ਰਿਹਾ ਹੈ ।ਸਮਾਂ ਅਜਿਹਾ ਆ ਚੁੱਕਿਆ ਹੈ ਕਿ ਗਰੀਬ ਆਦਮੀ ਸੇਬ, ਅੰਬ ਦਾ ਸੁਆਦ ਵੀ ਨਹੀਂ ਚਖ਼ ਸਕਦਾ ।ਗੈਸ ਸਿਲੰਡਰ ਦੀ ਕੀਮਤਾਂ ਵੀ ਵੱਧ ਰਹੀਆਂ ਹਨ । ਫਰਵਰੀ ਮਹੀਨੇ 21 ਦਿਨ ਲਗਾਤਾਰ ਪੈਟਰੋਲ ਡੀਜ਼ਲ ਦੀ ਕੀਮਤ ਵਧੀਆਂ। ਜਦੋਂ ਪੰਜ ਸੂਬਿਆਂ ਵਿੱਚ ਵੋਟਾਂ ਸਨ ਤਾਂ, ਇੱਕ ਪੈਸੇ ਵੀ ਪੈਟਰੋਲ, ਡੀਜਲ ਦੀ ਕੀਮਤ ਨਹੀਂ ਵਧੀ। ਚੋਣਾਂ ਦੇ ਨਤੀਜਿਆਂ ਤੋਂ ਬਾਅਦ ਲਗਾਤਾਰ ਪੈਟਰੋਲ, ਡੀਜ਼ਲ ਦੀਆਂ ਕੀਮਤਾਂ ਵਿਚ ਵਾਧਾ ਹੋ ਰਿਹਾ ਹੈ। ਕਈ ਸੂਬਿਆਂ ਵਿੱਚ ਤਾਂ ਪੈਟਰੋਲ ਦੀ ਕੀਮਤ ਸੌ ਰੁਪਏ ਦੇ ਨੇੜੇ ਜਾਂ ਉੱਪਰ ਹੋ ਚੁੱਕੀ ਹੈ। ਸਰਕਾਰ ਨੂੰ ਤਾਂ ਚਾਹੀਦਾ ਸੀ ਕਿ ਉਹ ਇਸ ਮਹਿੰਗਾਈ ਵਿਚ ਲੋਕਾਂ ਨੂੰ ਕੁੱਝ ਰਾਹਤ ਦਿੰਦੀ,ਉਲੱਟਾ ਪੈਟਰੋਲ ਡੀਜ਼ਲ ਦੀਆਂ ਕੀਮਤਾਂ ਵਿੱਚ ਵਾਧਾ ਕਰਕੇ ਆਮ ਆਦਮੀ ਦੀ ਜੇਬ ਢਿੱਲੀ ਕਰ ਦਿੱਤੀ ਹੈ। ਖਾਣ ਵਾਲੀਆਂ ਵਸਤਾਂ, ਸਰੋਂ ਦੇ ਤੇਲ ਵਿਚ ਲਗਾਤਾਰ ਵਾਧਾ ਹੋ ਰਿਹਾ ਹੈ।ਪ੍ਰਵਾਸੀ ਮਜ਼ਦੂਰਾਂ ਨੇ ਆਪਣੇ ਪਰਦੇਸਾਂ ਨੂੰ ਚਾਲੇ ਪਾ ਲਏ ਹਨ। ਪਿਛਲੇ ਸਾਲ ਅਸੀਂ ਦੇਖਿਆ ਹੈ ਕਿ ਕਈ ਪ੍ਰਵਾਸੀ ਮਜ਼ਦੂਰਾਂ ਦੀ ਰਾਹ ਵਿਚ ਹੀ ਮੌਤ ਹੋ ਗਈ। ਕਈ ਪ੍ਰਵਾਸੀ ਮਜ਼ਦੂਰਾਂ ਦੀਆਂ ਪਤਨੀਆਂ ਨੇ ਰਸਤੇ ਵਿੱਚ ਬੱਚਿਆਂ ਨੂੰ ਜਨਮ ਦਿੱਤਾ। ਹੁਣ ਜਦੋਂ ਦੇਸ਼ ਦੇ ਕਈ ਸੂਬਿਆਂ ਵਿੱਚ ਤਾਲਾਬੰਦੀ ਸ਼ੁਰੂ ਹੋਈ, ਤਾਂ ਇਨਾਂ ਪਰਵਾਸੀ ਮਜ਼ਦੂਰਾ ਨੇ ਫਿਰ ਆਪਣੇ ਪਰਦੇਸਾਂ ਨੂੰ ਜਾਣਾ ਸ਼ੁਰੂ ਕਰ ਦਿੱਤਾ। ਅੱਜ ਮਹਿੰਗਾਈ ਸਿਖ਼ਰਾਂ ਤੇ ਪੁੱਜ ਗਈ ਹੈ। ਸੜਕੀ ਆਵਾਜਾਈ ਰੇਲ ਆਵਾਜਾਈ ਦਾ ਬੰਦ ਹੋਣਾ ਵੀ ਮਹਿੰਗਾਈ ਦਾ ਇੱਕ ਬਹੁਤ ਵੱਡਾ ਕਾਰਨ ਹੈ ।ਤਾਲਾਬੰਦੀ ਦੌਰਾਨ ਬੇਰੁਜ਼ਗਾਰੀ ਪੈਦਾ ਹੋ ਚੁੱਕੀ ਹੈ। ਨੌਕਰੀਆਂ ਸੀਮਤ ਹੀ ਰਹਿ ਚੁੱਕੀਆਂ ਹਨ। ਹਰ ਇੱਕ ਕਾਰੋਬਾਰ ਨੂੰ ਨੁਕਸਾਨ ਪਹੁੰਚਿਆ ਹੈ। ਸਨਅਤ ਨੂੰ ਮੁੜ ਲੀਹ 'ਤੇ ਆਉਣ ਲਈ ਸਮਾਂ ਲੱਗੇਗਾ ।ਚਾਹੇ ਸਰਕਾਰ ਨੇ ਆਰਥਿਕ ਰਾਹਤ ਪੈਕੇਜ ਘੋਸ਼ਿਤ ਕੀਤਾ ਸੀ ।ਅਜਿਹੇ ਸਮੇਂ ਵਿੱਚ ਸਰਕਾਰ ਦੀ ਅਹਿਮ ਜ਼ਿੰਮੇਵਾਰੀ ਹੈ ਕਿ ਜੋ ਜ਼ਰੂਰੀ ਵਸਤਾਂ ਹਨ ਉਨਾਂ ਨੂੰ ਆਮ ਆਦਮੀ ਦੇ ਬਜਟ ਦੇ ਮੁਤਾਬਕ ਉਨਾਂ ਕੋਲ ਮੁਹੱਈਆ ਕਰਵਾਇਆ ਜਾਣ ।ਦੂਜਾ ਅਸੀਂ ਦੇਖ ਰਹੇ ਹਨ ਕਿ ਸਕੂਲਾਂ ਵੱਲੋਂ ਮੋਬਾਈਲ ਤੇ ਹੀ ਬੱਚਿਆਂ ਨੂੰ ਘਰ ਬੈਠੇ ਹੀ ਸਿੱਖਿਆ ਮੁਹੱਈਆ ਕਰਵਾਈ ਜਾ ਰਹੀ ਹੈ ।ਇੱਕ ਸਰਵੇਖਣ ਮੁਤਾਬਕ 58 ਫ਼ੀਸਦੀ ਬੱਚੇ ਮੋਬਾਇਲ ਦੇ ਆਦੀ ਹੋ ਚੁੱਕੇ ਹਨ। ਜਿਸ ਕਾਰਨ ਬੱਚਿਆਂ ਦੇ ਵਿਵਹਾਰ ਚਿੜਚਿੜਾ ਹੋ ਚੁੱਕਿਆ ਹੈ ।ਬੱਚਿਆਂ ਦੀ ਸਿਹਤ ਤੇ ਬੁਰਾ ਪ੍ਰਭਾਵ ਪਿਆ ਹੈ।ਬੱਚੇ ਮਾਂ ਬਾਪ ਨੂੰ ਕੌੜਾ ਬੋਲਦੇ ਹਨ। ਬਾਹਰ ਖੇਡਣ ਦੀ ਦਿਲਚਸਪੀ ਉਨਾਂ ਦੇ ਅੰਦਰ ਖਤਮ ਹੋ ਚੁੱਕੀ ਹੈ। ਬੱਚਿਆਂ ਦੀਆਂ ਅੱਖਾਂ ਤੇ ਬੁਰਾ ਪ੍ਰਭਾਵ ਪੈ ਰਿਹਾ ਹੈ । ਬੱਚੇ ਮੋਟਾਪੇ ਦਾ ਸ਼ਿਕਾਰ ਹੋ ਰਹੇ ਹਨ ।ਮੋਬਾਈਲ ਦੇ ਤਾਂ ਬੱਚੇ ਇੰਨੇ ਆਦੀ ਹੋ ਚੁੱਕੇ ਹਨ ਕਿ ਉਨਾਂ ਕੋਲ ਰੋਟੀ ਖਾਣ ਲਈ ਸਮਾਂ ਵੀ ਨਹੀਂ ਹੈ ।ਤਾਜ਼ਾ ਤਾਜ਼ਾ ਖ਼ਬਰ ਪੜਨ ਨੂੰ ਮਿਲੀ ਸੀ ਕਿ ਖਰੜ ਵਿਖੇ ਇੱਕ ਬੱਚੇ ਨੇ ਆਪਣੇ ਮਾਤਾ ਪਿਤਾ ਦੀ ਸਾਰੀ ਕਮਾਈ 17 ਲੱਖ ਪਬ ਜੀ ਗੇਮ ਤੇ ਰੋੜ ਦਿੱਤੀ ।ਦੂਜਾ ਕੇਸ ਮੁਹਾਲੀ ਵਿੱਚ ਆਇਆ ਜਿੱਥੇ ਬਾਰਾਂ ਸਾਲ ਦੇ ਬੱਚੇ ਨੇ ਆਪਣੇ ਬਜ਼ੁਰਗਾਂ ਦੀ ਪੈਨਸ਼ਨ ਸਬਜ਼ੀ ਗੇਮ ਤੇ ਲਗਾ ਦਿੱਤੀ। ਪਹਿਲੇ ਵੀ ਇਸ ਗੇਮ ਨਾਲ ਬੱਚਿਆਂ ਨੇ ਖ਼ੁਦਕੁਸ਼ੀ ਕਰਨ ਦੀ ਕੋਸ਼ਿਸ਼ ਕੀਤੀ ਤੇ ਕਈਆਂ ਨੇ ਆਪਣੀ ਜਾਨ ਵੀ ਗੁਆ ਲਈ । ਮਾਂ ਬਾਪ ਨੂੰ ਪਤਾ ਹੀ ਨਹੀਂ ਲੱਗਣ ਦਿੰਦੇ ਬੱਚੇ ਮੋਬਾਈਲ ਤੇ ਪੜਾਈ ਕਰ ਰਹੇ ਹਨ ਜਾਂ ਕੁਝ ਹੋਰ ਕਰ ਰਹੇ ਹਨ। ਪਿਓ ਨੇ ਤਾਂ ਬਾਹਰ ਕਮਾਉਣ ਲਈ ਚਲੇ ਜਾਣਾ ਹੈ, ਮਾਂ ਨੇ ਤਾਂ ਘਰ ਦੇ ਕੰਮ ਵੀ ਕਰਨੇ ਹੁੰਦੇ ਹਨ। ਆਖਿਰ ਮਾਂ ਬਾਪ ਕਦੋਂ ਤੱਕ ਪਰਛਾਵੇਂ ਦੀ ਤਰਾਂ ਬੱਚਿਆਂ ਦੇ ਕੋਲ ਬੈਠੇ ਰਹਿਣਗੇ । ਇਹ ਤਾਂ ਹੁਣ ਬੱਚਿਆਂ ਨੂੰ ਆਪ ਹੀ ਸਮਝ ਹੋਣੀ ਚਾਹੀਦੀ ਹੈ ਕਿ ਅਸੀਂ ਸਿਰਫ਼ ਮੋਬਾਈਲ ਤੇ ਪੜਾਈ ਹੀ ਕਰਨੀ ਹੈ। ਨਾ ਕਿ ਗਲਤ ਸੋਸ਼ਲ ਨੈੱਟਵਰਕਿੰਗ ਸਾਈਟਸ ਤੇ ਜਾ ਕੇ ਕੋਈ ਅਜਿਹਾ ਕਾਰਾ ਕਰਨਾ ਹੈ, ਜਿਸ ਕਾਰਨ ਮਾਂ ਬਾਪ ਨੂੰ ਵੀ ਬੱਚਿਆਂ ਕਰਕੇ ਸ਼ਰਮਿੰਦਾ ਹੋਣਾ ਪਵੇ।

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼
Quomantry AMRITSAR TIMES

21 ਮਈ 2021 ਤੋਂ 27 ਮਈ 2021

# ਸਾਕਾ ਪਾਉਂਟਾ ਸਾਹਿਬ ਦੇ ਸ਼ਹੀਦਾਂ ਨੂੰ ਯਾਦ ਕਰਦਿਆਂ

ਅਸੀਂ ਰੋਜ਼ਾਨਾਂ ਦੋਵਾਂ ਵੇਲਿਆਂ ਦੀ ਅਰਦਾਸ ਵਿੱਚ ਪੜਦੇ ਹਾਂ ਕਿ 'ਜਿੰਨਾਂ ਸਿੰਘਾਂ ਸਿੰਘਣੀਆਂ ਨੇ ਧਰਮ ਹੇਤ ਸੀਸ ਦਿੱਤੇ, ਬੰਦ ਬੰਦ ਕਟਵਾਏ, ਖੋਪਰੀਆਂ ਲੁਹਾਈਆਂ, ਚਰਖੜੀਆਂ 'ਤੇ ਚੜੇ, ਤਨ ਆਰਿਆਂ ਨਾਲ ਚਿਰਾਏ, ਗੁਰਦੁਆਰਿਆਂ ਦੀ ਸੇਵਾ ਲਈ ਕੁਰਬਾਨੀਆਂ ਕੀਤੀਆਂ ਤਿਨਾਂ ਦੀ ਕਮਾਈ ਦਾ ਧਿਆਨ ਧਰ ਕੇ ਬੋਲਣਾ ਜੀ ਵਾਹਿਗੁਰੂ।' ਸਿੱਖ ਹਮੇਸ਼ਾ ਗੁਰਦੁਆਰਿਆਂ ਲਈ ਕੁਰਬਾਨੀਆਂ ਕਰਨ ਨੂੰ ਤਿਆਰ ਰਹਿੰਦੇ ਹਨ, ਜਿੰਨਾਂ ਹਿੱਸੇ ਇਹ ਸੇਵਾ ਆ ਜਾਂਦੀ ਹੈ ਉਹ ਬਿਨਾ ਕਿਸੇ ਯੱਕ-ਤੱਕ ਦੇ ਆਪਣਾ ਆਪ ਕੁਰਬਾਨ ਕਰ ਦਿੰਦੇ ਹਨ ਅਤੇ ਬਾਕੀ ਰਹਿੰਦੇ ਇਸ ਸੇਵਾ ਲਈ ਅਰਦਾਸਾਂ ਕਰਦੇ ਹਨ ਅਤੇ ਕੁਰਬਾਨ ਹੋਇਆਂ ਨੂੰ ਸਿਜਦੇ ਕਰਨ ਹਨ। ਇਤਿਹਾਸ ਗਵਾਹ ਹੈ ਕਿ ਜਦੋਂ ਵੀ ਸਿੱਖ ਨੂੰ ਕਿਧਰਿਓਂ ਇਹ ਖਬਰ ਮਿਲਦੀ ਕਿ ਗੁਰੂ ਸਾਹਿਬ ਦੇ ਅਦਬ ਸਤਿਕਾਰ ਨੂੰ ਠੇਸ ਪਹੁੰਚਾਈ ਜਾ ਰਹੀ ਹੈ ਤਾਂ ਸਿੱਖ ਬਿਨਾਂ ਦੇਰੀ ਕੀਤਿਆਂ ਕਮਰਕੱਸੇ ਕਰ ਰਣ ਵਿੱਚ ਪਹੁੰਚ ਜਾਂਦਾ ਹੈ ਅਤੇ ਗੁਰੂ ਸਾਹਿਬ ਦੇ ਅਦਬ ਦੀ ਬਹਾਲੀ ਲਈ ਹਰ ਸੰਭਵ ਯਤਨ ਕਰਦਾ ਹੈ। ਸਿੱਖਾਂ ਨੇ ਇਹ ਅਦਬ ਸ਼ਾਂਤਮਈ ਸ਼ਹਾਦਤਾਂ ਨਾਲ ਵੀ ਬਹਾਲ ਕਰਵਾਇਆ ਹੈ ਅਤੇ ਆਪਣੀ ਤੇਗ ਦੇ ਜੌਹਰ ਵਿਖਾ ਕੇ ਵੀ।

ਇਸੇ ਤਰਾਂ ਸੰਨ 1964 ਵਿੱਚ ਗੁਰਦੁਆਰਾ ਪਾਉਂਟਾ ਸਾਹਿਬ 'ਤੇ ਮਹੰਤ ਗੁਰਦਿਆਲ ਸਿੰਘ ਦਾ ਕਬਜਾ ਸੀ ਜੋ ਮਹੰਤ ਲਹਿਣਾ ਸਿੰਘ ਦਾ ਪੁੱਤਰ ਸੀ। ਮਹੰਤ ਲਹਿਣਾ ਸਿੰਘ ਜਲਿਆਂ ਵਾਲੇ ਬਾਗ਼ ਦੇ ਖ਼ੂਨੀ ਸਾਕੇ ਵਿੱਚ ਸ਼ਹੀਦ ਹੋਣ ਤੋਂ ਬਚ ਗਏ ਸਨ, ਇਸ ਕਰਕੇ ਪੰਥ ਵਿੱਚ ਉਹਨਾਂ ਦਾ ਸਤਿਕਾਰ ਸੀ ਪਰ ਮਹੰਤ ਲਹਿਣਾ ਸਿੰਘ ਦੀ ਮੌਤ ਤੋਂ ਬਾਅਦ ਉਨਾਂ ਦੇ ਪੁੱਤਰ ਗੁਰਦਿਆਲ ਸਿੰਘ ਨੇ ਗੁਰਦੁਆਰੇ 'ਤੇ ਆਪਣਾ ਹੱਕ ਸਮਝਦੇ ਹੋਏ ਕਬਜ਼ਾ ਕਰ ਲਿਆ ਅਤੇ ਆਪਣੇ ਇੱਕ ਰਿਸ਼ਤੇਦਾਰ ਰਾਹੀਂ ਲੀਡਰਾਂ ਤਕ ਪਹੁੰਚ ਬਣਾ ਲਈ। ਸਰਕਾਰੇ-ਦਰਬਾਰੇ ਅਫ਼ਸਰਾਂ ਨਾਲ ਉਸ ਦਾ ਚੰਗਾ ਰਸੂਖ ਹੋਣ ਕਰਕੇ ਉਹ ਸਰਕਾਰ ਦੀ ਸ਼ਹਿ 'ਤੇ ਮਨਮੱਤੀਆਂ ਅਤੇ ਕੁਰੀਤੀਆਂ ਕਰਦਾ ਸੀ। ਗੁਰਦੁਆਰੇ ਦੇ ਪ੍ਰਬੰਧ ਨੂੰ ਚੰਗੀ ਤਰਾਂ ਨਾ ਚਲਾਉਣ ਕਾਰਨ ਸੰਗਤਾਂ ਵਿੱਚ ਭਾਰੀ ਰੋਸ ਸੀ ਜਿਸ ਦੇ ਚਲਦਿਆਂ ਪਾਉਂਟਾ ਸਾਹਿਬ ਦੇ ਆਸ-ਪਾਸ ਦੇ ਪਿੰਡਾਂ ਦੀ ਸੰਗਤ ਇੱਕ ਵਿਸ਼ੇਸ਼ ਜਥਾ ਲੈ ਕੇ ਦੁਆਬੇ ਦੇ ਇਤਿਹਾਸਕ ਸਥਾਨ ਗੁਰਦੁਆਰਾ ਹਰੀਆਂ ਵੇਲਾਂ (ਹੁਸ਼ਿਆਰਪੁਰ) ਪਹੁੰਚੀ। ਸੰਗਤ ਨੇ ਤਰਨਾ ਦਲ ਹਰੀਆਂ ਵੇਲਾਂ ਦੇ ਮੁਖੀ ਨਿਹੰਗ ਸਿੰਘ ਜਥੇਦਾਰ ਹਰਭਜਨ ਸਿੰਘ ਨੂੰ ਸਾਰੀ ਜਾਣਕਾਰੀ ਦੇ ਦਿੱਤੀ। ਗੁਰਦੁਆਰਾ ਸਾਹਿਬ ਦੀ ਪਵਿੱਤਰਤਾ ਨੂੰ ਮੁੱਖ ਰੱਖਦਿਆਂ ਬਾਬਾ ਹਰਭਜਨ ਸਿੰਘ ਦੀ ਅਗਵਾਈ ਹੇਠ ਸ਼ਸਤਰਧਾਰੀ ਨਿਹੰਗ ਸਿੰਘਾਂ ਦਾ ਦਲ ਪਾਉਂਟਾ ਸਾਹਿਬ ਲਈ ਰਵਾਨਾ ਹੋ ਗਿਆ। ਮਹੰਤ ਦੀ ਸਰਕਾਰੇ ਦਰਬਾਰੇ ਅਤੇ ਪੁਲਿਸ ਨਾਲ ਗੰਢਤੁੱਪ ਸੀ। ਮਹੰਤ ਨੇ ਆਪਣੀ ਪਹੁੰਚ ਨਾਲ ਪੁਲਿਸ ਦਾ ਪ੍ਰਬੰਧ ਕਰ ਲਿਆ ਅਤੇ ਭਾੜੇ ਦੇ ਬਦਮਾਸ਼ ਵੀ ਬੁਲਾ ਲਏ।

ਮਹੰਤ ਦੇ ਬੰਦਿਆਂ ਨੇ ਸਿੰਘਾਂ ਨਾਲ ਹੱਥੋਪਾਈ ਵੀ ਕੀਤੀ ਪਰ ਸਿੰਘਾਂ ਨੇ ਸਿਆਣਪ ਤੋਂ ਕੰਮ ਲਿਆ ਅਤੇ ਇਕ ਵਾਰ ਲਈ ਗੱਲ ਵੱਧ ਜਾਣ ਤੋਂ ਰੋਕ ਲਈ। ਪਾਉਂਟਾ ਸਾਹਿਬ ਦੀ ਪਵਿੱਤਰਤਾ ਲਈ ਗੁਰੂ ਸਾਹਿਬ ਨੂੰ ਅਰਦਾਸ ਕਰ ਕੇ ਸ੍ਰੀ ਅਖੰਡ ਪਾਠ ਸਾਹਿਬ ਆਰੰਭ ਕੀਤੇ ਗਏ। ਹਿਮਾਚਲ ਪ੍ਰਸ਼ਾਸਨ ਨੇ ਬਾਬਾ ਹਰਭਜਨ ਸਿੰਘ ਜੀ ਨੂੰ ਸਮਝੌਤੇ ਦੇ ਬਹਾਨੇ ਬੁਲਾ ਕੇ ਗ੍ਰਿਫਤਾਰ ਕਰ ਲਿਆ। 22 ਮਈ ਨੂੰ ਪੁਲਿਸ ਕਮਿਸ਼ਨਰ ਆਰ.ਕੇ.ਚੰਡੋਲ ਦੀ ਅਗਵਾਈ ਹੇਠ ਸਪੀਕਰ ਰਾਹੀਂ ਸ੍ਰੀ ਅਖੰਡ ਪਾਠ ਸਾਹਿਬ ਬੰਦ ਕਰਕੇ ਬਾਹਰ ਆਉਣ ਦੀ ਚਿਤਾਵਨੀ ਦਿੱਤੀ ਜਾਣ ਲੱਗੀ ਪਰ ਕੋਈ ਬਾਹਰ ਨਾ ਆਇਆ। ਤਿੰਨ ਵਾਰ ਦੀ ਚਿਤਾਵਨੀ ਤੋਂ ਬਾਅਦ ਪੁਲਿਸ ਪੌੜੀਆਂ ਲਾ ਕੇ ਅੰਦਰ ਦਾਖਲ ਹੋ ਗਈ ਅਤੇ ਇਕਦਮ ਗੋਲੀਆਂ ਦੀ ਬੁਛਾੜ ਕਰ ਦਿੱਤੀ।

ਗੁਰਦੁਆਰਾ ਸਾਹਿਬ ਦੇ ਅੰਦਰ ਦਰਵਾਜ਼ੇ ਤੋੜ ਕੇ, ਖਿੜਕੀਆਂ ਭੰਨ ਕੇ, ਬੂਟਾਂ ਸਮੇਤ ਜਾ ਕੇ ਸ੍ਰੀ ਅਖੰਡ ਪਾਠ ਸਾਹਿਬ ਕਰਦੇ ਸਿੰਘਾਂ ਨੂੰ ਗੋਲੀਆਂ ਮਾਰੀਆਂ ਗਈਆਂ। ਜਦੋਂ ਪਾਠ ਕਰਦੇ ਸਿੰਘ ਨੇ ਇਸ਼ਾਰੇ ਨਾਲ ਹੱਥ ਉੱਪਰ ਕਰਕੇ ਪਾਠ ਵਿੱਚ ਵਿਘਨ ਨਾ ਪਾਉਣ ਲਈ ਕਿਹਾ ਤਾਂ ਉਸ ਦੀ ਹਥੇਲੀ ਦਾ ਨਿਸ਼ਾਨਾ ਲਗਾ ਕੇ ਉਸ ਵਿੱਚ ਗੋਲੀ ਮਾਰੀ ਗਈ। ਜ਼ਖਮੀ ਹਾਲਤ ਵਿੱਚ ਉਸ ਨੇ ਪਾਠ ਜਾਰੀ ਰੱਖਿਆ ਤਾਂ ਉਸ ਉੱਤੇ ਹੋਰ ਗੋਲੀ ਚਲਾਈ ਗਈ ਜੋ ਉਸ ਦੇ ਸੀਨੇ ਨੂੰ ਚੀਰ ਕੇ ਪਾਰ ਹੋ ਗਈ ਤੇ ਉਹ ਲਹੂ-ਲੁਹਾਨ ਹੋ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਉਪਰ ਡਿੱਗ ਪਿਆ।

ਬਾਬਾ ਨਿਹਾਲ ਸਿੰਘ ਜੀ, ਚੌਰ ਸਾਹਿਬ ਦੀ ਸੇਵਾ ਕਰ ਰਹੇ ਸਨ। ਉਨਾਂ ਨੇ ਡਿੱਗਦੇ ਪਾਠੀ ਦੀ ਥਾਂ ਲੈਣੀ ਚਾਹੀ ਤਾਂ ਕਿ ਅਖੰਡ ਪਾਠ ਖੰਡਿਤ ਨਾ ਹੋ ਸਕੇ ਤਾਂ ਉਨਾਂ ਨੂੰ ਵੀ ਗੋਲੀਆਂ ਮਾਰੀਆਂ ਗਈਆਂ ਜਿਸ ਨਾਲ ਉਹ ਗੰਭੀਰ ਜ਼ਖਮੀ ਹੋ ਗਏ। ਇੱਕ ਸਿੰਘ ਨੇ ਨਗਾਰਾ ਵਜਾ ਕੇ ਇਸ ਹਮਲੇ ਦੀ ਜਾਣਕਾਰੀ ਬਾਹਰ ਦੇਣੀ ਚਾਹੀ ਤਾਂ ਉਸ ਨੂੰ ਵੀ ਗੋਲੀਆਂ ਮਾਰ ਕੇ ਉਥੇ ਹੀ ਸ਼ਹੀਦ ਕਰ ਦਿੱਤਾ ਗਿਆ। ਪੁਲਿਸ ਦੀਆਂ ਗੋਲੀਆਂ ਨਾਲ 11 ਸਿੰਘ ਸ਼ਹੀਦ ਹੋ ਗਏ ਅਤੇ ਤਿੰਨ ਜਖਮੀ ਹਾਲਤ ਵਿੱਚ ਪਏ ਸਨ। ਜਦੋਂ ਪੁਲਿਸ ਨੇ ਜਖਮੀ ਸਿੰਘਾਂ ਨੂੰ ਵੇਖਿਆ ਤਾਂ ਉਨਾਂ ਨੂੰ ਮਾਰਨ ਦੇ ਲਈ ਉਨਾਂ ਨੂੰ ਲੋਹੇ ਦੀਆਂ ਰਾਡਾਂ ਦੇ ਨਾਲ ਕੁੱਟਿਆ ਗਿਆ।

ਗੁਰਦੁਆਰਾ ਸਾਹਿਬ ਦੇ ਅੰਦਰ ਖ਼ੂਨ ਹੀ ਖ਼ੂਨ ਹੋ ਗਿਆ ਸੀ। ਦਰੀਆਂ, ਚਾਦਰਾਂ ਅਤੇ ਹੋਰ ਜਿਸ 'ਤੇ ਵੀ ਖ਼ੂਨ ਡੁੱਲਾ ਹੋਇਆ ਸੀ, ਉਹ ਸਭ ਪੁਲਿਸ ਆਪਣੇ ਨਾਲ ਲੈ ਗਈ। ਪੁਲਿਸ ਨੇ ਸਿਰਫ ਤਿੰਨ ਲਾਸ਼ਾਂ ਹੀ ਸੰਗਤ ਨੂੰ ਦਿੱਤੀਆਂ, ਬਾਕੀ ਸਾਰੇ ਸਿੰਘਾਂ ਦੀ ਲਾਸ਼ਾਂ ਅਤੇ ਤਿੰਨੇ ਜਖਮੀ ਸਿੰਘਾਂ ਨੂੰ ਗੱਡੀਆਂ ਵਿੱਚ ਸੁੱਟ ਲਿਆ ਗਿਆ। ਜਦੋਂ ਉਨਾਂ ਨੂੰ ਲਿਜਾਇਆ ਜਾਣ ਲੱਗਾ ਤਾਂ ਸੰਗਤ ਨੇ ਵੇਖ ਲਿਆ ਕਿ ਕੁਝ ਸਿੰਘ ਅਜੇ ਜਿਉਂਦੇ ਹਨ। ਸੰਗਤ ਦੇ ਕਾਫੀ ਵਿਰੋਧ ਕਰਨ ਉਪਰੰਤ ਜਖਮੀ ਸਿੰਘ ਸੰਗਤ ਨੂੰ ਦੇ ਦਿੱਤੇ ਗਏ। ਜਖਮੀ ਸਿੰਘਾਂ ਦਾ ਇਲਾਜ ਕਰਵਾਇਆ ਗਿਆ। ਇਨਾਂ ਜਖਮੀ ਸਿੰਘਾਂ ਵਿੱਚ ਬਾਬਾ ਨਿਹਾਲ ਸਿੰਘ ਵੀ ਸਨ ਜੋ ਹੁਣ ਤਰਨਾ ਦਲ ਹਰੀਆਂ ਵੇਲਾਂ ਦੇ ਮੁੱਖ ਜਥੇਦਾਰ ਹਨ।

ਇਤਿਹਾਸ ਦੀ ਲਗਾਤਾਰਤਾ ਨੂੰ ਕਾਇਮ ਰੱਖਦਿਆਂ ਗੁਰੂ ਪਾਤਸ਼ਾਹ ਦੀ ਮਿਹਰ ਸਦਕਾ ਇਕ ਵਾਰ ਫਿਰ ਗੁਰੂ ਦਿਆਂ ਸਿੰਘਾਂ ਨੇ ਸ਼ਹੀਦੀਆਂ ਦੇ ਕੇ ਗੁਰਦੁਆਰਾ ਪਾਉਂਟਾ ਸਾਹਿਬ ਦੀ ਪਵਿੱਤਰਤਾ ਨੂੰ ਬਹਾਲ ਕਰਵਾਇਆ। ਸਿੱਖ ਅਤੇ ਗੁਰੂ ਦੇ ਇਸ ਰਿਸ਼ਤੇ ਨੂੰ ਇਹ ਹੁਕਮਰਾਨ ਅਕਸਰ ਦੁਨਿਆਵੀ ਗਿਣਤੀਆਂ ਮਿਣਤੀਆਂ ਵਿੱਚੋਂ ਸਮਝਣ ਦਾ ਯਤਨ ਕਰਦੇ ਹਨ ਜਿਸ ਕਰਕੇ ਹਰ ਵਾਰ ਸਮਝਣ ਵਿੱਚ ਨਾਕਾਮਯਾਬ ਰਹਿੰਦੇ ਹਨ। ਜਦੋਂ ਜਦੋਂ ਸਿੱਖ ਗੁਰੂ ਨੂੰ ਮਹਿਸੂਸ ਕਰੇਗਾ ਉਦੋਂ ਉਦੋਂ ਉਹ ਸਾਰੇ ਦੁਨਿਆਵੀ ਨਫ਼ੇ-ਨੁਕਸਾਨਾਂ ਨੂੰ ਠੋਕਰ ਮਾਰਦਾ ਹੋਇਆ ਗੁਰੂ ਦੇ ਦੱਸੇ ਰਾਹ ਉੱਤੇ ਚੱਲੇਗਾ ਅਤੇ ਗੁਰੂ ਦੀ ਗੋਦ ਦਾ ਨਿੱਘ ਮਾਣੇਗਾ।

# 2024 ਦੀਆਂ ਚੋਣਾਂ ਕੋਈ ਵੱਡੀ ਕ੍ਰਾਂਤੀ ਨਹੀਂ ਲਿਆਉਣਗੀਆਂ

**ਦਲੀਪ ਸਿੰਘ ਵਾਸਨ, ਐਡਵੋਕੇਟ**
ਫੋਨ :-0175-5191856

ਸਾਡੇ ਮੁਲਕ ਵਿੱਚ ਹਰ ਪੰਜਾਂ ਸਾਲਾਂ ਬਾਅਦ ਚੋਣਾਂ ਹੁੰਦੀਆਂ ਆ ਰਹੀਆਂ ਹਨ। ਪਹਿਲਾਂ ਪਹਿਲ ਤਾਂ ਇੱਕ ਹੀ ਖਾਨਦਾਨ ਜਿੱਤਦਾ ਰਿਹਾ ਹੈ। ਫਿਰ ਤਬਦੀਲੀ ਆਈ, ਉਹ ਵੀ ਅਸਾਂ ਦੇਖ ਲਈ ਹੈ। ਇਹ ਖਾਨਦਾਨੀ ਰਾਜ ਅਤੇ ਇਹ ਵਿਅਕਤੀਵਿਸ਼ੇਸ਼ਾਂ ਦਾ ਰਾਜ ਅਸੀਂ ਦੇਖ ਲਿਆ ਹੈ। ਇਹ ਰਾਜਸੀ ਲੋਕਾਂ ਦਾ ਰਾਜ ਇਸ ਲਈ ਚਲਦਾ ਆ ਰਿਹਾ ਹੈ ਕਿ ਅੰਗਰੇਜ਼ ਸਾਮਰਾਜੀਏ ਆਪ ਹੀ ਮੁਲਕ ਦਾ ਚਾਰਜ ਰਾਜਸੀ ਲੋਕਾਂ ਹਵਾਲੇ ਕਰ ਗਏ ਸਨ ਅਤੇ ਇਨਾਂ ਰਾਜਸੀ ਲੋਕਾਂ ਨੇ ਸਭ ਤੋਂ ਪਹਿਲਾ ਕੰਮ ਬਟਵਾਰੇ ਦਾ ਕੀਤਾ ਸੀ ਅਤੇ ਇਥੋਂ ਹੀ ਪਤਾ ਲਗ ਗਿਆ ਸੀ ਕਿ ਇਹ ਰਾਜਸੀ ਲੋਕੀਂ ਮੁਲਕ ਦਾ ਅੱਗੋਂ ਕੀ ਹਾਲ ਕਰ ਦੇਣਗੇ।

ਸਾਨੂੰ ਆਜ਼ਾਦ ਹੋਇਆਂ ਅਤੇ ਇਹ ਵਾਲਾ ਪਰਜਾਤੰਤਰ ਲਿਆਇਆਂ ਅੱਜ ਸੱਤ, ਸਾਢੇ ਸਤ ਦਹਾਕਿਆਂ ਦਾ ਸਮਾਂ ਹੋ ਗਿਆ ਹੈ। ਅਸੀਂ ਇਹ ਉਮੀਦਾਂ ਲਗਾਈਆਂ ਸਨ ਕਿ ਸਾਡੇ ਗਲ਼ ਇਹ ਜਿਹੜੀਆਂ ਵੀ ਮੁਸੀਬਤਾਂ ਗੁਲਾਮੀ ਕਾਰਨ ਪੈ ਗਈਆਂ ਸਨ ਹੁਣ ਆਪਣਾ ਰਾਜ ਆ ਗਿਆ ਹੈ ਅਤੇ ਅਸੀਂ ਰਲਕੇ ਇਹ ਸਾਰੀਆਂ ਦੀਆਂ ਸਾਰੀਆਂ ਸਮਸਿਆਵਾਂ ਇਕ ਇਕ ਕਰਕੇ ਸੁਲਝਾ ਲਵਾਂਗੇ। ਸਾਨੂੰ ਪਤਾ ਸੀ ਸਾਡਾ ਮੁਲਕ ਅਮੀਰ ਦੇਸ਼ ਹੈ। ਅਮੀਰ ਦੇਸ਼ ਹੋਣ ਦੇ ਬਾਵਜੂਦ ਸਾਡੇ ਮੁਲਕ ਦੀਆਂ ਸਰਕਾਰਾਂ ਨੇ ਕਦੇ ਲੋਕਾਂ ਬਾਰੇ ਸੋਚਿਆ ਹੀ ਨਹੀਂ ਸੀ। ਅਸੀਂ ਜੇਕਰ ਆਪਣੇ ਮਿਥਿਹਾਸ ਵਿੱਚ ਝਾਤ ਮਾਰਦੇ ਹਾਂ ਤਾਂ ਉਦੋਂ ਵੀ ਸੁਦਾਮਾ ਹਾਜ਼ਰ ਸੀ ਅਤੇ ਸਾਡਾ ਆਪਣਾ ਰਾਜਿਆਂ, ਮਹਾਰਾਜਿਆਂ ਦਾ ਇਤਿਹਾਸ ਵੀ ਸਾਫ ਦਿਖਾਈ ਦੇ ਰਿਹਾ ਹੈ ਕਿ ਇਹ ਵੀ ਆਪ ਐਸ਼ ਕਰਦੇ ਸਨ ਅਤੇ ਲੋਕਾਂ ਵੱਲ ਕੋਈ ਧਿਆਨ ਨਹੀਂ ਸੀ ਦਿੰਦੇ। ਮੁਗਲਾਂ ਦਾ ਵਕਤ ਵੀ ਅਸਾਂ ਦੇਖਿਆ ਅਤੇ ਇਹ ਬਸ ਜ਼ੁਲਮਾਂ ਦੀਆਂ ਕਹਾਣੀਆਂ ਹੀ ਸਾਡੇ ਪਾਸ ਹਨ। ਫਿਰ ਅੰਗਰੇਜ਼ ਆਏ ਅਤੇ ਇਥੇ ਆ ਕੇ ਕੁਝ ਤਾਂ ਹੋਇਆ ਲਗਦਾ ਹੈ। ਇਹ ਸਕੂਲ, ਇਹ ਕਾਲਿਜ, ਇਹ ਸਿਖਲਾਈ ਕੇਂਦਰ, ਇਹ ਹਸਪਤਾਲ, ਇਹ ਨੌਕਰੀਆਂ, ਇਹ ਕਾਰਖਾਨੇ, ਇਹ ਵਪਾਰਕ ਅਦਾਰੇ, ਇਹ ਸੜਕਾਂ, ਇਹ ਰੇਲਾਂ, ਇਹ ਕਾਰਾਂ, ਇਹ ਬੱਸਾਂ, ਇਹ ਲਿਖਤੀ ਕਾਨੂੰਨ, ਇਹ ਵਿਭਾਗ, ਇਹ ਭਰਤੀ ਦੀਆਂ ਸ਼ਰਤਾਂ, ਇਹ ਤਰੱਕੀ ਦੀਆਂ ਸ਼ਰਤਾਂ, ਇਹ ਅਦਾਲਤਾਂ, ਇਹ ਪੁਲਿਸ, ਇਹ ਮਿਲਟਰੀ ਆਦਿ ਦੀ ਸਥਾਪਨਾ ਕਰਕੇ ਅੰਗਰੇਜ਼ ਕੋਈ 100 ਸਾਲ ਇਸ ਮੁਲਕ ਉਤੇ ਰਾਜ ਕਰ ਗਏ ਸਨ ਅਤੇ ਇਹ ਜਿਹੜਾ ਵੀ ਢਾਂਚਾ ਉਹ ਖੜਾ ਕਰ ਗਏ ਸਨ। ਇਹ ਅਸੀਂ ਅੱਜ ਤੱਕ ਬਿਨਾਂ ਕੋਈ ਤਬਦੀਲੀ ਲਿਆਉਂਦਿਆਂ ਅਸੀਂ ਪਿਛਲੇ ਸਾਢੇ ਸੱਤ ਦਹਾਕਿਆਂ ਤੋਂ ਚਲਾਈ ਜਾ ਰਹੇ ਹਾਂ।

ਇਸ ਮੁਲਕ ਵਿੱਚ ਰਾਜਸੀ ਲੋਕਾਂ ਦਾ ਰਾਜ ਆ ਗਿਆ ਅਤੇ ਇਹ ਰਾਜ ਵੀ ਅਸਾਂ ਸਾਢੇ ਸੱਤ ਦਹਾਕਿਆਂ ਤੱਕ ਮਾਣ ਹੀ ਲਿਆ ਹੈ। ਅਸਾਂ ਹਰ ਪੰਜਾਂ ਸਾਲਾਂ ਬਾਅਦ ਚੋਣਾਂ ਵੀ ਕਰਾਈ ਜਾ ਰਹੇ ਹਾਂ। ਅਸਾਂ ਦੇਖਿਆ ਕਿ ਰਾਜਸੀ ਲੋਕ ਸਾਰੇ ਦੇ ਸਾਰੇ ਇਕ ਹੀ ਕਿਸਮ ਦੇ ਹਨ ਅਤੇ ਇਹ ਰਾਜਸੀ ਪਾਰਟੀਆਂ ਵੀ ਮਹਿਜ ਟੀਮਾਂ ਜਿਹੀਆਂ ਹਨ ਅਤੇ ਅੱਜ ਤੱਕ ਰਾਜਸੀ ਮੰਚ ਉਤੇ ਇਹ ਰਾਜਸੀ ਲੋਕੀਂ ਸਿਰਫ ਅਤੇ ਸਿਰਫ ਦੋਸਤਾਨਾ ਮੈਚ ਹੀ ਖੇਡਦੇ ਰਹੇ ਹਨ ਅਤੇ ਅਸੀਂ ਮੁਲਕ ਦੀ ਜਨਤਾ ਦਰਸ਼ਿਕ ਬਣੇ ਰਹੇ ਹਾਂ ਅਤੇ ਇਹ ਦੋਸਤਾਨਾ ਮੈਚ ਦੇਖਦੇ ਰਹੇ ਹਾਂ। ਇਹ ਰਾਜਸੀ ਲੋਕ ਇਹ ਬਨਾਵਟੀ ਜਿਹੀਆਂ ਪਾਣੀਪਤ ਦੀਆਂ ਲੜਾਈਆਂ ਵਾਂਗ ਹਰ ਵਾਰੀ ਚੋਣ ਮੈਦਾਨ ਵਿੱਚ ਆ ਕੇ ਲੜਕਦੇ ਰਹੇ ਹਨ ਅਤੇ ਇਕ ਦੂਜੇ ਉਤੇ ਕਿਹੋ ਜਿਹੇ ਇਲਜ਼ਾਮ ਲਗਾ ਕੇ ਇਹ ਬੋਲਦੇ ਰਹੇ ਹਨ। ਅਸੀਂ ਸਿੱਧੀ ਸਾਦੀ ਮੁਲਕ ਦੀ ਜਨਤਾ ਕਦੇ ਤਾੜੀਆਂ ਮਾਰਦੇ ਰਹੇ ਹਾਂ, ਕਦੀ ਨਾਹਰੇ ਮਾਰਦੇ ਰਹੇ ਹਾਂ ਅਤੇ ਕਈ ਵਾਰੀਂ ਸਾਡਾ ਰੋਣਾ ਵੀ ਨਿਕਲ ਜਾਂਦਾ ਰਿਹਾ ਹੈ ਕਿ ਸਾਡੇ ਮੁਲਕ ਵਿੱਚ ਕਿਹੋ ਜਿਹੇ ਇਹ ਰਾਜਸੀ ਲੋਕ ਆ ਗਏ ਹਨ ਅਤੇ ਇਸ ਤਰਾਂ ਸਾਡੇ ਸਾਢੇ ਸੱਤ ਦਹਾਕਿਆਂ ਦਾ ਸਮਾਂ ਹੋ ਗਿਆ ਹੈ।

ਇਸ ਮੁਲਕ ਵਿੱਚ ਇਹ ਮਹਾਂਮਾਰੀ ਕੋਰੋਨਾ ਆਈ ਤਾਂ ਪਤਾ ਲੱਗਾ ਕਿ ਸਾਡੇ ਮੁਲਕ ਦੀ ਕੁਲ ਆਬਾਦੀ ਦਾ ਤਿੰਨ ਚੌਥਾਈ ਹਿੱਸਾ ਹਾਲੇ ਵੀ ਦਿਹਾੜੀਦਾਰ ਹੈ ਅਤੇ ਲੋਕਾਂ ਪਾਸ ਕੋਈ ਪੱਕਾ ਰੁਜ਼ਗਾਰ ਨਾ ਹੋਣ ਕਾਰਨ, ਇਹ ਤਿੰਨ ਚੌਥਾਈ ਜਨਤਾ ਮਸਾਂ ਦੋ ਵੇਲੇ ਦੀ ਰੋਟੀ ਹੀ ਪੈਦਾ ਕਰਨ ਜੋਗੀ ਬਣੀ ਹੈ। ਅਰਥਾਤ ਪਿਛਲੇ ਸਾਢੇ ਸਤ ਦਹਾਕਿਆਂ ਦੀ ਇਹ ਅਜ਼ਾਦੀ ਅਤੇ ਇਹ ਪਰਜਾਤੰਤਰ ਅਤੇ ਇਹ ਹਰ ਪੰਜ ਸਾਲਾਂ ਬਾਅਦ ਚੋਣਾਂ ਦੀਆਂ ਵਰਜਿਸ਼ਾਂ ਬਸ ਸਾਰੇ ਕੁਝ ਦਿਖਾਵਾ ਹੀ ਸੀ ਅਤੇ ਕਿਸੇ ਵੀ ਰਾਜਸੀ ਆਦਮੀ ਨੇ ਕੋਈ ਵੀ ਯੋਜਨਾਬਧ ਕਾਰਵਾਈ ਕਰਕੇ ਇਸ ਮੁਲਕ ਦੀ ਕੋਈ ਵੀ ਸਮਸਿਆ ਹੱਲ ਕਰਨ ਦਾ ਯਤਨ ਕੀਤਾ ਨਹੀਂ ਲਗਦਾ ਹੈ। ਹਾਲੇ ਤੱਕ ਗੁਰਬਤ ਹੈ ਅਤੇ ਇਸ ਗੁਰਬਤ ਵਿਚੋਂ ਹੀ ਮਾੜੀ ਸਿਹਤ, ਅਨਪੜਤਾ, ਬੇਰੁਜ਼ਗਾਰੀ, ਘੱਟ ਆਮਦਨ ਬਣੀ ਪਈ ਹੈ ਅਤੇ ਬਾਕੀ ਦੀਆਂ ਜਿੰਨੀਆਂ ਵੀ ਮੁਸੀਬਤਾਂ ਹਨ ਇਹ ਗੁਰਬਤ ਤੋਂ ਹੀ ਪੈਦਾ ਹੋਈਆਂ ਹਨ। ਅਸੀਂ ਦੇਖ ਰਹੇ ਹਾਂ ਕਿ ਅੱਜ ਤੱਕ ਅਸੀਂ ਕਈ ਵਾਰ ਚੋਣਾਂ ਕਰਵਾ ਕੇ ਆਦਮੀ ਤੱਕ ਬਦਲਦੇ ਰਹੇ ਹਾਂ, ਪਰ ਪਰਨਾਲਾ ਉਥੇ ਦਾ ਉਥੇ ਹੀ ਹੈ। ਆਦਮੀ ਬਦਲਦੇ ਰਹੇ ਪਰ ਕੀਤਾ ਕੁਝ ਨਹੀਂ ਗਿਆ ਹੈ।

ਹੁਣ ਦੋ ਤਿੰਨ ਸਾਲਾਂ ਬਾਅਦ 2024 ਦੀਆਂ ਚੋਣਾਂ ਆਉਣ ਵਾਲੀਆਂ ਹਨ ਅਤੇ ਅਸੀਂ ਦੇਖ ਰਹੇ ਹਾਂ ਰਾਜਸੀ ਮੰਚ ਉਤੇ ਉਹੀ ਲੋਕੁ ਖੜੇ ਚੋਣਾਂ ਦੀ ਉਡੀਕ ਪਏ ਕਰਦੇ ਹਨ। ਹਾਲੇ ਤੱਕ ਅਸੀਂ ਰਾਜਸੀ ਖੇਤਰ ਵਿੱਚ ਦਾਖਲੇ ਲਈ ਕੋਈ ਵਿਦਿਆ, ਸਿਖਲਾਈ, ਮੁਹਾਰਤ, ਤਜਰਬਾ ਆਦਿ ਸਹੀ ਨਹੀਂ ਬਣਾ ਪਏ ਅਤੇ ਨਾ ਹੀ ਅਸਾਂ ਹਾਲੇ ਤੱਕ ਕੋਈ ਮੁਕਾਬਲੇ ਦੀ ਪ੍ਰੀਖਿਆ ਹੀ ਰੱਖੀ ਹੈ। ਬਸ ਜਿਸ ਕਿਸੇ ਪਾਸ ਚਾਰ ਪੈਸੇ ਹੁੰਦੇ ਹਨ ਉਹ ਪਾਰਟੀ ਫੰਡ ਦੇ ਕੇ ਉਮੀਦਵਾਰ ਬਣ ਸਕਦਾ ਹੈ। ਹਰ ਕੋਈ ਜਾਣਦਾ ਹੈ ਕਿ ਕਰਨਾ ਤਾਂ ਹੈ ਨਹੀਂ ਕੁਝ ਅਤੇ ਇਸ ਲਈ ਕਿਸੇ ਯੋਗਤਾ ਦੀ ਜ਼ਰੂਰਤ ਹੀ ਨਹੀਂ ਹੈ। ਬਸ ਕੱਪੜੇ ਬਦਲਕੇ ਸਦਨਾਂ ਵਿੱਚ ਜਾ ਬੈਠਣਾ ਹੈ। ਇਨਾਂ ਸਦਨਾਂ ਵਿੱਚ ਸਿਰਫ ਸਰਦਾਰੀਆਂ ਬਣੀਆਂ ਪਈਆਂ ਹਨ ਅਤੇ ਸਾਰਾ ਕੁਝ ਸਰਦਾਰਾਂ ਨੇ ਹੀ ਕਰਨਾ ਹੈ ਅਤੇ ਬਾਕੀ ਦੇ ਵਿਧਾਇਕ ਤਾਂ ਬਸ ਗਿਣਤੀ ਬਣ ਜਾਂਦੇ ਹਨ ਅਤੇ ਜਿਸ ਵੀ ਬਿਲ ਉਤੇ ਜ਼ਿਆਦ ਵੋਟਾਂ ਪੈ ਜਾਣ ਉਹ ਬਿਲ ਕਾਨੂੰਨ ਬਣਾ ਦਿੱਤਾ ਜਾਂਦਾ ਹੈ। ਇਸ ਤਰਾਂ ਪਿਛਲੇ ਸਾਢੇ ਸਤ ਦਹਾਕਿਆਂ ਦੀ ਦੇਣ ਇਹ ਇਕਪੁਰਖਾ ਜਿਹਾ ਪਰਜਾਤੰਤਰ ਸਾਡੇ ਮੁਲਕ ਵਿੱਚ ਆ ਗਿਆ ਹੈ ਅਤੇ ਹੁਣ ਇਹ ਪਰਜਾਤੰਤਰ ਜੈਸਾ ਵੀ ਹੈ, ਇਹ ਪੱਕੇ ਪੈਰੀਂ ਆ ਗਿਆ ਹੈ ਅਤੇ ਅਸੀਂ ਜਿੰਨੀ ਵਾਰ ਮਰਜ਼ੀ ਚੋਣਾਂ ਕਰਵਾਈ ਜਾਈਏ ਇਹ ਪਰਜਾਤੰਤਰ ਹੁਣ ਬਦਲ ਜਾਣ ਦੀਆਂ ਸਾਰੀਆਂ ਦੀਆਂ ਸਾਰੀਆਂ ਸੰਭਾਵਨਾਵਾਂ ਖਤਮ ਹੋ ਗਈਆਂ ਹਨ।

ਰਾਜਸੀ ਲੋਕਾਂ ਦੇ ਗਰੁਪ ਸਾਡੇ ਸਾਹਮਣੇ ਹਨ। ਸਾਰੇ ਖਾਨਦਾਨ ਅਤੇ ਵਿਅਕਤੀਵਿਸ਼ੇਸ਼ ਵੀ ਸਾਡੇ ਸਾਹਮਣੇ ਹਨ। ਅਸੀਂ ਹਰੇਕ ਨੂੰ ਜਾਣਦੇ ਪਛਾਣਦੇ ਵੀ ਹਾਂ ਅਤੇ ਸਾਨੂੰ ਪਤਾ ਵੀ ਹੈ ਕਿ ਹਰੇਕ ਕਿੰਨੇ ਪਾਣੀ ਵਿੱਚ ਹੈ। ਸਾਨੂੰ ਇਹ ਵੀ ਪਤਾ ਹੈ ਕਿ ਉਹ ਕੀ ਕੁਝ ਕਰਦਾ ਰਿਹਾ ਹੈ ਅਤੇ ਕੀ ਕੁਝ ਕਰ ਹੀ ਸਕਦਾ ਹੈ। ਸਾਨੂੰ ਜਿਹੜਾ ਕੁਝ ਉਸ ਵਿਅਕਤੀਵਿਸ਼ੇਸ਼ ਬਾਰੇ ਪਤਾ ਨਹੀਂ ਵੀ ਸੀ ਉਹ ਵੀ ਉਸਦੇ ਵਿਰੋਧੀਆਂ ਨੇ ਸਾਡੇ ਸਾਹਮਣੇ ਨੰਗਾ ਕਰ ਦਿੱਤਾ ਹੈ। ਅੱਜ ਤਾਂ ਸਾਡੀ ਇਹ ਹਾਲਤ ਆ ਬਣੀ ਹੈ ਕਿ ਇਹ ਜਿੰਨੇ ਵੀ ਵਿਅਕਤੀਵਿਸ਼ੇਸ਼ ਸਾਡੇ ਸਾਹਮਣੇ ਹਨ ਸਾਡਾ ਕਿਸੇ ਵਿੱਚ ਵਿਸ਼ਵਾਸ ਵੀ ਨਹੀਂ ਰਿਹਾ ਹੈ। ਇਹ ਵੀ ਸਪੱਸ਼ਟ ਹੈ ਕਿ ਇਹ ਜਿਹੜੇ ਵਿਅਕਤੀਵਿਸ਼ੇਸ਼ ਸਾਡੇ ਸਾਹਮਣੇ ਹਨ ਇਨਾਂ ਨੇ ਆਪਣੇ ਹੇਠ ਦੂਜੀ ਕਤਾਰ ਖੜੀ ਹੋਣ ਹੀ ਨਹੀਂ ਦਿੱਤੀ ਹੈ। ਹਰ ਗਰੁਪ ਬਸ ਅੱਜ ਦੇ ਵਿਅਕਤੀਵਿਸ਼ੇਸ਼ ਉਤੇ ਹੀ ਖੜਾ ਹੈ ਅਤੇ ਜੇਕਰ ਕੱਲ ਨਵੇਂ ਵਿਅਕਤੀਵਿਸ਼ੇਸ਼ ਦੀ ਜ਼ਰੂਰਤ ਪਵੇ ਤਾਂ ਕੋਈ ਹੈ ਹੀ ਨਹੀਂ ਹੈ, ਅਰਥਾਤ ਇਹ ਗਰੁਪ ਖਤਮ ਹੋ ਜਾਵੇਗਾ।

ਸਾਡੇ ਮੁਲਕ ਵਿੱਚ ਸਾਡੀਆਂ ਯੂਨੀਵਰਸਿਟੀਆਂ ਨੇ ਕਦੀ ਵੀ ਇਹ ਜ਼ਿੰਮੇਵਾਰੀ ਨਹੀਂ ਸੀ ਲਈ ਕਿ ਉਹ ਜਿਵੇਂ ਪ੍ਰਸ਼ਾਸਨ ਲਈ ਆਦਮੀ ਤਿਆਰ ਕਰਦੀਆਂ ਰਹੀਆਂ ਹਨ ਉਵੇਂ ਹੀ ਜੇਕਰ ਰਾਜਸੀ ਖੇਤਰ ਲਈ ਵੀ ਤਿਆਰ ਕਰਨ ਦਾ ਕੰਮ ਕਰਦੀਆਂ ਤਾਂ ਬਹੁਤ ਹੀ ਪਹਿਲਾਂ ਤੋਂ ਸਾਡੇ ਮੁਲਕ ਦੀਆਂ ਸਰਕਾਰਾਂ ਵੀ ਵਧੀਆ ਅਤੇ ਬਿਹਤਰ ਬਣ ਜਾਣੀਆਂ ਸਨ ਅਤੇ ਲੋਕਾਂ ਨੂੰ ਆਪਣੇ ਪ੍ਰਤੀਨਿਧ ਚੁਣਨ ਦਾ ਮੌਕਾ ਵੀ ਮਿਲ ਜਾਣਾ ਸੀ। ਅਜਿਹਾ ਨਾ ਕਰਨ ਕਰਕੇ ਅੱਜ ਸਾਡੇ ਲਈ ਮੁਸ਼ਕਿਲ ਇਹ ਆ ਬਣੀ ਹੈ ਕਿ ਅਸੀਂ ਵੋਟਾਂ ਤਾਂ ਪਾਉਂਦੇ ਹਾਂ, ਪਰ ਰਸਮੀ ਜਿਹੀਆਂ ਵੋਟਾਂ ਹੀ ਪਾਉਂਦੇ ਹਾਂ ਤਾਂਕਿ ਇਹ ਜਿਹੜਾ ਵੀ ਪਰਜਾਤੰਤਰ ਆ ਗਿਆ ਹੈ ਕਿਧਰੇ ਇਹ ਵੀ ਸਾਡੇ ਹੱਥੋਂ ਨਾ ਜਾਂਦਾ ਰਹੇ। ਇਹੀ ਕਾਰਨ ਹੈ ਕਿ ਅੱਜ ਤੱਕ ਕਦੇ ਵੀ ਸਾਡੀ ਹਰਮਨਪਿਆਰੀ ਸਰਕਾਰ ਨਹੀਂ ਬਣ ਪਾਈ।

ਸੋ ਇਹ ਜਿਹੜੀਆਂ ਚੋਣਾਂ ਆ ਰਹੀਆਂ ਹਨ ਇਹ ਵੀ ਰਸਮੀ ਜਿਹੀਆਂ ਹੀ ਹੋਣਗੀਆਂ ਅਤੇ ਜਿਹੜਾ ਰਾਜ ਸਾਡੇ ਸਾਹਮਣੇ ਆਵੇਗਾ ਉਹ ਵੀ ਇਸੇ ਤਰਾਂ ਦਾ ਹੋਵੇਗਾ ਜਿਵੇਂ ਅਸੀਂ ਪਿਛਲੇ ਸਾਢੇ ਸੱਤ ਦਹਾਕਿਆਂ ਵਿੱਚ ਭੋਗ ਬੈਠੇ ਹਾਂ। ਇਹ ਜਿਹੜਾ ਬਾਕੀ ਦਾ ਸਮਾਂ ਰਹਿੰਦਾ ਹੈ ਇਨਾਂ ਦੋ ਤਿੰਨ ਸਾਲਾਂ ਵਿੱਚ ਕੋਈ ਵੱਡੀ ਕ੍ਰਾਂਤੀ ਆਉਣ ਦੀ ਸੰਭਾਵਨਾ ਨਹੀਂ ਹੈ। ਅਜਿਹਾ ਕੁਝ ਵੀ ਦਿਖਾਈ ਨਹੀਂ ਦੇ ਰਿਹਾ ਹੈ ਜਿਹੜਾ ਸਾਡੇ ਵਿਚ ਉਮੀਦਾਂ ਭਰ ਸਕੇ ਕਿ ਅਸੀਂ ਵੋਟਾਂ ਪਾ ਕੇ ਇਹ ਆਦਮੀ ਨਕਾਰ ਦੇਵਾਂਗੇ ਅਤੇ ਇਹ ਆਦਮੀ ਚੁਣ ਲਵਾਂਗੇ। ਲਗਦਾ ਹੈ ਕਿ ਅਸੀਂ ਉਹੀ ਜੀਵਨ ਜਿਉਂਦੇ ਰਹੀਏ ਜਿਹੜਾ ਅਸੀਂ ਕਦੇ ਗੁਲਾਮੀ ਦੇ ਦਿਨਾਂ ਵਿੱਚ ਜਿਉਂਦੇ ਰਹੇ ਹਾਂ ਅਤੇ ਇਹ ਜਿਹੜੀ ਗੁਲਾਮੀ ਤੋਂ ਪੈਦਾ ਹੋਈਆਂ ਸਮਸਿਆਵਾਂ ਸਨ ਇਹ ਸਦਾ ਹੀ ਸਾਡੇ ਗਲ਼ ਪਈਆਂ ਰਹਿਣਗੀਆਂ।

# ਪ੍ਰਧਾਨ ਮੰਤਰੀ ਦੀ ਤੇਜ਼ੀ ਨਾਲ ਘੱਟ ਰਹੀ ਹਰਮਨਪਿਆਰਤਾ

## ✡ ਮਰੀਜ਼ਾਂ ਮੁਤਾਬਕ ਬੈੱਡ , ਵੈਂਟੀਲੇਟਰਾਂ, ਆਕਸੀਜਨ, ਆਈ ਸੀ ਯੂ ਤੇ ਦਵਾਈਆਂ, ਵੈਕਸੀਨ ਦੀ ਘਾਟ ✡ ਮੋਦੀ ਨਾਇਕ ਦੀ ਬਜਾਏ ਘਿਰਨਾ ਦਾ ਪਾਤਰ ਬਣਿਆ

**ਐਡਵੋਕੇਟ ਗੁਰਮੀਤ ਸਿੰਘ ਸ਼ੁਗਲੀ**

ਦੂਜੇ ਦੌਰ ਦੇ ਕਰੋਨਾ ਲਹਿਰ ਦੇ ਕਹਿਰ ਦੌਰਾਨ ਦੇਸ਼ ਦੀ ਸਿਹਤ ਸੰਬੰਧੀ ਸਥਿਤੀ ਏਨੀ ਤੇਜ਼ੀ ਨਾਲ ਨਿਵਾਣਾਂ ਨੂੰ ਛੂਹ ਰਹੀ ਹੈ, ਜਿਸ ਦੀ ਕਲਪਨਾ ਵੀ ਨਹੀਂ ਸੀ ਕੀਤੀ ਜਾ ਸਕਦੀ। ਨਿਕੰਮੀ, ਗਪੌੜੀ ਤੇ ਭ੍ਰਿਸ਼ਟ ਸਰਕਾਰ ਤੋਂ ਸਥਿਤੀ ਉੱਤੇ ਕਾਬੂ ਨਹੀਂ ਪਾਇਆ ਜਾ ਰਿਹਾ। ਸਿਹਤ ਸੰਬੰਧੀ ਲੋੜੀਂਦੀਆਂ ਚੀਜ਼ਾਂ ਦੀ ਹਰ ਫਰੰਟ 'ਤੇ ਥੁੜ ਹੀ ਥੁੜ ਮਹਿਸੂਸ ਹੋ ਰਹੀ ਹੈ। ਅੱਜ ਤਕ ਓਨੀਆਂ ਮੌਤਾਂ ਬਿਮਾਰੀ ਕਾਰਨ ਨਹੀਂ ਹੋਈਆਂ, ਜਿੰਨੀਆਂ ਸਬੰਧਤ ਦਵਾਈਆਂ, ਲੋੜਵੰਦ ਸਹੂਲਤਾਂ ਦੀ ਥੁੜ ਅਤੇ ਨਾ ਮਿਲਣ ਕਰਕੇ ਹੋਈਆਂ ਹਨ। ਅਜਿਹੀਆਂ ਮੌਤਾਂ ਨੂੰ ਆਖਿਰ ਤੁਸੀਂ ਕਿਸ ਕੈਟਾਗਿਰੀ ਵਿੱਚ ਪਾਓਗੇ ?

ਵਿਸ਼ਵ ਗੁਰੂ ਬਣਨ ਦਾ ਸੁਪਨਾ ਪਾਲ ਰਹੀ ਸਰਕਾਰ ਕਿਸੇ ਵੀ ਘਾਟ ਨੂੰ ਪੂਰਾ ਕਰਨ ਵਿੱਚ ਨਾਕਾਮ ਰਹੀ ਹੈ, ਜਿਸ ਕਰਕੇ ਅੱਜ ਅਖੌਤੀ ਆਤਮ ਨਿਰਭਰ ਦੇਸ਼ ਮੰਗਤਿਆਂ ਵਾਂਗ ਦੂਜੇ ਦੇਸ਼ਾਂ ਦੀ ਮਦਦ ਕਬੂਲ ਕਰਨ ਨੂੰ ਮਜਬੂਰ ਹੋਇਆ ਪਿਆ ਹੈ। ਇਹ ਸਭ ਇਸ ਕਰਕੇ ਵਾਪਰ ਰਿਹਾ ਹੈ ਕਿ ਇਸ ਕਰੋਨਾ ਕਹਿਰ ਨਾਲ ਲੜਨ ਲਈ ਅੱਜ ਦੇ ਦਿਨ ਤਕ ਇਸ ਪਾਸ ਪਿੰਡਾਂ ਅਤੇ ਸ਼ਹਿਰਾਂ ਵਿੱਚ ਓਨੇ ਹਸਪਤਾਲ ਨਹੀਂ, ਜਿੰਨਿਆਂ ਦੀ ਇਸ ਨੂੰ ਲੋੜ ਹੈ। ਮਰੀਜ਼ਾਂ ਮੁਤਾਬਕ ਬੈੱਡ ਜਾਂ ਮੰਜਿਆਂ ਦੀ ਘਾਟ ਹੈ। ਵੈਂਟੀਲੇਟਰਾਂ ਦੀ ਘਾਟ ਹੈ, ਆਕਸੀਜਨ ਦੀ ਘਾਟ ਹੈ। ਆਈ ਸੀ ਯੂ ਤੇ ਦਵਾਈਆਂ ਦੀ ਘਾਟ ਹੈ। ਟੀਕੇ ਮਿਲ ਨਹੀਂ ਰਹੇ, ਜਿਸ ਕਰਕੇ ਸਬੰਧਤ ਸੂਬਿਆਂ ਨੂੰ ਆਪ ਖਰੀਦਣ ਦੇ ਹੁਕਮ ਹੋ ਰਹੇ ਹਨ। ਐਂਬੂਲੈਂਸਾਂ ਦੀ ਘਾਟ ਰੜਕਦੀ ਹੈ। ਸਰਕਾਰੀ ਹਸਪਤਾਲਾਂ ਦੀ ਥੁੜ ਕਾਰਨ ਪ੍ਰਾਈਵੇਟ ਹਸਪਤਾਲ ਕੋਰੋਨਾ ਮਰੀਜ਼ਾਂ ਨੂੰ ਦਾਖ਼ਲ ਕਰਨ ਤੋਂ ਆਨਾਕਾਨੀ ਕਰ ਰਹੇ ਹਨ। ਡਾਕਟਰਾਂ ਦੀ ਘਾਟ ਹੋਣ ਕਰਕੇ ਡਾਕਟਰ ਵੀਹ-ਵੀਹ ਘੰਟੇ ਡਿਊਟੀ ਕਰ ਰਹੇ ਹਨ। ਉਨਾਂ ਨੂੰ ਵੇਲੇ ਸਿਰ ਪੂਰੀਆਂ ਤਨਖਾਹਾਂ ਵੀ ਨਹੀਂ ਮਿਲ ਰਹੀਆਂ। ਕਈ ਥਾਈਂ ਉਹ ਦੁਖੀ ਹੋ ਕੇ ਅਸਤੀਫੇ ਦੇ ਰਹੇ ਹਨ। ਫਿਰ ਮਨਾਇਆ ਜਾ ਰਿਹਾ। ਬੈੱਡਾਂ ਦੀ ਘਾਟ ਕਰਕੇ ਮਰੀਜ਼ ਬੈੱਡਾਂ ਦੀ ਖੋਜ ਵਿੱਚ ਆਪ ਇੱਕ ਹਸਪਤਾਲ ਤੋਂ ਦੂਜੇ ਹਸਪਤਾਲ, ਸਰਕਾਰੀ ਹਸਪਤਾਲ ਤੋਂ ਪ੍ਰਾਈਵੇਟ ਹਸਪਤਾਲ ਵਿੱਚ ਚੱਕਰ ਮਾਰਦੇ-ਮਾਰਦੇ ਅਖੀਰ ਆਪ ਹੀ ਮਰ ਰਹੇ ਹਨ। ਸਭ ਪਾਸੇ ਅਜਿਹੀ ਹਫ਼ੜਾ-ਦਫ਼ੜੀ ਹੈ, ਜਿਸ ਬਾਰੇ ਕਦੇ ਸੁਪਨੇ ਵਿੱਚ ਵੀ ਨਹੀਂ ਸੀ ਸੋਚਿਆ ਜਾ ਸਕਦਾ।

ਅਜਿਹੀ ਉਪਰੋਕਤ ਵਿਸਫੋਟਕ ਸਥਿਤੀ ਵਿੱਚ ਵੀ ਸਰਕਾਰ ਆਪਣੀਆਂ ਕਮਜ਼ੋਰੀਆਂ ਨੂੰ ਲੁਕਾਉਣ ਦੀ ਖਾਤਰ ਅਤੇ ਜਨਤਾ ਵਿੱਚ ਆਪਣੇ ਧੁੰਦਲੇ ਅਕਸ ਨੂੰ ਸਾਫ਼ ਕਰਨ ਲਈ ਮੌਤਾਂ ਦੇ ਅੰਕੜਿਆਂ ਨੂੰ ਜਾਦੂਗਰ ਵਾਂਗ ਛੁਪਾ ਅਤੇ ਘੱਟ ਦਿਖਾ ਰਹੀ ਹੈ ਤਾਂ ਕਿ ਪ੍ਰਧਾਨ ਮੰਤਰੀ ਦੀ ਤੇਜ਼ੀ ਨਾਲ ਘਟ ਰਹੀ ਲੋਕਪ੍ਰਿਅਤਾ, ਜੋ ਕਾਫੀ ਹੱਦ ਤਕ ਡਿਗ ਗਈ ਹੈ, ਨੂੰ ਕੁਝ ਹੱਦ ਤਕ ਨੱਥ ਪਾਈ ਜਾ ਸਕੇ। ਇਸ ਕਰਕੇ ਮੌਤ ਸਬੰਧੀ ਅੰਕੜੇ ਦੱਸਣ ਤੋਂ ਪਹਿਲਾਂ ਇਨਾਂ ਨੇ ਮੌਤਾਂ ਨੂੰ ਵੱਖ-ਵੱਖ ਕੈਟਾਗਿਰੀਆਂ ਵਿੱਚ ਵੰਡਣਾ ਸ਼ੁਰੂ ਕਰ ਦਿੱਤਾ ਹੈ। ਜਿਵੇਂ ਕਰੋਨਾ ਮੌਤਾਂ, ਹਾਰਟ ਅਟੈਕਾਂ ਨਾਲ ਮੌਤਾਂ, ਸਧਾਰਨ ਤਰੀਕੇ ਨਾਲ ਹੋਈਆਂ ਮੌਤਾਂ, ਐਕਸੀਡੈਂਟਾਂ ਨਾਲ ਹੋਈਆਂ ਮੌਤਾਂ, ਘਰਾਂ ਵਿੱਚ ਹੋਈਆਂ ਮੌਤਾਂ, ਹਸਪਤਾਲਾਂ ਵਿੱਚ ਹੋਈਆਂ ਮੌਤਾਂ, ਲਾਵਾਰਸ ਮੌਤਾਂ, ਵਗੈਰਾ-ਵਗੈਰਾ। ਸਰਕਾਰੀ ਅੰਕੜੇ ਜੋ ਦੱਸੇ ਜਾਂਦੇ ਹਨ, ਉਹ ਅਸਲੀਅਤ ਤੋਂ ਕਿਤੇ ਘੱਟ ਹੁੰਦੇ ਹਨ। ਕੁਝ ਪਰਿਵਾਰ ਵੀ ਆਪਣੇ ਪਰਿਵਾਰ ਵਿੱਚ ਹੋਈ ਕੋਰੋਨਾ ਨਾਲ ਮੌਤ ਨੂੰ ਲੁਕਾਅ ਕੇ ਸਰਕਾਰ ਦੀ ਜਾਣੇ-ਅਣਜਾਣੇ ਮਦਦ ਕਰਦੇ ਹਨ। ਇਨਾਂ ਦੀ ਜੋ ਅਸਲੀਅਤ ਹੈ, ਉਹ ਸਿਵਿਆਂ-ਕਬਰਸਥਾਨਾਂ 'ਤੇ ਜਾ ਕੇ ਹੀ ਜਾਣੀ ਜਾ ਸਕਦੀ ਹੈ। ਸਰਕਾਰੀ ਰਜਿਸਟਰ ਕੁਝ ਹੋਰ ਬਿਆਨ ਕਰ ਰਹੇ ਹਨ ਅਤੇ ਸਿਵਿਆਂ, ਸ਼ਮਸ਼ਾਨਘਾਟਾਂ ਅਤੇ ਕਬਰਸਥਾਨਾਂ ਦੇ ਰਜਿਸਟਰ ਕੁਝ ਹੋਰ ਹੀ ਬਿਆਨ ਕਰ ਰਹੇ ਹਨ। ਅੱਜ ਤਕ ਇਨਾਂ ਦਾ ਕੁਲ ਫ਼ਰਕ ਲੱਖਾਂ ਤਕ ਪਹੁੰਚ ਚੁੱਕਾ ਹੋਵੇਗਾ। ਇਹ ਵੱਧ ਮੌਤਾਂ ਕਰਕੇ ਹੀ ਸ਼ਮਸ਼ਾਨਘਾਟਾਂ ਦੀ ਘਾਟ ਮਹਿਸੂਸ ਹੋਈ, ਜਿਸ ਕਰਕੇ ਸਰਕਾਰ ਤੋਂ ਇਲਾਵਾ ਦਾਨੀ ਸੱਜਣਾਂ, ਐੱਨ ਜੀ ਓ, ਧਾਰਮਿਕ ਜਥੇਬੰਦੀਆਂ ਵੱਲੋਂ ਖੜੇ ਪੈਰ ਤਿਆਰ ਕੀਤੇ ਅਤੇ ਤਿਆਰ ਹੋ ਰਹੇ ਹਨ। ਇਸ ਕਰਕੇ ਹੀ ਲਾਲੂ ਪ੍ਰਸ਼ਾਦ ਦਾ ਇੱਕ ਬਿਆਨ ਆਇਆ ਹੈ ਕਿ ਸਮੁੱਚੇ ਪ੍ਰਬੰਧਾਂ ਦੀ ਘਾਟ ਕਰਕੇ ਹਿੰਦੂ ਲਾਸ਼ਾਂ ਨੂੰ ਅਗਨ ਭੇਟ ਕਰਨ ਦੀ ਬਜਾਏ ਦਫ਼ਨਾਇਆ ਜਾ ਰਿਹਾ ਹੈ, ਜੋ ਹਿੰਦੂਆਂ ਲਈ ਅਪਮਾਨਜਨਕ ਹੈ।

ਸਰਕਾਰ ਦੇ ਅੰਤਿਮ ਸੰਸਕਾਰ ਸਬੰਧੀ ਅਧੂਰੇ ਪ੍ਰਬੰਧ ਕਰਕੇ ਹੀ ਲੋਕ ਲਾਸ਼ਾਂ ਨੂੰ ਗੰਗਾ ਨਦੀ ਅਤੇ ਬਾਕੀ ਨਦੀਆਂ ਵਿੱਚ ਰੋੜ ਰਹੇ ਹਨ। ਲੱਕੜ ਦੀ ਘਾਟ ਕਰਕੇ ਉਨਾਂ ਨੂੰ



ਨਦੀਆਂ ਦੇ ਕੰਢੇ ਦਫ਼ਨਾਅ ਰਹੇ ਹਨ। ਇਹ ਉਹੀ ਗੰਗਾ ਹੈ, ਜਿੱਥੇ ਦੇਸ਼ ਦੇ ਪ੍ਰਧਾਨ ਮੰਤਰੀ ਆਰਤੀ ਕਰਕੇ ਗੰਗਾ ਮਾਂ ਤੋਂ ਆਸ਼ੀਰਵਾਦ ਲਿਆ ਕਰਦੇ ਸਨ। ਜਿਸ ਗੰਗਾ ਮਾਈ ਨੂੰ ਸਾਧਵੀ ਵਰਗੀਆਂ ਨੇ ਸਾਫ਼ ਕਰਨ ਲਈ ਸੌਂਹਾਂ ਚੁੱਕੀਆਂ ਸਨ, ਅੱਜ ਇਹ ਰਾਮ ਦੀ ਗੰਗਾ ਅਤਿ ਪਲੀਤ ਹੋ ਚੁੱਕੀ ਹੈ। ਤੁਸੀਂ ਜ਼ਰਾ ਸੋਚ ਕੇ ਦੇਖੋ ਅਗਰ ਇਹ ਲਾਸ਼ਾਂ ਮਨੁੱਖਾਂ ਦੀ ਬਜਾਏ ਗਊ ਮਾਤਾਵਾਂ ਦੀਆਂ ਹੁੰਦੀਆਂ ਤਾਂ ਫਿਰ ਅੱਜ ਭਗਤਾਂ ਨੇ ਕਿਸ ਹਾਲ ਨੂੰ ਪਹੁੰਚਣਾ ਸੀ ਜੋ ਹੁਣ ਮੂਰਛਤ ਹੋਏ ਲੱਗਦੇ ਹਨ। ਅਜਿਹੇ ਹਰ ਤਰਾਂ ਦੇ ਸਸਕਾਰਾਂ ਸੰਬੰਧੀ ਜਿੱਥੇ ਸੰਬੰਧਤ ਮੁਲਾਜ਼ਮ ਪੇਟ ਦੀ ਖਾਤਰ ਦਿਨ-ਰਾਤ ਆਪਣੀ ਡਿਊਟੀ ਦੇ ਰਹੇ ਹਨ, ਉੱਥੇ ਅਜਿਹੇ ਗੁਮਨਾਮ ਦਰਵੇਸ਼ ਵੀ ਸਰਗਰਮ ਹਨ, ਜਿਹੜੇ ਇਨਸਾਨੀਅਤ ਨੂੰ ਆਪਣਾ ਧਰਮ ਸਮਝਦੇ ਹੋਏ ਅਜਿਹੇ ਪਰਉਪਕਾਰੀ ਕੰਮਾਂ ਵਿੱਚ ਦਿਨ-ਰਾਤ ਇੱਕ ਕਰ ਰਹੇ ਹਨ, ਜਿਨਾਂ ਦੀਆਂ ਸਮੇਂ-ਸਮੇਂ ਸਿਰ ਟੈਲੀਵਿਜ਼ਨਾਂ ਤੋਂ ਇੰਟਰਵਿਊਆਂ ਆਉਂਦੀਆਂ ਰਹਿੰਦੀਆਂ ਹਨ। ਜੋ ਆਪਣਾ ਨਾਂ ਪਤਾ ਧਰਮ ਅਤੇ ਜਾਤ ਤੱਕ ਨਹੀਂ ਦੱਸਦੇ। ਅਜਿਹੇ ਬਹੁਤੇ ਅਜੇ ਤਕ ਆਪਣੇ ਘਰਾਂ ਵੱਲ ਫੇਰਾ ਮਾਰਨ ਵੀ ਨਹੀਂ ਗਏ। ਉਹ ਬਿਨਾਂ ਤਨਖ਼ਾਹ ਕੰਮ ਕਰ ਰਹੇ ਹਨ। ਉਹ ਅਜਿਹੇ ਔਖੇ ਵੇਲੇ ਕੰਮ ਕਰਕੇ ਆਪਣਾ ਫ਼ਰਜ਼ ਨਿਭਾ ਰਹੇ ਹਨ। ਜਿਸ ਵਕਤ ਬਹੁਤਿਆਂ ਨੇ ਆਪਣਿਆਂ ਨੂੰ ਸਵੀਕਾਰ ਕਰਨ ਤੋਂ ਇਨਕਾਰ ਕਰ ਦਿੱਤਾ, ਅਜਿਹੇ ਫਰਿਸ਼ਤੇ ਆਪਣੇ ਗਰੁੱਪਾਂ- ਐੱਨ ਜੀ ਓ ਨਾਲ ਜੁੜੇ ਹੋਏ ਹੋ ਸਕਦੇ ਹਨ। ਇਹ ਭਲੇ ਲੋਕ ਲੋੜ ਪੈਣ 'ਤੇ ਆਕਸੀਜਨ ਦਾ ਪ੍ਰਬੰਧ ਵੀ ਕਰਦੇ ਹਨ। ਟੈਕਸੀ ਦਾ ਪ੍ਰਬੰਧ ਕਰਦੇ ਹਨ। ਇਹ ਲੋੜ ਪੈਣ 'ਤੇ ਸ਼ਮਸ਼ਾਨ ਘਾਟ ਵੀ ਤਿਆਰ ਕਰਦੇ ਹਨ। ਕੋਈ ਚਿਤਾ ਚਿਣ ਰਿਹਾ ਹੈ। ਕੋਈ ਉਹਨਾਂ ਦਾ ਬਣ ਕੇ ਅਗਨੀ ਦੇ ਰਿਹਾ, ਕੋਈ ਉਹਨਾਂ ਦੇ ਅਸਤ ਚੁਗ ਰਿਹਾ ਹੈ, ਕੋਈ ਲੱਕੜਾਂ ਢੋਅ ਰਿਹਾ ਹੈ, ਕੋਈ ਦਫ਼ਨਾਉਣ ਦਾ ਕੰਮ ਕਰ ਰਿਹਾ ਹੈ। ਅਜਿਹੇ ਅਣਪਛਾਤੇ ਦਰਵੇਸ਼ਾਂ ਨੂੰ ਸਲਾਮ ਕਰਨਾ ਬਣਦਾ ਹੈ। ਅੱਜ ਕੱਲ ਹੌਲੀ-ਹੌਲੀ ਲੋਕ ਦਬਾਅ ਵਧ ਰਿਹਾ ਹੈ, ਜਿਸ ਕਰਕੇ ਮੋਦੀ ਨਾਇਕ ਦੀ ਬਜਾਏ ਘਿਰਨਾ ਦਾ ਪਾਤਰ ਬਣ ਗਿਆ। ਲੋਕ ਅਤੇ ਵਿਰੋਧੀ ਪਾਰਟੀਆਂ ਸਵਾਲ ਕਰ ਰਹੇ ਹਨ, ਜਿਸ ਕਰਕੇ ਮੋਦੀ ਦਾ ਦਿਨ-ਰਾਤ ਨਾਮ ਜਪਣ ਵਾਲੇ ਅਨੁਪਮ ਖੇਰ ਅਤੇ ਖੰਨਾ ਵਰਗੇ ਐਕਟਰਾਂ ਨੇ ਮੋਦੀ ਦੇ ਮਾੜੇ ਪ੍ਰਬੰਧ 'ਤੇ ਉਂਗਲੀ ਉਠਾਈ ਹੈ। ਅੰਦਰੋਂ ਵਿਰੋਧ ਹੋਣਾ ਸ਼ੁਰੂ ਹੋ ਗਿਆ ਹੈ। ਬੰਗਾਲ ਝਟਕੇ ਤੋਂ ਬਾਅਦ ਮੌਜੂਦਾ ਕਰੋਨਾ ਕਰਕੇ ਮੌਤਾਂ ਦੀ ਵਧ ਰਹੀ ਗਿਣਤੀ ਦਾ ਝਟਕਾ ਲੱਗਾ ਹੈ। ਯੂ ਪੀ ਪੰਚਾਇਤ ਚੋਣਾਂ ਵਿੱਚ ਹਾਰ, ਕਰੋਨਾ ਨਾਲ ਇੱਕਦਮ ਯੂ ਪੀ ਵਿੱਚ ਵਧ ਰਹੀਆਂ ਮੌਤਾਂ ਨੇ ਭਾਜਪਾ ਦੀ ਸਮੁੱਚੀ ਲੀਡਰਸ਼ਿੱਪ ਨੂੰ ਹਿਲਾ ਕੇ ਰੱਖ ਦਿੱਤਾ ਹੈ। ਦਵਾਈਆਂ ਅਤੇ ਟੀਕਿਆਂ ਦੀ ਸਰਕਾਰ ਤੋਂ ਪੂਰਤੀ ਨਹੀਂ ਹੋ ਰਹੀ। ਟੀਕੇ ਦੀ ਦੂਜੀ ਡੋਜ਼ ਲਈ ਨਵੀਂਆਂ ਲੰਬੀਆਂ ਡੇਟਾਂ ਨੇ ਵੀ ਜਨਤਾ ਨੂੰ ਨਿਰਾਸ਼ ਕੀਤਾ ਹੈ। ਪੀ ਐੱਮ ਕੇਅਰ ਫੰਡ ਵਿੱਚੋਂ ਖਰੀਦ ਕੀਤੇ ਅਤੇ ਸੂਬਿਆਂ ਨੂੰ ਭੇਜੇ ਗਏ ਵੈਂਟੀਲੇਟਰ, ਸੰਬੰਧਤ ਸੂਬਿਆਂ ਵਿੱਚ ਮੂਰਛਤ ਹੋਏ ਪਏ ਹਨ।

ਬਾਕੀ ਸਫ਼ਾ 30 'ਤੇ

# ਬੇਅਦਬੀ ਅਤੇ ਬਹਿਬਲ ਗੋਲੀਕਾਂਡ ਲਈ ਬਾਦਲ ਪੂਰੀ ਤਰਾਂ ਨਾਲ ਜਿੰਮੇਵਾਰ

## ਜੇਕਰ ਸੁਖਬੀਰ ਬਾਦਲ ਵਿੱਚ ਹਿੰਮਤ ਹੈ ਤਾਂ ਉਹ ਇਸ ਸਬੰਧੀ ਮੇਰੇ ਨਾਲ ਜਦੋਂ ਮਰਜ਼ੀ ਜਿਥੇ ਮਰਜ਼ੀ ਜਨਤਕ ਬਹਿਸ ਕਰ ਲਵੇ : ਖਹਿਰਾ

**ਭੁਲੱਥ (ਅਜੈ ਗੋਗਨਾ)**: ਇੱਕ ਪ੍ਰੈਸ ਨੋਟ ਜਾਰੀ ਕਰਦੇ ਹੋਏ ਸਾਬਕਾ ਵਿਰੋਧੀ ਧਿਰ ਦੇ ਨੇਤਾ ਸੁਖਪਾਲ ਸਿੰਘ ਖਹਿਰਾ ਐਮ.ਐਲ.ਏ ਭੁਲੱਥ ਨੇ ਸੁਖਬੀਰ ਬਾਦਲ ਨੂੰ ਚੁਣੌਤੀ ਦਿੱਤੀ ਕਿ ਉਸਦੇ ਅਤੇ ਉਸਦੇ ਪਿਤਾ ਖਿਲਾਫ ਬੇਅਦਬੀ ਅਤੇ ਬਹਿਬਲ ਗੋਲੀਕਾਂਡ ਦੇ ਇਲਜਾਮਾਂ ਸਬੰਧੀ ਜਦੋਂ ਮਰਜੀ ਜਿਥੇ ਮਰਜੀ ਖੁੱਲੀ ਬਹਿਸ ਕਰ ਲਵੇ। ਖਹਿਰਾ ਨੇ ਕਿਹਾ ਕਿ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਨਹੀਂ ਹੋਣੀ ਸੀ ਅਤੇ ਉਪਰੰਤ 14 ਅਕਤੂਬਰ 2015 ਨੂੰ ਬਹਿਬਲ ਕਲਾਂ ਵਿਖੇ ਦੋ ਸਿੱਖ ਮਾਰੇ ਨਹੀਂ ਜਾਣੇ ਸਨ ਜੇਕਰ ਉਸ ਵੇਲੇ ਦੀ ਸੱਤਾਧਾਰੀ ਬਾਦਲ ਜੋੜੀ ਚੰਦ ਵੋਟਾਂ ਦੀ ਖਾਤਿਰ ਡੇਰਾ ਸੱਚਾ ਸੌਦਾ ਦੇ ਮੁਖੀ ਨਾਲ ਗੁਪਤ ਸਮਝੌਤਾ ਨਾ ਕਰਦੇ ਅਤੇ ਸਿੱਖਾਂ ਦੀਆਂ ਭਾਵਨਾਵਾਂ ਨਾਲ ਖਿਲਵਾੜ ਨਾ ਕਰਦੇ।ਖਹਿਰਾ ਨੇ ਕਿਹਾ ਕਿ ਨਫਰਤ ਦੇ ਬੀਜ ਪਹਿਲਾਂ ਡੇਰਾ ਰਾਮ ਰਹੀਮ ਵੱਲੋਂ 11 ਮਈ 2007 ਨੂੰ ਬੀਜੇ ਗਏ ਸਨ ਜਦ ਉਸ ਨੇ ਬਠਿੰਡਾ ਦੇ ਸਲਾਬਤਪੁਰਾ ਵਿਖੇ ਗੁਰੂ ਗੋਬਿੰਦ ਸਿੰਘ ਜੀ ਵਰਗੀ ਪੋਸ਼ਾਕ ਪਹਿਨ ਕੇ ਆਪਣੇ ਸ਼ਰਧਾਲੂਆਂ ਦੇ ਇਕੱਠ ਨੂੰ ਸੰਬੋਧਨ ਕੀਤਾ ਸੀ। ਖਹਿਰਾ ਨੇ ਕਿਹਾ ਕਿ ਸਿੱਖ ਮਾਪਿਆਂ ਘਰ ਜੰਮੇ ਡੇਰਾ ਮੁਖੀ ਨੂੰ ਚੰਗੀ ਤਰਾਂ ਨਾਲ ਪਤਾ ਸੀ ਕਿ ਉਸ ਦਾ ਇਹ ਬੇਅਦਬੀ ਭਰਿਆ ਕਾਰਾ ਵਿਸ਼ਵ ਭਰ ਦੇ ਸਿੱਖਾਂ ਦੀਆਂ ਭਾਵਨਾਵਾਂ ਨੂੰ ਭਾਰੀ ਠੇਸ ਪਹੁੰਚਾਏਗਾ ਪਰ ਫਿਰ ਵੀ ਉਸ ਨੇ ਇਹ ਅਪਰਾਧ ਕੀਤਾ। ਖਹਿਰਾ ਨੇ ਦੱਸਿਆ ਕਿ ਸਿੱਖਾਂ ਅਤੇ ਡੇਰਾ ਸ਼ਰਧਾਲੂਆਂ ਵਿਚਾਲੇ ਸਲਾਬਤਪੁਰਾ ਵਿਖੇ ਖੂਨੀ ਵਿਵਾਦ ਹੋਇਆ ਜਿਸ ਵਿੱਚ ਕਿ ਇੱਕ ਵਿਅਕਤੀ ਮਾਰਿਆ ਗਿਆ ਅਤੇ 50 ਗੰਭੀਰ ਜਖਮੀ ਹੋਏ। ਖਹਿਰਾ ਨੇ ਕਿਹਾ ਕਿ ਸਿੱਖਾਂ ਅਤੇ ਡੇਰਾ ਪ੍ਰੇਮੀਆਂ ਦਰਮਿਆਨ ਫੈਲੀ ਨਫਰਤ ਦਾ ਇਹ ਮੁੱਢਲਾ ਕਾਰਨ ਸੀ, ਜੇਕਰ ਬਾਦਲਾਂ ਨੇ ਇਸ ਬੇਅਦਬੀ ਕਾਰੇ ਲਈ ਡੇਰਾ ਮੁੱਖੀ ਖਿਲਾਫ ਸਖਤ ਕਾਰਵਾਈ ਕੀਤੀ ਹੁੰਦੀ ਤਾਂ ਭਾਵਨਾਵਾਂ ਸ਼ਾਂਤ ਹੋ ਜਾਣੀਆਂ ਸਨ। ਪ੍ਰੰਤੂ ਡੇਰਾ ਮੁਖੀ ਨੂੰ ਖੁਸ਼ ਕਰਨ ਵਾਸਤੇ ਮਾਮੂਲੀ 295-ਏ ਦਾ ਮੁਕੱਦਮਾ ਦਰਜ ਕੀਤਾ ਗਿਆ ਅਤੇ ਨਾ ਹੀ ਉਸ ਨੂੰ ਗ੍ਰਿਫਤਾਰ ਕਰਨ ਦੀ ਕੋਈ ਕੋਸ਼ਿਸ਼ ਕੀਤੀ ਗਈ।ਖਹਿਰਾ ਨੇ ਕਿਹਾ ਕਿ ਬਾਦਲਾਂ ਨੇ ਫਿਰ ਭੱਦੀ ਅਤੇ ਕੋਝੀ ਭੂਮਿਕਾ ਅਦਾ ਕਰਦੇ ਹੋਏ ਜਨਵਰੀ 2012 ਵਿੱਚ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਸ਼ੈਸ਼ਨ ਜੱਜ ਬਠਿੰਡਾ ਦੀ ਅਦਾਲਤ ਵਿੱਚ ਉਕਤ ਬੇਅਦਬੀ ਮੁੱਕਦਮੇ



ਦੀ ਕੈਂਸਲੇਸ਼ਨ ਰਿਪੋਰਟ ਫਾਈਲ ਕਰ ਦਿੱਤੀ। ਖਹਿਰਾ ਨੇ ਕਿਹਾ ਕਿ ਬਾਦਲਾਂ ਦਾ ਇਹ ਸਿੱਖ ਵਿਰੋਧੀ ਕਦਮ ਅਗਾਮੀ ਚੋਣਾਂ ਵਿੱਚ ਡੇਰਾ ਮੁੱਖੀ ਵੱਲੋਂ ਉਹਨਾਂ ਦੀ ਹਮਾਇਤ ਕੀਤੇ ਜਾਣ ਸਬੰਧੀ ਹੋਏ ਗੁਪਤ ਸਮਝੌਤੇ ਦਾ ਨਤੀਜਾ ਸੀ। ਅਤੇ ਜਿਵੇਂ ਕਿ ਨਤੀਜਿਆਂ ਤੋਂ ਪਤਾ ਚਲਦਾ ਹੈ ਕਿ ਸਰਕਾਰ ਖਿਲਾਫ ਭਾਰੀ ਵਿਰੋਧ ਦੇ ਬਾਵਜੂਦ ਬਾਦਲ ਡੇਰਾ ਪ੍ਰੇਮੀਆਂ ਦੀ ਹਮਾਇਤ ਨਾਲ ਮਾਲਵਾ ਖੇਤਰ ਜਿੱਤਣ ਵਿੱਚ ਸਫਲ ਰਹੇ। ਖਹਿਰਾ ਨੇ ਕਿਹਾ ਕਿ ਸੁਖਬੀਰ ਬਾਦਲ ਵੱਲੋਂ ਸੂਬੇ ਵਿੱਚ ਚੋਣ ਕਮੀਸ਼ਨ ਦਾ ਰਾਜ ਹੋਣ ਦੇ ਕੀਤੇ ਜਾ ਰਹੇ ਬੋਗਸ ਬਚਾਅ ਦੀ ਵੀ ਹਵਾ ਨਿਕਲ ਗਈ ਹੈ ਕਿਉਂਕਿ ਜਨਵਰੀ 2012 ਵਿੱਚ ਉਕਤ ਐਫ.ਆਈ.ਆਰ ਦੀ ਪੁਲਿਸ ਵੱਲੋਂ ਕੈਂਸਲੇਸ਼ਨ ਰਿਪੋਰਟ ਫਾਈਲ ਕੀਤੇ ਜਾਣ ਦੀ ਸ਼ੁਰੂਆਤ ਘੱਟੋ ਘੱਟ 2-3 ਮਹੀਨੇ ਪਹਿਲਾਂ ਹੋਈ ਹੋਵੇਗੀ ਜਦ ਉਹ ਸੂਬੇ ਦਾ ਗ੍ਰਹਿ ਮੰਤਰੀ ਸੀ ਇਸ ਲਈ ਉਹ ਆਪਣੀ ਜਿੰਮੇਵਾਰੀ ਤੋਂ ਨਹੀਂ ਭੱਜ ਸਕਦਾ।ਖਹਿਰਾ ਨੇ ਕਿਹਾ ਕਿ ਇਸ ਨਫਰਤ ਅਤੇ ਬੇਅਦਬੀਆਂ ਦਾ ਇੱਕ ਹੋਰ ਮੁੱਖ ਕਾਰਨ ਡੇਰਾ ਮੁੱਖੀ ਗੁਰਮੀਤ ਰਾਮ ਰਹੀਮ ਦੀ ਵਿਵਾਦਿਤ ਫਿਲਮ ਐਮ.ਐਸ. ਜੀ (MSG) ਰਿਲੀਜ ਕਰਵਾਉਣ ਦਾ ਰਾਹ ਪੱਧਰਾ ਕਰਨ ਵਾਸਤੇ 24 ਸਤੰਬਰ 2015 ਨੂੰ ਜਥੇਦਾਰ ਅਕਾਲ ਤਖਤ ਸਾਹਿਬ ਵੱਲੋਂ 2007 ਵਿੱਚ ਡੇਰਾ ਮੁਖੀ ਨੂੰ ਸਜ਼ਾ ਦੇਣ ਵਾਲਾ ਹੁਕਮਨਾਮਾ ਸਾਜਿਸ਼ੀ ਤੋਰ ਉੱਪਰ ਵਾਪਿਸ ਲਿਆ ਜਾਣਾ ਸੀ। ਖਹਿਰਾ ਨੇ ਦੱਸਿਆ ਕਿ ਬਾਦਲਾਂ ਅਤੇ ਡੇਰਾ ਮੁੱਖੀ ਦਰਮਿਆਨ ਹੋਏ ਸਮਝੋਤੇ ਤਹਿਤ ਉਕਤ ਐਮ.ਐਸ. ਜੀ (MSG) ਫਿਲਮ ਅਗਲੇ ਦਿਨ ਹੀ 25 ਸਤੰਬਰ ਨੂੰ ਪੰਜਾਬ ਭਰ ਵਿੱਚ ਰਿਲੀਜ ਹੋ ਗਈ। ਖਹਿਰਾ ਨੇ ਕਿਹਾ ਕਿ ਇਸ ਡੀਲ ਤਹਿਤ ਬਾਦਲ ਜੋੜੀ ਨੇ ਜਥੇਦਾਰ ਅਕਾਲ ਤਖਤ ਸਾਹਿਬ ਗਿਆਨੀ ਗੁਰਬਚਨ ਸਿੰਘ, ਜਥੇਦਾਰ ਤਖਤ ਤਲਵੰਡੀ ਸਾਬੋ ਗਿਆਨੀ ਗੁਰਮੁੱਖ ਸਿੰਘ ਅਤੇ ਜਥੇਦਾਰ ਮੱਲ ਸਿੰਘ ਨੂੰ 15 ਦਸੰਬਰ 2015 ਨੂੰ ਆਪਣੀ 2 ਸੈਕਟਰ ਵਿਚਲੀ ਸਰਕਾਰੀ ਰਿਹਾਇਸ਼ ਉੱਪਰ ਤਲਬ ਕੀਤਾ। ਉਨਾਂ ਕਿਹਾ ਕਿ ਉਕਤ ਤਿੰਨੋ ਜਥੇਦਾਰ ਪਹਿਲਾਂ ਸੈਕਟਰ 5 ਵਿੱਚ ਐਸ.ਜੀ.ਪੀ.ਸੀ ਚੰਡੀਗੜ ਦਫਤਰ ਵਿਖੇ ਇਕੱਠੇ ਹੋਏ ਅਤੇ ਇਨੋਵਾ ਕਾਰ ਨੰ. ਪੀ.ਬੀ. 02 ਸੀ.ਬੀ 9513 ਵਿੱਚ ਮੁੱਖ ਮੰਤਰੀ ਦੀ ਰਿਹਾਇਸ਼ ਤੇ ਪਹੁੰਚੇ। ਖਹਿਰਾ ਨੇ ਕਿਹਾ ਕਿ ਜਥੇਦਾਰ ਗੁਰਮੁੱਖ ਸਿੰਘ ਦੇ ਭਰਾ ਹਿੰਮਤ ਸਿੰਘ ਨੇ ਇਸ ਮੀਟਿੰਗ ਬਾਰੇ ਜਸਟਿਸ ਰਣਜੀਤ ਸਿੰਘ ਕਮੀਸ਼ਨ ਨੂੰ ਦੱਸਿਆ ਅਤੇ ਕਬੂਲ ਕੀਤਾ ਕਿ ਉਸ ਦੇ ਭਰਾ ਨੇ ਦੱਸਿਆ ਸੀ ਕਿ ਬਾਦਲ ਜੋੜੀ ਜਥੇਦਾਰ ਅਕਾਲ ਤਖਤ ਉੱਪਰ ਦਬਾਅ ਬਣਾ ਰਹੀ ਹੈ ਕਿ 2007 ਵਿੱਚ ਅਕਾਲ ਤਖਤ ਸਾਹਿਬ ਮੁਖੀ ਜਥੇਦਾਰ ਜੋਗਿੰਦਰ ਸਿੰਘ ਵੇਦਾਂਤੀ ਵੱਲੋਂ ਬੇਅਦਬੀ ਮਾਮਲੇ ਸਬੰਧੀ ਡੇਰਾ ਮੁੱਖੀ ਨੂੰ ਸਜ਼ਾ ਦਿੱਤੇ ਜਾਣ ਸਬੰਧੀ ਜਾਰੀ ਕੀਤੇ ਗਏ ਹੁਕਮਨਾਮੇ ਨੂੰ ਵਾਪਿਸ ਲੈ ਕੇ ਡੇਰਾ ਮੁੱਖੀ ਨੂੰ ਮੁਆਫ ਕੀਤਾ ਜਾਵੇ।(ਜਸਟਿਸ ਰਣਜੀਤ ਸਿੰਘ ਕਮੀਸ਼ਨ ਦੀ ਰਿਪੋਰਟ ਅਨੁਸਾਰ, ਖਹਿਰਾ ਨੇ ਕਿਹਾ ਕਿ ਜਥੇਦਾਰ ਅਕਾਲ ਤਖਤ ਸਾਹਿਬ ਵੱਲੋਂ ਹੁਕਮਨਾਮੇ ਦੀ ਸਰਾਸਰ ਗਲਤ ਅਤੇ ਹੇਰ-ਫੇਰ ਵਾਲੀ ਵਾਪਸੀ ਕਾਰਨ ਵਿਸ਼ਵ ਭਰ ਦੇ ਸਿੱਖਾਂ ਵਿੱਚ ਭਾਰੀ ਰੋਸ ਫੈਲ ਗਿਆ ਅਤੇ ਪ੍ਰਦਰਸ਼ਨ ਹੋਏ, ਜਿਸ ਕਾਰਨ ਕੋਟਕਪੂਰਾ ਅਤੇ ਬਹਿਬਲ ਗੋਲੀਕਾਂਡ ਉਪਰੰਤ 16 ਅਕਤੂਬਰ 2015 ਨੂੰ ਡੇਰਾ ਮੁਖੀ ਨੂੰ ਮੁਆਫ ਕਰਨ ਵਾਲਾ ਹੁਕਮਨਾਮਾ ਉਨਾਂ ਨੂੰ ਵਾਪਸ ਲੈਣਾ ਪਿਆ।ਖਹਿਰਾ ਨੇ ਕਿਹਾ ਕਿ ਬਾਦਲ ਵੱਲੋਂ ਕੀਤੇ ਗਏ ਇਹ ਦੋ ਕਾਰੇ ਜਨਵਰੀ 2012 ਵਿੱਚ ਬਠਿੰਡਾ ਕੋਰਟ ਵਿੱਚ 295-ਏ ਮਾਮਲਾ ਕੈਂਸਲ ਕਰਾਉਣਾ ਅਤੇ ਸਿਰਫ ਡੇਰਾ ਪ੍ਰੇਮੀਆਂ ਦੀਆਂ ਵੋਟਾਂ ਲੈਣ ਦੇ ਮਕਸਦ ਨਾਲ 24 ਸਤੰਬਰ 2015 ਨੂੰ ਅਕਾਲ ਤਖਤ ਸਾਹਿਬ ਤੇ ਹੰਗਾਮੀ ਮੀਟਿੰਗ ਬੁਲਾ ਕੇ ਜਥੇਦਾਰ ਗੁਰਬਚਨ ਸਿੰਘ ਵੱਲੋਂ ਫਰਜੀ ਮੁਆਫੀ ਦਿਵਾਉਣਾ ਗੁਰੂ ਗ੍ਰੰਥ ਸਾਹਿਬ ਜੀ ਦੀ ਹੋਈ ਬੇਅਦਬੀ ਦੇ ਮੁੱਖ ਕਾਰਨ ਹਨ। ਖਹਿਰਾ ਨੇ ਕਿਹਾ ਕਿ ਜੇਕਰ ਬਾਦਲਾਂ ਨੇ ਸੋੜੇ ਸਿਆਸੀ ਲਾਹੇ ਖਾਤਿਰ ਡੇਰਾ ਸੱਚਾ ਸੋਦਾ ਮੁੱਖੀ ਨੂੰ ਬਚਾ ਅਤੇ ਪ੍ਰਮੋਟ ਕਰਕੇ ਸਿੱਖਾਂ ਦੀ ਪਿੱਠ ਵਿੱਚ ਛੁਰਾ ਨਾ ਮਾਰਿਆ ਹੁੰਦਾ ਤਾਂ ਬੇਅਦਬੀ ਅਤੇ ਬਹਿਬਲ ਗੋਲੀਕਾਂਡ ਵਰਗੀਆਂ ਘਟਨਾਵਾਂ ਹੀ ਨਹੀਂ ਹੋਣੀਆਂ ਸਨ।ਖਹਿਰਾ ਨੇ ਕਿਹਾ ਕਿ ਉਹ ਜੂਨੀਅਰ ਬਾਦਲ ਨੂੰ ਚੁਣੌਤੀ ਦਿੰਦੇ ਹਨ ਕਿ ਹੇਠ ਦੱਸੇ ਸਵਾਲਾਂ ਸਬੰਧੀ ਖੁੱਲੀ ਬਹਿਸ ਕਰਨ ਵਾਸਤੇ ਆਪਣੀ ਮਰਜੀ ਦਾ ਸਮਾਂ ਅਤੇ ਸਥਾਨ ਚੁਣ ਲਵੇ ਕਿਉਂਕਿ ਨਾ ਸਿਰਫ ਉਹ ਬਲਕਿ ਸਾਰੇ ਗੁਰੂ ਨਾਨਕ ਨਾਮ ਲੇਵਾ ਉਸ ਨੂੰ ਬੇਅਦਬੀ ਦੇ ਕਾਰਿਆਂ ਅਤੇ ਬਹਿਬਲ ਕਲਾਂ ਵਿਖੇ ਦੋ ਸਿੱਖਾਂ ਦੇ ਕਤਲ ਦਾ ਜਿੰਮੇਵਾਰ ਮੰਨਦੇ ਹਨ। ਖਹਿਰਾ ਨੇ ਕਿਹਾ ਕਿ ਬਾਦਲ ਮਨੁੱਖੀ ਅਦਾਲਤਾਂ ਨੂੰ ਤਾਂ ਗੁੰਮਰਾਹ ਕਰ ਸਕਦੇ ਹਨ ਪਰੰਤੂ ਵਾਹਿਗੁਰੂ ਦੀ ਅਦਾਲਤ ਵਿੱਚ ਉਹਨਾਂ ਨੂੰ ਸਜ਼ਾ ਜਰੂਰ ਮਿਲੇਗੀ।

ਬਾਕੀ ਸਫ਼ਾ 30 'ਤੇ

# ਗੁਰੂਆਂ ਦੇ ਵਡੇਰੇ ਈਰਾਨੀ ਸਨ

## 2500 ਸਾਲ ਪੁਰਾਣੇ ਬਹਿਸਤੱਾਨ ਸ਼ਿਲਾਲੇਖ ਨੇ ਖੱਤਰੀਆਂ ਦੇ ਮੂਲ ਸਥਾਨ ਦਾ ਖੋਲਿਆ ਭੇਦ

ਭਾਰਤੀ ਉਪ ਮਹਾਂਦੀਪ ਦੀ ਜੇਕਰ ਕੋਈ ਸਭ ਤੋਂ ਖ਼ੂਬਸੂਰਤ ਤੇ ਅਗਾਂਹਵਧੂ ਕੌਮ ਹੈ ਤਾਂ ਉਹ ਹਨ ਪੰਜਾਬ ਦੇ ਖੱਤਰੀ। ਇਹ ਕਸੱਤਰੀ ਰਾਜਪੂਤਾਂ ਤੋਂ ਭਿੰਨ ਹਨ। ਪ੍ਰੰਪਰਾਗਤ ਇਹ ਪੰਜਾਬ ਦੇ ਹੁਕਮਰਾਨ ਹੋਏ ਹਨ। ਸਿੱਖਾਂ ਦੇ ਦੱਸੇ ਗੁਰੂ ਇਸ ਜਾਤ ਵਿਚੋਂ ਸਨ ਜਿਸ ਕਰਕੇ ਸਾਰੇ ਦੇ ਸਾਰੇ ਖੱਤਰੀ ਕਿਸੇ ਵੇਲੇ ਸਿੱਖ ਬਣ ਗਏ ਸਨ।

ਸਾਡੇ ਤੇ ਰੱਬ ਦੀ ਕ੍ਰਿਪਾ ਹੋਈ ਹੈ ਕਿ ਪੁਰਾਤਨ ਇਤਿਹਾਸ ਘੋਖਦਿਆਂ ਸਾਨੂੰ ਖੱਤਰੀਆਂ ਦੇ ਪੁਰਵਜਾਂ ਦਾ ਪਤਾ ਲੱਗ ਗਿਆ ਹੈ ਕਿ ਉਹ ਈਰਾਨ ਦੇਸ਼ ਤੋਂ ਆਏ ਸਨ। ਇਸ ਗੱਲ ਦਾ ਸਬੂਤ ਹੈ, ਈਰਾਨ ਤੋਂ ਮਿਲਦਾ ਰਾਜਾ ਡੇਰੀਅਸ (ਦਾਰਾ) ਦਾ 522 ਈਸਾ ਪੂਰਬ ਦਾ ਸਿਰਲੇਖ ਤੇ ਯੂਨਾਨ ਭਾਸ਼ਾ ਦਾ ਹੈਰੋਡੋਟਸ (484 ਤੋਂ 432 ਈ.) ਦਾ ਲਿਖਿਆ ਇਤਿਹਾਸ। ਈਸਾਪੂਰਬ ਪੰਜਵੀਂ ਸਦੀ ਵਿਚ ਇਕ ਇਟਲੀ ਵਿਚ ਇਤਿਹਾਸਕਾਰ ਹੋਇਆ ਹੈ, ਹੈਰੋਡੋਟਸ ਜਿਸ ਨੇ ਉਕਤ ਵਕਤ ਦੀਆਂ ਇਨਸਾਨੀ ਨਸਨਾਂ ਤੇ ਦੁਨੀਆ ਦਾ ਇਤਿਹਾਸ ਲਿਖਿਆ ਹੈ। ਇਹ ਹੈਰੋਡੋਟਸ ਹੀ ਹੋਇਆ ਜਿਸ ਨੇ ਪਹਿਲੀ ਵਾਰੀ ਆਰੀਆ ਤੇ ਸਾਕਾ ਨਸਲ ਦੀ ਹਿਜ਼ਰਤ ਦੀ ਗਾਥਾ ਲਿਖੀ। ਉਸ ਤੋਂ ਲਗਭਗ ਇਕ ਸਦੀ ਪਹਿਲਾਂ ਈਰਾਨ ਦੇ ਮਹਾਰਾਜਾ ਦਾਰਾ (ਡੋਰੀਅਸ) ਦੁਆਰਾ ਲਗਭਗ ਸੰਪੂਰਨ ਸੱਭਿਅਤ ਮੁਲਕਾਂ ਤੇ ਰਾਜ ਹੋਇਆ ਹੈ। ਇਸ ਦਾ ਰਾਜ ਭਾਰਤੀ ਉਪ ਮਹਾਂਦੀਪ ਦੇ ਗੰਧਾਰ (ਅੱਜ ਦਾ ਪੰਜਾਬ) ਤੱਕ ਫੈਲਿਆ ਹੋਇਆ ਸੀ। ਦੁਨੀਆ ਦੇ ਸਭ ਤੋਂ ਵਿਸਥਾਰ ਪੂਰਬਕ ਸ਼ਿਲਾਲੇਖਾਂ ਵਿਚੋਂ ਇਕ ਹੈ ਰਾਜਾ ਦਾਰਾ ਦਾ ਸ਼ਿਲਾਲੇਖ।

ਰਾਜਾ ਦਾਰਾ ਨੇ ਆਪਣੀਆਂ ਸਾਰੀਆਂ ਜਿੱਤਾਂ ਦਾ ਵਰਨਣ ਕੀਤਾ ਹੋਇਆ ਹੈ ਤੇ ਇਨਾਂ ਸਭ ਦਾ ਸਿਹਰਾ ਆਪਣੇ ਦੇਵਤਾ ਅਰ ਮਜਦਾ ਦੇ ਸਿਰ ਬੰਨਿਆ ਹੈ। ਸ਼ਿਲਾਲੇਖ ਦੇ ਨਾਲ ਨਾਲ ਸਬੰਧਤ ਮੂਰਤਾਂ ਵੀ ਪੱਥਰ ਵਿਚੋਂ ਘੜੀਆਂ ਪਈਆਂ ਹਨ।

ਏਸੇ ਹੀ ਲੇਖ ਵਿਚ ਆਪਣੀਆਂ ਜਿੱਤਾਂ ਦਾ ਵਰਨਣ ਕਰਦੇ ਹੋਏ ਦਾਰਾ ਨੇ ਈਰਾਨ ਦੇ ਪੱਛਮ ਉੱਤਰ ਇਲਾਕੇ ਮੇਦੀਆ **(Media)** ਤੇ ਜਿਸ ਦਾ ਜ਼ਿਕਰ ਕਰਦਿਆਂ ਲਿਖਿਆ ਹੈ, 'ਰਾਜਾ ਡੇਰੀਅਸ ਦਾ ਇਹ ਬਿਆਨਾ ਕਰਦਾ ਹੈ ਕਿ ਇਕ ਭਰਾਤਾ **(Phraortes)** ਨਾਂ ਦਾ ਮੈਦ **(Med)** ਮੇਡੀਆ **(Media)** ਇਲਾਕੇ ਤੋਂ ਮੇਰੇ ਖਿਲਾਫ ਉੱਠਾ ਖੜ ਹੋਇਆ ਤੇ ਉਸ ਨੇ ਦਾਅਵਾ ਕਰ ਦਿੱਤਾ ਕਿ ਉਹ ਚੀਜ਼ਾਰੀ **(Cyaseres)** ਖ਼ਾਨਦਾਨ ਦਾ ਖੱਤਰੀ **(Khshathirita)** ਹੈ। ਜਿਸ ਕਰਕੇ ਮੈਦ ਲੋਕ ਉਸ ਦੇ ਝਾਂਸੇ ਵਿਚ ਆ ਕੇ ਮੇਰੇ ਖਿਲਾਫ਼ ਬਗਾਵਤ ਕਰ ਗਏ ਅਤੇ ਭਰਾਤ ਨੇ ਰਾਜਾ ਹੋਣ ਦਾ ਐਲਾਨ ਕਰ ਦਿੱਤਾ।'

ਸ਼ਿਲਾਲੇਖ ਵਿਚ ਆਉਂਦੇ ਸ਼ਬਦ ਖਸ਼ੱਤਰੀਤਾ ਤੇ ਖਸ਼ੱਤਰੀਤੀ ਨੇ ਇਕ ਦਮ ਸਾਨੂੰ ਟੁੰਬ ਦੇ ਰੱਖ ਦਿੱਤਾ ਤੇ ਸਾਡਾ ਧਿਆਨ ਇਕਦਮ ਪੰਜਾਬ ਦੇ ਖੱਤਰੀਆਂ ਤੇ ਗਿਆ। ਉਂਝ ਖੱਤਰੀਆਂ ਦੀ ਸ਼ਕਲੋਂ ਸੂਰਤ ਈਰਾਨੀ ਲੋਕਾਂ ਨਾਲ ਡਾਹਢੀ ਮਿਲਦੀ ਹੈ। ਇਨਾਂ ਦੀ ਬੋਲੀ ਵਿਚ ਵੀ ਕੋਈ 25-30 ਫੀਸਦੀ ਦੇ ਲਗਭਗ ਲਫ਼ਜ ਫਾਰਸੀ ਅਰਬੀ ਦੇ ਹੁੰਦੇ ਹਨ। ਹਾਂ, ਸੰਨ 1947 ਉਪਰੰਤ ਹਿੰਦੂਸਤਾਨੀ ਭਾਸ਼ਾ ਨੇ ਖੱਤਰੀ ਜੁਬਾਨ ਤੇ ਇਕ ਕਿਸਮ ਦਾ ਧਾਵਾ ਬੋਲ ਰੱਖਿਆ ਹੈ। ਅੱਜ ਤੇ ਉਂਝ ਵੀ ਇਨਾਂ ਦੇ ਬੱਚੇ 'ਹਮਕੀ ਤੁਮਕੀਂ' ਵਿਚ ਹੀ ਗੱਲ ਕਰਦੇ ਹਨ। ਖੱਤਰੀਤਾ ਲਫ਼ਜ ਸ਼ਿਲਾਲੇਖ ਵਿਚ ਮਿਲਣ ਉਪਰੰਤ ਅਸਾਂ ਇੰਟਰਨੈਟ ਤੋਂ ਹੋਰ ਰਲਵੇਂ ਮਿਲਵੇਂ ਅਜਿਹੇ ਲਫ਼ਜ਼ ਪੁੱਛੇ ਤਾਂ ਫਿਰ ਨਜ਼ਰ ਆਇਆ ਯੂਨਾਨੀ ਇਤਿਹਾਸਕਾਰ ਹੈਰੋਡੋਟਸ ਦਾ ਇਤਿਹਾਸ ਜਿਸ ਨੂੰ ਇਨਸਾਨੀ ਐਨਸਾਈਕਲੋਪੀਡੀਆ ਬਰੀਤਾਨੀਆ ਨੇ ਕੁਝ ਇਉਂ ਛਾਪਿਆ ਹੈ :

'ਈਰਾਨ ਦਾ ਇਹ ਭਰਾਵਰਤ ਖਸ਼ੱਤਰੀਤਾ (ਖਤਰੇਟਾ) ਜਾਂ ਫਿਰ ਅੱਸੀਰੀਅਨ ਖਤਰੇਤੀ, 675 ਈ. ਪੂ. ਤੋਂ 653 ਈ. ਪੂਰਬ ਤੱਕ ਮੇਦੀਆ ਮੁਲਕ ਦਾ ਰਾਜਾ ਸੀ। ਪੰਜਵੀਂ ਸਦੀ ਈਸਾ ਪੂਰਬ ਲਿਖਾਰੀ ਹੈਰੋਡੋਟਸ ਅਨੁਸਾਰ ਫਰਾਤਾ ਜਾਂ ਭਰਾਤਾ ਸ਼ੁਰੂ ਸ਼ੁਰੂ ਵਿਚ ਇਕ ਪਿੰਡ ਕਾਰਕਸੀ ਦਾ ਮੁਖੀ ਸੀ। ਇਸ ਨੇ ਹੌਲੀ ਹੌਲੀ ਪਾਰਸੀ (ਈਰਾਨੀ) ਤੋਂ ਹੋਰ ਲੋਕਾਂ ਨੂੰ ਆਪਣੇ ਮੁਤਾਹਿਤ ਕਰ ਲਿਆ ਤੇ ਇਸ ਪ੍ਰਕਾਰ ਮੇਦੀਆ ਤੇ ਸਿਮਰੀ ਲੋਕਾਂ ਦਾ ਗਠਜੋੜ ਖੜਾ ਕਰ ਲਿਆ ਜਿਸ ਦਾ ਨਿਸ਼ਾਨਾ ਸ਼ਾਮ ਮੁਲਕ ਸੀ। ਪਰ ਸ਼ਾਮ ਦੇ ਹਮਲੇ ਮੌਕੇ ਖੱਤਰੀ ਹਾਰ ਗਿਆ ਤੇ ਮਾਰ ਦਿੱਤਾ ਗਿਆ।

ਇਹ ਖਿਆਲ ਕੀਤਾ ਜਾਂਦਾ ਹੈ ਕਿ ਹੈਰੋਡੋਟਸ ਨੇ ਸ਼ਾਇਦ ਰਾਜਾ ਡੇਰੀਅਸ ਵਾਲੇ ਖੱਤਰੀ ਦਾ ਜ਼ਿਕਰ ਹੀ ਆਪਣੇ ਸੁਣੇ ਅਨੁਸਾਰ ਕਰ ਦਿੱਤਾ ਹੋਵੇ।

ਪਰ ਇਥੋਂ ਇਕ ਨਤੀਜਾ ਜ਼ਰੂਰ ਨਿਕਲ ਆਉਂਦਾ ਹੈ ਖੱਤਰੀ ਨਾਂ ਉਸ ਕਬੀਲੇ ਦੇ ਬਹਾਦਰ ਰਾਜ ਤੋਂ ਤੁਰਦਾ ਹੈ ਜਿਹੜਾ ਇਕ ਮਾਮੂਲੀ ਪਿੰਡ ਤੋਂ ਉੱਠ ਕੇ ਦੂਰ ਦੇਸ਼ਾਂ ਤੱਕ ਆਪਣਾ ਰਾਜ ਕਾਇਮ ਕਰ ਦਿੰਦਾ ਹੈ।

ਫਿਰ ਰਾਜਾ ਡੇਰੀਅਸ ਨਾਲ ਜਿਸ ਮੇਦੀਆ ਰਾਜੇ ਦਾ ਟਾਕਰਾ ਹੁੰਦਾ ਹੈ, ਉਹ ਆਪਣੇ ਆਪ ਨੂੰ ਖੱਤਰੀ ਪੁੱਤਰ ਦੱਸਦਾ ਹੈ। ਇਸ ਤੋਂ ਜਾਹਰ ਹੁੰਦਾ ਹੈ ਕਿ ਕਾਰਕਸ਼ੀ ਪਿੰਡ ਤੋਂ ਉੱਠਣ ਵਾਲਾ ਖੱਤਰੀ ਇਲਾਕੇ ਵਿਚ ਇਕ ਲੋਕ ਨਾਇਕ ਵਜੋਂ ਉਭਰ ਚੁੱਕਾ ਸੀ।

ਹਾਂ ਡੇਰੀਅਸ (ਦਾਰਾ) ਦੇ ਸ਼ਿਲਾਲੇਖ ਦਾ ਇਹ ਦਾਅਵਾ ਕਿ ਰਾਜਾ ਭਰਾਤਾ ਲੋਕ ਪ੍ਰਸਿੱਧ ਮਹਾਰਾਜਾ ਖੱਤਰੀ ਦਾ ਅਸਲੀ ਜਾਨਸ਼ੀਨ ਹਾਂ, ਉਹ ਖੱਤਰੀ ਜਿਹੜਾ ਚੀਜਾਰੀ ਘਰਾਣੇ ਦਾ ਸੀ। ਇਸ ਤੋਂ ਸਾਬਤ ਹੋ ਸਕਦਾ ਹੈ ਕਿ ਭਰਾਤਾ ਤੋਂ ਪਹਿਲਾਂ ਵੀ ਕੋਈ ਮਹਾਨ ਖੱਤਰੀ ਹੋਇਆ ਹੈ, ਜਿਸ ਦੇ ਖਾਨਦਾਨ ਦਾ ਨਾਂ ਚੀਜਾਰੀ **(Cyaxares)** ਸੀ। ਪਰ ਰਾਜਾ ਦਾਰਾ ਦੇ ਸ਼ਿਲਾਲੇਖ ਤੋਂ ਸਾਬਤ ਹੁੰਦਾ ਹੈ ਕਿ ਉਹ ਇਸ ਲੇਖ ਰਾਹੀਂ ਪ੍ਰਾਪੇਗੰਡਾ ਵੀ ਕਰਨਾ ਚਾਹੁੰਦਾ ਹੈ ਅਤੇ ਆਪਣੇ ਸਾਰੇ ਵਿਰੋਧੀਆਂ ਦੇ ਖਾਨਦਾਨਾਂ ਤੇ ਉਂਗਲੀ ਉੱਠਾਉਂਦਾ ਹੈ। ਜਿਸ ਕਰਕੇ ਤੇ ਹੈਰੋਡੋਟਸ ਦੇ ਇਤਿਹਾਸ ਦੇ ਮੱਦੇਨਜ਼ਰ ਆਪਾਂ ਇਹ ਕਹਿ ਸਕਦੇ ਹਾਂ ਕਿ ਚੀਜਾਰੀਆਂ ਵਿਚੋਂ ਨਿਕਲ ਕੇ ਇਕ ਸ਼ਾਖ ਅਲੱਗ ਹੋ ਗਈ ਤੇ ਜਿਸ ਦੇ ਆਪਣੇ ਮੋਢੀ ਭਾਵ ਖੱਤਰੀ ਦੇ ਨਾਂ ਤੇ ਕਬੀਲੇ ਦਾ ਨਾਂ ਰੱਖਿਆ।

ਸੁਭਾਵਿਕ ਹੈ ਖੱਤਰੀਆਂ ਦਾ ਫਿਰ ਵੀ ਪਿਛੋਂ ਕਦੀ ਈਰਾਨ ਤੇ ਰਾਜ ਹੋਇਆ ਹੋਵੇਗਾ। ਤੇ ਉਸ ਉਪਰੰਤ ਕਦੀ ਹਾਰ ਵੀ ਹੋਈ ਹੋਵੇਗੀ ਅਤੇ ਹਾਰ ਤੋਂ ਬਾਅਦ ਖੱਤਰੀ ਕਬੀਲਾ ਏਧਰ ਭਾਰਤ ਉਪ ਮਹਾਂਦੀਪ ਵੱਲ ਭੱਜ ਆਇਆ।

ਹਾਂ ਜਦ ਤੱਕ ਕੋਈ ਇਤਿਹਾਸਕਾਰ ਏਧਰ ਧਿਆਨ ਨਹੀਂ ਦਿੰਦਾ, ਇਹ ਅਜੇ ਬੁਝਾਰਤ ਬਣੀ ਹੋਈ ਹੈ ਕਿ ਪੰਜਾਬ ਵਿਚ ਪਹਿਲਾਂ ਜੱਟ **(Scythia or Saka)** ਆਇਆ ਜਾਂ ਫਿਰ ਖੱਤਰੀ **(Medes or Cyzaris)**

ਖੱਤਰੀਆਂ ਦੇ ਮੂਲ ਲੱਭਣ ਦੀ ਖ਼ਬਰ ਜਦ ਅਸਾਂ ਪੁਰਾਤਨ ਇਤਿਹਾਸਕ ਸਰੋਤਾਂ ਨੂੰ ਘੋਖਿਆ ਤਾਂ ਇੰਝ ਲੱਗਾ ਕਿ ਹੋ ਸਕਦਾ ਹੈ ਕਿ ਭਾਰਤ ਦੇ ਵਰਨ ਆਸ਼ਰਮ ਤੋਂ ਪ੍ਰਭਾਵਿਤ ਹੋ ਕੇ ਈਰਾਨ ਦੇ ਰਾਜਾ ਨੇ ਆਪਣਾ ਨਾਂ ਖੱਤਰੀ ਰੱਖਿਆ ਹੋਵੇ। ਜਾਂ ਫਿਰ ਉਹ ਰਾਜਪੂਤ ਰਾਜਿਆਂ ਦਾ ਕੋਈ ਵਡੇਰਾ ਹੋਵੇ।

ਇਨਾਂ ਵੱਖ ਵੱਖ ਵਿਚਾਰਾਂ ਤੋਂ ਇੰਝ ਲਗਦਾ ਹੈ ਕਿ ਭਾਰਤ ਅੰਦਰ ਜੋ ਪ੍ਰਤੀਹਾਰ ਰਾਜਪੂਤ ਰਾਜੇ ਹੋਏ ਹਨ, ਉਨਾਂ ਕਸ਼ੱਤਰੀ ਪਦ ਰਾਜਾ ਬਣਨ ਉਪਰੰਤ ਹੀ ਗ੍ਰਹਿਣ ਕੀਤਾ ਹੈ। ਖਾਨਦਾਨ ਦਾ ਮੂਲ ਰਾਜਾ ਕਸ਼ੱਤਰੀ ਨਹੀਂ ਸੀ। ਕੋਈ ਗੁਜਰਾਂ ਤੋਂ ਰਾਜਪੂਤ ਬਣਿਆ ਕੋਈ ਯਾਦਵਾਂ ਆਦਿ। ਫਿਰ ਰਾਜਪੂਤ ਰਾਜਿਆਂ ਦੀ ਚੜਤ ਡੇਰੀਅਸ ਤੋਂ ਕੋਈ 1000 ਸਾਲਾਂ (ਤੋਂ ਵੀ ਜ਼ਿਆਦਾ) ਬਾਅਦ ਵਿਚ ਹੁੰਦੀ ਹੈ। ਨਾਲੇ ਪੰਜਾਬ ਦੇ ਖੱਤਰੀ ਲੋਕਾਂ ਦੀ ਸ਼ਕਲੋਂ ਸੂਰਤ ਤੇ ਬੋਲ ਚਾਲ ਆਪ ਮੁਹਾਰੇ ਈਰਾਨ ਨਾਲ ਘੁੰਡੀ ਹੋਣ ਦੀ ਗੱਲ ਦੱਸਦੇ ਹਨ। ਇਨਾਂ ਦੇ ਇਕ ਨਹੀਂ ਹਜ਼ਾਰਾਂ ਬੋਲ ਇਨਾਂ ਦੀ ਜੜ ਈਰਾਨ ਵਿਚ ਹੋਣ ਦਾ ਇਸ਼ਾਰਾ ਕਰਦੇ ਹਨ। ਅੱਜ ਦੇ ਵਿਦਵਾਨ ਪੁੱਛ ਸਕਦੇ ਹਨ ਕਿ ਲੜਕੀ ਪੇਕਿਆਂ ਦੇ ਘਰ ਵਿਚ ਬਾਬਲ ਦਾ ਘਰ ਕਹਿ ਕੇ ਕਿਉਂ ਬ੍ਰਿਹਾ ਮਹਿਸੂਸ ਕਰਦੀ ਹੈ। ਬਾਬਲ ਤੇ ਈਰਾਨੀ ਲੋਕ ਬੈਬੀਲੋਨ ਨੂੰ ਆਖਦੇ ਹਨ।




# ਪ੍ਰਗਟ ਸਿੰਘ ਕਾਂਗਰਸ ਛੱਡਣਗੇ ਜਾਂ ਵਿੱਚ ਰਹਿ ਕੇ ਲੜਨਗੇ

## ✪ ਪਰਗਟ ਨੂੰ ਅਨੁਸ਼ਾਸ਼ਨਹੀਣ ਹੋਣ ਦੇ ਦੋਸ਼ ਲਾ ਕੇ ਪਾਰਟੀ ਵਿੱਚੋਂ ਕੱਢਣਾ ਕਾਂਗਰਸ ਲਈ ਸਿਆਸੀ ਖ਼ੁਦਕਸ਼ੀ ਹੋਵੇਗੀ

## ✪ ਨਵਜੋਤ ਸਿੱਧੂ ਨਾਲ ਰਹਿਣਗੇ ਪ੍ਰਗਟ ✪ ਭਾਜਪਾ ਤੇ ਆਪ ਪ੍ਰਗਟ ਸਿੰਘ ਨਾਲ ਕਰ ਰਹੇ ਨੇ ਸੰਪਰਕ

**ਅੰਮ੍ਰਿਤਸਰ ਟਾਈਮਜ਼ ਬਿਊਰੋ**



ਪਰਗਟ ਸਿੰਘ ਦੇ ਸਟੈਂਡ ਨੂੰ ਦੇਖਦਿਆਂ ਸਭ ਤੋਂ ਪਹਿਲ ਸਵਾਲ ਇਹ ਉਭਰਦਾ ਹੈ ਕਿ ਉਹ ਕਾਂਗਰਸ ਨੂੰ ਅਲਵਿਦਾ ਕਹਿਣਗੇ ਜਾਂ ਪਾਰਟੀ ਦੇ ਅੰਦਰ ਰਹਿ ਕੇ ਹੀ ਲੜਨਗੇ।

ਇਸ ਸਵਾਲ ਦੇ ਜਵਾਬ ਵਿੱਚ ਸੀਨੀਅਰ ਪੱਤਰਕਾਰ ਬਘੇਲ ਸਿੰਘ ਧਾਲੀਵਾਲ ਨੇ ਦੱਸਿਆ ਕਿ ਪਹਿਲੀ ਗੱਲ ਤਾਂ ਪਰਗਟ ਸਿੰਘ ਕਾਂਗਰਸ ਛੱਡ ਕੇ ਨਹੀਂ ਜਾਵੇਗਾ। ਉਹ ਸਿਸਟਮ ਤੋਂ ਨਰਾਜ਼ ਹੈ, ਅਸਲ ਵਿੱਚ ਅੱਕਿਆ ਵੀ ਹੋਇਆ ਹੈ।ਉਨਾਂ ਨੇ ਕਿਹਾ, 'ਉਹ ਇਸ ਸਿਸਟਮ ਨੂੰ ਸੁਧਾਰਨਾ ਵੀ ਚਾਹੁੰਦਾ ਹੈ ਤੇ ਗੰਧਲੇ ਰਾਜਨੀਤਿਕ ਪ੍ਰਣਾਲੀ ਦਾ ਬਦਲ ਤਲਾਸ਼ਣ ਲਈ ਯਤਨਸ਼ੀਲ ਵੀ ਲੱਗ ਰਿਹਾ ਹੈ। ਪਰਗਟ ਸਿੰਘ ਜਿਸ ਤਰਾਂ ਨਾਲ ਪੰਜਾਬ ਨੂੰ ਬਦਲਣਾ ਚਹੁੰਦੇ ਹਨ ਉਹੋ ਜਿਹਾ ਬਦਲਾਅ ਤਾਂ ਦ੍ਰਿੜ ਇੱਛਾ ਵਾਲਾ ਮੁੱਖ ਮੰਤਰੀ ਜਾਂ ਧੜੱਲੇਦਾਰ ਮੰਤਰੀ ਬਣ ਕੇ ਹੀ ਕੀਤਾ ਜਾ ਸਕਦਾ ਹੈ।'

ਧਾਲੀਵਾਲ ਦਾ ਮੰਨਣਾ ਹੈ ਕਿ ਜੇ ਕਾਂਗਰਸ ਵਿੱਚ ਪਰਗਟ ਸਿੰਘ ਲਈ ਹਾਲਾਤ ਇਹੋ ਜਿਹੇ ਪੈਦਾ ਹੁੰਦੇ ਹਨ ਕਿ ਪਾਣੀ ਸਿਰ ਤੋਂ ਹੀ ਲੰਘ ਜਾਵੇ ਤੇ ਉਸ ਨੂੰ ਕਾਂਗਰਸ ਛੱਡਣੀ ਪੈ ਜਾਵੇ ਤਾਂ ਉਸ ਕੋਲ ਬਹੁਤ ਸੀਮਤ ਬਦਲ ਦੀ ਬਚਦੇ ਹਨ। ਇਸ ਲਈ ਇਹ ਸੰਭਾਵਨਾ ਬਹੁਤ ਜ਼ਿਆਦਾ ਹੈ ਕਿ ਉਹ ਪਾਰਟੀ ਵਿੱਚ ਹੀ ਕਾਇਮ ਰਹਿਣਗੇ।

ਪੰਜਾਬ ਕਾਂਗਰਸ ਦੇ ਸੂਬਾ ਪ੍ਰਧਾਨ ਸੁਨੀਲ ਜਾਖੜ ਦੇ ਬਿਆਨ ਨੂੰ ਦੇਖਿਆ ਜਾਵੇ ਤਾਂ ਉਹ ਪਰਗਟ ਸਿੰਘ ਨੂੰ ਨੌਜਵਾਨਾਂ ਦਾ ਆਦਰਸ਼ ਮੰਨਦੇ ਹਨ। ਸਿਆਸੀ ਮਾਹਿਰਾਂ ਦਾ ਮੰਨਣਾ ਹੈ ਕਿ ਅਜਿਹੇ ਹਾਲਾਤ ਵਿੱਚ ਪਰਗਟ ਸਿੰਘ ਨੂੰ ਅਨੁਸ਼ਾਸ਼ਨਹੀਣ ਹੋਣ ਦੇ ਦੋਸ਼ ਲਾ ਕੇ ਪਾਰਟੀ ਵਿੱਚੋਂ ਕੱਢਣਾ ਜਾਂ ਉਸ ਨੂੰ ਪਾਰਟੀ ਛੱਡਣ ਲਈ ਮਜਬੂਰ ਕਰਨਾ ਕਾਂਗਰਸ ਲਈ ਸਿਆਸੀ ਖੁਦਕਸ਼ੀ ਵਰਗਾ ਹੋਵੇਗਾ। ਪਰਗਟ ਸ਼੍ਰੋਮਣੀ ਅਕਾਲੀ ਦਲ ਵਿੱਚ ਵਾਪਸ ਨਹੀਂ ਜਾਵੇਗਾ। ਸੁਖਦੇਵ ਸਿੰਘ ਢੀਂਡਸਾ ਦੀ ਅਗਵਾਈ ਹੇਠ ਬਣੇ ਸੰਯੁਕਤ ਅਕਾਲੀ ਦਲ ਵਿੱਚ ਵੀ ਜਾਣ ਦਾ ਉਸ ਕੋਲ ਬਦਲ ਹੈ।

ਸਿਆਸੀ ਮਾਹਿਰਾਂ ਦਾ ਮੰਨਣਾ ਹੈ ਕਿ ਨਵੇਂ ਅਕਾਲੀ ਦਲ ਨੂੰ ਦੋਆਬੇ ਵਿੱਚ ਆਪਣੀ ਸਿਆਸੀ ਜ਼ਮੀਨ ਤਿਆਰ ਕਰਨ ਲਈ ਸਮਾਂ ਲੱਗੇਗਾ ਜਿਹੜਾ ਕਿ 2022 ਦੀਆਂ ਚੋਣਾਂ ਦੇ ਮੱਦੇਨਜ਼ਰ ਸੰਭਵ ਨਹੀਂ ਲੱਗਦਾ । ਨਵੇਂ ਅਕਾਲੀ ਦਲ ਦਾ ਪ੍ਰਭਾਵ ਮਾਝੇ ਤੇ ਮਾਲਵੇ ਵਿੱਚ ਪੈ ਸਕਦਾ ਹੈ।ਪਰਗਟ ਸਿੰਘ ਗੈਰ ਬਾਦਲੀ ਅਕਾਲੀ ਦਲਾਂ ਨਾਲ ਤਾਂ ਹੀ ਜਾ ਸਕਦੇ ਹਨ ਜੇਕਰ ਨਵਜੋਤ ਸਿੱਧੂ ਦੀ ਉਨਾਂ ਨਾਲ ਕੋਈ ਭਿਆਲੀ ਪੈਂਦੀ ਹੈ। ਪਰਗਟ ਦੇ ਇਕੱਲੇ ਉੱਧਰ ਜਾਣ ਦੀ ਸੰਭਾਵਨਾ ਨਹੀਂ ਦਿਖ ਰਹੀ।

**ਆਮ ਆਦਮੀ ਪਾਰਟੀ ਦਾ ਬਦਲ**

ਪਰਗਟ ਸਿੰਘ ਦੇ ਆਮ ਆਦਮੀ ਪਾਰਟੀ ਦੀਆਂ ਕਈ ਗੁਪਤ ਬੈਠਕਾਂ ਵਿੱਚ ਸ਼ਾਮਲ ਹੋਣ ਦੀਆਂ ਰਿਪੋਰਟਾਂ ਮੀਡੀਆ ਤੇ ਸਿਆਸਤ ਦੇ ਕੁਝ ਹਲਕਿਆਂ ਵਿੱਚ ਭਖਦੀਆਂ ਰਹੀਆਂ ਹਨ। ਭਾਵੇਂ ਕਿ ਪਰਗਟ ਸਿੰਘ ਨੇ ਕਦੇਂ ਵੀ ਅਧਿਕਾਰਤ ਤੌਰ ਉੱਤੇ ਅਜਿਹੀਆਂ ਰਿਪੋਰਟਾਂ ਦੀ ਪੁਸ਼ਟੀ ਨਹੀਂ ਕੀਤੀ। ਪਰ ਸਿਆਸੀ ਮਾਹਿਰ ਦਾਅਵਾ ਕਰਦੇ ਹਨ, ਆਪ ਪਾਰਟੀ ਨਵਜੋਤ ਸਿੱਧੂ ਤੇ ਪਰਗਟ ਸਿੰਘ ਨੂੰ ਆਪਣੇ ਪਾਲੇ ਵਿੱਚ ਲਿਆਉਣ ਦੀਆਂ ਕੋਸ਼ਿਸ਼ਾਂ ਕਰਦੀ ਰਹੀ ਹੈ।

ਭਾਵੇਂ ਕਿ ਇਸ ਵਾਰ ਆਪ ਪਾਰਟੀ ਦਾ ਪ੍ਰਭਾਵ ਪਹਿਲਾਂ ਵਰਗਾ ਨਹੀਂ ਰਿਹਾ। ਸਾਲ 2017 ਦੀਆਂ ਚੋਣਾਂ ਵਿੱਚ ਪਰਵਾਸੀ ਪੰਜਾਬੀਆਂ ਨੇ ਆਪ ਦੀ ਵੱਡੇ ਪੱਧਰ 'ਤੇ ਮਦਦ ਕੀਤੀ ਸੀ ਪਰ ਇਸ ਵਾਰ ਪਹਿਲਾਂ ਵਰਗਾ ਉਤਸ਼ਾਹ ਨਜ਼ਰ ਨਹੀਂ ਆ ਰਿਹਾ। ਆਪ ਪਾਰਟੀ ਬਾਰੇ ਇਹੋ ਕਿਹਾ ਜਾ ਰਿਹਾ ਹੈ ਕਿ ਉਹ ਪੰਜਾਬ ਵਿੱਚ ਕਿਸੇ ਰਾਜਸੀ ਧਿਰ ਨਾਲ ਚੋਣ ਸਮਝੌਤਾ ਕਰਕੇ ਹੀ ਚੋਣਾਂ ਲੜਨ ਦਾ ਮਨ ਬਣਾ ਰਹੀ ਹੈ।ਇਨਾਂ ਹਾਲਾਤਾਂ ਵਿੱਚ ਵੀ ਪਰਗਟ ਸਿੰਘ ਕੋਲ ਇਹ ਸਭ ਤੋਂ ਮਜ਼ਬੂਤ ਬਦਲ ਹੀ ਬਚਦਾ ਹੈ। ਆਪ ਪਾਰਟੀ ਨੂੰ ਵੀ ਉਨਾਂ ਦੇ ਰੂਪ ਵਿੱਚ ਇੱਕ ਗੰਭੀਰ ਤੇ ਸਿਆਣਾ ਜੱਟ ਸਿੱਖ ਚਿਹਰਾ ਮਿਲ ਸਕਦਾ ਹੈ।

**ਭਾਜਪਾ ਵੀ ਦਾਅ ਲਾਉਣ ਦੇ ਚੱਕਰ ਵਿੱਚ**

ਭਾਜਪਾ ਵਿਚਲੇ ਸਿਆਸੀ ਸੂਤਰ ਵੀ ਪੰਜਾਬ ਵਿੱਚ ਕਿਸੇ ਜੱਟ ਸਿੱਖ ਚਿਹਰੇ ਦੀ ਤਲਾਸ਼ ਵਿੱਚ ਹੋਣ ਦੀ ਗੱਲ ਆਫ਼ ਦਾ ਰਿਕਾਰਡ ਕਹਿੰਦੇ ਰਹਿੰਦੇ ਹਨ।

ਭਾਜਪਾ ਇੱਕ ਅਜਿਹੇ ਚਿਹਰੇ ਦੀ ਤਲਾਸ਼ ਵਿੱਚ ਹੈ ਜਿਸ ਨੂੰ ਲੈ ਕੇ ਉਹ 2022 ਦੇ ਚੋਣ ਮੈਦਾਨ ਵਿੱਚ ਉਤਰਨਾ ਚਾਹੁੰਦੀ ਹੈ।ਜੇ ਪਰਗਟ ਸਿੰਘ ਕਾਂਗਰਸ ਵਿੱਚੋਂ ਬਾਹਰ ਆਉਂਦੇ ਹਨ ਤਾਂ ਭਾਜਪਾ ਵੀ ਉਸ ਨੂੰ ਆਪਣੇ ਵੱਲ ਖਿੱਚ ਸਕਦੀ ਹੈ। ਪੱਤਰਕਾਰ ਬਘੇਲ ਸਿੰਘ ਧਾਲੀਵਾਲ ਆਖਦੇ ਹਨ ਕਿ ਪ੍ਰਗਟ ਸਿੰਘ ਭਾਜਪਾ ਵਲ ਜਾਕੇ ਸਿਆਸੀ ਆਤਮ ਹਤਿਆ ਨਹੀਂ ਕਰਨਗੇ। ਭਾਜਪਾ ਪੰਜਾਬ ਵਿਚ ਬੁਰੀ ਤਰਾਂ ਸਿਆਸੀ ਤੌਰ ਉਪਰ ਡਗਮਗਾ ਚੁਕੀ ਹੈ।

ਭਾਜਪਾ ਦੇ ਕਈ ਆਗੂ ਵੀ ਕਾਂਗਰਸ ਅੰਦਰਲੀ ਫੁੱਟ ਨੂੰ ਬੜੀ ਨੇੜਿਓਂ ਤੇ ਗਹੁ ਨਾਲ ਦੇਖ ਰਹੇ ਹਨ। ਉਹ ਪੱਛਮੀ ਬੰਗਾਲ ਵਾਂਗ ਆਪਣੇ ਦਾਅ 'ਤੇ ਬੈਠੇ ਹਨ।

ਕਿਸਾਨ ਅੰਦੋਲਨ ਵਿੱਚ ਪੰਜਾਬ ਭਾਜਪਾ ਨੂੰ ਜਿਸ ਤਰਾਂ ਦੇ ਵਿਰੋਧ ਦਾ ਸਾਹਮਣਾ ਪਿੰਡਾਂ ਤੇ ਕਸਬਿਆਂ ਵਿੱਚ ਕਰਨਾ ਪੈ ਰਿਹਾ ਹੈ, ਉਸ ਤੋਂ ਉਮੀਦ ਘੱਟ ਹੈ ਕਿ ਪਰਗਟ ਸਿੰਘ ਇਹ ਕਦਮ ਪੁਟਣਗੇ ।

**ਨਵੀਂ ਖੇਤਰੀ ਪਾਰਟੀ ਦਾ ਬਦਲ**

ਦੇਸ਼ ਪੰਜਾਬ ਦੇ ਮੈਗਜ਼ੀਨ ਦੇ ਸਾਬਕਾ ਸੰਪਾਦਕ ਅਤੇ ਸਿਆਸੀ ਟਿੱਪਣੀਕਾਰ ਗੁਰਬਚਨ ਸਿੰਘ ਕਹਿੰਦੇ ਹਨ ਕਿ ਪੰਜਾਬ ਵਿੱਚ ਰਾਜਨੀਤਕ ਖਲਾਅ ਹੈ। ਉਸ ਵਿੱਚ ਇਹ ਮਹਿਸੂਸ ਕੀਤਾ ਜਾ ਰਿਹਾ ਸੀ ਕਿ ਕਿਸਾਨ ਮੋਰਚੇ ਵਿੱਚੋਂ ਕੋਈ ਰਾਜਸੀ ਬਦਲ ਉਭਰ ਕੇ ਸਾਹਮਣੇ ਆਵੇਗਾ ਪਰ ਹੁਣ ਹਲਾਤ ਬਦਲ ਗਏ ਹਨ ਤੇ ਪਰਗਟ ਸਿੰਘ ਤੇ ਨਵਜੋਤ ਸਿੰਘ ਸਿੱਧੂ ਨੇ ਜਿਹੜੀ ਚਣੌਤੀ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੂੰ ਦਿੱਤੀ ਹੈ, ਉਹ ਉਨਾਂ ਦੇ ਸਾਫ਼ ਸੁਥਰੇ ਕਿਰਦਾਰ ਦੀ ਪ੍ਰਤੀਨਿਧਤਾ ਕਰਦੀ ਹੈ। ਗੁਰਬਚਨ ਸਿੰਘ ਕਹਿੰਦੇ ਹਨ ਕਿ ਪੰਜਾਬ ਵਿੱਚ ਕਈ ਧਿਰਾਂ ਨਵਾਂ ਖੇਤਰੀ ਬਦਲ ਉਸਾਰਨ ਲਈ ਯਤਨਸ਼ੀਲ ਹਨ। ਨਵਜੋਤ ਸਿੰਘ ਸਿੱਧੂ ਤੇ ਪਰਗਟ ਸਿੰਘ ਉਨਾਂ ਦੇ ਨਿਸ਼ਾਨੇ ਉੱਤੇ ਹਨ। ਸੂਬੇ ਦੇ ਕਈ ਸੇਵਾਮੁਕਤ ਆਈਏਐੱਸ ਅਫ਼ਸਰ ਤੇ ਬੁੱਧੀਜੀਵੀ ਇਸ ਮੁਹਿੰਮ ਵਿੱਚ ਲੱਗੇ ਹੋਏ ਹਨ।ਜੇਕਰ ਨਵਜੋਤ ਸਿੱਧੂ ਕਾਂਗਰਸ ਤੋਂ ਬਾਹਰ ਆ ਕੇ ਨਵੀਂ ਧਿਰ ਦੀ ਅਗਵਾਈ ਕਰਨ ਲਈ ਤਿਆਰ ਹੁੰਦੇ ਹਨ ਤਾਂ ਪਰਗਟ ਸਿੰਘ ਦਾ ਉਸ ਵਿੱਚ ਜਾਣਾ ਤੈਅ ਹੈ।

ਗੁਰਬਚਨ ਸਿੰਘ ਕਹਿੰਦੇ ਹਨ, 'ਪਰਗਟ ਸਿੰਘ ਨੇ ਪ੍ਰੈਸ ਕਾਨਫਰੰਸ ਦੌਰਾਨ ਜਿਸ ਤਰਾਂ ਨਾਲ ਹਮਲਾਵਰ ਰੁੱਖ ਅਖਤਿਆਰ ਕਰਦਿਆ ਕੈਪਟਨ ਅਮਰਿੰਦਰ ਸਿੰਘ 'ਤੇ ਹਮਲਾ ਕੀਤਾ ਉਸ ਵਿੱਚੋਂ ਉਨਾਂ ਦੀ ਦਲੇਰੀ ਝਲਕਦੀ ਸੀ ਤੇ ਉਨਾਂ ਦਾ ਕਿਰਦਾਰ ਇਸ ਗੱਲ ਤੋਂ ਸਾਹਮਣੇ ਆਇਆ ਕਿ ਰਾਜਸੀ ਲੋਕਾਂ ਨੂੰ ਕਿੰਨਾ ਕੁ ਪੈਸਾ ਚਾਹੀਦਾ ਹੁੰਦਾ ਹੈ। ਖਾਣੀ ਤਾਂ ਆਖਰ ਨੂੰ ਰੋਟੀ ਹੀ ਆ। ਉਹ ਪੈਸੇ ਜੋੜਨ ਵਾਲਿਆਂ ਵਿੱਚੋਂ ਨਹੀਂ ਹਨ।'

ਕੁਝ ਸਿਆਸੀ ਜਾਣਕਾਰਾਂ ਦਾ ਮੰਨਣਾ ਹੈ ਕਿ ਪੰਜਾਬ ਨੂੰ ਨਵਜੋਤ ਸਿੱਧੂ ਤੇ ਪਰਗਟ ਸਿੰਘ ਦੇ ਰੂਪ ਵਿੱਚ ਨਵੀਂ ਲੀਡਰਸ਼ਿਪ ਮਿਲ ਗਈ ਹੈ ਕਿਉਂਕਿ ਉਹ ਪੰਜਾਬ ਦੇ ਭਲੇ ਦੀ ਗੱਲ ਕਰਦੇ ਹਨ।ਬੇਅਦਬੀ ਦਾ ਮੁੱਦਾ ਅਜਿਹਾ ਹੈ ਜਿਹੜਾ ਹਰ ਪੰਜਾਬੀ ਤੇ ਖ਼ਾਸ ਕਰਕੇ ਹਰ ਸਿੱਖ ਦੇ ਦਿਲ ਨੂੰ ਟੁੰਬਦਾ ਹੈ। ਉਹ ਪੰਜਾਬ ਦੇ ਹਰ ਪੱਖ ਤੋਂ ਪਛੜ ਜਾਣ ਦੀ ਵੀ ਗੱਲ ਕਰਦੇ ਹਨ।

ਪਰਗਟ ਸਿੰਘ ਨੇ ਤਾਂ ਪਹਿਲਾਂ ਅਕਾਲੀ-ਭਾਜਪਾ ਰਾਜ ਸਮੇਂ ਮੁੱਖ ਸੰਸਦੀ ਸਕੱਤਰ ਦੇ ਅਹੁਦੇ ਨੂੰ ਠੁਕਰਾਇਆ ਸੀ ਤੇ ਕੈਪਟਨ ਸਰਕਾਰ ਵਿੱਚ ਉਨਾਂ ਸਲਾਹਕਾਰ ਬਣਨ ਦੇ ਅਹੁਦੇ ਨੂੰ ਠੁਕਰਾਇਆ ਸੀ।ਪਰਗਟ ਸਿੰਘ ਨੇ ਗੱਲਬਾਤ ਦੌਰਾਨ ਇਹ ਸਪੱਸ਼ਟ ਕੀਤਾ ਹੈ ਕਿ ਉਨਾਂ ਦਾ ਆਪ ਪਾਰਟੀ ਵਿੱਚ ਜਾਣ ਦਾ ਕੋਈ ਇਰਾਦਾ ਨਹੀਂ ਹੈ। ਉਨਾਂ ਕਿਹਾ ਕਿ ਨਵਜੋਤ ਸਿੱਧੂ ਨਾਲ ਉਸ ਦੀ ਯਾਰੀ ਸਿਆਸਤ ਵਿੱਚ ਆਉਣ ਤੋਂ ਪਹਿਲਾਂ ਦੀ ਹੈ। ਉਹ ਹਮੇਸ਼ਾਂ ਹੀ ਸਿੱਧੂ ਨਾਲ ਖੜਨਗੇ।

ਪਰਗਟ ਸਿੰਘ ਨੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੂੰ ਜਿਹੜਾ ਪਹਿਲਾ ਪੱਤਰ ਲਿਖਿਆ ਸੀ ਉਹ ਦਸੰਬਰ 2019 ਦੇ ਤੀਜੇ ਹਫਤੇ ਲਿਖਿਆ ਸੀ, ਜਿਹੜਾ ਮੀਡੀਆ ਵਿੱਚ ਫਰਵਰੀ 2020 ਦੌਰਾਨ ਚਰਚਾ ਵਿੱਚ ਆਇਆ ਸੀ।

ਪਰਗਟ ਸਿੰਘ ਨੇ ਦੂਜਾ ਪੱਤਰ ਜੁਲਾਈ 2020 ਵਿੱਚ ਲਿਖਿਆ ਸੀ। ਉਨਾਂ ਵੱਲੋਂ ਮੁੱਖ ਮੰਤਰੀ ਪੰਜਾਬ ਨੂੰ ਲਿਖੇ ਇਸ ਦੂਜੇ ਪੱਤਰ ਦਾ ਉਤਾਰਾ ਕਾਂਗਰਸ ਦੀ ਪ੍ਰਧਾਨ ਸੋਨੀਆ ਗਾਂਧੀ ਤੇ ਪੰਜਾਬ ਕਾਂਗਰਸ ਦੇ ਪ੍ਰਧਾਨ ਸੁਨੀਲ ਜਾਖੜ ਨੂੰ ਵੀ ਭੇਜਿਆ ਗਿਆ ਸੀ।

ਇਸ ਪੱਤਰ ਵਿੱਚ ਪਰਗਟ ਸਿੰਘ ਨੇ ਲਿਖਿਆ ਸੀ ਕਿ ਪੰਜਾਬ ਦੇ ਲੋਕਾਂ ਨੇ ਭਾਰੀ ਬਹੁਮਤ ਨਾਲ ਸੂਬੇ ਵਿੱਚ ਕਾਂਗਰਸ ਦੀ ਸਰਕਾਰ ਬਣਾਈ ਸੀ ਪਰ ਲੋਕਾਂ ਦੀਆਂ ਉਮੀਦਾਂ ਅਨੁਸਾਰ ਕੀਤੇ ਗਏ ਵਾਅਦਿਆ 'ਤੇ ਸੂਬਾ ਸਰਕਾਰ ਖਰੀ ਨਹੀਂ ਉਤਰ ਰਹੀ। ਪੰਜਾਬ ਸਰਕਾਰ ਦੀ ਕਾਰਗੁਜ਼ਾਰੀ 'ਤੇ ਉਠ ਰਹੀਆਂ ਵਿਰੋਧ ਦੀਆਂ ਅਵਾਜ਼ਾਂ ਨੂੰ ਦਬਾਉਣ ਜਾਂ ਘੱਟ ਕਰਨ ਲਈ ਸਤੰਬਰ 2019 ਵਿੱਚ 6 ਵਿਧਾਇਕਾਂ ਨੂੰ ਸਲਾਹਕਾਰ ਨਿਯੁਕਤ ਕੀਤਾ ਗਿਆ ਸੀ। ਪਰਗਟ ਸਿੰਘ ਨੂੰ ਵੀ ਸਲਾਹਕਾਰ ਨਿਯੁਕਤ ਕਰਨ ਦੀ ਪੇਸ਼ਕਸ਼ ਹੋਈ ਸੀ ਜਿਹੜੀ ਉਨਾਂ ਨੇ ਠੁਕਰਾ ਦਿੱਤੀ ਸੀ।ਉਦੋਂ ਵੀ ਪਰਗਟ ਸਿੰਘ ਨੇ ਕਿਹਾ ਸੀ ਕਿ ਉਹ ਸਿਆਸਤ ਵਿੱਚ ਕਿਸੇ ਅਹੁਦੇ ਵਾਸਤੇ ਨਹੀਂ ਆਏ ਸਗੋਂ ਪੰਜਾਬ ਲਈ ਕੁਝ ਕਰਨਾ ਚਾਹੁੰਦੇ ਹਨ। ਉਹ ਸੱਤਾ ਦੇ ਭੁੱਖੇ ਨਹੀਂ ਹਨ। ਉਨਾਂ ਨੇ ਦੋ ਵਾਰ ਵਿਧਾਇਕ ਬਣ ਕੇ ਦੇਖਿਆ ਹੈ। ਪਰਗਟ ਸਿੰਘ ਨੇ ਅਕਾਲੀ ਸਰਕਾਰ ਵਿੱਚ ਹੁੰਦਿਆਂ ਹੋਇਆਂ ਵੀ ਮੁੱਖ ਪਾਰਲੀਮਾਨੀ ਸਕੱਤਰ ਦੇ ਅਹੁਦੇ ਨੂੰ ਠੁਕਰਾ ਦਿੱਤਾ ਸੀ ਤੇ ਉਦੋਂ ਹੀ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨਾਲ ਨਰਾਜ਼ਗੀ ਜੱਗ ਜ਼ਾਹਰ ਹੋ ਗਈ ਸੀ।

## ਦੁਸ਼ਮਣ

### ਪਰਮ ਪਿਆਰ ਸਿੰਘ

ਸੁਖਦੀਪ ਦਾ ਵਿਆਹ ਹੋਏ ਨੂੰ ਅਜੇ ਚਾਰ ਕੁ ਦਿਨ ਹੀ ਹੋਏ ਸਨ। ਨਵੀਂ ਨਵੇਲੀ ਵਹੁਟੀ ਨਾਲ ਦਿੱਲੀ ਕਿਸਾਨ ਧਰਨੇ 'ਚ ਆ ਡਟਿਆ। ਉਧਰ ਬਾਰਡਰ 'ਤੇ ਤਾਇਨਾਤ ਵੱਡੇ ਵੀਰ ਫ਼ੌਜੀ ਮਨਜੀਤ ਦਾ ਫੋਨ ਆਇਆ। ਮਨਜੀਤ ਸੁਣ ਕੇ ਦੰਗ ਰਹਿ ਗਿਆ ਕਿ ਛੋਟੇ ਨੂੰ ਵਹੁਟੀ ਸਮੇਤ ਏਨੀ ਜਲਦੀ ਦਿੱਲੀ ਜਾਣ ਦੀ ਕੀ ਲੋੜ ਪੈ ਗਈ ? ਜਦੋਂਕਿ ਬਾਪੂ ਜੀ ਤਾਂ ਪਹਿਲਾਂ ਹੀ ਦੋ ਮਹੀਨੇ ਤੋਂ ਮੋਰਚੇ 'ਚ ਸ਼ਾਮਿਲ ਹਨ। ਪੁੱਛਣ 'ਤੇ ਸੁਖਦੀਪ ਨੇ ਕਿਹਾ, 'ਕੀ ਦੱਸਾਂ ਭਰਾਵਾ! ਬਾਪੂ ਤਾਂ ਮਹੀਨੇ ਭਰ ਤੋਂ ਘਰੇ ਮੰਜੇ 'ਤੇ ਪਿਆ ਹੈ। ਦੋ ਮਹੀਨੇ ਮੋਰਚੇ 'ਚ ਡਟਣ ਨਾਲ ਕਮਜ਼ੋਰੀ ਹੋ ਗਈ ਤੇ ਅਤਿ ਦੀ ਸਰਦੀ 'ਚ ਨਮੂਨੀਆ ਹੋ ਗਿਆ ਸੀ। ਬੇਸੁਧ ਪਿਛਲੇ ਕਮਰੇ 'ਚ ਪਏ ਰਹਿੰਦੇ ਹਨ। ਡਾਕਟਰਾਂ ਨੇ ਇੱਕ ਤਰਾਂ ਜਵਾਬ ਜਿਹਾ ਹੀ ਦੇ ਦਿੱਤਾ ਹੈ।' ਸੁਣ ਕੇ ਫ਼ੌਜੀ ਵੀਰ ਮਨ ਹੀ ਮਨ ਬਹੁਤ ਦੁਖੀ ਹੋਇਆ। '...ਪਰ ਤੂੰ ਏਨੀ ਜਲਦੀ ਨਾ ਆਉਂਦਾ ਅਜੇ...।' ਫ਼ੌਜੀ ਵੀਰ ਬੋਲਿਆ। 'ਮੇਰਾ ਆਉਣਾ ਬਹੁਤ ਹੀ ਜ਼ਰੂਰੀ ਸੀ ਵੀਰਾ, ਮੈਨੂੰ ਆਪਣੇ ਆਉਣ ਵਾਲੇ ਬੱਚਿਆਂ ਦੇ ਭਵਿੱਖ ਦੀ ਚਿੰਤਾ ਹੈ।' ਸੁਖਦੀਪ ਨੇ ਦਰਦ ਬਿਆਨ ਕੀਤਾ ...। ਆਪਣੇ ਹੀ ਦੇਸ਼ ਦੀਆਂ ਸਰਕਾਰਾਂ ਵੱਲੋਂ ਆਪਣੇ ਹੀ ਲੋਕਾਂ ਨਾਲ ਹੁੰਦੇ ਧੱਕੇ ਦੀਆਂ ਗੱਲਾਂ ਸੁਣ ਕੇ ਵੱਡੇ ਵੀਰ ਦਾ ਸਿਰ ਚਕਰਾਉਣ ਲੱਗਾ ਤੇ ਮੱਥੇ 'ਤੇ ਪਸੀਨੇ ਆ ਗਿਆ। ਉਸ ਦਾ ਪਹਿਲਾਂ ਤਾਂ ਦਿਲ ਕੀਤਾ ਕਿ ਹੱਥ 'ਚ ਫੜੀ ਮਸ਼ੀਨਗੰਨ ਦੀਆਂ ਗੋਲੀਆਂ ਦਾ ਮੀਂਹ ਵਰਾ ਕੇ ਸਾਹਮਣੇ ਦੁਸ਼ਮਣ ਦੀ ਫ਼ੌਜੀ ਚੌਕੀ ਤਬਾਹ ਕਰ ਦੇਵੇ। ਪਰ ਫਿਰ ਇਹ ਸੋਚਦਿਆਂ ਚੁੱਪ ਕਰ ਕੇ ਬੈਠ ਗਿਆ ਕਿ ਉਹ ਵੀ ਵਿਚਾਰੇ ਮਜਬੂਰੀਆਂ ਦੇ ਮਾਰੇ ਸਾਡੇ ਵਰਗੇ ਹੀ ਨੇ। ਸਾਡੇ ਅਸਲੀ ਦੁਸ਼ਮਣ ਤਾਂ ਕੋਈ ਹੋਰ ਹੀ ਨੇ।




# ਦਾਦੇ ਪੋਤੇ ਦੇ ਪਿਆਰ ਨਾਲ ਕੁਦਰਤ ਦਾ ਸੁਹੱਪਣ



**ਜਸਵੰਤ ਸਿੰਘ ਕੰਵਲ**

ਜਦੋਂ ਉਸਦਾ ਦਾਦਾ, ਘਰ ਲੈਣ ਆਇਆ ਤਾਂ ਓਹਦੀ ਜੁੱਤੀ ਦੀ ਆਵਾਜ਼, ਸਾਡੇ ਘਰ ਦੀਆਂ ਦੇਹਲੀਆਂ ਨੂੰ ਟੱਪਦੀ ਹੋਈ ਵੇਹੜੇ ਵਿੱਚ ਆ ਕੇ ਸ਼ਾਂਤ ਹੋ ਗਈ। ਉਸਦੇ ਦਾਦੇ ਦੇ ਭੂਰਾ ਕੁੜਤਾ-ਪਜਾਮਾ ਤੇ ਬੰਨੀ-ਬਨਾਈ ਪੱਗ ਕਾਹਲੀ ਵਿੱਚ ਸਿਰ ਤੇ ਰੱਖੀ ਹੋਈ। ਪਿੱਛੋਂ ਸੁਰਮੇ ਰੰਗੇ ਵਾਲ ਨਿਕਲੇ ਹੋਏ।

ਬੋਲਿਆ, 'ਭਾਈ ਇਹ ਲਿਖਦਾ-ਲੁਖਦਾ ਵੀ ਆ ਕਿ ਨਾ ? ਘਰ ਤਾਂ ਫ਼ੋਨ ਈ ਨੀ ਛੱਡਦਾ। ਸਾਰੀ ਦਿਹਾੜੀ ਗੇਮਾਂ ਤੇ, ਜਦੋਂ ਕਹੋ ਤਾਂ ਸਿਸਕਣ ਲਗ ਜਾਂਦਾ।

'ਗੁਰਪ੍ਰਤਾਪ ਦੇ ਦਾਦੇ ਨੇ ਇਕੋ ਸਾਹ ਵਿੱਚ ਸਭ ਕੁੱਝ ਵਲੇਟ ਮਾਰਿਆ। ਮੈਂ ਨੀਵੀਂ ਪਾ, ਥੋੜਾ ਹੱਸ ਕੇ ਕਿਹਾ,'ਨਹੀਂ-ਨਹੀਂ ਅੰਕਲ, ਹੁਣ ਇਹ ਠੀਕ ਪੜਦਾ, ਪਹਿਲਾਂ ਨਾਲੋਂ ਫਰਕ ਆ। ਤਕਰੀਬਨ 4-5 ਸਾਲ ਦਾ ਜੁਆਕ। ਬਹੁਤ ਹੀ ਭੋਲਾ ਚੇਹਰਾ, ਅੱਖਾਂ ਵਿੱਚ ਚਮਕ ਅਤੇ ਹਰ ਵਖਤ ਡਰਿਆ-ਸਹਿਮਿਆ ਜਿਹਾ ਰਹਿਣ ਵਾਲਾ ਗੁਰਪ੍ਰਤਾਪ ਸਿੰਘ। ਮੈਨੂੰ ਗੁਰਪ੍ਰਤਾਪ ਤੇ ਬਾਕੀ ਬੱਚਿਆਂ ਨਾਲੋਂ ਜ਼ਿਆਦਾ ਸਨੇਹ ਆਉਂਦਾ ਕਿਉਂਕਿ ਉਹ ਜਦੋਂ ਬੋਲਦਾ ਤਾਂ ਖਿੱਚ ਲੈਂਦਾ ਆਪਣੇ ਵੱਲ, ਸੁਨਣ ਵਾਲੇ ਨੂੰ। ਇਸ ਦੀਆਂ ਅੱਖਾਂ ਵਿੱਚ ਹਰ ਸਮਾਂ ਰਹਿਣ ਵਾਲਾ ਪਾਣੀ, ਜਿਸਦਾ ਕਾਰਨ ਇਹਦਾ ਬੀਤਿਆ ਹੋਇਆ



ਕੱਲ ਹੈ। ਪਰ, ਇਹ ਜੁਆਕ ਨਿਰਦੋਸ਼ ਹੈ ਤੇ ਸਜ਼ਾ ਖ਼ੁਦ ਭੁਗਤ ਰਿਹਾ। ਦਰਅਸਲ ਮਾਂ-ਪਿਓ ਦੇ ਝਗੜਿਆਂ ਦਾ ਅਸਰ, ਬੱਚਿਆਂ ਉੱਤੇ ਜ਼ਿਆਦਾ ਹੁੰਦਾ ਜੋ ਬਹੁਤ ਲੰਮਾ ਸਮਾਂ ਵੀ ਰਹਿ ਸਕਦਾ। ਪਿਓ ਨੂੰ ਖੋ ਚੁੱਕਿਆ ਤੇ ਮਾਂ ਤੋਂ ਦੂਰ ਹੋਣ ਦਾ ਸੰਤਾਪ ਹੰਢਾ ਰਿਹਾ ਗੁਰਪ੍ਰਤਾਪ, ਜੋ ਇਸ ਸਭ ਤੋਂ ਅਣਜਾਣ ਹੈ। ਜਦੋਂ ਕਦੇ ਇਸਦਾ ਦਾਦਾ ਗੁੱਸੇ ਵਿਚ ਘੂਰ ਦਿੰਦਾ ਤਾਂ ਅੱਖਾਂ ਵਿਚ ਹੰਝੂ ਭਰ ਕੇ ਕਮੀਜ਼ ਦੇ ਕਫ਼ ਨਾਲ਼ ਪੂੰਝਦਾ ਹੋਇਆ ਬੋਲਦਾ, 'ਮੈਂ ਆਪਣੇ ਪਾਪਾ ਨੂੰ ਦੱਸੂ, ਤੂੰ ਮੈਨੂੰ ਮਾਰਿਆ।' ਸੀਨਾ ਪਸੀਜ ਦਿੰਦੇ ਨੇ ਬੋਲ, ਜਦੋਂ ਓਹਦਾ ਦਾਦਾ ਸਾਨੂੰ ਓਹਦੀਆਂ ਇਹ ਅਣਜਾਣ ਤੇ ਦਰਦ ਭਰੀਆਂ ਗੱਲਾਂ ਦੱਸਦਾ। ਜੰਮ-ਪਾਲ਼ ਕੇ ਅਤੇ ਵਿਆਹ ਕਰਕੇ ਆਪਣੇ ਹੱਥੀਂ ਪੁੱਤ ਦੀ ਚਿਖ਼ਾ ਦੇਖਣੀ, ਪਿਓ ਲਈ ਹੋਰ ਵੱਡਾ ਦੁਖਾਂਤ ਕੀ ਹੋ ਸਕਦਾ।

ਬਸਤਾ ਖੱਬੇ ਹੱਥ ਨਾਲ਼ ਫੜਦਿਆਂ ਓਹਦਾ ਦਾਦਾ ਕਹਿਣ ਲੱਗਿਆ, 'ਅੱਜ ਹਰਮਨਜੀਤ ਹੁੰਦਾ ਤਾਂ ਮੈਂ ਇਹ ਸਭ ਨਾ ਕਰਦਾ।' ਮੈਂ ਨੀਵੀਂ ਪਾ ਅੰਦਰਲੇ ਵਰਾਂਡੇ ਦੇ ਗੇਟ ਨਾਲ਼ ਲੱਗੀ ਖੜੀ ਨੇ ਹਾਂ ਵਿੱਚ ਸਿਰ ਹਿਲਾਇਆ। ਤੇ ਫ਼ਿਰ ਉਂਗਲੀ ਲਾ ਕੇ ਗੁਰਪ੍ਰਤਾਪ ਨੂੰ ਬੀਹੀ ਵਾਲੇ ਗੇਟ ਵਿੱਚ ਬਾਹਰ ਲੈ ਗਿਆ। 'ਦੇਖਲਾ ਪੁੱਤ ਐਵੇਂ ਨਾ ਕਰ। ਪੜਿਆ ਕਰ ਠੀਕ ਆ।' ਗੁਰਪ੍ਰਤਾਪ ਦੇ ਦਾਦੇ ਨੇ ਉਸ ਨੂੰ ਸਮਝਾਉਂਦਿਆਂ ਕਿਹਾ। ਉਹ ਸਹਿਮ ਜਿਹੇ ਗਿਆ, ਪਰ ਉਸਦਾ ਦਾਦਾ ਝਿੜਕ ਨਹੀਂ ਰਿਹਾ ਸੀ। ਮੈਂ ਬੀਹੀ ਵਿੱਚ ਖੜੀ ਗੁਰਪ੍ਰਤਾਪ ਨੂੰ ਦੇਖ ਰਹੀ ਸੀ। ਦਾਦੇ ਦੀ ਕਮੀਜ਼ ਨੂੰ ਜ਼ੋਰ ਦੀ ਫੜ ਕੇ ਮੋਟਰਸਾਈਕਲ 'ਤੇ ਬੈਠ ਗਿਆ। 'ਦੱਸ ਕੀ ਖਾਣਾ' ? ਦਾਦੇ ਨੇ ਕਿਹਾ। ਗੁਰਪ੍ਰਤਾਪ ਬੋਲਿਆ,'ਮੈਂ ਤਾਂ ਫਰੂਟੀ ਨੂੰ ਹੀ ਕਹਿੰਦਾ ਸੀ ਦਾਦੂ।' ਆਹ ਭੋਲੇ ਜਿਹੇ ਸ਼ਬਦ ਮੇਰੇ ਦਿਲ ਨੂੰ ਹੋਰ ਡੂੰਘਾ ਛੂਹ ਗਏ। ਮੋਟਰਸਾਈਕਲ ਦੀ ਕਿੱਕ ਮਾਰ ਉਹ ਦੋਨੋਂ ਮੇਰੀਆਂ ਅੱਖਾਂ ਤੋਂ ਓਜਲ ਹੋ ਗਏ।

## ਸ਼ੁਭ ਸਵੇਰ ਦੋਸਤੋ,

ਸੋਹਣੇ ਖਿੜ ਰਹੇ ਕੋਮਲ ਨਾਜ਼ੁਕ ਫੁੱਲ ਵਾਂਗਰਾ, ਛੋਟਾ ਬੱਚਾ ਕਿਸੇ ਨੂੰ ਪਛਾਣ ਲੈਣ ਦਾ ਸੰਕੇਤ, ਆਪਣੀ ਪਿਆਰੀ ਜਿਹੀ ਮੁਸਕਰਾਹਟ ਨਾਲ ਦਿੰਦਾ ਹੈ। ਥੋੜਾ ਵੱਡਾ ਹੋ ਕੇ ਆਪਣਿਆਂ ਨੂੰ ਸਮਝਣ ਦਾ ਇਜ਼ਹਾਰ ਆਪਣੇ ਪਿਆਰ ਨਾਲ ਕਰਦਾ ਹੈ। ਅਜੋਕੇ ਸੰਸਾਰ ਅੰਦਰ ਜੇਕਰ ਕੁਝ ਕੁ ਹਾਸਾ-ਠੱਠਾ ਬਚਿਆ ਹੈ ਤਾਂ ਉਹ ਬੱਚਿਆਂ ਕਰਕੇ ਹੀ ਹੈ। ਬੱਚਿਆਂ ਦੇ ਹਾਸਿਆਂ ਨਾਲੋਂ ਵਧੀਆ ਹੋਰ ਕਿਹੜਾ ਸੰਗੀਤ ਹੋ ਸਕਦਾ ਹੈ ? ਬੱਚੇ ਸਾਨੂੰ ਜੀਵਨ ਜਾਚ ਵੀ ਸਿਖਾਉਂਦੇ ਰਹਿੰਦੇ ਹਨ, ਜਿੱਥੇ ਬੱਚੇ ਨਹੀਂ ਹੁੰਦੇ ਉਹ ਘਰ ਅਨੇਕਾਂ ਕਲਾਵਾਂ ਤੋਂ ਅਧੂਰੇ ਹੁੰਦੇ ਹਨ। ਜਿਹੜੇ ਮਾਪੇ ਬੱਚਿਆਂ ਨੂੰ ਪੜਾ ਜਾਂਦੇ ਨੇ, ਉਹ ਆਪ ਖੁਦ ਵੀ ਪੜ ਜਾਂਦੇ ਹਨ। ਆਓ ਅਜਿਹਾ ਮਾਹੌਲ ਉਸਾਰੀਏ ਕਿ ਹਰ ਬੱਚਾ ਨਾ ਕੇਵਲ ਜੀਵਨ ਨੂੰ ਅਨੁਭਵ ਹੀ ਕਰੇ ਸਗੋਂ ਇਸ ਦੀ ਸਿਰਜਣਾ ਵੀ ਕਰੇ। ਆਪਾਂ ਬੱਚਿਆਂ ਦੇ ਜੀਵਨ ਵਿਚ ਸਿਰਜਣਾਤਮਕਤਾ ਦਾ ਕਿਣਕਾ ਸ਼ਾਮਿਲ ਕਰੀਏ...!




ਇੱਕ ਦਿਨ ਮੇਰੇ ਮੋਢਿਆਂ 'ਤੇ ਹੋ ਕੇ ਸਵਾਰ,
ਖੁਸ਼ੀ ਵਿੱਚ ਪੁੱਤ ਮੈਨੂੰ ਕਹਿਣ ਲੱਗਿਆ...
ਦੇਖ ਬਾਪੂ...ਮੈਂ ਤੈਥੋਂ ਵੀ ਵੱਡਾ ਹੋ ਗਿਆ।
ਮੈਂ ਜ਼ਿੰਦਗੀ ਦੇ ਤਜਰਬੇ ਚੋਂ ਆਖਿਆ...
ਪੁੱਤ, 'ਇਸ ਖ਼ੂਬਸੂਰਤ ਗਲਤਫ਼ਹਿਮੀ ਵਿੱਚ ਰਹਿਕੇ ਹਮੇਸ਼ਾ ਖ਼ੁਸ਼ ਰਹੀ', ਪਰ, ਕਦੇ ਮੇਰਾ ਸਾਥ ਨਾ ਛੱਡੀ, ਮੇਰੇ ਸਾਰੇ ਰੰਗੀਨ ਸੁਪਨੇ ਟੁੱਟ ਜਾਣੇ ਆ ਮਿੱਠਿਆ!
ਇਹ ਦੁਨੀਆਂ ਸੱਚ-ਮੁੱਚ 'ਚ ਹੁਸੀਨ ਨਹੀਂ,
ਤੂੰ ਹਾਲੇ ਛੋਟਾ ਤੇਰੇ ਪੈਰਾਂ ਥੱਲੇ ਜ਼ਮੀਨ ਨਹੀਂ!
ਤੇਰਾ ਬਾਪੂ, ਬਹੁਤ ਖ਼ੁਸ਼ ਹੋਵੇਗਾ...
ਜਿਸ ਦਿਨ ਤੂੰ ਬਰਾਬਰ ਖੜਾ ਮੈਥੋਂ ਵੱਡਾ ਲੱਗੇਗਾ।
ਓਨੀ ਦੇਰ ਤੇਰੀ ਆ ਹਾਸੀ ਬਰਕਰਾਰ ਰਹੇ,
ਜਦੋਂ ਤੂੰ ਆਪਣੇ ਪੈਰਾਂ 'ਤੇ ਖੜਾ ਹੋ ਜਾਏਗਾ,
ਬਾਪੂ ਆਪਣਾ ਸਭ ਕੁੱਝ ਤੈਨੂੰ ਦੇ ਦੇਵੇਗਾ,
ਅੰਤ ਤੇਰੇ ਮੋਢਿਆਂ ਤੇ ਹੋ ਕੇ ਸਵਾਰ ਜਾਵਾਂਗਾ,
ਕੁਦਰਤ ਮੇਹਰ ਕਰੇ ਅੰਤ ਤੱਕ ਆਹੀ ਪਿਆਰ ਬਣਿਆ ਰਹੇ....।

**ਹਰਫੂਲ ਭੁੱਲਰ ਮੰਡੀ ਕਲਾਂ**
**9876870157**

# ਆਓ ! ਆਪਣੇ ਬੱਚਿਆਂ ਨੂੰ ਲੋੜਾਂ ਤੇ ਇਛਾਵਾਂ ਵਿਚ ਫਰਕ ਕਰਨਾ ਸਿਖਾਈਏ !

**ਗੁਰਪਿੰਦਰਜੀਤ ਕੌਰ,**
**ਐਬਟਸਫੋਰਡ ਕੈਨੇਡਾ**

ਜਿੰਦਗੀ ਵਿਚ ਇਹ ਸਭ ਤੋਂ ਮਹਤਵਪੂਰਨ ਹੈ ਕਿ ਸਾਡੇ ਬੱਚਿਆਂ ਨੂੰ ਲੋੜਾਂ ਤੇ ਇਛਾਵਾਂ ਵਿਚਲੇ ਫਰਕ ਦਾ ਪਤਾ ਹੋਵੇ। ਉਨਾਂ ਨੂੰ ਪਤਾ ਹੋਣਾ ਚਾਹੀਦਾ ਹੈ ਕਿ ਉਨਾਂ ਦੇ ਜਿਉਂਦੇ ਰਹਿਣ ਲਈ ਕਿਹੜੀ ਚੀਜ ਦੀ ਲੋੜ ਹੈ ਅਤੇ ਉਹ ਆਪਣੀਆਂ ਇਛਾਵਾਂ ਨੂੰ ਕਿਵੇਂ ਕਾਬੂ ਕਰ ਸਕਦੇ ਹਨ। ਅਨੇਕ ਵਾਰ ਬੱਚਿਆਂ ਨੂੰ ਪਤਾ ਹੀ ਨਹੀਂ ਹੁੰਦਾ ਕਿ ਜਿਸ ਵਸਤੂ ਦੀ ਉਹ ਇੱਛਾ ਕਰ ਰਹੇ ਹਨ, ਉਸ ਦੀ ਉਨਾਂ ਨੂੰ ਕੋਈ ਲੋੜ ਵੀ ਹੈ ਕਿ ਨਹੀਂ। ਇਥੇ ਆ ਕੇ ਸੰਤੁਸ਼ਟੀ ਦੀ ਅਹਿਮੀਅਤ ਦੀ ਸਮਝ ਪੈਂਦੀ ਹੈ।

ਜਦੋਂ ਮੈਂ ਆਪਣੀ ਤੇ ਆਪਣੇ ਆਲੇ ਦੁਆਲੇ ਰਹਿੰਦੇ ਲੋਕਾਂ ਦੀ ਜਿੰਦਗੀ ਉਤੇ ਨਜ਼ਰ ਮਾਰਦੀ ਹਾਂ ਤਾਂ ਪਤਾ ਲਗਦਾ ਹੈ ਕਿ ਲੋਕ ਆਪਣੀਆਂ ਲੋੜਾਂ ਅਤੇ ਇਛਾਵਾਂ ਦੀ ਪੂਰਤੀ ਲਈ ਦਿਨ ਰਾਤ ਭੱਜੇ ਫਿਰਦੇ ਹਨ ਅਤੇ ਹਮੇਸ਼ਾ ਪ੍ਰੇਸ਼ਾਨ ਤੇ ਬੇਆਰਾਮ ਰਹਿੰਦੇ ਹਨ। ਪਰ ਇਨਾਂ ਵਿਚੋਂ ਬਹੁਤੇ ਲੋਕ ਆਪਣੀਆਂ ਲੋੜਾਂ ਤੇ ਇਛਾਵਾਂ ਵਿਚ ਫਰਕ ਕਰਨਾ ਵੀ ਨਹੀਂ ਜਾਣਦੇ। ਮੈਂ ਕਈ ਵਾਰ ਮਹਿਸੂਸ ਕਰਦੀ ਹਾਂ ਉਨਾਂ ਕੋਲ ਆਪਣੀਆਂ ਲੋੜਾਂ ਦੀ ਪੂਰਤੀ ਲਈ ਸਾਰਾ ਕੁਝ ਹੈ ਪਰ ਫਿਰ ਵੀ ਉਨਾਂ ਨੂੰ ਸੰਤੁਸ਼ਟੀ ਨਹੀਂ। ਇਹ ਸੰਤੁਸ਼ਟੀ ਸਿਰਫ ਉਦੋਂ ਹੀ ਮਿਲ ਸਕਦੀ ਹੈ ਜਦੋਂ ਉਹ ਆਪਣੀਆਂ ਲੋੜਾਂ ਅਤੇ ਇਛਾਵਾਂ ਵਿਚਕਾਰ ਫਰਕ ਕਰਨਾ ਸਿੱਖ ਜਾਣ।

ਲਗਾਤਾਰ ਵੱਡੇ ਹੋ ਰਹੇ ਬੱਚਿਆਂ ਦੀਆਂ ਕੁਝ ਲੋੜਾਂ ਹੁੰਦੀਆਂ ਹਨ। ਜਿਹੜੀਆਂ ਉਨਾਂ ਦੇ ਜਿਉਂਦੇ ਰਹਿਣ ਅਤੇ ਸਰਬਪਖੀ ਵਿਕਾਸ ਲਈ ਜਰੂਰੀ ਹੁੰਦੀਆਂ ਹਨ। ਪਰ ਆਪਣੇ ਆਲੇ ਦੁਆਲੇ ਅਤੇ ਸਾਥੀਆਂ ਵੱਲ ਵੇਖ ਕੇ ਬੱਚਿਆਂ ਦੇ ਮਨ ਵਿਚ ਕੁਝ ਇਛਾਵਾਂ ਪੈਦਾ ਹੁੰਦੀਆਂ ਹਨ। ਨਿਤ ਦਿਨ 24 ਘੰਟੇ ਟੀ ਵੀ ਉਤੇ ਫਜ਼ੂਲ ਵਸਤੂਆਂ ਨੂੰ ਵੇਚਣ ਲਈ ਹੋ ਰਹੇ ਪ੍ਰਚਾਰ ਕਾਰਨ ਬੱਚਿਆਂ ਦੇ ਮਨ ਵਿਚ ਪੈਦਾ ਹੁੰਦੀਆਂ ਇਹ ਇਛਾਵਾਂ ਹੋਰ ਵੀ ਵਧ ਜਾਂਦੀਆਂ ਹਨ। ਬਹੁਤੀ ਵਾਰ ਬੱਚੇ ਆਪਣੀਆਂ ਇਨਾਂ ਇਛਾਵਾਂ ਦੀ ਪੂਰਤੀ ਲਈ ਜਿੱਦ ਕਰਦੇ ਹਨ। ਉਹ ਮਾਪਿਆਂ ਨੂੰ ਇਹ ਵਸਤੂਆਂ ਖਰੀਦਣ ਲਈ ਮਜਬੂਰ ਕਰਦੇ ਹਨ। ਬਹੁਤੀ ਵਾਰ ਮਾਪੇ ਸਮਝਦੇ ਹੋਏ ਵੀ ਕਿ ਇਹ ਵਸਤੂ ਬੱਚੇ ਦੀ ਲੋੜ ਨਹੀਂ ਹੈ, ਉਸ ਦੀ ਜਿੱਦ ਨੂੰ ਪੂਰਾ ਕਰਨ ਲਈ ਉਹ ਮਜਬੂਰ ਹੋ ਜਾਂਦੇ ਹਨ। ਪਰ ਜੇ ਬੱਚਿਆਂ



ਨੂੰ ਬਚਪਨ ਵਿਚ ਹੀ ਲੋੜਾਂ ਅਤੇ ਇਛਾਵਾਂ ਵਿਚਕਾਰ ਫਰਕ ਕਰਨਾ ਸਿਖਾਇਆ ਜਾਵੇ ਤਾਂ ਇਹ ਹਾਲਾਤ ਪੈਦਾ ਨਾ ਹੋਣ। ਮਿਸਾਲ ਦੇ ਤੌਰ ਉਤੇ ਹੁਣ ਕੋਰੋਨਾ ਮਹਾਂਮਾਰੀ ਦੇ ਫੈਲਣ ਤੋਂ ਬਾਅਦ ਲਗਾਤਾਰ ਬੜਾ ਪ੍ਰਚਾਰ ਕੀਤਾ ਜਾ ਰਿਹਾ ਹੈ ਕਿ ਫਾਸਟ ਫੂਡ ਦੀ ਥਾਂ ਸੰਤੁਲਤ ਭੋਜਨ ਆਪ ਵੀ ਖਾਧਾ ਜਾਵੇ ਅਤੇ ਬੱਚਿਆਂ ਨੂੰ ਵੀ ਦਿੱਤਾ ਜਾਵੇ ਤਾਂ ਕਿ ਸਾਡੇ ਸਰੀਰ ਦੀ ਰੋਗਾਂ ਨਾਲ ਲੜਨ ਦੀ ਸਮਰਥਾ ਬਣੀ ਰਹੇ। ਸਪੱਸ਼ਟ ਹੈ ਕਿ ਫਾਸਟ ਫੂਡ ਘਰ ਵਿਚ ਤਿਆਰ ਕੀਤੇ ਸੰਤੁਲਤ ਭੋਜਨ ਦੀ ਥਾਂ ਨਹੀਂ ਲੈ ਸਕਦਾ। ਪਰ ਇਸ ਮਹਾਂਮਾਰੀ ਫੈਲਣ ਤੱਕ ਕਦੇ ਕਿਸੇ ਨੇ ਬੱਚਿਆਂ ਨੂੰ ਫਾਸਟ ਫੂਡ ਤੋਂ ਰੋਕਿਆ ਜਾਵੇ, ਇਸ ਸਚਾਈ ਦਾ ਪ੍ਰਚਾਰ ਨਹੀਂ ਹੋਣ ਦਿੱਤਾ। ਕੈਨੇਡਾ ਅਮਰੀਕਾ ਵਰਗੇ ਮੁਲਕਾਂ ਵਿਚ ਤਾਂ ਫਾਸਟ ਫੂਡ ਨੇ ਨਾ ਸਿਰਫ ਬੱਚਿਆਂ ਦੀ ਬਲਕਿ ਵਡੇ ਬੰਦਿਆਂ ਦੀ ਵੀ ਰੋਗਾਂ ਨਾਲ ਲੜਨ ਦੀ ਸਮਰਥਾ ਘਟਾਈ ਹੈ। ਇਸੇ ਕਾਰਨ ਉਥੇ ਮਹਾਂਮਾਰੀ ਫੈਲਣ ਕਾਰਨ ਜਿਆਦਾ ਮੌਤਾਂ ਹੋਈਆਂ ਹਨ।

ਅੱਜ ਵਿਕਸਿਤ ਮੁਲਕਾਂ ਵਿਚ ਮੋਟਾਪਾ ਨਾ ਸਿਰਫ ਬਾਲਗਾਂ ਬਲਕਿ ਬਚਿਆਂ ਵਿਚ ਵੀ ਇਕ ਬੜੀ ਵੱਡੀ ਸਮਸਿਆ ਬਣਿਆ ਹੋਇਆ ਹੈ। ਇਸ ਮੋਟਾਪੇ ਨੇ ਨਾ ਸਿਰਫ ਆਲਸਪੁਣਾ ਪੈਦਾ ਕੀਤਾ ਹੈ ਬਲਕਿ ਅਨੇਕ ਕਿਸਮ ਦੇ ਭਿਆਨਕ ਰੋਗਾਂ ਨੂੰ ਜਨਮ ਦਿੱਤਾ ਹੈ। ਇਹ ਮੋਟਾਪਾ ਸਰੀਰਕ ਲੋੜਾਂ ਅਤੇ ਇਛਾਵਾਂ ਵਿਚਕਾਰ ਫਰਕ ਨਾ ਕਰਨ ਕਰ ਕੇ ਹੀ ਹੋਇਆ ਹੈ। ਘਰ ਵਿਚ ਬਣਿਆ ਸੰਤੁਲਤ ਭੋਜਨ ਮਨੁੱਖ ਦੀ ਲੋੜ ਹੈ ਜਦੋਂ ਕਿ ਫਾਸਟ ਫੂਡ ਮਨੁਖ ਦੀਆਂ ਪੈਦਾ ਕਰ ਦਿੱਤੀਆਂ ਗਈਆਂ ਇਛਾਵਾਂ ਦੀ ਦੇਣ ਹੈ। ਜੇ ਬੱਚਿਆਂ ਨੂੰ ਐਨ ਮੁਢ ਤੋਂ ਹੀ ਸੰਤੁਲਤ ਭੋਜਨ ਅਤੇ ਮੰਡੀ ਪ੍ਰਚਾਰ ਕਾਰਨ ਉਨਾਂ ਦੀਆਂ ਬਣਾ ਦਿੱਤੀਆਂ ਗਈਆਂ ਇਛਾਵਾਂ ਦੇ ਸਿਟੇ ਵਜੋਂ ਫਾਸਟ ਫੂਡ ਖਾਣ ਵਿਚਕਾਰ ਫਰਕ ਕਰਨ ਦੀ ਜਾਚ ਸਿਖਾ ਦਿੱਤੀ ਜਾਵੇ ਤਾਂ ਮੋਟਾਪੇ ਕਾਰਨ ਪੈਦਾ ਹੋਣ ਵਾਲੀਆਂ ਬਹੁਤ ਸਾਰੀਆਂ ਸਮਸਿਆਵਾਂ ਤੋਂ ਬਚਿਆ ਜਾ ਸਕਦਾ ਹੈ।

ਇਸ ਦੀ ਦੂਜੀ ਮਿਸਾਲ ਪਲਾਸਟਿਕ ਦੀ ਵਰਤੋਂ ਹੈ। ਲੱਖਾਂ ਸਾਇੰਸਦਾਨ ਅਤੇ ਕਰੋੜਾਂ ਵਾਤਾਵਰਣ ਪ੍ਰੇਮੀ ਪਿਛਲੇ ਲਗਭਗ ਇਕ ਦਹਾਕੇ ਤੋਂ ਪਲਾਸਟਿਕ ਦੀ ਵਰਤੋਂ ਬਹੁਤ ਸੀਮਤ ਕਰ ਕੇ ਹੌਲੀ ਹੌਲੀ ਇਸ ਦੀ ਵਰਤੋਂ ਖਤਮ ਕਰਨ ਉਤੇ ਜੋਰ ਦੇ ਰਹੇ ਹਨ। ਪਰ ਮਨੁਖ ਦੀਆਂ ਬਿਨਾਂ ਲੋੜ ਤੋਂ ਬਣਾ ਦਿੱਤੀਆਂ ਗਈਆਂ ਇਛਾਵਾਂ ਪਲਾਸਟਿਕ ਦੀ ਵਰਤੋਂ ਬੰਦ ਨਹੀਂ ਹੋਣ ਦੇ ਰਹੀਆਂ। ਪਲਾਸਟਿਕ ਦੀ ਵਰਤੋਂ ਕੁਦਰਤੀ ਵਾਤਾਵਰਣ ਵਿਚ ਵੱਡੇ ਵਿਗਾੜ ਪੈਦਾ ਕਰ ਰਹੀ ਹੈ। ਪਰ ਮਨੁਖ ਇਸ ਤੋਂ ਬਾਜ ਨਹੀਂ ਆ ਰਿਹਾ। ਕੁਦਰਤ ਦਾ ਕਰਿਸ਼ਮਾ ਵੇਖੋ ਕਿ ਅੱਜ ਕੋਰੋਨਾ ਮਹਾਂਮਾਰੀ ਦੌਰਾਨ ਮਨੁਖ ਪਲਾਸਟਿਕ ਦੇ ਥੈਲਿਆਂ ਵਿਚ ਬੰਦ ਹੋਣ ਲਈ ਮਜਬੂਰ ਕਰ ਦਿੱਤਾ ਗਿਆ ਹੈ। ਸਿਆਣੇ ਕਹਿੰਦੇ ਹਨ ਕਿ ਕੁਦਰਤ ਨੇ ਮਨੁੱਖ ਦੀਆਂ ਲੋੜਾਂ ਦੀ ਪੂਰਤੀ ਲਈ ਕਦੇ ਘਾਟ ਨਹੀਂ ਆਉਣ ਦਿੱਤੀ ਪਰ ਮਨੁਖ ਦੀਆਂ ਅੰਤਹੀਣ ਇਛਾਵਾਂ ਦੀ ਪੂਰਤੀ ਕਦੇ ਵੀ ਨਹੀਂ ਹੋ ਸਕਦੀ। ਇਸੇ ਕਾਰਨ ਅੱਜ ਮਨੁਖਤਾ ਇਕ ਬੜੇ ਵਡੇ ਆਰਥਿਕ ਤੇ ਮਾਨਸਿਕ ਸੰਕਟ ਵਿਚੋਂ ਲੰਘ ਰਹੀ ਹੈ, ਜਿਸ ਦਾ ਪ੍ਰਗਟਾਵਾ ਅਕਸਰ ਵਾਪਰ ਰਹੀਆਂ ਹਿੰਸਕ ਘਟਨਾਵਾਂ ਵਿਚੋਂ ਹੁੰਦਾ ਰਹਿੰਦਾ ਹੈ।

ਕੋਰੋਨਾ ਵਾਇਰਸ ਦੀ ਮਹਾਂਮਾਰੀ ਵੀ ਬੇਲੋੜੀਆਂ ਇਛਾਵਾਂ ਦੀ ਪੂਰਤੀ ਲਈ ਹੋਰ ਹੋਰ ਵਸਤੂਆਂ ਇਕੱਠੀਆਂ ਕਰਨ ਦੀ ਹੋੜ ਵਿਚੋਂ ਕੁਦਰਤ ਨੂੰ ਆਪਣੇ ਮੁਤਾਬਿਕ ਢਾਲਣ ਦੀ ਮਨੁਖੀ ਕੋਸ਼ਿਸ਼ ਦੀ ਹੀ ਉਪਜ ਹੈ। ਜੇ ਅਸੀਂ ਗੁਰੂ ਬਾਬੇ ਦੀ ਸਿਖਿਆ ਉਤੇ ਅਮਲ ਕਰਦੇ ਹੋਏ ਸਮੂਹਕ ਕਿਰਤ ਕਰਨ ਅਤੇ ਹੋਈ ਪੈਦਾਵਾਰ ਨੂੰ ਵੰਡ ਕੇ ਛਕਣ ਦੀ ਜਾਚ ਸਿਖ ਲਈਏ ਤਾਂ ਜਿੰਦਗੀ ਨੂੰ ਧਰਤੀ ਉਤੇ ਸਵਰਗ ਬਣਾਇਆ ਜਾ ਸਕਦਾ ਹੈ। ਪਰ ਇਥੇ ਵੀ ਸ਼ਰਤ ਓਹੀ ਹੈ ਕਿ ਅਸੀਂ ਲੋੜਾਂ ਅਤੇ ਇਛਾਵਾਂ ਵਿਚਕਾਰ ਫਰਕ ਕਰਨਾ ਸਿਖ ਲਈਏ। ਕਿਉਂਕਿ ਕੁਦਰਤ ਮਨੁੱਖ ਦੀਆਂ ਲੋੜਾਂ ਪੂਰੀਆਂ ਕਰ ਸਕਦੀ ਹੈ ਪਰ ਇਛਾਵਾਂ ਨਹੀਂ।

ਗੁਰਮਤਿ ਦਾ ਫੁਰਮਾਨ ਹੈ : ਬਿਨਾ ਸੰਤੋਖ ਨਹੀ ਕੋਊ ਰਾਜੈ। ਭਾਵ ਸੰਤੋਖ ਤੋਂ ਬਗੈਰ ਕਿਸੇ ਮਨੁਖ ਨੂੰ ਰਜ ਨਹੀਂ ਆ ਸਕਦਾ।

ਅੱਜ ਮਹਾਂਮਾਰੀ ਦੇ ਇਸ ਦੌਰ ਵਿਚ ਜਰੂਰੀ ਹੈ ਕਿ ਅਸੀਂ ਆਪਣੇ ਬੱਚਿਆਂ ਨੂੰ ਸਬਰ ਅਤੇ ਸੰਤੋਖ ਦੇ ਅਸਲੀ ਅਰਥ ਸਮਝਾਈਏ। ਉਨਾਂ ਨੂੰ ਗੁਰਬਾਣੀ ਨਾਲ ਜੋੜੀਏ ਤਾਂ ਕਿ ਉਨਾਂ ਦਾ ਮਨ ਸਹਿਜ ਹੋਣ ਤੇ ਉਹ ਬੇਲੋੜੀਆਂ ਇਛਾਵਾਂ ਦੀ ਪੂਰਤੀ ਦੀ ਭਟਕਣਾ ਵਿਚੋਂ ਬਾਹਰ ਨਿਕਲੇ। ਉਨਾਂ ਨੂੰ ਗੁਰੂ ਸਾਹਿਬ ਵਲੋਂ ਦੱਸੇ ਗਾਡੀ ਰਾਹ ਸਰਬਤ ਦੇ ਭਲੇ ਵਿਚੋਂ ਆਪਣਾ ਭਲਾ ਵੇਖਣ ਦੀ ਜਾਚ ਆਵੇ।

# ਕੋਰੋਨਾ ਮਹਾਂਮਾਰੀ ਦੌਰਾਨ ਭਾਰਤ ਅਸਫਲ ਰਾਜ

## ✪ ਭਾਰਤੀ ਰਾਜ ਨੇ ਮਨੁੱਖਤਾਵਾਦੀ ਨੀਤੀ ਅਪਣਾਉਣ ਦੀ ਬਜਾਏ ਸੰਗਠਿਤ ਘਰਾਣਿਆਂ ਨੂੰ ਲਾਭ ਪਹੁੰਚਾਇਆ

## ✪ ਕੋਵਿਡ ਦਾ ਬਦਲਦਾ ਰੂਪ ਮੌਜੂਦਾ ਹਿੰਦੂਵਾਦੀ ਸਥਾਪਤੀ ਦਾ ਭਿਆਨਕ ਵਿਰੋਧੀ ਹੋ ਨਿਬੜਿਆ



**ਰਣਜੀਤ ਸਿੰਘ ਕੁਕੀ**

ਇਤਿਹਾਸਕਾਰ ਫਰੈਂਕ ਸਨੋਡਨ ਦੇ ਅਨੁਸਾਰ ਮੌਜੂਦਾ ਕੋਵਿਡ-19 ਮਹਾਂਮਾਰੀ ਅਜਿਹੀ ਮਹਾਂਮਾਰੀ ਹੈ ਜਿਸ ਨੂੰ ਵਿਸ਼ਵੀਕਰਨ ਦੀ ਪਹਿਲੀ ਮਹਾਂਮਾਰੀ ਮੰਨਿਆ ਗਿਆ ਹੈ। ਪਰ ਜਿਸ ਤਰਾਂ ਇਹ ਹੁਣ ਦੇ ਸਮਾਜਿਕ ਢਾਂਚੇ ਤੇ ਜਨਤਕ ਸਿਹਤ ਪ੍ਰਬੰਧ ਦੀਆਂ ਪਰਤਾਂ ਖੋਲਦੀ ਹੈ, ਉਸ ਸੰਦਰਭ ਵਿਚ ਇਸ ਦੀਆਂ ਬੀਤੇ ਦੀਆਂ ਮਹਾਮਾਰੀਆਂ ਨਾਲ ਕਾਫੀ ਸਮਾਨਤਾਵਾਂ ਹਨ। ਆਪਣੀ ਹਾਲੀਆ ਪੁਸਤਕ 'ਮਹਾਂਮਾਰੀਆਂ ਅਤੇ ਸਮਾਜ' (ਐਪੀਡੇਮਿਕਸ ਐਂਡ ਸੋਸਾਇਟੀ) ਵਿਚ ਸਨੋਡਨ ਲਿਖਦਾ ਹੈ ਕਿ ਮਹਾਂਮਾਰੀਆਂ ਕੋਈ ਬੇਤਰਤੀਬ ਘਟਨਾਵਾਂ ਨਹੀਂ ਹਨ ਜੋ ਕਿ ਆਪਣੀ ਹੀ ਤਰੰਗ ਅਤੇ ਬਿਨਾਂ ਚੇਤਾਵਨੀ ਦੇ ਸਮਾਜ ਨੂੰ ਪ੍ਰਭਾਵਿਤ ਕਰਦੀਆਂ ਹਨ। ਹਰ ਸਮਾਜ ਆਪਣੀਆਂ ਖਾਸ ਕਮਜੋਰੀਆਂ ਪੈਦਾ ਕਰਦਾ ਹੈ ਅਤੇ ਉਨਾਂ ਦਾ ਅਧਿਐਨ ਕਰਨਾ ਸਮਾਜ ਦੇ ਢਾਂਚੇ, ਇਸ ਦੇ ਰਹਿਣ-ਸਹਿਣ ਅਤੇ ਰਾਜਨੀਤਿਕ ਪਹਿਲ ਨੂੰ ਸਮਝਣਾ ਹੈ। ਉਸ ਨੇ ਸਦੀਆਂ ਤੋਂ ਮਨੁੱਖ ਦਾ ਲਾਗ ਦੀਆਂ ਬਿਮਾਰੀਆਂ ਨਾਲ ਸੰਘਰਸ਼ ਨੂੰ ਚਿਤਰਿਆ ਹੈ। ਹਰ ਮਹਾਂਮਾਰੀ ਦੀ ਇਕ ਖਾਸ ਵਿਸ਼ੇਸ਼ਤਾ ਹੁੰਦੀ ਹੈ ਅਤੇ ਹਰ ਮਹਾਂਮਾਰੀ ਸਮਾਜ ਅਤੇ ਰਾਸ਼ਟਰ ਦੇ ਕਮਜੋਰ ਬਿੰਦੂਆਂ ਨੂੰ ਉਜਾਗਰ ਕਰਦੀ ਹੈ।ਇਸ ਤਰਾਂ ਦੀਆਂ ਮਹਾਂਮਾਰੀਆਂ ਬਹੁਤ ਹੀ ਗਹਿਰੇ ਰੂਪ ਵਿਚ ਇਤਿਹਾਸ ਨੂੰ ਅਕਾਰ ਦਿੰਦੀਆਂ ਹਨ।ਬੁਬੋਨਿਕ ਪਲੇਗ ਨੇ ਯੂਰੋਪ ਵਿਚ ਜਨਤਕ ਸਿਹਤ ਦੇ ਖੇਤਰ ਨੂੰ ਰੂਪ ਪ੍ਰਦਾਨ ਕੀਤਾ। 19ਵੀਂ ਸਦੀ ਵਿਚ ਇੰਗਲੈਂਡ ਵਿਚ ਹੈਜੇ ਦੀ ਬਿਮਾਰੀ ਦੇ ਫੈਲਾਅ ਸਮੇਂ ਇਕ ਅੰਗਰੇਜ਼ ਐਡਵਿਨ ਚੈਡਵਿਕ ਨੇ ਪੂਰੇ ਦੇਸ਼ ਵਿਚ ਸਫਾਈ ਪ੍ਰਬੰਧ ਨੂੰ ਮੁੜ ਵਿਵਸਥਿਤ ਕੀਤਾ। ਹੈਤੀ ਵਿਚ ਪੀਲੇ ਬੁਖ਼ਾਰ ਦਾ ਪ੍ਰਕੋਪ ਅਜ਼ਾਦੀ ਦੀ ਕ੍ਰਾਂਤੀ ਲੈ ਕੇ ਆਇਆ।ਇਸ ਵਿਚ ਕੋਈ ਸ਼ੱਕ ਨਹੀਂ ਕਿ ਪਿਛਲੀਆਂ ਮਹਾਂਮਾਰੀਆਂ ਦੇ ਪ੍ਰਕੋਪ ਨੂੰ ਰੋਕਣ ਲਈ ਰਾਜ/ਸਟੇਟ ਦੁਆਰਾ ਵੱਡੇ ਪੱਧਰ 'ਤੇ ਕੋਸ਼ਿਸ਼ਾਂ ਕੀਤੀਆਂ ਗਈਆਂ, ਪਰ ਕਿਤੇ ਵੀ ਮਹਾਂਮਾਰੀਆਂ ਨੇ ਤਾਨਾਸ਼ਾਹੀ ਨੂੰ ਉਤਸ਼ਾਹਿਤ ਨਹੀਂ ਦਿੱਤਾ। ਜਿਵੇਂ ਹੀ ਮਹਾਂਮਾਰੀਆਂ ਉੱਪਰ ਕਾਬੂ ਪਾ ਲਿਆ ਗਿਆ ਤਾਂ ਇਸ ਸਮੇਂ ਦੌਰਾਨ ਘੋਸ਼ਿਤ ਅਪਾਤਕਾਲੀਨ ਸਥਿਤੀ ਅਤੇ ਰਾਜ ਦੀਆਂ ਵੱਧ ਤਾਕਤਾਂ ਨੂੰ ਵਾਪਸ ਲੈ ਲਿਆ ਗਿਆ। ਪਰ ਭਾਰਤ ਵਿਚ ਇਸ ਸਮੇਂ ਮਹਾਂਮਾਰੀ ਦੀ ਬੇਕਾਬੂ ਹੁੰਦੀ ਸਥਿਤੀ ਦੇ ਨਾਲ-ਨਾਲ ਇਹ ਵੀ ਵੱਡੀ ਚਿੰਤਾ ਦਾ ਵਿਸ਼ਾ ਹੈ ਕਿ ਜਦੋਂ ਇਸ ਮਹਾਂਮਾਰੀ ਉੱਪਰ ਕਾਬੂ ਪਾ ਲਿਆ ਗਿਆ ਤਾਂ ਕੀ ਮਹਾਂਮਾਰੀ ਦੀ ਆੜ ਵਿਚ ਭਾਰਤੀ ਰਾਜ ਦੁਆਰਾ ਪ੍ਰਾਪਤ ਕੀਤੀਆਂ ਤਾਨਾਸ਼ਾਹੀ ਸ਼ਕਤੀਆਂ ਘਟਾਈਆਂ ਜਾਣਗੀਆਂ ਜਾਂ ਨਹੀ ?

ਇਕ ਅੰਤਰਰਾਸ਼ਟਰੀ ਅਖਬਾਰ ਵਿਚ ਇਕ ਦਹਾਕਾ ਪਹਿਲਾਂ ਪ੍ਰਸਿੱਧ ਅਰਥਸ਼ਾਸਤਰੀ ਲੈਂਟ ਪਰਿਚੈਟ ਨੇ ਟਿੱਪਣੀ ਕੀਤੀ ਸੀ ਕਿ ਭਾਰਤ ਇਕ ਡੋਲਦਾ ਰਾਜ ਹੈ ਜਿਸ ਵਿਚ ਸੱਤਾ ਦਾ ਧੁਰਾ ਜਮੀਨੀ ਹਕੀਕਤਾਂ ਤੋਂ ਬਹੁਤ ਪਰੇ ਹੈ ਅਤੇ ਉਹ ਅਜਿਹੀਆਂ ਕਾਲਪਨਿਕ ਨੀਤੀਆਂ ਘੜਦਾ ਹੈ ਜਿਨਾਂ ਦਾ ਅਸਲੀਅਤ ਨਾਲ ਕੋਈ ਲੈਣਾ-ਦੇਣਾ ਨਹੀਂ ਹੁੰਦਾ। ਕੋਵਿਡ ਮਹਾਂਮਾਰੀ ਸਮੇਂ ਇਸ ਢਾਂਚੇ ਦੇ ਪਾਜ ਚੰਗੀ ਤਰਾਂ ਉਘੜ ਗਏ ਹਨ। ਜਦੋਂ ਤੋਂ ਪ੍ਰੋਫੈਸਰ ਲੈਂਟ ਪਰਿਚੈਟ ਨੇ ਭਾਰਤੀ ਰਾਜ ਨੂੰ ਡੋਲਦੇ ਰਾਜ ਦਾ ਦਰਜਾ ਦਿੱਤਾ ਹੈ, ਅਸਲ ਵਿਚ ਭਾਰਤੀ ਰਾਜ ਅਸਫਲ ਰਾਜ ਬਣ ਕੇ ਰਹਿ ਗਿਆ ਹੈ। ਵਿਸ਼ਵ ਆਰਥਿਕ ਫੋਰਮ ਵਿਚ ਪ੍ਰਧਾਨ ਮੰਤਰੀ ਦੁਆਰਾ ਜਨਵਰੀ 2021 ਵਿਚ ਬਹੁਤ ਹੀ ਜੋਰ-ਸ਼ੋਰ ਨਾਲ ਦਾਅਵੇ ਕੀਤੇ ਗਏ ਕਿ ਭਾਰਤੀ ਰਾਜ ਨੇ ਕੋਵਿਡ ਅਤੇ ਇਸ ਤੋਂ ਬਾਅਦ ਪੈਦਾ ਹੋਈਆਂ ਆਰਥਿਕ ਜਟਿਲਤਾਵਾਂ ਉੱਪਰ ਜਿੱਤ ਪ੍ਰਾਪਤ ਕਰ ਲਈ ਹੈ।ਪਰ ਕੋਵਿਡ ਦਾ ਬਦਲਦਾ ਰੂਪ ਮੌਜੂਦਾ ਹਿੰਦੂਵਾਦੀ ਸਥਾਪਤੀ ਦਾ ਭਿਆਨਕ ਵਿਰੋਧੀ ਹੋ ਨਿਬੜਿਆ ਹੈ ਜੋ ਕਿ ਇਸ ਦੀਆਂ ਕਮਜ਼ੋਰੀਆਂ, ਦਰਾਰਾਂ ਅਤੇ ਨਾਕਾਬਲੀਅਤ ਦਾ ਫਾਇਦਾ ਉਠਾ ਰਿਹਾ ਹੈ। ਆਪਣੇ ਰਾਜਨੀਤਿਕ ਵਿਰੋਧੀਆਂ ਨੂੰ ਨੀਵਾਂ ਦਿਖਾਉਣ, ਡਰਾਉਣ ਧਮਕਾਉਣ ਅਤੇ ਅਵੈਧ ਘੋਸ਼ਿਤ ਕਰਨ ਦੇ ਢੰਗ ਤਰੀਕੇ ਵੀ ਅਸਫਲ ਹੋ ਗਏ ਹਨ।ਰਾਜ ਦਾ 'ਅਤਿ-ਕਾਰਜਸ਼ੀਲ' ਮੁਖੀ ਕੁਦਰਤ ਦੇ ਪ੍ਰਕੋਪ ਨੂੰ ਸਮਝਣ ਵਿਚ ਅਸਮਰੱਥ ਰਿਹਾ ਹੈ ਕਿਉਂਕਿ ਇਹ ਮਹਿਜ਼ ਮਨੁੱਖੀ ਰਾਜਨੀਤਕ ਵਿਰੋਧੀ ਨਹੀਂ ਹੈ। ਲੋਕਾਂ ਨੂੰ ਕੁਦਰਤ ਦੀ ਇਸ ਪ੍ਰਕੋਪੀ ਨੂੰ ਨਿੱਜੀ ਦੁਖਾਂਤ ਅਤੇ ਉਨਾਂ ਦੀ ਹੋਣੀ ਦੇ ਰੂਪ ਵਿਚ ਸਹਿਣ ਕਰਨ ਲਈ ਛੱਡ ਦਿੱਤਾ ਗਿਆ ਹੈ।ਰਾਜ ਦਾ ਇਹ ਕਰੱਤਵ ਹੈ ਕਿ ਉਹ ਇਸ ਪ੍ਰਕੋਪੀ ਤੋਂ ਲੋਕਾਂ ਨੂੰ ਬਚਾਉਣ ਲਈ ਉਚਿਤ ਸਹਾਇਤਾ ਮੁਹੱਈਆ ਕਰਵਾਏ ਨਾ ਕਿ ਉਹ ਇਸ ਤਰਾਂ



ਦੇ ਢਾਂਚੇ ਦਾ ਰੂਪ ਲੈ ਲਵੇ ਜੋ ਲੋਕਾਂ ਨੂੰ ਡਰਾਉਣ ਅਤੇ ਦਬਾਉਣ ਦਾ ਕੰਮ ਕਰੇ।

ਭਾਰਤੀ ਰਾਜ ਕੋਵਿਡ ਦੇ ਸਮੇਂ ਤੱਥਾਂ ਨਾਲ ਵੀ ਛੇੜਖਾਨੀ ਕਰਕੇ ਆਪਣੇ ਹੀ ਤੱਥ ਪੇਸ਼ ਕਰਨ ਦੀ ਕੋਸ਼ਿਸ਼ ਵਿਚ ਰੁਝੀ ਹੈ ਜਦੋਂਕਿ ਕੋਵਿਡ ਪੀੜਤਾਂ ਦੀ ਲਾਸ਼ਾਂ ਗੰਗਾ ਦੇ ਕਿਨਾਰੇ ਤੈਰਦੀਆਂ ਮਿਲ ਰਹੀਆਂ ਹਨ। ਇਹ ਰਾਜ ਦੇ ਖੋਖਲੇਪਣ ਅਤੇ ਲੋਕਾਂ ਦੀ ਨਿਰਾਸ਼ਾ ਨੂੰ ਜ਼ਾਹਿਰ ਕਰਦਾ ਹੈ।

ਦੁਖਾਂਤ ਦੀ ਇਸ ਘੜੀ ਵਿਚ ਫੇਸਬੁੱਕ ਲੋਕਾਂ ਲਈ ਦੁੱਖ ਦੇ ਨਵੇਂ ਬੁਲਿਟਨ ਦੇ ਰੂਪ ਵਿਚ ਉੱਭਰਿਆ ਹੈ ਕਿਉਂਕਿ ਮਹਾਂਮਾਰੀ ਦਾ ਚਿਰਕਾਲੀਨ ਪੱਖ ਲੋਕਾਂ ਨੂੰ ਭਾਵਨਾਤਮਕ ਰੂਪ ਵਿਚ ਵੀ ਕਮਜ਼ੋਰ ਕਰ ਰਿਹਾ ਹੈ ਅਤੇ ਉਹ ਇਸ ਸਮੇਂ ਬੁਰੀ ਤਰਾਂ ਸਹਿਮੇ ਹੋਏ ਹਨ।ਪਰ ਭਾਰਤੀ ਰਾਜ ਅਜੇ ਵੀ ਅੰਕੜਿਆਂ ਅਤੇ ਤੱਥਾਂ ਨਾਲ ਹੀ ਉਲਝ ਰਿਹਾ ਹੈ ਅਤੇ ਕੋਵਿਡ ਮਹਾਮਾਰੀ ਨਾਲ ਨਜਿੱਠਣ ਲਈ ਵਿਦੇਸ਼ੀ ਮਦਦ ਦੀ ਝਾਕ ਵਿਚ ਬੈਠਾ ਹੈ।ਇਸ ਸਮੇਂ ਮਹਾਂਮਾਰੀ ਨੇ ਸੱਤ ਸੌ ਵਿਚੋਂ ਪੰਜ ਸੌ ਤੇਤੀ ਜ਼ਿਲਿਆਂ ਵਿਚ ਆਪਣੇ ਪੈਰ ਪਸਾਰ ਲਏ ਹਨ ਜਿਨਾਂ ਵਿਚ ਲਗਭਗ ਦਸ ਪ੍ਰਤੀਸ਼ਤ ਤੱਕ ਲੋਕ ਕੋਰੋਨਾ ਪੋਜ਼ੇਟਿਵ ਹਨ।

ਸਰਵਉੱਚ ਅਦਾਲਤ ਵਿਚ ਦਾਖਲ ਕੀਤੇ ਇਕ ਹਲਫਨਾਮੇ ਅਨੁਸਾਰ ਜਿਸ ਵਿਚ ਇਹ ਕਿਹਾ ਗਿਆ ਹੈ ਕਿ ਸਰਕਾਰ ਨੇ ਕੋਵਿਡ ਨਾਲ ਸਬੰਧਤ ਖੋਜ ਲਈ ਇਕ ਪੈਸਾ ਵੀ ਨਹੀਂ ਖਰਚਿਆ, ਇਹ ਭਾਰਤੀ ਰਾਜ ਦੇ ਅਸੰਵੇਦਨਸ਼ੀਲ ਰਵੱਈਏ ਤੇ ਸਰਕਾਰੀ ਨੀਤੀਆਂ ਦੇ ਖੋਖਲੇਪਣ ਨੂੰ ਦਰਸਾਉਂਦਾ ਹੈ।ਰਾਜ ਨੇ ਕੋਵਿਡ ਨਾਲ ਸਬੰਧਤ ਜਟਿਲਤਾਵਾਂ ਨਾਲ ਨਜਿੱਠਣ ਲਈ ਵਿਗਿਆਨਿਕ ਤੇ ਵਿਹਾਰਕ ਰਵੱਈਆ ਨਹੀਂ ਅਪਣਾਇਆ। ਪਵਿੱਤਰ ਨਦੀ ਵਿਚ ਲੋਕਾਂ ਦੀਆਂ ਤੈਰਦੀਆਂ ਲਾਸ਼ਾਂ, ਹਸਪਤਾਲਾਂ ਦੇ ਬਾਹਰ ਲੱਗੀਆਂ ਲੋਕਾਂ ਦੀਆਂ ਲੰਮੀਆਂ ਕਤਾਰਾਂ ਅਤੇ ਮ੍ਰਿਤਕਾਂ ਦੀਆਂ ਅੰਤਿਮ ਰਸਮਾਂ ਲਈ ਕਬਰਸਤਾਨਾਂ ਅਤੇ ਸ਼ਮਸ਼ਾਨਘਾਟਾਂ ਦੀ ਕਮੀ ਨੇ ਆਤਮ-ਨਿਰਭਰ ਭਾਰਤ ਦੇ ਦੋਗਲੇਪਣ ਨੂੰ ਨੰਗਿਆ ਕਰ ਦਿੱਤਾ ਹੈ।ਕੋਵਿਡ ਨੇ ਭਾਰਤ ਨੂੰ ਬਸਤੀਵਾਦੀ ਸਮੇਂ ਵਿਚ ਧੱਕ ਦਿੱਤਾ ਹੈ ਜਦੋਂ ਮਹਾਂਮਾਰੀਆਂ ਅਤੇ ਅਕਾਲ ਬਹੁਤ ਹੀ ਆਮ ਸਨ।

ਅਸਲ ਭਾਰਤ ਦੀ ਤਸਵੀਰ ਸਾਡੇ ਸਾਹਮਣੇ ਆਉਂਦੀ ਹੈ ਜਿਸ ਵਿਚ ਰਾਜਨੀਤਿਕ ਅਤੇ ਧਾਰਮਿਕ ਮੁੱਦਿਆਂ ਨੂੰ ਜਿਆਦਾ ਪਹਿਲ ਦਿੱਤੀ ਜਾਂਦੀ ਹੈ ਅਤੇ ਜਿੱਥੇ ਸਿਹਤ ਸੰਭਾਲ ਢਾਂਚੇ ਦੀ ਭਾਰੀ ਕਮੀ ਹੈ। ਇਸ ਭਾਰਤ ਵਿਚ ਯੋਜਨਾਬੰਦੀ, ਵਿਗਿਆਨਕ ਖੋਜ ਅਤੇ ਬੁਨਿਆਦੀ ਸਹੂਲਤਾਂ ਦੀ ਅਣਹੋਂਦ ਹੈ ਅਤੇ ਇਸ ਵਿਚ ਮ੍ਰਿਤਕਾਂ ਨੂੰ ਵੀ ਬਣਦਾ ਸਤਿਕਾਰ ਨਹੀਂ ਦਿੱਤਾ ਜਾਂਦਾ। ਪਿਛਲੇ ਸਾਲ ਕੋਵਿਡ ਕਰਕੇ ਬਿਨਾਂ ਕਿਸੇ ਸੋਚ ਵਿਚਾਰ ਅਤੇ ਯੋਜਨਾ ਦੇ ਲੋਕਾਂ ਉੱਪਰ ਥੋਪੀ ਤਾਲਾਬੰਦੀ ਨੇ ਲਗਭਗ 23 ਮਿਲੀਅਨ ਲੋਕਾਂ ਨੂੰ ਬੇਰੁਜ਼ਗਾਰੀ ਦੀ ਦਲਦਲ ਵਿਚ ਧੱਕ ਦਿੱਤਾ ਹੈ ਪਰ ਭਾਰਤੀ ਰਾਜ ਨੇ ਮਾਨਵਤਾਵਾਦੀ ਨੀਤੀ ਅਪਣਾਉਣ ਦੀ ਬਜਾਏ ਸੰਗਠਿਤ ਘਰਾਣਿਆਂ ਨੂੰ ਫਾਇਦਾ ਪਹੁੰਚਾਉਣ ਦੀ ਨੀਤੀ ਨੂੰ ਪਹਿਲ ਦਿੱਤੀ ਹੈ।ਸਰਕਾਰ ਦੀ ਇਸ ਅਸੰਵੇਦਨਸ਼ੀਲ਼ਤਾ ਨੇ ਆਮ ਲੋਕਾਂ ਨੂੰ ਹਾਸ਼ੀਏ ਤੋਂ ਵੀ ਬਾਹਰ ਰਹਿਣ ਲਈ ਮਜਬੂਰ ਕਰ ਦਿੱਤਾ ਹੈ ਅਤੇ ਉਨਾਂ ਨੂੰ ਮਹਿਜ਼ ਵਿਰਲਾਪ, ਸ਼ੋਕ ਅਤੇ ਸ਼ਰਧਾਂਜਲੀ ਦੀਆਂ ਵਸਤੂਆਂ ਹੀ ਬਣਾ ਦਿੱਤਾ ਹੈ। ਜਦੋਂਕਿ ਸੰਗਠਿਤ ਘਰਾਣੇ ਉਨਾਂ ਦੇ ਦੁੱਖ-ਦਰਦ ਦੇ ਸਿਰ ਤੇ ਹੀ ਮੁਨਾਫ਼ਾ ਕਮਾਉਣ ਵਿਚ ਲੱਗੇ ਹੋਏ ਹਨ। ਮਹਾਂਮਾਰੀ ਦੇ ਇਸ ਮੁਸ਼ਕਿਲ ਦੌਰ ਵਿਚ ਵੀ ਸੰਗਠਿਤ ਘਰਾਣਿਆਂ ਦੀ ਮਾਰ ਘਟੀ ਨਹੀ ਹੈ ਕਿਉਂਕਿ ਉਨਾਂ ਨੇ ਲੋਕਾਂ ਨੂੰ ਸਹੂਲ਼ਤਾਂ ਦੇਣ ਦੀ ਬਜਾਏ ਆਪਣਾ ਧਨ ਵਧਾਉਣ ਉੱਪਰ ਹੀ ਧਿਆਨ ਕੇਂਦਰਿਤ ਰੱਖਿਆ ਹੈ। ਕੁਲੀਨ ਵਰਗ ਇਸ ਸਮੇਂ ਸਭ ਤੋਂ ਜਿਆਦਾ ਲਾਭ ਲੈ ਰਿਹਾ ਹੈ। ਪ੍ਰਸਿੱਧ ਕ੍ਰਿਕਟ ਖਿਡਾਰੀ ਅਤੇ ਬਾਲੀਵੁੱਡ ਸਿਤਾਰੇ ਕੁਦਰਤ ਦੀ ਪ੍ਰਕੋਪੀ ਤੋਂ ਦੂਰ ਆਪਣੇ ਹੀ ਘੋਗਿਆਂ ਵਿਚ ਬੈਠੇ ਬਾਰੇ ਹਨ, ਜੋ ਇਹ ਦਿਖਾਉਂਦਾ ਹੈ ਕਿ ਸਾਡੇ ਸਮਾਜਿਕ ਢਾਂਚੇ ਵਿਚ ਕਿੰਨੀ ਨਾਬਰਾਬਰੀ ਭਰੀ ਹੋਈ ਹੈ ਜਿੱਥੇ ਕਿ ਗਰੀਬ ਅਤੇ ਸੰਸਾਧਨਾਂ ਤੋਂ ਵਾਂਝੇ ਲੋਕਾਂ ਦੀ ਸਥਿਤੀ ਦਿਨ-ਬ-ਦਿਨ ਹੋਰ ਜਿਆਦਾ ਬਦਤਰ ਹੋ ਰਹੀ ਹੈ।

ਸਟੇਟ ਦੇ ਮੁਖੀ ਦੀ ਸਵੈ ਘੋਸ਼ਿਤ ਮਹਾਨ ਮਾਨਵ ਛਵੀ ਦੇ ਬਾਵਜੂਦ ਮੌਤ ਦੇ ਗਹਿਰੇ ਸਾਏ, ਦੁੱਖ ਅਤੇ ਲਾਚਾਰੀ ਨੇ ਸਥਾਪਤੀ ਦੀ ਪੂਰਣ ਸੱਤਾ ਅਤੇ ਵਿਅਕਤੀਗਤ ਅਜ਼ਾਦੀ ਅਤੇ ਰਾਜਨੀਤਿਕ ਅਤੇ ਨਾਗਰਿਕ ਅਜ਼ਾਦੀ ਦੇ ਸੰਤੁਲਨ ਨੂੰ ਤਬਾਹ ਕਰ ਦਿੱਤਾ ਹੈ।ਪੂਰੇ ਵਿਸ਼ਵ ਵਿਚ ਮਹਾਂਮਾਰੀਆਂ ਦੌਰਾਨ ਵਿਅਕਤੀਗਤ ਅਜ਼ਾਦੀ ਦਾ ਘਾਣ ਪਹਿਲਾਂ ਵੀ ਹੋਇਆ ਹੈ, ਪਰ ਉਨਾਂ ਦੇ ਖਤਮ ਹੋਣ ਤੋਂ ਬਾਅਦ ਆਮ ਜਨ-ਜੀਵਨ ਨੂੰ ਮੁੜ ਸਥਾਪਤ ਕਰਨ ਦੀਆਂ ਕੋਸ਼ਿਸ਼ਾਂ ਵੀ ਹੋਈਆਂ। ਪਰ ਭਾਰਤੀ ਰਾਜ ਵਿਚ ਇਸ ਸਮੇਂ ਇਹ ਡਰ ਬਣਿਆ ਹੋਇਆ ਹੈ ਕਿ ਮਹਾਂਮਾਰੀ ਉੱਪਰ ਕਾਬੂ ਪਾ ਲੈਣ ਦੇ ਬਾਅਦ ਵੀ ਇਹ ਪਾਬੰਦੀਆਂ ਅਤੇ ਵਿਅਕਤੀਗਤ ਅਤੇ ਨਾਗਰਿਕ ਅਜ਼ਾਦੀ ਦਾ ਘਾਣ ਜਾਰੀ ਰਹੇਗਾ। ਹਿੰਦੂਵਾਦੀ ਵਿਚਾਰਧਾਰਾ ਅਤੇ ਇਸ ਦੀ ਵਿਅਕਤੀਗਤ ਜ਼ਿੰਦਗੀਆਂ ਉੱਪਰ ਪਕੜ ਦਾ ਲਾਲਚ ਏਨੀ ਅਸਾਨੀ ਨਾਲ ਨਹੀਂ ਜਾਵੇਗਾ ਕਿਉਂਕਿ ਇਹੀ ਉਦੇਸ਼ ਲੈ ਮੌਜੂਦਾ ਸਥਾਪਤੀ ਸੱਤਾ ਪ੍ਰਾਪਤੀ ਦੇ ਵੇਲੇ ਤੋਂ ਚੱਲਦੀ ਆ ਰਹੀ ਹੈ।ਸਿਹਤ ਸੰਭਾਲ ਢਾਂਚੇ ਦੀਆਂ ਕਮਜ਼ੋਰੀਆਂ ਅਤੇ ਕੋਵਿਡ ਦੇ ਪਸਾਰ ਉੱਪਰ ਨਜ਼ਰ ਰੱਖਣ ਲਈ ਹੋਈਆਂ ਵਿਅਕਤੀਗਤ ਕੋਸ਼ਿਸ਼ਾਂ ਨੂੰ ਕੰਟਰੋਲ ਕਰਨਾ ਅਤੇ ਸਰਕਾਰ ਦੁਆਰਾ ਉਨਾਂ ਨੂੰ ਦਬਾਉਣ ਦੀ ਕੋਸ਼ਿਸ਼ ਅਸਲ ਵਿਚ ਸਿਹਤ ਸੰਭਾਲ ਢਾਂਚੇ ਅਤੇ ਸੱਤਾ ਦੇ ਕੇਂਦਰੀਕਰਨ ਵਿਚਕਾਰ ਫਰਕ ਨੂੰ ਧੁੰਦਲਾ ਕਰ ਦਿੰਦੀ ਹੈ।

ਅਸਫਲ ਰਾਜ ਇਕ ਰਾਜਨੀਤਿਕ ਢਾਂਚਾ ਹੈ ਜਿਸ ਨੂੰ ਸਰਕਾਰ ਦੀ ਅਸਫਲਤਾ ਨਾਲ ਰਲਗੱਡ ਨਹੀਂ ਕਰਨਾ ਚਾਹੀਦਾ। ਇਹ ਢਹਿ ਰਹੇ ਰਾਜ ਦੀ ਤਸਵੀਰ ਪੇਸ਼ ਕਰਦਾ ਹੈ ਜਿੱਥੇ ਪ੍ਰਭੂਸੱਤਾ ਪ੍ਰਾਪਤ ਸਰਕਾਰ ਦੇ ਬੁਨਿਆਦੀ ਢਾਂਚੇ ਵੀ ਚੰਗੀ ਤਰਾਂ ਕੰਮ ਨਹੀਂ ਕਰਦੇ। ਬੁਨਿਆਦੀ ਸੰਸਥਾਵਾਂ ਦੀ ਕੁਸ਼ਲ ਕਾਰਗੁਜ਼ਾਰੀ ਲਈ ਰਾਜ ਨੂੰ ਮਹਿਜ਼ ਨੀਤੀ ਉਦੇਸ਼ਾਂ, ਚੋਣਾਂ ਵਿਚ ਜਿੱਤ ਪ੍ਰਾਪਤ ਕਰਨ ਲਈ ਰਚਾਏ ਰਾਜਨੀਤਿਕ ਨਾਟਕ ਤੋਂ ਉੱਪਰ ਉੱਠਣ ਦੀ ਜ਼ਰੂਰਤ ਹੈ ਅਤੇ ਉਸ ਨੂੰ ਲੋਕਾਂ ਦੀ ਭਲਾਈ ਨੂੰ ਪ੍ਰਮੁੱਖਤਾ ਦੇਣੀ ਚਾਹੀਦੀ ਹੈ।ਮੌਜੂਦਾ ਦੌਰ ਵਿਚ ਰਾਜ ਟੀਕਾਕਰਨ ਦੀ ਰਾਜਨੀਤੀ ਵਿਚ ਮਸ਼ਗੂਲ ਹੈ ਅਤੇ ਅਜਿਹਾ ਲੋਕਾਂ ਦੀਆਂ ਜ਼ਿੰਦਗੀਆਂ ਨੂੰ ਦਾਅ 'ਤੇ ਲਗਾ ਕੇ ਹੋ ਰਿਹਾ ਹੈ। ਇਸ ਨੂੰ ਇਨਾਂ ਸ਼ਬਦਾਂ ਰਾਹੀਂ ਲਿਖਿਆ ਜਾ ਸਕਦਾ ਹੈ, 'ਕਹੀਂ ਸੂਰਜ ਨਜ਼ਰ ਆਤਾ ਨਹੀਂ ਹੈ, ਹਕੂਮਤ ਸ਼ਹਿਰ ਪਰ ਅਬ ਧੁੰਧ ਕੀ ਹੈ।'

ਫੈਸਲਾ ਲੈਣ ਵਿਚ ਰਾਜ ਦੀ ਹੰਕਾਰ ਭਰੀ ਅਨਿਯੋਜਿਤ ਰਣਨੀਤੀ ਉਸ ਦੀ ਅਸਫਲ ਨੀਤੀ ਨੂੰ ਉਜਾਗਰ ਕਰਦੀ ਹੈ ਜੋ ਕਿ ਕੋਵਿਡ ਮਹਾਂਮਾਰੀ ਦੇ ਸ਼ੁਰੂ ਹੋਣ ਤੋਂ ਪਹਿਲਾਂ ਹੀ ਚੱਲ ਰਹੀ ਹੈ। ਇਸ ਸਮੇਂ ਹੀ ਪਾਰਟੀ ਦੇ ਦਿੱਗਜ ਨੇਤਾ ਅਤੇ ਇਸ ਦੀ ਮੂਲ ਸੰਸਥਾ ਨਾਲ ਸਬੰਧਤ ਲੋਕ ਨੀਮਹਕਾਮੀ ਵਿਚ ਮਸ਼ਗੂਲ ਹਨ ਅਤੇ ਇਹ ਦਾਅਵੇ ਕਰ ਰਹੇ ਹਨ ਕਿ ਕੋਵਿਡ ਮਹਾਂਮਾਰੀ ਰਾਜ-ਵਿਰੋਧੀ ਅਨਸਰਾਂ ਦੁਆਰਾ ਕੀਤੀ ਜਾ ਰਹੀ ਸਾਜਿਸ਼ ਹੈ ਤਾਂ ਕਿ ਰਾਸ਼ਟਰੀ ਪੱਧਰ 'ਤੇ ਗੜਬੜੀ ਪੈਦਾ ਕੀਤੀ ਜਾ ਸਕੇ।ਪਰ ਇਸ ਗੱਲ ਤੋਂ ਮੁਨਕਰ ਨਹੀ ਹੋਇਆ ਜਾ ਸਕਦਾ ਕਿ ਗੰਗਾ ਨਦੀ ਵਿਚ ਤੈਰਦੀਆਂ ਕੋਵਿਡ ਪੀੜਤਾਂ ਦੀਆਂ ਲਾਸ਼ਾਂ, ਆਕਸੀਜਨ ਦੀ ਕਮੀ ਨਾਲ ਜੂਝਦੇ ਹਸਪਤਾਲ, ਜਨਤਕ ਪਾਰਕਾਂ ਦੇ ਸ਼ਮਸਾਨ ਘਾਟ ਦੇ ਰੂਪ, ਹਸਪਤਾਲ ਦੇ ਬਾਹਰ ਪਏ ਮਰੀਜ ਅਤੇ ਭਾਰਤੀ ਦਵਾਈਆਂ ਦਾ ਤੀਜਾ ਹਿੱਸਾ ਜਾਅਲੀ ਹੋਣਾ, ਅਤੇ ਇਸ ਵਿਚੋਂ ਮੁਨਾਫ਼ਾ ਕਮਾਉਣ ਵਾਲਿਆਂ ਦੀ ਗਿਣਤੀ ਅਸਲ ਵਿਚ ਅਸਫਲ ਰਾਜ ਦੇ ਢਾਂਚੇ ਦੀ ਅਸਲ ਪੋਲ ਖੋਲਦੀ ਹੈ।

ਮਹਾਂਮਾਰੀ ਦੇ ਇਸ ਦੌਰ ਵਿਚ ਹਰ ਕੋਈ ਮੌਤ ਦੀ ਅਟਲਤਾ ਤੋਂ ਜਾਣੂ ਹੈ।ਪਰ ਇਸ ਦੇ ਨਾਲ ਹੀ ਕੋਵਿਡ ਕਰਕੇ ਹੋਈਆਂ ਮੌਤਾਂ ਅਤੇ ਵਿਵਸਥਾ ਦੀ ਅਸਫਲਤਾ ਕਰਕੇ ਹੋਈਆਂ ਮੌਤਾਂ ਦਾ ਫਰਕ ਸਹਿਜੇ ਹੀ ਪਛਾਣਿਆ ਜਾ ਸਕਦਾ ਹੈ। ਮਹਾਂਮਾਰੀ ਦੀ ਭਿਆਨਕਤਾ ਨੂੰ ਇਹਨਾਂ ਸ਼ਬਦਾਂ ਵਿਚ ਦਰਸਾਇਆ ਜਾ ਸਕਦਾ ਹੈ, 'ਇਹ ਬੁਖਾਰ ਕਿੰਨਾ ਮਾਰੂ ਹੈ ਕਿ ਇਹ ਹਰ ਕਿਸੇ ਦੀ ਜਾਨ ਲੈ ਰਿਹਾ ਹੈ।ਆਦਮੀ ਇਸ ਨਾਲ ਅਪਾਹਜ ਹੋ ਰਹੇ ਹਨ।ਅਗਰ ਤੁਸੀ ਬਾਹਰ ਜਾ ਕੇ ਦੇਖੋ ਤਾਂ ਹਸਪਤਾਲ ਚਮਕ ਰਹੇ ਹਨ, ਪਰ ਆਦਮੀ ਦੀ ਹਾਲਾਤ ਬਹੁਤ ਬੁਰੀ ਹੈ।' ਮੌਜੂਦਾ ਸਥਿਤੀ ਅਹਿਮਦ ਅਲੀ ਦੁਆਰਾ 1940 ਵਿਚ ਲਿਖੇ ਨਾਵਲ 'ਦਿੱਲੀ ਦੀ ਸੰਧਿਆ' (ਟਵੀਲਾਈਟ ਇਨ ਡੇਹਲੀ) ਦੀ ਯਾਦ ਦੁਆਉਂਦਾ ਹੈ ਜਿੱਥੇ ਅਲੀ ਇਹ ਦਿਖਾਉਂਦਾ ਹੈ ਕਿ ਰਾਸ਼ਟਰੀ ਰਾਜਧਾਨੀ ਕਿਸ ਤਰਾਂ ਮੁਰਦਿਆਂ ਦਾ ਘਰ ਬਣ ਗਈ ਹੈ।ਚੋਰ ਮੁਰਦਿਆਂ ਦੇ ਕਫ਼ਨ ਵੀ ਚੋਰੀ ਕਰ ਕੇ ਵੇਚ ਰਹੇ ਹਨ ਅਤੇ ਕਬਰਾਂ ਪੁੱਟਣ ਵਾਲਿਆਂ ਨੇ ਆਪਣੀ ਫੀਸ ਦੁੱਗਣੀ ਕਰ ਦਿੱਤੀ ਹੈ। ਕੱਪੜੇ ਦੇ ਵਪਾਰੀਆਂ ਨੇ ਕਫ਼ਨ ਦੀ ਕੀਮਤ ਵਧਾ ਦਿੱਤੀ ਹੈ ਅਤੇ ਇਸ ਦਾ ਸਾਰਾ ਇਲਜ਼ਾਮ ਪਹਿਲੇ ਵਿਸ਼ਵ ਯੁੱਧ ਉੱਪਰ ਸੁੱਟ ਦਿੱਤਾ ਹੈ।

ਜਨਵਰੀ ਵਿਚ ਵੱਡੇ ਦਾਅਵੇ ਕਰਨ ਤੋਂ ਬਾਅਦ ਮੌਜੂਦਾ ਸਥਾਪਤੀ ਵਿਰੋਧੀ ਧਿਰ ਦੇ ਨੇਤਾਵਾਂ ਨੂੰ ਨੀਵਾਂ ਦਿਖਾਉਣ ਅਤੇ ਕਿਸੇ ਵੀ ਤਰਾਂ ਦੇ ਰਾਜਨੀਤਿਕ ਅਤੇ ਸਮਾਜਿਕ ਵਿਰੋਧ ਨੂੰ ਦਬਾਉਣ ਵਿਚ ਲੱਗੀ ਰਹੀ। ਇੱਥੋਂ ਤੱਕ ਕਿ ਫੇਸਬੁੱਕ ਅਤੇ ਟਵਿੱਟਰ ਨੂੰ ਸਰਕਾਰ ਵਿਰੁੱਧ ਵਿਰੋਧ ਪ੍ਰਗਟ ਕਰਦੀਆਂ ਸਾਰੀਆਂ ਪੋਸਟਾਂ ਹਟਾਉਣ ਲਈ ਕਿਹਾ ਗਿਆ। ਹਮੇਸ਼ਾ ਦੀ ਤਰਾਂ ਸੱਤਾਧਾਰੀ ਧਿਰ ਆਪਣੀ ਸਰਵਉੱਚ ਨੇਤਾ ਦੇ ਅਕਸ ਨੂੰ ਬਚਾਉਣ ਪ੍ਰਤੀ ਜਿਆਦਾ ਚਿੰਤਤ ਹੈ ਜਦੋਂ ਕਿ ਮਹਾਂਮਾਰੀ ਦੇ ਮੌਤ ਦੇ ਨਾਚ ਨੂੰ ਉਨਾਂ ਨੇ ਬਿਲਕੁਲ ਹੀ ਅੱਖੋਂ-ਪਰੋਖੇ ਕਰ ਦਿੱਤਾ ਹੈ।


jus HINDI HD
DAILY LIVE CALL IN SHOWS
Zindagi Fullon
M-F 1:30PM EST
LO KARLO BAAT
M-F 12:30PM EST
CALL NOW FOR
SPECIAL ADVERTISEMENT RATES
D CODE THE QUOTE
M-F 12PM EST
AWAM ki AWAZ
M-F 2:30PM EST
America's Premiere Indian Television Channel
WATCH jus HINDI HD CHANNEL 725 ON
dish | sling TELEVISION
CALL TO ADVERTISE +1-718-752-9293 | CALL TO SUBSCRIBE +1-800-246-6242
www.jusbroadcasting.com

# ਭਾਰਤ ਵਿਸ਼ਵ ਗੁਰੂ ਬਣਦਾ-ਬਣਦਾ ਕਰੋਨਾ ਕਾਰਣ ਬੜੀ ਨਾਜ਼ੁਕ ਦਹਿਲੀਜ਼ 'ਤੇ



- ਬਘੇਲ ਸਿੰਘ ਧਾਲੀਵਾਲ
99142-58142

ਕੋਰੋਨਾ ਦੀ ਦੂਜੀ ਲਹਿਰ ਦਾ ਅਸਰ ਵੀ ਸਾਰੇ ਸੰਸਾਰ 'ਤੇ ਪਿਆ ਹੈ। ਇਹ ਦੂਜੀ ਲਹਿਰ ਪਹਿਲੀ ਲਹਿਰ ਨਾਲੋਂ ਵੀ ਭਿਆਨਕ ਦਿਸ ਰਹੀ ਹੈ। ਭਾਰਤ ਵਰਗੇ ਦੇਸ਼ ਵਿਚਲੀ ਦੂਜੀ ਲਹਿਰ ਨੇ ਸਾਰੇ ਸੰਸਾਰ ਵਿਚ ਖਲਬਲੀ ਮਚਾ ਦਿੱਤੀ ਹੈ। ਵਿਸ਼ਵ ਗੁਰੂ ਬਣਦਾ-ਬਣਦਾ ਭਾਰਤ ਬੜੀ ਨਾਜ਼ੁਕ ਸਥਿਤੀ ਵਿਚ ਹੈ।

ਆਸਟ੍ਰੇਲੀਆ ਵਿਚ ਕੋਰੋਨਾ ਦੀ ਦੂਜੀ ਲਹਿਰ ਦਾ ਅਸਰ ਕੁਝ ਘੱਟ ਦੇਖਣ ਨੂੰ ਮਿਲ ਰਿਹਾ ਹੈ। ਇਸ ਵਕਤ ਆਸਟ੍ਰੇਲੀਆ ਦੇ ਸਾਰੇ ਸੂਬਿਆਂ ਵਿਚ ਸਥਿਤੀ ਬੜੀ ਆਮ ਜਿਹੀ ਹੈ। ਲੋਕ ਆਮ ਦਿਨਾਂ ਦੀ ਤਰਾਂ ਜ਼ਿੰਦਗੀ ਬਿਤਾ ਰਹੇ ਹਨ। ਰੈਸਟੋਰੈਂਟ ਖੁੱਲੇ ਪਏ ਹਨ। ਸ਼ਾਪਿੰਗ ਸੈਂਟਰਾਂ ਵਿਚ ਭੀੜਾਂ ਨਜ਼ਰ ਆ ਰਹੀਆਂ ਹਨ। ਸਕੂਲ, ਕਾਲਜ, ਯੂਨੀਵਰਸਿਟੀਆਂ ਖੁੱਲੀਆਂ ਹੋਈਆਂ ਹਨ। ਪਾਰਕਾਂ ਵਿਚ ਪੂਰੀ ਰੌਣਕ ਨਜ਼ਰ ਆ ਰਹੀ ਹੈ। ਪਰ ਇਸ ਦੇ ਬਾਵਜੂਦ ਅਸਟਰੇਲੀਆ ਸਰਕਾਰ ਸਾਵਧਾਨ ਹੈ। ਕਿਸੇ ਵੀ ਸੂਬੇ ਵਿਚ ਕੋਈ ਕੇਸ ਆ ਜਾਵੇ ਤਾਂ ਇਕਦਮ ਸਖ਼ਤੀ ਨਾਲ ਨਜਿੱਠਿਆ ਜਾਂਦਾ ਹੈ ਅਤੇ ਉਸ ਵਿਅਕਤੀ ਦਾ ਖੁਰਾ-ਖੋਜ ਲੱਭਣ ਦੀ ਗੰਭੀਰ ਕੋਸ਼ਿਸ਼ ਕੀਤੀ ਜਾਂਦੀ ਹੈ।

ਅਸਟ੍ਰੇਲੀਆ ਸਰਕਾਰ ਵਲੋਂ ਟੀਕਾਕਰਨ ਅਤੇ ਟੈਸਟਿੰਗ ਲਈ ਲੋਕਾਂ ਨੂੰ ਪ੍ਰੇਰਿਤ ਕੀਤਾ ਜਾਂਦਾ ਹੈ। ਨਾ ਹੀ ਟੈਸਟਿੰਗ ਦੀ ਕੋਈ ਫੀਸ ਚਾਰਜ ਕੀਤੀ ਜਾਂਦੀ ਹੈ, ਨਾ ਟੀਕਾ ਲਗਵਾਉਣ ਦੀ। ਸਭ ਕੁਝ ਸਰਕਾਰ ਵੱਲੋਂ ਮੁਫ਼ਤ ਕੀਤਾ ਜਾਂਦਾ ਹੈ। ਦੂਜੇ ਪਾਸੇ ਭਾਰਤ ਵਿਚ ਕੋਰੋਨਾ ਕਾਰਨ ਮੌਤਾਂ ਨੂੰ ਲੈ ਕੇ ਇੱਥੇ ਰਹਿਣ ਵਾਲਾ ਹਰੇਕ ਭਾਰਤੀ ਬਹੁਤ ਚਿੰਤਤ ਹੈ। ਇਹ ਵੀ ਦੇਖਣ ਵਿਚ ਆਇਆ ਹੈ ਕਿ ਭਾਰਤ ਸਰਕਾਰ ਦੀ ਢਿੱਲ-ਮੱਠ ਕਾਰਨ ਵਿਦੇਸ਼ ਵਿਚੋਂ ਮਦਦ ਲਈ ਆਇਆ ਲੱਖਾਂ ਦਾ ਸਾਮਾਨ ਕਈ-ਕਈ ਦਿਨ ਏਅਰਪੋਰਟ 'ਤੇ ਕਾਗਜ਼ੀ ਕਾਰਵਾਈ ਦੀ ਉਲਝਣ ਵਿਚ ਫਸਿਆ ਰਹਿੰਦਾ ਹੈ। ਰੂਸ ਤੋਂ ਇੱਕ ਮਈ ਦੀ ਆਈ ਵੈਕਸੀਨ ਦੀ ਖੇਪ ਹਾਲੇ ਹਵਾਈ ਅੱਡੇ ਉੱਤੇ ਹੀ ਧੂੜ ਫੱਕ ਰਹੀ ਹੈ ।

ਪੰਜਾਬ ਸਮੇਤ ਕਈ ਰਾਜਾਂ ਵਿੱਚ 18 ਤੋਂ 44 ਸਾਲ ਵਰਗ ਦੇ ਲੋਕਾਂ ਨੂੰ ਲਾਈ ਜਾਣ ਲਈ ਵੈਕਸੀਨ ਦੀ ਸਪਲਾਈ ਨਹੀਂ ਹੋ ਰਹੀ ਤੇ ਕੰਮ ਬੰਦ ਕਰ ਦਿੱਤਾ ਗਿਆ । ਖ਼ਬਰ ਹੈ ਕਿ ਕੇਂਦਰੀ ਸਿਹਤ ਮੰਤਰਾਲੇ ਨੂੰ ਕਿਹਾ ਗਿਆ ਹੈ ਕਿ ਰੋਜ਼ਾਨਾ ਜਾਰੀ ਕੀਤੇ ਜਾਣ ਵਾਲੇ ਬੁਲੇਟਿਨ ਵਿੱਚ ਸਿਰਫ਼ ਨੈਗੇਟਿਵ ਕੇਸਾਂ ਦੀ ਹੀ ਗਿਣਤੀ ਦੱਸੀ ਜਾਵੇ, ਪਾਜ਼ੇਟਿਵ ਦੀ ਨਹੀਂ, ਪਰ ਜਲਦੀਆਂ ਚਿਖਾਵਾਂ ਨੂੰ ਛੁਪਾਉਣਾ ਏਨਾ ਸੌਖਾ ਨਹੀਂ । ਭਾਰਤ ਵਿਚ ਸਭ ਤੋਂ ਬੁਰੀ ਸਥਿਤੀ ਉਤਰ ਪ੍ਰਦੇਸ਼ ਦੀ ਹੈ, ਜਿੱਥੇ ਕੁੰਭ ਦੇ ਮੇਲੇ ਤੇ ਹਾਕਮਾਂ ਦੀ ਪੰਚਾਇਤ ਚੋਣਾਂ ਦੀ ਜ਼ਿੱਦ ਨੇ ਕੋਰੋਨਾ ਨੂੰ ਪਿੰਡ-ਪਿੰਡ ਪੁਚਾ ਦਿੱਤਾ ਹੈ। ਪਿਛਲੇ ਦਿਨਾਂ ਤੋਂ ਗੰਗਾ ਵਿੱਚ ਰੁੜ ਕੇ ਆ ਰਹੀਆਂ ਲਾਸ਼ਾਂ ਦਾ ਮੰਜ਼ਰ ਦਿਲ ਦਹਿਲਾ ਦੇਣ ਵਾਲਾ ਹੈ। ਪਹਿਲੇ ਦਿਨ ਯੂ ਪੀ -ਬਿਹਾਰ ਦੀ ਹੱਦ ਉਤਲੇ ਬਕਸਰ ਜ਼ਿਲੇ ਵਿੱਚ ਗੰਗਾ ਵਿੱਚੋਂ 71 ਲਾਸ਼ਾਂ ਬਰਾਮਦ ਹੋਈਆਂ ਤੇ ਦੂਜੇ ਦਿਨ 45 ਲਾਸ਼ਾਂ। ਯੂ.ਪੀ. ਦੇ ਬਲੀਆ ਤੇ ਗਾਜ਼ੀਪੁਰ ਜ਼ਿਲਿਆਂ ਵਿੱਚ ਵੀ ਗੰਗਾ ਵਿੱਚ ਰੁੜ ਕੇ ਆਈਆਂ 100 ਦੇ ਕਰੀਬ ਲਾਸ਼ਾਂ ਬਰਾਮਦ ਕੀਤੀਆਂ ਗਈਆਂ ਹਨ ।




- ਯੂ.ਪੀ. ਦੀ ਹਾਲਤ ਚਿੰਤਾਜਨਕ
- ਮੌਤਾਂ ਦਾ ਅੰਕੜਾ ਲੁਕਾਇਆ ਜਾ ਰਿਹਾ
- ਆਸਟ੍ਰੇਲੀਆ ਵਿਚ ਕੋਰੋਨਾ ਦੀ ਦੂਜੀ ਲਹਿਰ ਦਾ ਅਸਰ ਘੱਟ
- ਅਸਟ੍ਰੇਲੀਆ ਸਰਕਾਰ ਟੀਕਾਕਰਨ ਅਤੇ ਟੈਸਟਿੰਗ ਲਈ ਲੋਕਾਂ ਨੂੰ ਪ੍ਰੇਰਿਤ ਕਰਕੇ ਟੈਸਟਿੰਗ ਤੇ ਟੀਕਾ ਲਗਵਾਉਣ ਦੀ ਫਰੀ ਸਹੂਲਤ ਦਿੱਤੀ

ਖਬਰਾਂ ਦੱਸਦੀਆਂ ਹਨ ਕਿ ਇਨਾਂ ਲਾਸ਼ਾਂ ਦਾ ਸਸਕਾਰ ਕਰਨ ਦੀ ਥਾਂ ਪ੍ਰਸ਼ਾਸਨ ਵੱਲੋਂ ਇਨਾਂ ਨੂੰ ਗੰਗਾ ਕਿਨਾਰੇ ਹੀ ਰੇਤ ਵਿੱਚ ਦਬਾਅ ਦਿੱਤਾ ਜਾਂਦਾ ਹੈ, ਜਿੱਥੇ ਇਹ ਮਨੁੱਖੀ ਸਰੀਰ ਕੁੱਤਿਆਂ ਦੀ ਖੁਰਾਕ ਬਣ ਰਹੇ ਹਨ। ਯੂ. ਪੀ. ਦੇ ਦੇਵਰੀਆ ਜ਼ਿਲੇ ਨੂੰ ਹੀ ਲਓ। ਇਸ ਜ਼ਿਲੇ ਦੇ ਗੌਰਾ ਘਾਟ 'ਤੇ ਮ੍ਰਿਤਕਾਂ ਦਾ ਰਿਕਾਰਡ ਰੱਖਿਆ ਜਾਂਦਾ ਹੈ । ਪਿਛਲੇ ਅਪ੍ਰੈਲ ਮਹੀਨੇ ਦੌਰਾਨ ਇੱਥੇ 100 ਤੋਂ ਘੱਟ ਸਸਕਾਰ ਹੋਏ ਸਨ, ਜਦੋਂ ਕਿ ਇਸ ਸਾਲ ਅਪ੍ਰੈਲ ਮਹੀਨੇ ਦੌਰਾਨ 653 ਸਸਕਾਰ ਕੀਤੇ ਗਏ ।ਇਸੇ ਤਰਾਂ ਮਈ ਮਹੀਨੇ ਦੀ 14 ਤਰੀਕ ਤੱਕ 400 ਸਸਕਾਰ ਹੋ ਚੁੱਕੇ ਸਨ । ਇਸ ਜ਼ਿਲੇ ਵਿਚਲੇ ਭਾਗਲਪੁਰ ਘਾਟ 'ਤੇ ਵੀ ਅਪ੍ਰੈਲ-ਮਈ ਮਹੀਨੇ ਵਿੱਚ 1200 ਸਸਕਾਰ ਦਰਜ ਕੀਤੇ ਗਏ ਹਨ। ਪਿਛਲੇ ਸਾਲ ਇਸੇ ਅਰਸੇ ਦੌਰਾਨ ਔਸਤਨ 6 ਸਸਕਾਰ ਪ੍ਰਤੀ ਦਿਨ ਕੀਤੇ ਜਾਂਦੇ ਸਨ । ਇਸ ਜ਼ਿਲੇ ਵਿੱਚ ਗੰਡਕ ਨਦੀ, ਤਰਕੁਲਵਾ ਤੇ ਖਨੁਵਾ ਨਾਲੇ ਦੇ ਘਾਟਾਂ ਉੱਤੇ ਵੀ ਮ੍ਰਿਤਕਾਂ ਦੇ ਸਸਕਾਰਾਂ ਦੀ ਗਿਣਤੀ ਕਈ ਗੁਣਾ ਵੱਧ ਰਹੀ ਹੈ ।

ਮੁੱਖ ਮੰਤਰੀ ਯੋਗੀ ਅਦਿੱਤਿਆ ਨਾਥ ਦੇ ਆਪਣੇ ਜ਼ਿਲੇ ਗੋਰਖਪੁਰ ਦੇ ਬਹੁਤ ਸਾਰੇ ਪਿੰਡਾਂ ਵਿੱਚ ਪਿਛਲੇ 15 ਦਿਨਾਂ ਵਿੱਚ 5 ਤੋਂ ਲੈ ਕੇ 15 ਤੱਕ ਮੌਤਾਂ ਹੋ ਚੁੱਕੀਆਂ ਹਨ । ਇਸ ਜ਼ਿਲੇ ਦੇ ਗੌਨਰ ਪਿੰਡ ਵਿੱਚ ਇਸ ਅਰਸੇ ਦੌਰਾਨ 20 ਵਿਅਕਤੀਆਂ ਦੀ ਮੌਤ ਹੋ ਚੁੱਕੀ ਹੈ। ਭਾਜਪਾ ਦੀ ਤੇਜ਼-ਤਰਾਰ ਸਾਂਸਦ ਸਿਮਰਤੀ ਇਰਾਨੀ ਦੇ ਲੋਕ ਸਭਾ ਹਲਕੇ ਅਮੇਠੀ ਅਧੀਨ ਆਉਂਦੇ ਪਿੰਡ ਹਾਰੀਮਊ ਵਿੱਚ ਪਿਛਲੇ ਇੱਕ ਮਹੀਨੇ ਵਿੱਚ 20 ਵਿਅਕਤੀਆਂ ਦੀ ਮੌਤ ਹੋ ਚੁੱਕੀ ਹੈ, ਪਰ ਪ੍ਰਸ਼ਾਸਨ ਇਨਾਂ ਵਿੱਚੋਂ ਕੋਰੋਨਾ ਨਾਲ ਹੋਈ ਸਿਰਫ਼ ਇੱਕ ਮੌਤ ਮੰਨ ਰਿਹਾ ਹੈ । ਫ਼ਰੂਖਾਬਾਦ ਜ਼ਿਲੇ ਵਿੱਚ ਗੰਗਾ ਉੱਤੇ ਤਿੰਨ ਮੁੱਖ ਘਾਟ ਹਨ, ਫ਼ਰੂਖਾਬਾਦ ਘਾਟ, ਢਾਈ ਘਾਟ ਤੇ ਅਟੈਨਾ ਘਾਟ। ਖਬਰ ਹੈ ਕਿ ਅਟੈਣਾਘਾਟ, ਜਿੱਥੇ ਪਹਿਲਾਂ ਕਦੇ-ਕਦਾਈ ਇੱਕ-ਦੋ ਵਿਅਕਤੀਆਂ ਦਾ ਸਸਕਾਰ ਹੁੰਦਾ ਸੀ, ਵਿਖੇ ਇਨੀਂ ਦਿਨੀਂ ਲਾਈਨ ਲੱਗੀ ਰਹਿੰਦੀ ਹੈ ਤੇ ਰੋਜ਼ 50 ਤੋਂ 70 ਤੱਕ ਸਸਕਾਰ ਹੋ ਰਹੇ ਹਨ । ਇਹੀ ਹਾਲ ਬਾਕੀ ਘਾਟਾਂ ਦਾ ਹੈ, ਪਰ ਇਨਾਂ ਸਾਰੀਆਂ ਮੌਤਾਂ ਵਿੱਚ ਇੱਕ ਵੀ ਕੋਰੋਨਾ ਦੇ ਖਾਤੇ ਨਹੀਂ ਪੈਂਦੀ, ਕਿਉਂਕਿ ਸਿਹਤ ਵਿਭਾਗ ਦੀਆਂ ਜਾਂਚ ਟੀਮਾਂ ਪਿੰਡਾਂ ਵਿੱਚ ਜਾਂਦੀਆਂ ਹੀ ਨਹੀਂ ਹਨ । ਇਸ ਰਿਪੋਰਟ ਤੋਂ ਸਾਫ਼ ਹੈ ਕਿ ਭਾਜਪਾ ਸ਼ਾਸਤ ਰਾਜਾਂ ਵਿੱਚ ਵੀ ਕੋਰੋਨਾ ਮੌਤਾਂ ਨੂੰ ਛੁਪਾਉਣ ਦੀ ਖੇਡ ਖੇਡੀ ਜਾ ਰਹੀ ਹੈ ।

ਇੱਕ ਗੁਜਰਾਤੀ ਅਖ਼ਬਾਰ ਵਿੱਚ ਛਪੀ ਰਿਪੋਰਟ ਅਨੁਸਾਰ 1 ਮਾਰਚ ਤੋਂ 10 ਮਈ ਤੱਕ ਪੂਰੇ ਸੂਬੇ ਵਿੱਚ 1 ਲੱਖ 23 ਹਜ਼ਾਰ ਡੈੱਥ ਸਰਟੀਫਿਕੇਟ ਜਾਰੀ ਕੀਤੇ ਗਏ, ਜਿਹੜੇ ਇਸੇ ਅਰਸੇ ਦੌਰਾਨ ਪਿਛਲੇ ਸਾਲ ਜਾਰੀ ਕੀਤੇ ਡੈੱਥ ਸਰਟੀਫਿਕੇਟਾਂ ਤੋਂ 65,085 ਵੱਧ ਹਨ। ਇਸ ਦੇ ਉਲਟ ਰਾਜ ਸਰਕਾਰ ਵੱਲੋਂ ਜਾਰੀ ਅੰਕੜਿਆਂ ਅਨੁਸਾਰ ਇਸ ਅਰਸੇ ਦੌਰਾਨ ਕੋਰੋਨਾ ਨਾਲ ਸਿਰਫ਼ 4218 ਮੌਤਾਂ ਹੋਈਆਂ ਹਨ । ਯੂ.ਪੀ. ਦੇ ਨਾਲ ਲੱਗਦੇ ਹਰਿਆਣਾ ਦੇ ਪਿੰਡਾਂ ਦੀ ਹਾਲਤ ਵੀ ਵੱਖਰੀ ਨਹੀਂ ਹੈ ।ਕੇਂਦਰੀ ਮੰਤਰੀ ਵੀ ਕੇ ਸਿੰਘ ਦੇ ਜੱਦੀ ਪਿੰਡ ਬਾਪੋੜਾ ਵਿੱਚ ਪਿਛਲੇ ਪੰਦਰਵਾੜੇ ਦੌਰਾਨ 30 ਵਿਅਕਤੀਆਂ ਦੀ ਮੌਤ ਹੋ ਚੁੱਕੀ ਹੈ । ਮਰਨ ਵਾਲਿਆਂ ਵਿੱਚ ਤਿੰਨ ਦੀ ਜਾਂਚ ਕੋਰੋਨਾ ਮਰੀਜ਼ਾਂ ਵਜੋਂ ਹੋਈ ਸੀ, ਜਦੋਂ ਕਿ ਬਾਕੀ ਮ੍ਰਿਤਕਾਂ ਦੀ ਜਾਂਚ ਨਹੀਂ ਕੀਤੀ ਗਈ । ਪਿਛਲੇ ਮਹੀਨੇ ਦੌਰਾਨ ਰੋਹਤਕ ਜ਼ਿਲੇ ਦੇ ਟਿਟੋਲੀ ਪਿੰਡ ਵਿੱਚ 21 ਤੇ ਭਿਵਾਨੀ ਜ਼ਿਲੇ ਦੇ ਦੋ ਪਿੰਡਾਂ ਮੁੰਧਲ ਕਲਾਂ ਤੇ ਖੁਰਦ ਵਿੱਚ 40 ਮੌਤਾਂ ਹੋ ਚੁੱਕੀਆਂ ਹਨ । ਸਿਹਤ ਵਿਭਾਗ ਟਟੋਲੀ ਪਿੰਡ ਵਿਚਲੀਆਂ ਮੌਤਾਂ ਵਿੱਚੋਂ ਸਿਰਫ਼ 4 ਨੂੰ ਕੋਰੋਨਾ ਮੌਤਾਂ ਮੰਨ ਰਿਹਾ ਹੈ ।ਅਸਲੀਅਤ ਇਹ ਹੈ ਕਿ ਲੋਕਾਂ ਨੂੰ ਸਿਸਟਮ ਤੋਂ ਭਰੋਸਾ ਉੱਠ ਚੁੱਕਾ ਹੈ ਤੇ ਉਹ ਜਾਂਚ ਕਰਾਉਣ ਤੋਂ ਕੰਨੀ ਹੀ ਨਹੀਂ ਕਤਰਾਉਂਦੇ, ਜਾਂਚ ਟੀਮਾਂ ਨੂੰ ਦੇਖ ਕੇ ਭੜਕ ਉਠਦੇ ਹਨ । ਇਸ ਕਾਰਨ ਜਾਂਚ ਟੀਮਾਂ ਪਿੰਡਾਂ ਵਿੱਚ ਜਾਣ ਤੋਂ ਡਰਦੀਆਂ ਹਨ । ਇਸ ਸਥਿਤੀ ਵਿੱਚ ਮ੍ਰਿਤਕਾਂ ਦੇ ਸੰਪਰਕ ਵਿੱਚ ਆਉਣ ਵਾਲੇ ਲੋਕਾਂ ਰਾਹੀਂ ਮਹਾਂਮਾਰੀ ਹੋਰ ਅੱਗੇ ਤੋਂ ਅੱਗੇ ਫੈਲ ਰਹੀ ਹੈ ।

## ਕੋਰੋਨਾ ਨੇ ਵਿਗਾੜੀ ਮੋਦੀ ਸਰਕਾਰ ਦੀ ਗਿਣਤੀ-ਮਿਣਤੀ

### ਵੱਡੀਆਂ ਬਜਟ ਯੋਜਨਾਵਾਂ ਨੂੰ ਝਟਕਾ ✪ ਕੋਰੋਨਾ ਖਿਲਾਫ ਜੰਗ ਦੇ ਕਪਤਾਨ ਨੇ ਦਿੱਤਾ ਅਸਤੀਫ਼ਾ ✪ ਮੋਦੀ ਸਰਕਾਰ 'ਤੇ ਲਾਏ ਵੱਡੇ ਇਲਜ਼ਾਮ

ਨਵੀਂ ਦਿੱਲੀ: ਵਿੱਤ ਮੰਤਰੀ ਨਿਰਮਲਾ ਸੀਤਾਰਮਨ ਨੇ ਮੌਜੂਦਾ ਵਿੱਤੀ ਸਾਲ ਦਾ ਬਜਟ ਪੇਸ਼ ਕਰਨ ਤੋਂ ਪਹਿਲਾਂ ਕਿਹਾ ਸੀ ਕਿ ਇਹ ਪਿਛਲੇ 100 ਸਾਲਾਂ ਵਿੱਚ ਸਰਬੋਤਮ ਬਜਟ ਹੋਵੇਗਾ। ਇਸ ਵਿੱਚ ਬੁਨਿਆਦੀ ਢਾਂਚੇ ਤੇ ਸਿਹਤ ਸੰਭਾਲ ਵਿੱਚ ਨਿਵੇਸ਼ ਵਧਾਉਣ, ਨਿੱਜੀਕਰਨ ਦੀ ਗਤੀ ਨੂੰ ਤੇਜ਼ ਕਰਨ ਤੇ ਟੈਕਸ ਇਕੱਤਰ ਕਰਨ ਵਿਚ ਵਾਧਾ ਕਰਨ ਦੇ ਪ੍ਰਬੰਧ ਕੀਤੇ ਗਏ ਸਨ।

ਬਜਟ ਵਿੱਚ ਜੀਡੀਪੀ ਦੇ 10.5 ਫੀਸਦ ਦੇ ਵਾਧੇ ਦਾ ਅਨੁਮਾਨ ਲਾਇਆ ਗਿਆ ਸੀ। ਉਸ ਸਮੇਂ ਕੋਰੋਨਾ ਕੇਸਾਂ ਵਿੱਚ ਕਮੀ ਅਤੇ ਖਪਤਕਾਰਾਂ ਦੀ ਮੰਗ ਵਿੱਚ ਵਾਧੇ ਕਾਰਨ ਆਰਥਿਕਤਾ ਮੁੜ ਲੀਹ 'ਤੇ ਜਾਪਦੀ ਸੀ, ਪਰ ਕੋਰੋਨਾ ਦੀ ਦੂਜੀ ਲਹਿਰ ਕਾਰਨ ਸਾਰੇ ਸਮੀਕਰਨ ਵਿਗੜਦੇ ਜਾਪਦੇ ਹਨ।

ਹੁਣ ਭਾਰਤੀ ਆਰਥਿਕਤਾ 'ਤੇ ਕਰਜ਼ਾ ਵਧਦਾ ਜਾ ਰਿਹਾ ਹੈ ਅਤੇ ਪੂਰੀ ਦੁਨੀਆ ਤੋਂ ਨਿਵੇਸ਼ਕਾਂ ਨੇ ਇਸ ਦੀਆਂ ਸੰਭਾਵਨਾਵਾਂ ਤੇ ਸਵਾਲ ਉਠਾਉਣਾ ਸ਼ੁਰੂ ਕਰ ਦਿੱਤਾ ਹੈ। ਇਸ ਦਾ ਨਿਵੇਸ਼ ਗ੍ਰੇਡ ਰੇਟਿੰਗ ਏਜੰਸੀਆਂ ਵੱਲੋਂ ਘਟਾਇਆ ਜਾ ਸਕਦਾ ਹੈ। ਇਸ ਹਫਤੇ ਦੇ ਸ਼ੁਰੂ ਵਿੱਚ, ਮੂਡੀਜ਼ ਨੇ ਕਿਹਾ ਸੀ ਕਿ ਭਾਰਤੀ ਆਰਥਿਕਤਾ ਥੋੜੇ ਸਮੇਂ ਵਿੱਚ ਘੱਟ ਸਕਦੀ ਹੈ। ਏਜੰਸੀ ਨੇ ਆਪਣੇ ਜੀਡੀਪੀ ਅਨੁਮਾਨ ਨੂੰ 13.7 ਤੋਂ ਘਟਾ ਕੇ 9.3 ਕਰ ਦਿੱਤਾ ਸੀ।

**ਸਰਕਾਰ ਦੇ ਨਿੱਜੀਕਰਨ ਪ੍ਰੋਗਰਾਮ ਨੂੰ ਝਟਕਾ**

ਸਰਕਾਰ ਨੇ ਬਜਟ ਵਿੱਚ ਨਿੱਜੀਕਰਨ ਦੇ ਪ੍ਰੋਗਰਾਮ 'ਤੇ ਬਹੁਤ ਜ਼ੋਰ ਦਿੱਤਾ ਸੀ। ਪਰ ਇਹ ਸਫਲ ਹੁੰਦਾ ਨਜ਼ਰ ਨਹੀਂ ਆ ਰਿਹਾ। ਭਾਰਤ ਪੈਟਰੋਲੀਅਮ ਕਾਰਪੋਰੇਸ਼ਨ, ਏਅਰ ਇੰਡੀਆ ਦੀ ਨਿੱਜੀਕਰਨ ਦੀ ਅੰਤਮ ਤਾਰੀਖ 2022 ਵਿੱਚ ਤਿੰਨ ਮਹੀਨਿਆਂ ਲਈ ਵਧਾ ਦਿੱਤੀ ਗਈ ਹੈ। ਬੀਪੀਸੀਐਲ ਦੇ ਨਿੱਜੀਕਰਨ ਦੀ ਪ੍ਰਕਿਰਿਆ ਵੀ ਕੋਰੋਨਾ ਕਾਰਨ ਬੋਲੀਕਾਰਾਂ ਦੇ ਫਿਜ਼ੀਕਲ ਤਸਦੀਕ ਕਰਕੇ ਹੌਲੀ ਹੋ ਗਈ ਹੈ। ਸਰਕਾਰੀ ਸੂਤਰਾਂ ਅਨੁਸਾਰ, ਜੂਨ ਵਿੱਚ ਟੈਕਸ ਵਸੂਲੀ ਵਿੱਚ ਕਮੀ ਆ ਸਕਦੀ ਹੈ। ਇਸ ਵਿਚ 15-20 ਫੀਸਦ ਦੀ ਗਿਰਾਵਟ ਆਉਣ ਦੀ ਉਮੀਦ ਹੈ।ਵਿੱਤੀ ਘਾਟਾ ਜੀਡੀਪੀ ਦੇ 6.8 ਪ੍ਰਤੀਸ਼ਤ ਤੱਕ ਵੀ ਵਧ ਸਕਦਾ ਹੈ।

ਭਾਰਤ ਦੇ ਸਾਰਸ ਕੋਵਿਡ ਜੀਨੋਮ ਕੰਸੋਰਸ਼ੀਅਮ ਦੇ ਵਿਗਿਆਨਕ ਸਲਾਹਕਾਰ ਸਮੂਹ ਦੇ ਮੁਖੀ ਡਾ. ਸ਼ਾਹਿਦ ਜਮੀਲ ਨੇ ਆਪਣੇ ਅਹੁਦੇ ਤੋਂ ਅਸਤੀਫ਼ਾ ਦੇ ਦਿੱਤਾ ਹੈ। ਸੀਨੀਅਰ ਵਾਇਰੋਲੋਜਿਸਟ ਡਾ. ਜਮੀਲ ਨੇ ਕੁਝ ਦਿਨ ਪਹਿਲਾਂ ਆਖਿਆ ਸੀ ਕਿ ਭਾਰਤ ਵਿੱਚ ਅਧਿਕਾਰੀ ਸੈੱਟ ਪਾਲਿਸੀ ਅਧੀਨ ਸਬੂਤਾਂ ਵੱਲ ਜ਼ਿਆਦਾ ਧਿਆਨ ਨਹੀਂ ਦੇ ਰਹੇ। 'ਨਿਊਯਾਰਕ ਟਾਈਮਜ਼' 'ਚ ਲਿਖੇ ਆਰਟੀਕਲ ਵਿੱਚ ਡਾ. ਜਮੀਲ ਨੇ ਆਖਿਆ ਸੀ ਕਿ ਭਾਰਤ 'ਚ ਵਿਗਿਆਲਕ ਸਬੂਤਾਂ ਤੇ ਤੱਥਾਂ ਦੇ ਆਧਾਰ ਉੱਤੇ ਪਾਲਿਸੀ ਬਣਾਉਣ ਨੂੰ ਲੈ ਕੇ ਅੜੀਅਲ ਰਵੱਈਏ ਦਾ ਸਾਹਮਣਾ ਕਰ ਰਹੇ ਹਨ। ਭਾਰਤ ਦੇ ਕੋਵਿਡ ਮੈਨੇਜਮੈਂਟ ਵਿੱਚ ਕਈ ਤਰਾਂ ਦੀਆਂ ਸਮੱਸਿਆਵਾਂ ਹਨ। ਇਨਾਂ ਵਿੱਚ ਘੱਟ ਟੈਸਟਿੰਗ, ਹੌਲੀ ਰਫ਼ਤਾਰ ਨਾਲ ਟੀਕਾਕਰਨ ਤੇ ਵੈਕਸੀਨ ਦੀ ਘਾਟ ਸ਼ਾਮਲ ਹਨ। ਇਸ ਤੋਂ ਇਲਾਵਾ ਹੈਲਥਕੇਅਰ ਵਰਕ ਫ਼ੋਰਸ ਵੀ ਕਾਫ਼ੀ ਜ਼ਿਆਦਾ ਚਾਹੀਦੀ ਹੈ। ਉਨਾਂ ਆਖਿਆ ਸੀ ਕਿ ਇਨਾਂ ਸਾਰੇ ਉਪਾਵਾਂ ਨੂੰ ਲੈ ਕੇ ਭਾਰਤ ਵਿੱਚ ਮੇਰੇ ਸਾਥੀ ਵਿਗਿਆਨੀਆਂ ਦੀ ਕਾਫ਼ੀ ਹਮਾਇਤ ਮਿਲ ਰਹੀ ਹੈ ਪਰ ਉਨਾਂ ਨੂੰ ਤੱਥਾਂ ਦੇ ਆਧਾਰ ਉੱਤੇ ਪਾਲਿਸੀ ਬਣਾਉਣ ਨੂੰ ਲੈ ਕੇ ਜ਼ਿੱਦੀ ਰਵੱਈਏ ਦਾ ਸਾਹਮਣਾ ਕਰਨਾ ਪੈ ਰਿਹਾ ਹੈ। 30 ਅਪ੍ਰੈਲ ਨੂੰ 800 ਤੋਂ ਵੱਧ ਭਾਰਤੀ ਵਿਗਿਆਨੀਆਂ ਨੇ ਪ੍ਰਧਾਨ ਮੰਤਰੀ ਨੂੰ ਅਪੀਲ ਕੀਤੀ ਸੀ ਕਿ ਉਨਾਂ ਨੂੰ ਡਾਟਾ ਮੁਹੱਈਆ ਕਰਵਾਇਆ ਜਾਵੇ, ਤਾਂ ਜੋ ਉਹ ਵਾਇਰਸ ਬਾਰੇ ਅੰਦਾਜ਼ਾ ਲਾਉਣ ਤੇ ਉਸ ਨੂੰ ਰੋਕਣ ਲਈ ਅਧਿਐਨ ਕਰ ਸਕਣ।

ਡਾਟਾ ਦੇ ਆਧਾਰ ਉੱਤੇ ਫ਼ੈਸਲਾ ਨਾ ਲੈਣਾ ਇੱਕ ਹੋਰ ਆਫ਼ਤ ਹੈ ਕਿਉਂਕਿ ਭਾਰਤ ਵਿੱਚ ਮਹਾਮਾਰੀ ਕਾਬੂ ਤੋਂ ਬਾਹਰ ਹੋ ਗਈ ਹੈ। ਅਸੀਂ ਜਿਹੜੀਆਂ ਜਾਨਾਂ ਗੁਆ ਰਹੇ ਹਨ, ਉਹ ਕਦੇ ਨਾ ਮਿਟਣ ਵਾਲੇ ਜ਼ਖ਼ਮ ਦਾ ਨਿਸ਼ਾਨ ਦੇ ਜਾਣਗੀਆਂ।

ਰਾਇਟਰਜ਼ ਨੇ ਇੱਕ ਰਿਪੋਰਟ 'ਚ ਦੱਸਿਆ ਸੀ ਕਿ ਡਾ. ਜਮੀਲ ਨੇ ਮਾਰਚ ਮਹੀਨੇ ਚੇਤਾਵਨੀ ਦੇ ਦਿੱਤੀ ਸੀ ਕਿ ਭਾਰਤ ਵਿੱਚ ਨਵਾਂ ਵਾਇਰਸ ਵਧੇਰੇ ਤੇਜ਼ੀ ਨਾਲ ਫੈਲਦਾ ਜਾ ਰਿਹਾ ਹੈ। ਇਸ 2.1.617 ਵੇਰੀਐਂਟ ਕਾਰਨ ਦੇਸ਼ ਕੋਰੋਨਾ ਦੀ ਸਭ ਤੋਂ ਭੈੜੀ ਲਹਿਰ 'ਚੋਂ ਲੰਘ ਰਿਹਾ ਹੈ। ਜਦੋਂ ਖ਼ਬਰ ਏਜੰਸੀ ਨੇ ਸੁਆਲ ਕੀਤਾ ਕਿ ਸਰਕਾਰ ਇਨਾਂ ਤੱਥਾਂ ਉੱਤੇ ਵੱਧ ਤੇਜ਼ੀ ਨਾਲ ਕੰਮ ਕਿਉਂ ਨਹੀਂ ਕਰ ਰਹੀ। ਇਸ ਬਾਰੇ ਡਾ. ਜਮੀਲ ਨੇ ਕਿਹਾ ਸੀ ਕਿ ਸਾਨੂੰ ਇਹ ਚਿੰਤਾ ਹੈ ਕਿ ਅਧਿਕਾਰੀਆਂ ਨੇ ਪਾਲਿਸੀ ਸੈੱਟ ਕਰ ਲਈ ਹੈ ਤੇ ਇਸੇ ਦੇ ਚੱਲਦਿਆਂ ਉਹ ਸਬੂਤਾਂ ਵੱਲ ਧਿਆਨ ਨਹੀਂ ਦੇ ਰਹੇ।

# ਪੰਜਾਬ ਦੇ ਸਿਆਸਤਦਾਨ ਅਤੇ ਨੌਕਰਸ਼ਾਹ ਪੰਜਾਬੀਆਂ ਪ੍ਰਤੀ ਗੈਰ ਜ਼ਿੰਮੇਵਾਰ

## ✪ ਸਿਹਤ ਸੇਵਾਵਾਂ ਨੂੰ ਲੈ ਕੇ ਲੋਕਾਂ ਵਿੱਚ ਵਧ ਰਿਹਾ ਹੈ ਗੁੱਸਾ ✪ ਮੋਦੀ ਦਾ ਦਬੰਗ ਮਾਡਲ ਆਪਣੀ ਗਲਤੀ ਨੂੰ ਪ੍ਰਵਾਨ ਕਰਨ ਤੇ ਜ਼ਿੰਮੇਵਾਰੀ ਲੈਣ ਤੋਂ ਮੁਨਕਰ ✪ ਕੈਪਟਨ ਕਈ ਹਾਲਤਾਂ ਵਿੱਚ ਮੌਕੇ ਦੇ ਫੈਸਲੇ ਲੈਣ ਦੇ ਬਾਵਜੂਦ ਵੀ ਇੱਕ ਫੇਲ ਸ਼ਾਸਕ ਸਾਬਤ ਹੋਇਆ



**ਗੁਰਮੀਤ ਸਿੰਘ ਪਲਾਹੀ**
9815802070

ਮੌਜੂਦਾ ਦੌਰ ਵਿੱਚ ਸਿਹਤ ਸੇਵਾਵਾਂ ਨੂੰ ਲੈ ਕੇ ਲੋਕਾਂ ਵਿੱਚ ਵਧਦੇ ਗੁੱਸੇ ਨੂੰ ਹਲਕੇ ਵਿੱਚ ਲੈਣਾ ਸਿਆਸੀ ਉਜੱਡਤਾ ਹੈ। ਜਦੋਂ ਲੋਕ ਬੁਰੀ ਤਰਾਂ ਆਕਸੀਜਨ ਅਤੇ ਆਈ.ਸੀ.ਯੂ. ਬੈੱਡ ਦੇ ਲਈ ਸੰਘਰਸ਼ ਕਰ ਰਹੇ ਹੋਣ ਤਾਂ ਉਨ੍ਹਾਂ ਦੇ ਦੁੱਖਾਂ-ਤਕਲੀਫ਼ਾਂ ਨੂੰ ਦੂਰ ਕਰਨ ਲਈ ਦਿਲਾਸੇ ਦੀ ਲੋੜ ਤਾਂ ਹੈ ਹੀ, ਉਨ੍ਹਾਂ ਤਕ ਪਹੁੰਚਣ, ਉਨ੍ਹਾਂ ਦਾ ਹਾਲ-ਚਾਲ ਜਾਨਣ, ਉਨ੍ਹਾਂ ਨੂੰ ਬਣਦੀ ਸਹਾਇਤਾ ਪਹੁੰਚਾਉਣੀ ਸਿਆਸੀ ਲੋਕਾਂ ਦਾ ਕੰਮ ਹੈ, ਨਾ ਕਿ ਉਦਾਸੀਨਤਾ ਦਿਖਾਉਣੀ, ਜਿਵੇਂ ਕਿ ਪੰਜਾਬ ਵਿੱਚ ਵੱਖੋ-ਵੱਖਰੇ ਮਸਲਿਆਂ ਨੂੰ ਲੈ ਕੇ ਨੌਕਰਸ਼ਾਹਾਂ ਵਲੋਂ ਦਿਖਾਈ ਗਈ ਹੈ ਜਾਂ ਹੁਣ ਆਫ਼ਤ ਵੇਲੇ ਦਿਖਾਈ ਜਾ ਰਹੀ ਹੈ। ਜਾਪਦਾ ਹੈ ਜਿਵੇਂ ਦੇਸ਼ ਵਿੱਚ ਨਰੇਂਦਰ ਮੋਦੀ ਦੀ ਅਗਵਾਈ ਵਾਲਾ ਸਿਆਸੀ ਦਬੰਗ ਮਾਡਲ ਆਪਣੀ ਕੀਤੀ ਹੋਈ ਕਿਸੇ ਵੀ ਗਲਤੀ ਨੂੰ ਪ੍ਰਵਾਨ ਕਰਨ ਅਤੇ ਜ਼ਿੰਮੇਵਾਰੀ ਲੈਣ ਤੋਂ ਮੁਨਕਰ ਹੈ। ਇਵੇਂ ਹੀ ਪੰਜਾਬ ਵਿੱਚ ਰਾਜ ਕਰਨ ਵਾਲਾ ਹਾਕਮ ਕੈਪਟਨ ਅਮਰਿੰਦਰ ਸਿੰਘ ਵੀ ਉਸੇ ਰਾਹ ਤੁਰਿਆ ਹੋਇਆ ਦਿਖਾਈ ਦਿੰਦਾ ਹੈ।

ਪਿਛਲੇ ਸੱਤ ਸਾਲਾਂ ਵਿੱਚ ਦੇਸ਼ ਦੇ ਜੋੜੀ ਨੰਬਰ ਇੱਕ ਦੇ ਤੌਰ 'ਤੇ ਦੁਨੀਆ ਸਾਹਮਣੇ ਪੇਸ਼ ਕੀਤੇ ਗਏ ਪ੍ਰਧਾਨ ਮੰਤਰੀ ਨਰੇਂਦਰ ਨੇ ਅਸਧਾਰਨ ਦਬੰਗ ਨੇਤਾ ਦੇ ਰੂਪ ਵਿੱਚ ਅਤੇ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਮੁੱਖ ਚੋਣ ਨੀਤੀਕਾਰ ਦੇ ਤੌਰ 'ਤੇ ਅਜਿੱਤ ਪਾਰੀ ਖੇਡੀ। ਜਿਵੇਂ ਪਿਛਲੇ ਮਹੀਨੇ ਇਸ ਅੱਛੇ ਤਿਆਰ ਕੀਤੇ ਅਕਸ ਨੂੰ ਕੋਵਿਡ-19 ਦੀ ਦੂਜੀ ਲਹਿਰ ਸਮੇਂ ਵੀ ਵੱਟਾ ਲੱਗਾ ਅਤੇ ਪੱਛਮੀ ਬੰਗਾਲ ਚੋਣਾਂ ਵਿੱਚ, ਖਾਸ ਕਰਕੇ ਹਾਰ ਸਮੇਂ ਵੀ ਉਹਨਾਂ ਵਿਰੁੱਧ ਗੰਭੀਰ ਸਵਾਲ ਉਠਾਏ ਜਾਣ ਲੱਗੇ, ਬਿਲਕੁਲ ਇਵੇਂ ਹੀ ਪੰਜਾਬ ਵਿੱਚ ਕੋਟਕਪੂਰਾ ਘਟਨਾ ਸਬੰਧੀ ਹਾਈ ਕੋਰਟ ਵਿੱਚ ਜਿਸ ਢੰਗ ਨਾਲ ਕੈਪਟਨ ਸਰਕਾਰ ਦੀ ਖਿੱਚ-ਧੂਹ ਹੋਈ ਅਤੇ ਕੋਵਿਡ ਦੌਰਾਨ ਜਿਵੇਂ ਪੰਜਾਬ ਵਿੱਚ ਸਰਕਾਰੀ ਅਤੇ ਪ੍ਰਾਈਵੇਟ ਸੇਵਾਵਾਂ ਚਰਮਰਾ ਗਈਆਂ, ਉਸ ਨਾਲ ਹਾਕਮ ਧਿਰ ਅਤੇ ਉਹਨਾਂ ਦਾ ਧੱਕੜ ਨੇਤਾ ਅਮਰਿੰਦਰ ਸਿੰਘ ਵੀ ਕਟਹਿਰੇ ਵਿੱਚ ਖੜਾ ਪਾਇਆ ਗਿਆ ਹੈ। ਇਹ ਗੱਲ ਹਾਕਮ ਧਿਰ ਨੂੰ ਸਵੀਕਾਰਨੀ ਚਾਹੀਦੀ ਹੈ। ਕੀ ਇਸ ਵਿੱਚ ਦੋ ਰਾਵਾਂ ਹਨ ਕਿ ਪੰਜਾਬ ਦਾ ਸੂਬੇਦਾਰ ਕੈਪਟਨ ਅਮਰਿੰਦਰ ਸਿੰਘ ਕਈ ਹਾਲਤਾਂ ਵਿੱਚ ਤਰਕਸੰਗਤ ਅਤੇ ਮੌਕੇ ਦੇ ਫੈਸਲੇ ਲੈਣ ਦੇ ਬਾਵਜੂਦ ਵੀ ਇੱਕ ਫੇਲ ਸ਼ਾਸਕ ਸਾਬਤ ਹੋ ਰਿਹਾ ਹੈ। ਮੋਦੀ ਨੇ 7 ਵਰੇ ਪਹਿਲਾਂ ਤਿੰਨ ਮੁੱਖ ਵਾਇਦੇ ਕੀਤੇ ਸਨ। ਉਨ੍ਹਾਂ ਵਿੱਚ ਪਹਿਲਾ 'ਗੰਦੇ ਧੰਨ' ਨੂੰ 'ਸਾਫ ਧੰਨ' ਵਿੱਚ ਬਦਲ ਕੇ ਹਰੇਕ ਭਾਰਤੀ ਨਾਗਰਿਕ ਦੇ ਖਾਤੇ ਵਿੱਚ ਪੈਸੇ ਪਾਉਣਾ ਸੀ। ਦੇਸ਼ ਵਿੱਚ ਹਰ ਸਾਲ ਦੋ ਕਰੋੜ ਨੌਕਰੀਆਂ ਯੁਵਕਾਂ ਨੂੰ ਦੇਣਾ, ਦੂਜਾ ਵਾਇਦਾ ਸੀ। ਤੀਜਾ ਵਾਇਦਾ ਸਾਫ਼-ਸੁਥਰਾ ਪ੍ਰਸ਼ਾਸਨ, ਘੱਟੋ-ਘੱਟ ਸਰਕਾਰ-ਵੱਧ ਤੋਂ ਵੱਧ ਸ਼ਾਸਨ ਸੀ।

ਇਹ ਤਿੰਨੋਂ ਵਾਅਦੇ ਜਿਵੇਂ ਚੋਣ ਜੁਮਲੇ ਸਾਬਤ ਹੋਏ ਉਵੇਂ ਹੀ ਅਮਰਿੰਦਰ ਸਿੰਘ ਦੇ ਪੰਜਾਬ ਵਿੱਚੋਂ ਨਸ਼ੇ ਅਤੇ ਮਾਫੀਆ ਰਾਜ ਦੀ ਸਮਾਪਤੀ ਅਤੇ ਘਰ ਘਰ ਰੁਜ਼ਗਾਰ ਦੇ ਵਾਇਦਿਆਂ ਨੂੰ ਕਦੇ ਵੀ ਬੂਰ ਨਹੀਂ ਪਿਆ। ਕਹਿਣ ਨੂੰ ਤਾਂ ਨਰਿੰਦਰ ਮੋਦੀ ਵਾਂਗ, ਅਮਰਿੰਦਰ ਸਿੰਘ ਵੀ 2017 ਵਿੱਚ ਕੀਤੇ ਵਾਅਦਿਆਂ ਵਿੱਚੋਂ ਬਹੁਤਿਆਂ ਨੂੰ ਪੂਰੇ ਕਰਨ ਦਾ ਦਾਅਵਾ ਕਰਦੇ ਹਨ, ਪਰ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਦੇ ਮਾਮਲੇ ਅਤੇ ਕੋਟਕਪੂਰਾ ਗੋਲੀ ਕਾਂਡ ਦੇ ਮੁਆਮਲੇ ਸਬੰਧੀ ਲੰਮਾ ਸਮਾਂ ਬੀਤਣ ਬਾਅਦ ਵੀ ਕੋਈ ਇਨਸਾਫ਼ ਲੋਕਾਂ ਨੂੰ ਪ੍ਰਾਪਤ ਨਹੀਂ ਹੋਇਆ ਅਤੇ ਨਾ ਹੀ ਦੋਸ਼ੀਆਂ ਨੂੰ ਸੂਬਾ ਪ੍ਰਸ਼ਾਸਨ ਕਟਹਿਰੇ ਵਿੱਚ ਖੜਾ ਕਰ ਸਕਿਆ ਹੈ।

ਕੋਟਕਪੂਰਾ ਕਾਂਡ ਦੇ ਮੁਆਮਲੇ ਵਿੱਚ ਤਾਂ ਪੰਜਾਬ ਅਤੇ ਹਰਿਆਣਾ ਹਾਈਕੋਰਟ ਦੇ ਇੱਕ ਫ਼ੈਸਲੇ ਅਨੁਸਾਰ ਪੰਜਾਬ ਸਰਕਾਰ ਦੀ ਵੱਡੀ ਕਿਰਕਿਰੀ ਹੋਈ ਹੈ। ਇਸੇ ਮਸਲੇ ਨੂੰ ਚੁੱਕਦਿਆਂ ਕਾਂਗਰਸ ਦੇ ਵਿਧਾਇਕਾਂ ਵਿੱਚ ਬੇਚੈਨੀ ਹੈ। ਕਾਂਗਰਸੀ ਨੇਤਾ ਨਵਜੋਤ ਸਿੰਘ ਸਿੱਧੂ ਤਾਂ ਇਸ ਸਬੰਧੀ ਕਹਿੰਦਾ ਹੈ, 'ਅਫਸਰਸ਼ਾਹੀ ਅਤੇ ਪੁਲਿਸ ਵਿੱਚ ਸਭ ਤੋਂ ਪਹਿਲਾਂ ਬਾਦਲ ਪਰਿਵਾਰ ਦੀ ਚੱਲਦੀ ਹੈ। ਸਰਕਾਰ ਲੋਕਾਂ ਦੀ ਭਲਾਈ ਲਈ ਨਹੀਂ ਬਲਕਿ ਮਾਫੀਆ ਰਾਜ ਦੇ ਕੰਟਰੋਲ ਵਿੱਚ ਚੱਲ ਰਹੀ ਹੈ।' ਇੱਕ ਦਿਨ ਪਹਿਲਾਂ ਸਿੱਧੂ ਨੇ ਕਿਹਾ ਸੀ ਕਿ ਕੋਟ-ਕਪੂਰਾ ਗੋਲੀ ਕਾਂਡ ਵਿੱਚ ਇਨਸਾਫ ਗ੍ਰਹਿ ਮੰਤਰੀ ਦੀ ਨਾਕਾਮੀ ਕਾਰਨ ਨਹੀਂ ਮਿਲਿਆ। ਗ੍ਰਹਿ ਵਿਭਾਗ ਮੁੱਖ ਮੰਤਰੀ ਕੋਲ ਹਨ।

ਵਿਰੋਧੀ ਧਿਰ ਅਮਰਿੰਦਰ ਸਿੰਘ ਨੂੰ ਘੇਰ ਰਹੀ ਹੈ। ਸੁਖਬੀਰ ਸਿੰਘ ਬਾਦਲ ਲਗਾਤਾਰ ਮੁੱਖ ਮੰਤਰੀ ਨੂੰ ਸਵਾਲ ਕਰਦਾ ਹੈ ਕਿ ਪੰਜਾਬ ਜਵਾਬ ਮੰਗਦਾ ਹੈ। ਉਸ ਦੀ ਖ਼ੁਸ਼ੀ ਅਮਰਿੰਦਰ ਸਿੰਘ ਦੀ ਨਾਕਾਮੀ ਨੂੰ ਦਰਸਾਉਣ ਵਿੱਚ ਹੈ। ਸੂਬੇ ਦੀਆਂ ਹੋਰ ਪਾਰਟੀਆਂ ਸਮੇਤ ਆਮ ਆਦਮੀ ਪਾਰਟੀ, ਕਾਂਗਰਸ ਦੇ ਨੇਤਾ ਰਾਜ ਸਭਾ ਮੈਂਬਰ ਪ੍ਰਤਾਪ ਸਿੰਘ ਬਾਜਵਾ ਤੇ ਸ਼ਮਸ਼ੇਰ ਸਿੰਘ ਦੂਲੋ ਲਗਾਤਾਰ ਮੁੱਖ ਮੰਤਰੀ ਨੂੰ ਘੇਰਦੇ ਰਹਿੰਦੇ ਹਨ, ਪਰ ਕੀ ਮੌਜੂਦਾ ਅਫਸਰਸ਼ਾਹੀ ਅਤੇ ਇਹਨਾਂ ਸਿਆਸੀ ਪਾਰਟੀਆਂ, ਨੇਤਾਵਾਂ ਨੇ ਪੰਜਾਬ ਦੇ ਲੋਕਾਂ ਦੀ ਸਾਰ ਲਈ ਹੈ? ਕੀ ਇਹ ਚੁਣੇ ਹੋਏ ਸਿਆਸੀ ਲੋਕ, ਆਮ ਲੋਕਾਂ ਦੇ ਦਰੀਂ ਜਾ ਕੇ ਪੁੱਛਦੇ ਹਨ ਕਿ ਉਨ੍ਹਾਂ ਨੂੰ ਇਸ ਸਮੇਂ ਕਿਸ ਚੀਜ਼ ਦੀ ਲੋੜ ਹੈ? ਕੀ ਉਹ ਲੋਕਾਂ ਦੀ ਸਭ ਤੋਂ ਵੱਡੀ ਸਮੱਸਿਆ ਹਸਪਤਾਲਾਂ ਵਿੱਚ ਹੋ ਰਹੀ ਲੁੱਟ-ਖਸੁੱਟ ਸਬੰਧੀ ਕੁਝ ਬੋਲਦੇ ਹਨ? ਕੀ ਉਹ ਲੋਕਾਂ ਦੇ ਵਿਗੜ ਰਹੇ ਕਾਰੋਬਾਰਾਂ ਸਬੰਧੀ ਜਾਂ ਟੁੱਟ ਰਹੀਆਂ ਦਿਹਾੜੀਆਂ ਸਬੰਧੀ ਹੇਠਲੇ ਵਰਗ ਦੇ ਲੋਕਾਂ ਦੀ ਸਾਰ ਲੈਂਦੇ ਹਨ?

ਇਹ ਅਸੰਵੇਦਨਸ਼ੀਲ ਹਾਕਮ ਤੇ ਵਿਰੋਧੀ ਧਿਰ ਦੇ ਸਿਆਸੀ ਲੋਕ (ਕੁਝ ਨੇਤਾਵਾਂ ਨੂੰ ਛੱਡਕੇ) ਕਹਿੰਦੇ ਹਨ, 'ਆਕਸੀਜਨ ਸਿਲੰਡਰ ਦੀ ਗੱਲ ਨਾ ਕਰੋ। ਪੈਟਰੋਲ-ਡੀਜ਼ਲ ਦੀ ਕੀਮਤ ਵਿੱਚ ਵਾਧੇ ਬਾਰੇ ਨਾ ਪੁੱਛੋ। ਸਕੂਲਾਂ ਦੀ ਸੂਬੇ ਵਿੱਚ ਕੀ ਹਾਲਤ ਹੈ, ਇਹ ਜਾਨਣ ਲਈ ਸਵਾਲ ਨਾ ਪੁੱਛੋ। ਬਿਲਕੁਲ ਇਹ ਗੱਲ ਨਾ ਪੁੱਛੋ ਕਿ ਹਸਪਤਾਲਾਂ ਵਿੱਚ ਕੀ ਵਾਪਰ ਰਿਹਾ ਹੈ? ਇਹ ਨਾ ਪੁੱਛੋ ਕਿ ਦੁਕਾਨਾਂ ਕਦੋਂ ਖੁੱਲਣਗੀਆਂ? ਲੌਕਡਾਊਨ ਕਿੰਨੇ ਦਿਨ ਲੱਗਣਾ ਹੈ? ਗਰੀਬ ਦੇ ਰੋਟੀ-ਫੁਲਕੇ ਦੀ ਬਾਤ ਪਾਉਣ ਦੀ ਤਾਂ ਇਹਨਾਂ ਨੇਤਾਵਾਂ ਨੂੰ ਵਿਹਲ ਹੀ ਨਹੀਂ। ਵੱਡੀ ਸਰਕਾਰ ਨੇ ਐਲਾਨ ਕਰ ਦਿੱਤਾ ਹੈ ਕਿ 80 ਕਰੋੜ ਲੋਕਾਂ ਨੂੰ 5 ਕਿਲੋ ਆਟਾ ਅਤੇ ਕਿਲੋ ਦਾਲ ਮਿਲ ਜਾਏਗੀ ਦੋ ਮਹੀਨੇ। ਕਰੋਨਾ ਖਤਮ ਹੋ ਜਾਏਗਾ ਤੇ ਫਿਰ ਤੁਸੀਂ ਜਾਣੋ ਤੇ ਫਿਰ ਜਾਣੇ ਤੁਹਾਡਾ ਕੰਮ।'

ਕਿਹਾ ਜਾ ਰਿਹਾ ਕਿ ਪੰਜਾਬ ਵਿੱਚ ਸਿਆਸੀ ਲੋਕ ਨਹੀਂ, ਅਫਸਰਸ਼ਾਹੀ ਹੀ ਰਾਜ ਕਰ ਰਹੀ ਹੈ। ਸੂਬੇ ਦੇ ਸਾਰੇ ਹਾਲਾਤ ਦੀ ਸਾਰ ਸੂਬੇ ਦੀ ਅਫਸਰਸ਼ਾਹੀ ਨੂੰ ਹੈ। ਭਲਾ ਦਾਈ ਤੋਂ ਵੀ ਢਿੱਡ ਲੁਕਿਆ ਰਹਿੰਦਾ। ਅਫਸਰਸ਼ਾਹੀ ਦੀ ਆਪਣੀ ਫਿਕਰ ਹੈ, ਮਾਫੀਏ ਨਾਲ ਰਲਕੇ ਕਮਾਈ ਕਰਨ ਦੀ, ਤਨਖਾਹੋਂ ਉੱਪਰ ਮਾਲ ਕਮਾਉਣ ਦੀ। ਜੇਕਰ ਇੰਜ ਨਾ ਹੁੰਦਾ ਤਾਂ ਉਹ ਪੰਜਾਬ ਵਿੱਚ ਭ੍ਰਿਸ਼ਟਾਚਾਰ ਅਤੇ ਮਾਫੀਆ ਰਾਜ ਨੂੰ ਖ਼ਤਮ ਕਰਨ ਲਈ ਉੱਦਮ ਕਰਦੇ। ਪਹਿਲੀ ਕਰੋਨਾ ਲਹਿਰ ਤੋਂ ਬਾਅਦ ਖਰਾਬ ਹੋਏ ਸਿਹਤ ਢਾਂਚੇ ਨੂੰ ਤਕੜਾ ਕਰਨ ਲਈ ਸਿਆਸਤਦਾਨਾਂ ਨਾਲ ਰਲਕੇ ਕੇਂਦਰ ਤਕ ਪਹੁੰਚ ਕਰਦੇ। ਆਕਸੀਜਨ ਦੇ ਪਲਾਂਟ ਲਾਉਂਦੇ। ਮੰਦੇ ਹਸਪਤਾਲਾਂ ਦੀ ਹਾਲਤ ਸੁਧਾਰਦੇ। ਕੇਂਦਰ ਤੋਂ ਨਵੀਆਂ ਸਕੀਮਾਂ ਲਿਆਉਂਦੇ, ਸੂਬੇ ਵਿੱਚ ਰੁਜ਼ਗਾਰ ਦੇ ਸਾਧਨ ਪੈਦਾ ਕਰਦੇ ਤਾਂ ਕਿ ਵਾਹੋਦਾਹੀ ਵਤਨ ਤੋਂ ਦੂਰ ਜਾ ਰਹੀ ਜਵਾਨੀ ਨੂੰ ਠੱਲ ਪੈਂਦੀ। ਪਰ ਅਫਸਰਸ਼ਾਹੀ ਦੀ ਉਦਾਸੀਨਤਾ ਨੇ ਪੰਜਾਬ ਨੂੰ ਮਧੋਲ ਸੁਟਿਆ ਹੈ। ਸਿਆਸਤਦਾਨ ਇੰਨੇ ਖ਼ੁਦਗਰਜ਼ ਹੋ ਗਏ ਹਨ ਕਿ ਉਹ ਸਿਰਫ ਤੇ ਸਿਰਫ ਵੋਟ ਦੀ ਗੱਲ ਕਰਦੇ ਹਨ, ਆਪਣੇ ਮੁਨਾਫੇ ਦੀ ਗੱਲ ਕਰਦੇ ਹਨ। ਪੰਜਾਬ ਦਾ ਅਰਥਚਾਰਾ ਤਬਾਹ ਹੋ ਰਿਹਾ ਹੈ ਅਤੇ ਪੰਜਾਬ ਕਰਜ਼ਾਈ ਹੋ ਰਿਹਾ ਹੈ, ਇਸਦੀ ਉਨ੍ਹਾਂ ਨੂੰ ਪ੍ਰਵਾਹ ਨਹੀਂ। ਸਰਕਾਰ ਜਾਂ ਹਾਕਮ ਧਿਰ ਅਫਸਰਸ਼ਾਹੀ ਨੂੰ ਨੱਥ ਪਾਉਣ ਦੀ ਗੱਲ ਨਹੀਂ ਕਰਦੇ। ਅੱਜ ਸਮਾਂ ਤਾਂ ਆਫ਼ਤ ਵੇਲੇ ਇਹ ਹੈ ਕਿ ਸਭ ਇਕੱਠੇ ਹੋ ਕੇ ਕੋਈ ਉੱਦਮ ਉਪਰਾਲਾ ਕਰਦੇ। ਅਫਸਰਸ਼ਾਹੀ ਲੋਕਾਂ ਦੇ ਦਰਦ ਨੂੰ ਸਮਝਦੀ। ਸਿਆਸਤਦਾਨ ਲੋਕਾਂ ਵਿੱਚ ਜਾਂਦੇ। ਇਵੇਂ ਜਾਪਣ ਲੱਗ ਪਿਆ ਹੈ ਕਿ ਪੰਜਾਬ ਵਿੱਚ ਕੋਈ ਸਰਕਾਰ ਹੈ ਹੀ ਨਹੀਂ। ਮਰੀਜ਼ ਸਰਕਾਰੀ ਹਸਪਤਾਲ ਜਾਂਦਾ ਹੈ, ਅੱਗੋਂ ਰੈਫ਼ਰ ਕਰ ਦਿੱਤਾ ਜਾਂਦਾ ਹੈ। ਮਰੀਜ਼ ਵੱਡੇ ਹਸਪਤਾਲ ਜੁਗਾੜ ਕਰਕੇ ਜਾਂਦਾ ਹੈ। ਬੈੱਡ ਨਹੀਂ ਮਿਲਦਾ। ਆਕਸੀਜਨ ਨਹੀਂ ਮਿਲਦੀ। ਲੋਕਾਂ ਦੇ ਸਾਹ ਮੁੱਕਦੇ ਜਾ ਰਹੇ ਹਨ, ਉਹ ਮਰ ਰਹੇ ਹਨ। ਲੋਕਾਂ ਕੋਲ ਇਹ ਜਾਨਣ ਦੀ ਵੀ ਵਿਵਸਥਾ ਨਹੀਂ ਹੈ ਕਿ ਜੋ ਵੀ ਸਹਾਇਤਾ ਮਿਲ ਰਹੀ ਹੈ, ਉਹ ਕਿੱਥੋਂ ਮਿਲ ਰਹੀ ਹੈ ਤੇ ਉਸ ਨੂੰ ਉਹ ਕਿਵੇਂ ਵਰਤ ਸਕਦੇ ਹਨ।

ਵਾਇਰਸ ਨੇ ਡਰ, ਨਫ਼ਰਤ ਅਤੇ ਅਗਿਆਨਤਾ ਦਾ ਵਾਤਾਵਰਣ ਪੈਦਾ ਕਰ ਦਿੱਤਾ ਹੈ। ਇਸ ਡਰ, ਨਫ਼ਰਤ, ਅਗਿਆਨਤਾ ਨੂੰ ਆਖ਼ਰ ਕਿਸਨੇ ਦੂਰ ਕਰਨਾ ਹੈ? 'ਗੋਦੀ ਮੀਡੀਆ' ਤਾਂ ਪਹਿਲਾਂ ਹੀ ਫੰਨ ਫੈਲਾਈ ਬੈਠਾ ਹੈ। ਪੰਜਾਬ ਦੇ ਸਿਆਸਤਦਾਨ ਤਾਂ ਕੁਝ ਕਰ ਹੀ ਸਕਦੇ ਹਨ। ਗੁਰੂਆਂ, ਪੀਰਾਂ, ਫ਼ਕੀਰਾਂ ਦੀ ਧਰਤੀ ਦੇ ਜਾਏ ਜਿਨਾਂ ਕੋਲ ਸੇਵਾ ਦਾ ਪੁੰਨ ਲੈਣ ਦਾ ਸਮਾਂ ਸੀ, ਉਹ ਹੱਥ 'ਤੇ ਹੱਥ ਧਰਕੇ ਕਿਉਂ ਬੈਠੇ ਹਨ?

ਉੱਪਰਲੀ ਸਰਕਾਰ ਨੇ ਲੋਕਾਂ ਨੂੰ ਆਪਣੇ ਰਹਿਮੋ-ਕਰਮ ਤੇ ਛੱਡ ਦਿੱਤਾ ਹੈ। ਪ੍ਰਧਾਨ ਮੰਤਰੀ ਕਦਮ ਪਿੱਛੇ ਖਿੱਚ ਰਹੇ ਹਨ। ਸੰਕਟ ਗੰਭੀਰ ਹੋ ਰਿਹਾ ਹੈ। ਸਮੂਹਿਕ ਇਨਕਾਰ ਅਤੇ ਸੱਚ ਕਹਿਣ ਵਿੱਚ ਸਾਰੀਆਂ ਸੰਸਥਾਵਾਂ ਦੇ ਗੁਰੇਜ਼ ਕਾਰਨ ਹੀ ਇਸ ਅਕਲਪਿਤ ਸੰਕਟ ਦਾ ਪਹਾੜ ਦੇਸ਼ ਉੱਤੇ ਟੁੱਟ ਪਿਆ ਹੈ। ਲੋਕ ਆਖਦੇ ਹਨ ਕਿ ਇਸ ਸੰਕਟ ਦੀ ਘੜੀ ਵਿੱਚ ਇਸ ਆਫ਼ਤ ਨਾਲ ਨਜਿੱਠਣ ਲਈ ਪੰਜਾਬ ਸਰਕਾਰ ਵਿਗਿਆਨੀ, ਜਨ-ਸਿਹਤ ਮਾਹਰ, ਡਾਕਟਰ, ਪੁਰਾਣੇ ਤਜ਼ਰਬੇਕਾਰ ਉੱਚ ਅਧਿਕਾਰੀ ਸ਼ਾਮਲ ਕਰਕੇ, ਕਮੇਟੀ ਬਣਾ ਸਕਦੀ ਹੈ। ਸਰਕਾਰੀ ਸਾਧਨ ਘੱਟ ਹਨ ਤਾਂ ਦਾਨੀਆਂ ਨੂੰ ਅਪੀਲ ਕਰ ਸਕਦੀ ਹੈ। ਪ੍ਰਵਾਸੀਆਂ ਨੂੰ ਵੀ ਸੱਦਾ ਦੇ ਸਕਦੀ ਹੈ। ਉਹ ਸੂਬੇ ਦੀ ਮਦਦ ਲਈ ਆ ਬਹੁੜਨਗੇ, ਪਰ ਪਹਿਲ ਤਾਂ ਸਰਕਾਰ ਹੀ ਕਰੇ।

ਇਸ ਸਮੇਂ ਉਦਾਸੀਨਤਾ ਛੱਡਕੇ ਇਕੱਠੇ ਹੋਣ ਦੀ ਲੋੜ ਹੈ, ਇੱਕ-ਦੂਜੇ ਦੀਆਂ ਟੰਗਾਂ ਖਿੱਚਕੇ ਲੜਾਈ ਕਰਨ ਦੀ ਨਹੀਂ। ਅਸੀਂ ਉੱਪਰਲੀ ਸਰਕਾਰ ਦੀ ਭ੍ਰਮਿਤ ਵੈਕਸੀਨ ਪਾਲਿਸੀ ਅਤੇ ਆਕਸੀਜਨ ਦੀ ਉਪਲਬਧਤਾ ਵਿੱਚ ਢਿੱਲ ਦਾ ਖਮਿਆਜ਼ਾ ਭੁਗਤ ਰਹੇ ਹਾਂ। ਇਸ ਸਮੇਂ ਉੱਚ ਨੌਕਰਸ਼ਾਹੀ ਦੇ ਕੰਮ-ਕਾਰ ਦੇ ਤਰੀਕਿਆਂ ਦੀ ਅਸਫ਼ਲਤਾ ਵੀ ਜੱਗ ਜ਼ਾਹਿਰ ਹੋ ਰਹੀ ਹੈ। ਅੱਜ ਜਦੋਂ ਦੇਸ਼ ਦੀ ਅਜਿੱਤ ਸੈਨਾ, ਕਰੋਨਾ ਮਹਾਂਮਾਰੀ ਅੱਗੇ ਹਥਿਆਰ ਸੁੱਟਦੀ ਨਜ਼ਰ ਆ ਰਹੀ ਹੈ ਤਾਂ ਲੋਕਾਂ ਦੇ ਕਸ਼ਟਾਂ ਨੂੰ ਦੂਰ ਕਰਨ ਲਈ ਲੋਕਾਂ ਨਾਲ ਖੜਨ ਦੀ ਜ਼ਰੂਰਤ ਹੈ। ਪਹਿਲਾਂ ਹੀ ਕੇਂਦਰੀ ਹਾਕਮਾਂ ਨੇ ਦਵਾਈਆਂ ਤੋਂ ਲੈ ਵਿਗਿਆਨ ਤਕ ਸਾਰੇ ਖੇਤਰਾਂ ਵਿੱਚ ਵਪਾਰੀਆਂ-ਸੌਦਾਗਰਾਂ ਦੀ ਸਿਆਸਤ ਵਿੱਚ ਘੁਸਪੈਠ ਦੀ ਆਗਿਆ ਦੇ ਦਿੱਤੀ ਹੋਈ ਹੈ, ਜਿਸ ਨਾਲ ਦੇਸ਼ ਦੀ ਪ੍ਰਭੂਸੱਤਾ ਨੂੰ ਖ਼ਤਰਾ ਪੈਦਾ ਹੋ ਗਿਆ ਹੈ।

ਇਸ ਮਹਾਂਮਾਰੀ ਨੂੰ ਕੌਮਾਂਤਰੀ ਸਮੱਸਿਆ ਦੇ ਤੌਰ 'ਤੇ ਵੇਖ ਕੇ ਵਿਦੇਸ਼ੀ ਕਾਰਪੋਰੇਟ ਤਾਕਤਾਂ ਮੁਲਕ ਦੇ ਮਾਮਲਿਆਂ ਵਿੱਚ ਦਖ਼ਲ ਦੇਣ ਦੀ ਤਾਕ ਵਿੱਚ ਹਨ। ਕੀ ਇਸ ਨਾਲ ਮੁਲਕ ਮੁੜ ਬਸਤੀ ਨਹੀਂ ਬਣ ਜਾਏਗਾ? ਪੰਜਾਬੀਆਂ ਕਦੇ ਕਿਸੇ ਦੀ ਈਨ ਨਹੀਂ ਮੰਨੀ, ਸਦਾ ਪ੍ਰਭੂਸੱਤਾ ਲਈ ਜਾਨ ਹੂਲਵੀਂ ਜੰਗ ਲੜੀ ਹੈ।

# ਮਾਮਲਾ ਦਿੱਲੀ ਸਿੱਖ ਕਤਲੇਆਮ ਨਵੰਬਰ 84 ਦਾ

## ✪ 10 ਸਾਲ ਪਹਿਲਾਂ ਅਕਾਲ ਤਖ਼ਤ ਸਾਹਿਬ ਨੂੰ ਦਿੱਤਾ ਸੀ ਸਪੱਸ਼ਟੀਕਰਨ ✪ ਅਮਿਤਾਭ ਬੱਚਨ ਦੀ ਕਥਿਤ ਚਿੱਠੀ ਆਈ ਸਾਹਮਣੇ

**ਅੰਮ੍ਰਿਤਸਰ/ਏ.ਟੀ.ਨਿਊਜ਼:** ਸੁਪਰ ਸਟਾਰ ਅਮਿਤਾਭ ਬੱਚਨ ਵੱਲੋਂ ਸਾਲ 2011 ਵਿਚ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਨੂੰ ਭੇਜਿਆ ਗਿਆ ਪੱਤਰ ਸਾਹਮਣੇ ਆਇਆ ਹੈ, ਜਿਸ ਵਿਚ ਅਮਿਤਾਭ ਬੱਚਨ ਵੱਲੋਂ ਉਨ੍ਹਾਂ 'ਤੇ ਲੱਗੇ ਸਿੱਖ ਕਤਲੇਆਮ ਲਈ ਭੀੜ ਨੂੰ ਉਕਸਾਉਣ ਵਾਲੇ ਦੋਸ਼ਾਂ 'ਤੇ ਆਪਣਾ ਸਪੱਸ਼ਟੀਕਰਨ ਦਿੱਤਾ ਹੈ। ਇਹ ਪੱਤਰ ਉਨ੍ਹਾਂ ਨੇ ਮੁੰਬਈ ਨਿਵਾਸੀ ਸ਼੍ਰੋਮਣੀ ਕਮੇਟੀ ਦੇ ਮੈਂਬਰ ਗੁਰਿੰਦਰ ਸਿੰਘ ਬਾਵਾ ਜ਼ਰੀਏ ਅਕਾਲ ਤਖ਼ਤ ਸਾਹਿਬ 'ਤੇ ਭੇਜਿਆ ਸੀ। ਪੱਤਰ ਵਿਚ ਉਨ੍ਹਾਂ ਨੇ ਸਾਫ ਕਿਹਾ ਸੀ ਕਿ ਉਹ ਸਿੱਖ ਕੌਮ ਨੂੰ ਠੇਸ ਪਹੁੰਚਾਉਣ ਬਾਰੇ ਸੁਫਨੇ ਵਿਚ ਵੀ ਨਹੀਂ ਸੋਚ ਸਕਦਾ। 1984 ਵਿਚ ਸਿੱਖ ਕਤਲੇਆਮ ਦੌਰਾਨ ਲਗਾਏ ਗਏ ਹਿੰਸਾ ਭੜਕਾਉਣ ਦੇ ਦੋਸ਼ ਬਿਲਕੁਲ ਗਲਤ ਹਨ। ਇਹ ਪੱਤਰ ਉਸ ਸਮੇਂ ਸਾਹਮਣੇ ਆਇਆ ਹੈ, ਜਦੋਂ ਅਮਿਤਾਭ ਬੱਚਨ ਵੱਲੋਂ ਦਿੱਲੀ ਗੁਰਦੁਆਰਾ ਮੈਨੇਜਮੈਂਟ ਕਮੇਟੀ ਨੂੰ ੧੨ ਕਰੋੜ ਰੁਪਏ ਦਾਨ ਵਿਚ ਦਿੱਤੇ ਗਏ ਹਨ। ਮਨਜੀਤ ਸਿੰਘ ਜੀ ਕੇ ਦੁਆਰਾ ਇਸ ਸੰਬੰਧੀ ਅਕਾਲ ਤਖ਼ਤ ਸਾਹਿਬ 'ਤੇ ਮਨਜਿੰਦਰ ਸਿੰਘ ਸਿਰਸਾ ਖ਼ਿਲਾਫ਼ ਪੱਤਰ ਵੀ ਦਿੱਤਾ ਗਿਆ ਸੀ। ਜਿਸ ਵਿਚ ਉਨ੍ਹਾਂ ਨੇ ਕਿਹਾ ਸੀ ਕਿ ਉਨ੍ਹਾਂ ਨੇ ਇਹ ਦਾਨ ਸਿੱਖ ਰਿਵਾਇਤਾਂ ਖ਼ਿਲਾਫ਼ ਲਿਆ ਹੈ ਕਿਉਂਕਿ ਅਮਿਤਾਭ ਬੱਚਨ ਸਿੱਖ ਵਿਰੋਧੀ ਹਨ।

**ਅਮਿਤਾਭ ਕੋਲੋਂ ਕਦੀ ਪੈਸੇ ਨਹੀਂ ਮੰਗੇ-ਸਿਰਸਾ**

ਗੁਰਦੁਆਰਾ ਰਕਾਬਗੰਜ ਸਾਹਿਬ ਵਿਖੇ ਸਥਾਪਤ ਕੀਤੇ ਸ੍ਰੀ ਗੁਰੂ ਤੇਗ ਬਹਾਦਰ ਕੋਵਿਡ ਕੇਅਰ ਸੈਂਟਰ ਵਾਸਤੇ ਅਦਾਕਾਰ ਅਮਿਤਾਭ ਬੱਚਨ ਵਲੋਂ ਦਾਨ ਵਜੋਂ ਦਿੱਤੇ 2 ਕਰੋੜ ਰੁਪਏ ਸਬੰਧੀ ਮਾਮਲੇ ਨੂੰ ਲੈ ਕੇ ਕਾਫੀ ਵਿਵਾਦ ਛਿੜਿਆ ਹੋਇਆ ਹੈ ਤੇ ਇਸ ਮਾਮਲੇ ਨੂੰ ਲੈ ਕੇ ਕਈਆਂ ਵਲੋਂ ਦਿੱਲੀ ਕਮੇਟੀ 'ਤੇ ਸਵਾਲ ਵੀ ਉਠਾਏ ਜਾ ਰਹੇ ਹਨ। ਇਸੇ ਸਬੰਧੀ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਮਨਜਿੰਦਰ ਸਿੰਘ ਸਿਰਸਾ ਦਾ ਸਪੱਸ਼ਟੀਕਰਨ ਵੀ ਸਾਹਮਣੇ ਆਇਆ ਹੈ। ਫਿਲਹਾਲ ਕੋਰੋਨਾ ਪਾਜ਼ੇਟਿਵ ਹੋਣ ਕਾਰਨ ਇਲਾਜ ਕਰਵਾ ਰਹੇ ਸਿਰਸਾ ਨੇ ਇਕ ਵੀਡੀਓ ਰਾਹੀਂ ਕਿਹਾ ਕਿ ਉਕਤ 2 ਕਰੋੜ ਰੁਪਏ ਦੇ ਦਾਨ ਨੂੰ ਲੈ ਕੇ ਕੁਝ ਲੋਕਾਂ ਵਲੋਂ ਗੁੰਮਰਾਹਕੁਨ ਤਰੀਕੇ ਨਾਲ ਇਸ ਤਰਾਂ ਦਾ ਸੁਨੇਹਾ ਦੇਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। 2 ਕਰੋੜ ਰੁਪਏ ਦਾਨ ਬਾਰੇ ਜਾਣਕਾਰੀ ਦਿੰਦੇ ਸਿਰਸਾ ਨੇ ਦੱਸਿਆ ਕਿ 2 ਮਈ ਨੂੰ ਦਾਨ ਦੀ ਰਾਸ਼ੀ ਦਿੱਲੀ ਕਮੇਟੀ ਦੇ ਖਾਤੇ 'ਚ ਆਈ ਸੀ ਤੇ 9 ਮਈ ਨੂੰ ਤਸਦੀਕ ਹੋਈ ਕਿ ਇਹ ਪੈਸਾ ਅਮਿਤਾਭ ਬੱਚਨ ਵਲੋਂ ਭੇਜਿਆ



ਗਿਆ ਹੈ। ਸਿਰਸਾ ਨੇ ਮੁੜ ਦੁਹਰਾਇਆ ਕਿ ਨਾ ਤਾਂ ਮੇਰੀ ਕਦੀ ਅਮਿਤਾਭ ਬੱਚਨ ਨਾਲ ਗੱਲਬਾਤ ਹੋਈ ਤੇ ਨਾ ਹੀ ਕਦੀ ਉਸ ਕੋਲੋਂ ਪੈਸੇ ਮੰਗੇ। ਸਿਰਸਾ ਨੇ ਆਪਣੇ ਟਵੀਟ ਦਾ ਜ਼ਿਕਰ ਕਰਦੇ ਹੋਏ ਕਿਹਾ ਕਿ ਜਦੋਂ 10 ਮਈ ਨੂੰ ਉਨ੍ਹਾਂ ਦੇ ਸਟਾਫ ਵਲੋਂ ਅਮਿਤਾਭ ਬੱਚਨ ਨਾਲ ਗੱਲ ਕਰਵਾਈ ਜਾਂਦੀ ਹੈ ਤਾਂ ਉਸ ਸਮੇਂ ਜੋ ਅਲਫਾਜ਼ ਅਮਿਤਾਭ ਨੇ ਆਖੇ ਤਾਂ ਉਨ੍ਹਾਂ ਅਲਫਾਜ਼ਾਂ ਨੂੰ ਉਸੇ ਤਰਾਂ ਹੀ ਮੈਂ ਆਪਣੇ ਟਵੀਟ 'ਚ ਲਿਖ ਦਿੱਤਾ। ਸਿਰਸਾ ਨੇ ਕਿਹਾ ਕਿ ਇਸ ਨਾਲ ਕਿਸੀ ਦਾ ਦਿਲ ਦੁਖਿਆ ਹੈ ਤਾਂ ਉਹ ਖਿਮਾ ਯਾਚਨਾ ਕਰਦੇ ਹਨ। ਸਿਰਸਾ ਦੇ ਇਕਰਾਰਨਾਮੇ 'ਤੇ ਇਸੇ ਦੌਰਾਨ ਜਾਗੋ ਪਾਰਟੀ ਦੇ ਪ੍ਰਧਾਨ ਮਨਜੀਤ ਸਿੰਘ ਜੀ.ਕੇ. ਨੇ ਇਸ ਮਾਮਲੇ ਵਿਚ ਕਮੇਟੀ ਪ੍ਰਬੰਧਕਾਂ ਦੀ ਸ਼ਿਕਾਇਤ ਅਕਾਲ ਤਖ਼ਤ ਸਾਹਿਬ 'ਤੇ ਕੀਤੀ ਹੈ।

# ਮਾਮਲਾ ਨਾਰਦਾ ਸਟਿੰਗ ਅਪ੍ਰੇਸ਼ਨ ਦੌਰਾਨ ਕੈਮਰੇ ’ਤੇ ਰਿਸ਼ਵਤ ਲੈਂਦਿਆਂ ਦਾ

## ✪ ਸੀਬੀਆਈ ਵੱਲੋਂ ਤ੍ਰਿਣਮੂਲ ਆਗੂਆਂ ਦੀ ਗ੍ਰਿਫ਼ਤਾਰੀ ਤੋਂ ਬੰਗਾਲ ’ਚ ਮਾਹੌਲ ਭਖਿਆ ✪ ਸੀਬੀਆਈ ਅਦਾਲਤ ਵੱਲੋਂ ਦਿੱਤੀ ਜ਼ਮਾਨਤ ’ਤੇ ਕਲਕੱਤਾ ਹਾਈ ਕੋਰਟ ਨੇ ਲਾਈ ਰੋਕ ✪ ਮਮਤਾ ਬੈਨਰਜੀ ਨੇ ਆਗੂਆਂ ਦੀ ਰਿਹਾਈ ਲਈ ਸੀਬੀਆਈ ਦੇ ਦਫ਼ਤਰ ਬਾਹਰ ਦਿੱਤਾ ਸੀ ਧਰਨਾ ✪ ਸ਼ੁਵੇਂਦੂ ਅਧਿਕਾਰੀ ਤੇ ਮੁਕੁਲ ਰੌਏ ਖ਼ਿਲਾਫ਼ ਕਾਰਵਾਈ ਨਾ ਹੋਣ ’ਤੇ ਉੱਠੇ ਸੁਆਲ

**ਨਵੀਂ ਦਿੱਲੀ/ਏ.ਟੀ.ਨਿਊਜ਼ :** ਵਿਧਾਨ ਸਭਾ ਚੋਣਾਂ ਦੇ ਨਤੀਜਿਆਂ ਤੋਂ ਬਾਅਦ ਪੱਛਮੀ ਬੰਗਾਲ ਵਿਚ ਕੇਂਦਰ ਸਰਕਾਰ ਅਤੇ ਸੂਬਾ ਸਰਕਾਰ ਦਰਮਿਆਨ ਟਕਰਾਅ ਵਧਦਾ ਦਿਖਾਈ ਦੇ ਰਿਹਾ ਹੈ। ਚੋਣਾਂ ਤੋਂ ਬਾਅਦ ਕੋਰੋਨਾ ਨਾਲ ਲੜਨ ਦੀ ਬਜਾਇ ਭਾਰਤੀ ਜਨਤਾ ਪਾਰਟੀ ਅਤੇ ਤ੍ਰਿਣਮੂਲ ਕਾਂਗਰਸ ਦੇ ਦਰਮਿਆਨ ਸਿਆਸੀ ਜੰਗ ਤੇਜ਼ ਹੋ ਗਈ ਹੈ।

ਨਾਰਦਾ ਸਟਿੰਗ ਮਾਮਲੇ ’ਚ ਕੇਂਦਰੀ ਜਾਂਚ ਬਿਊਰੋ ਨੇ ਤ੍ਰਿਣਮੂਲ ਕਾਂਗਰਸ ਦੇ ਤਿੰਨ ਵਿਧਾਇਕਾਂ ਤੇ ਪਾਰਟੀ ਦੇ ਇੱਕ ਸਾਬਕਾ ਨੇਤਾ ਨੂੰ ਗ੍ਰਿਫ਼ਤਾਰ ਕੀਤੇ ਜਾਣ ਤੋਂ ਬਾਅਦ ਪੱਛਮੀ ਬੰਗਾਲ ’ਚ ਸਿਆਸੀ ਮਾਹੌਲ ਭਖ਼ ਗਿਆ। ਪਾਰਟੀ ਆਗੂਆਂ ਨੂੰ ਗ੍ਰਿਫ਼ਤਾਰ ਕੀਤੇ ਜਾਣ ਤੋਂ ਰੋਹ ’ਚ ਆਏ ਪਾਰਟੀ ਵਰਕਰਾਂ ਨੇ ਸੂਬੇ ਭਰ ’ਚ ਸੀਬੀਆਈ ਤੇ ਕੇਂਦਰ ਦੀ ਭਾਜਪਾ ਸਰਕਾਰ ਖ਼ਿਲਾਫ਼ ਰੋਸ ਮੁਜ਼ਾਹਰੇ ਕੀਤੇ ਅਤੇ ਪਾਰਟੀ ਮੁਖੀ ਤੇ ਮੁੱਖ ਮੰਤਰੀ ਮਮਤਾ ਬੈਨਰਜੀ ਨੇ ਪਾਰਟੀ ਦੇ ਹੋਰ ਸਮਰਥਕਾਂ ਸਮੇਤ ਨਿਜ਼ਾਮ ਪੈਲੇਸ ਸਥਿਤ ਸੀਬੀਆਈ ਦੇ ਦਫ਼ਤਰ ਪਹੁੰਚ ਕੇ ਧਰਨਾ ਦੇ ਦਿੱਤਾ ਤੇ ਪਾਰਟੀ ਆਗੂਆਂ ਨੂੰ ਰਿਹਾਅ ਕਰਨ ਦੀ ਮੰਗ ਕੀਤੀ।ਮਮਤਾ ਦਾ ਦੋਸ਼ ਹੈ ਕਿ ਕੇਂਦਰ ਸਰਕਾਰ ਸਾਰੇ ਕਾਇਦੇ ਕਾਨੂੰਨਾਂ ਨੂੰ ਛਿੱਕੇ ਟੰਗ ਕੇ ਸੀਬੀਆਈ ਨੂੰ ਕਠਪੁਤਲੀ ਦੀ ਤਰਾਂ ਵਰਤ ਰਹੀ ਹੈ। ਪੱਛਮੀ ਬੰਗਾਲ ਦੇ ਰਾਜਪਾਲ ਨੇ ਮਮਤਾ ਉੱਤੇ ਸੰਵਿਧਾਨਕ ਪ੍ਰੋਟੋਕੋਲ ਨੂੰ ਤੋੜਨ ਦਾ ਦੋਸ਼ ਲਗਾਇਆ ਹੈ। ਇਸ ਮਗਰੋਂ ਸੀਬੀਆਈ ਵੱਲੋਂ ਚਾਰਾਂ ਆਗੂਆਂ ਨੂੰ ਵਿਸ਼ੇਸ਼ ਸੀਬੀਆਈ ਅਦਾਲਤ ’ਚ ਪੇਸ਼ ਕੀਤਾ ਗਿਆ ਜਿੱਥੋਂ ਉਨਾਂ ਨੂੰ ਜ਼ਮਾਨਤ ’ਤੇ ਰਿਹਾਅ ਕਰ ਦਿੱਤਾ ਗਿਆ ਪਰ ਇਸ ਤੋਂ ਬਾਅਦ ਕਲਕੱਤਾ ਹਾਈ ਕੋਰਟ ਵੱਲੋਂ ਇਹ ਜ਼ਮਾਨਤ ਰੱਦ ਕਰ ਦਿੱਤੀ ਗਈ। ਇਸੇ ਦੌਰਾਨ ਟੀਐੱਮਸੀ ਆਗੂਆਂ ਨੇ ਦੋਸ਼ ਲਾਇਆ ਕਿ ਇਸ ਮਾਮਲੇ ’ਚ ਟੀਐੱਮਸੀ ਛੱਡ ਕੇ ਭਾਜਪਾ ’ਚ ਸ਼ਾਮਲ ਹੋਏ ਸ਼ੁਵੇਂਦੂ ਅਧਿਕਾਰੀ ਤੇ ਮੁਕੁਲ ਰੌਏ ਖ਼ਿਲਾਫ਼ ਕੋਈ ਕਾਰਵਾਈ ਨਹੀਂ ਕੀਤੀ ਗਈ ਜਦਕਿ ਉਨਾਂ ਦੋਵਾਂ ਦੇ ਨਾਂ ਵੀ ਇਸ ਮਾਮਲੇ ’ਚ ਸਾਹਮਣੇ ਆਏ ਸਨ। ਕੇਂਦਰੀ ਜਾਂਚ ਏਜੰਸੀ ਨੇ ਇਸ ਮਾਮਲੇ ’ਚ ਤ੍ਰਿਣਮੂਲ ਕਾਂਗਰਸ ਦੇ ਨੇਤਾ ਫਰਹਾਦ ਹਕੀਮ, ਸੁਬ੍ਰਤ ਮੁਖਰਜੀ ਤੇ ਮਦਨ ਮਿੱਤਰਾ ਦੇ ਨਾਲ ਪਾਰਟੀ ਦੇ ਸਾਬਕਾ ਆਗੂ ਸੋਵਨ ਚੈਟਰਜੀ ਨੂੰ ਕੋਲਕਾਤਾ ਤੋਂ ਗ੍ਰਿਫ਼ਤਾਰ ਕੀਤਾ। ਉਨਾਂ ਦੱਸਿਆ ਕਿ ਇਹ ਚਾਰੋਂ ਨੇਤਾ 2014 ’ਚ ਕਥਿਤ ਅਪਰਾਧ ਦੌਰਾਨ ਮੰਤਰੀ ਸਨ। ਆਈਪੀਐੱਸ ਅਧਿਕਾਰੀ ਐੱਸਐੱਮਐੱਚ ਮੀਰਜ਼ਾ ਇਸ ਮਾਮਲੇ ’ਚ ਪੰਜਵੇਂ ਮੁਲਜ਼ਮ ਹਨ ਤੇ ਫਿਲਹਾਲ ਜ਼ਮਾਨਤ ’ਤੇ ਹਨ। ਦਿੱਲੀ ’ਚ ਸੀਬੀਆਈ ਦੇ ਬੁਲਾਰੇ ਆਰਸੀ ਜੋਸ਼ੀ ਨੇ ਕਿਹਾ, ‘ਸੀਬੀਆਈ ਨੇ ਪੱਛਮੀ ਬੰਗਾਲ ਸਰਕਾਰ ’ਚ ਮੰਤਰੀ ਰਹੇ ਚਾਰ (ਸਾਬਕਾ) ਮੰਤਰੀਆਂ ਨੂੰ ਨਾਰਦਾ ਸਟਿੰਗ ਆਪਰੇਸ਼ਨ ਮਾਮਲੇ ’ਚ ਗ੍ਰਿਫ਼ਤਾਰ ਕੀਤਾ ਹੈ। ਦੋਸ਼ ਹੈ ਕਿ ਇਨਾਂ ਲੋਕ ਆਗੂਆਂ ਨੂੰ ਸਟਿੰਗ ਅਪ੍ਰੇਸ਼ਨ ਦੌਰਾਨ ਕੈਮਰੇ ’ਤੇ ਗ਼ੈਰਕਾਨੂੰਨੀ ਢੰਗ ਨਾਲ ਪੈਸੇ ਲੈਂਦਿਆਂ ਫੜਿਆ ਗਿਆ ਸੀ।’ ਸੀਬੀਆਈ ਨੇ ਹਕੀਮ, ਮੁਖਰਜੀ, ਮਿੱਤਰਾ ਤੇ ਚੈਟਰਜੀ ਖ਼ਿਲਾਫ਼ ਕੇਸ ਚਲਾਉਣ ਦੀ ਮਨਜ਼ੂਰੀ ਲਈ ਪੱਛਮੀ ਬੰਗਾਲ ਦੇ ਰਾਜਪਾਲ ਜਗਦੀਪ ਧਨਖੜ ਨਾਲ ਸੰਪਰਕ ਕੀਤਾ ਸੀ। ਉਨਾਂ ਦੱਸਿਆ ਕਿ ਧਨਖੜ ਨੇ ਸੱਤ ਮਈ ਨੂੰ ਚਾਰਾਂ ਆਗੂਆਂ ਖ਼ਿਲਾਫ਼ ਮੁਕੱਦਮਾ ਚਲਾਉਣ ਦੀ ਮਨਜ਼ੂਰੀ ਦਿੱਤੀ ਸੀ ਜਿਸ ਤੋਂ ਬਾਅਦ ਸੀਬੀਆਈ ਨੇ ਆਪਣੇ ਦੋਸ਼ ਪੱਤਰ ਨੂੰ ਅੰਤਿਮ ਰੂਪ ਦਿੱਤਾ ਤੇ ਉਨਾਂ ਨੂੰ ਗ੍ਰਿਫ਼ਤਾਰ ਕਰ ਲਿਆ। ਸੀਬੀਆਈ ਵੱਲੋਂ ਟੀਐੱਮਸੀ ਆਗੂਆਂ ਨੂੰ ਗ੍ਰਿਫ਼ਤਾਰ ਕੀਤੇ ਜਾਣ ਤੋਂ ਤੁਰੰਤ ਬਾਅਦ ਪੱਛਮੀ ਬੰਗਾਲ ਦੀ ਮੁੱਖ ਮੰਤਰੀ ਮਮਤਾ ਬੈਨਰਜੀ ਕੋਲਕਾਤਾ ਦੇ ਨਿਜ਼ਾਮ ਪੈਲੇਸ ਸਥਿਤ ਸੀਬੀਆਈ ਦੇ ਦਫ਼ਤਰ ਪਹੁੰਚੀ ਅਤੇ ਟੀਐੱਮਸੀ ਆਗੂਆਂ ਨੂੰ ਰਿਹਾਅ ਕਰਨ ਦੀ ਮੰਗ ਕੀਤੀ। ਸੀਬੀਆਈ ਦੇ ਸੂਤਰਾਂ ਨੇ ਦੱਸਿਆ ਕਿ ਬੈਨਰਜੀ ਦੀ ਕਾਰਵਾਈ ਕਲਕੱਤਾ ਹਾਈ ਕੋਰਟ ਦੇ ਫ਼ੈਸਲੇ ’ਚ ਦਖਲ ਦੇ ਬਰਾਬਰ ਹੈ ਜਿਸ ਨੇ ਇਸ ਮਾਮਲੇ ਦੀ ਜਾਂਚ ਦਾ ਜ਼ਿੰਮਾ ਸੀਬੀਆਈ ਨੂੰ ਸੌਂਪਿਆ ਹੈ। ਨਾਰਦਾ ਰਿਸ਼ਵਤ ਮਾਮਲਾ 2014 ਦਾ ਹੈ ਜਦੋਂ ਦਿੱਲੀ ਤੋਂ ਗਏ ਇਕ ਪੱਤਰਕਾਰ ਨੇ ਫਰਜ਼ੀ ਕੰਪਨੀ ਬਣਾ ਕੇ ਤਤਕਾਲੀ ਮੰਤਰੀਆਂ, ਵਿਧਾਇਕਾਂ ਅਤੇ ਪੁਲਿਸ ਅਧਿਕਾਰੀਆਂ ਨੂੰ ਪੈਸਾ ਦੇਣ ਦਾ ਸਟਿੰਗ ਅਪ੍ਰੇਸ਼ਨ ਕੀਤਾ ਸੀ। ਇਸ ਨੂੰ 2016 ਦੀਆਂ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਜਨਤਕ ਕੀਤਾ ਗਿਆ। ਮੀਟਿੰਗ ਵਿਚ ਜਿਹੜੇ ਸਿਆਸੀ ਆਗੂ ਪੈਸੇ ਲੈਂਦੇ ਦਿਖਾਈ ਦਿੱਤੇ ਸਨ, ਉਨਾਂ ਵਿਚ ਹੁਣ ਗ੍ਰਿਫ਼ਤਾਰ ਕੀਤੇ ਚਾਰਾਂ ਆਗੂਆਂ ਦੇ ਨਾਲ ਨਾਲ ਭਾਜਪਾ ਵਿਚ ਸ਼ਾਮਿਲ ਹੋਏ ਸਵੇਂਦੂ ਅਧਿਕਾਰੀ ਅਤੇ ਮੁਕੁਲ ਰੌਏ ਵੀ ਸ਼ਾਮਿਲ ਸਨ। ਸਵੇਂਦੂ ਅਧਿਕਾਰੀ ਹੁਣ ਵਿਧਾਨ ਸਭਾ ਵਿਚ ਭਾਜਪਾ ਦਾ ਆਗੂ ਹੈ। ਵਿਧਾਨ ਸਭਾ ਦੇ ਸਪੀਕਰ ਬਿਮਨ ਬੰਦੋਪਾਧਿਆਏ ਦਾ ਕਹਿਣਾ ਹੈ ਕਿ ਕਿਸੇ ਵਿਧਾਇਕ ਨੂੰ ਗ੍ਰਿਫ਼ਤਾਰ ਕਰਨ ਤੋ ਪਹਿਲਾਂ ਵਿਧਾਨ ਸਭਾ ਦੇ ਸਪੀਕਰ ਨੂੰ ਸੂਚਿਤ ਕਰਨਾ ਅਤੇ ਮਨਜ਼ੂਰੀ ਲੈਣਾ ਜ਼ਰੂਰੀ ਹੈ। ਸੀਬੀਆਈ ਅਨੁਸਾਰ ਉਸ ਨੇ ਰਾਜਪਾਲ ਤੋਂ ਮਨਜ਼ੂਰੀ ਲਈ ਹੈ। ਰਾਜਪਾਲ ਨੇ ਇਸ ਮੁੱਦੇ ਉੱਤੇ ਮੁੱਖ ਮੰਤਰੀ ਨੂੰ ਵੀ ਭਰੋਸੇ ਵਿਚ ਨਹੀਂ ਲਿਆ। ਰਾਜਪਾਲ ਦੀਆਂ ਤਾਕਤਾਂ ਬਾਰੇ ਸੰਵਿਧਾਨ ਦੀ ਧਾਰਾ 163 ਸਦਾ ਵਾਦ-ਵਿਵਾਦ ਦੇ ਘੇਰੇ ਵਿਚ ਰਹੀ ਹੈ।ਇਸੇ ਦੌਰਾਨ ਸੂਬੇ ਦੀ ਮੰਤਰੀ ਤੇ ਪੱਛਮੀ ਬੰਗਾਲ ਮਹਿਲਾ ਤ੍ਰਿਣਮੂਲ ਕਾਂਗਰਸ ਦੀ ਪ੍ਰਧਾਨ ਚੰਦਰਿਮਾ ਭੱਟਾਚਾਰੀਆ ਨੇ ਪਾਰਟੀ ਵੱਲੋਂ ਕੋਲਕਾਤਾ ਦੇ ਪੁਲੀਸ ਕਮਿਸ਼ਨਰ ਸੌਮਿਨ ਮਿੱਤਰਾ ਨੂੰ ਪੱਤਰ ਲਿਖ ਕੇ ਸੀਬੀਆਈ ਦੇ ਅਧਿਕਾਰੀਆਂ ਖ਼ਿਲਾਫ਼ ਕਾਨੂੰਨ ਅਨੁਸਾਰ ਬਣਦੀ ਕਾਰਵਾਈ ਕਰਨ ਨੂੰ ਕਿਹਾ ਹੈ। ਮੁੱਖ ਮੰਤਰੀ ਤੋਂ ਇਲਾਵਾ ਚੈਟਰਜੀ ਦੀ ਪਤਨੀ ਦੇ ਮੌਜੂਦਾ ਟੀਐੱਮਸੀ ਵਿਧਾਇਕ ਰਤਨਾ, ਹਕੀਮ ਦੀ ਧੀ ਅਤੇ ਟੀਐੱਮਸੀ ਦੇ ਹੋਰ ਆਗੂ ਵੀ ਮੌਕੇ ’ਤੇ ਪਹੁੰਚੇ। ਇਸ ਮਗਰੋਂ ਟੀਐੱਮਸੀ ਦੇ ਗ੍ਰਿਫ਼ਤਾਰ ਕੀਤੇ ਚਾਰੇ ਆਗੂਆਂ ਨੂੰ ਸੀਬੀਆਈ ਦੀ ਵਿਸ਼ੇਸ਼ ਅਦਾਲਤ ਨੇ ਜ਼ਮਾਨਤ ਦੇ ਦਿੱਤੀ ਪਰ ਸੀਬੀਆਈ ਨੇ ਕਲਕੱਤਾ ਹਾਈ ਕੋਰਟ ’ਚ ਪਹੁੰਚ ਕੀਤੀ ਜਿਸ ਮਗਰੋਂ ਹਾਈ ਕੋਰਟ ਨੇ ਚਾਰਾਂ ਆਗੂਆਂ ਦੀ ਜ਼ਮਾਨਤ ’ਤੇ ਰੋਕ ਲਗਾ ਦਿੱਤੀ ਹੈ।



**ਸਿਆਸੀ ਮਾਹਿਰਾਂ ਦਾ ਮੰਨਣਾ ਹੈ ਕਿ ਰਿਸ਼ਵਤਖ਼ੋਰੀ, ਸ਼ਾਸਨ ਤੇ ਪ੍ਰਸ਼ਾਸਨ ਦੇ ਹਰ ਪੱਧਰ ’ਤੇ ਫੈਲੀ ਹੋਈ ਹੈ। ਇਸ ਦੇ ਖ਼ਿਲਾਫ਼ ਕਾਰਵਾਈ ਕੀਤੀ ਜਾਣੀ ਜ਼ਰੂਰੀ ਹੈ ਪਰ ਚੋਣਵੇਂ ਰੂਪ ਵਿਚ ਕਾਰਵਾਈ ਕਰਨ ਪਿੱਛੇ ਭ੍ਰਿਸ਼ਟਾਚਾਰ ਰੋਕਣ ਨਾਲੋਂ ਸਿਆਸੀ ਲਾਹਾ ਲੈਣ ਦੀ ਨੀਅਤ ਜ਼ਿਆਦਾ ਦਿਖਾਈ ਦਿੰਦੀ ਹੈ। ਭਾਜਪਾ ਆਪਣੇ ਏਜੰਡੇ ਨੂੰ ਹਰ ਹਾਲ ਵਿਚ ਲਾਗੂ ਕਰਨ ਦੇ ਮਕਸਦ ਨਾਲ ਤਾਕਤਾਂ ਦੇ ਕੇਂਦਰੀਕਰਨ ਨੂੰ ਜ਼ੋਰ-ਸ਼ੋਰ ਨਾਲ ਅੱਗੇ ਵਧਾ ਰਹੀ ਹੈ। ਕਿਸੇ ਸੂਬੇ ਵਿਚ ਸੂਬਾ ਸਰਕਾਰ ਨੂੰ ਦੱਸੇ ਬ.ਗੈਰ ਕੇਂਦਰੀ ਸੁਰੱਖਿਆ ਬਲਾਂ ਦੀ ਸਹਾਇਤਾ ਨਾਲ ਗ੍ਰਿਫ਼ਤਾਰੀਆਂ ਕਰਨੀਆਂ .ਗੈਰ-ਕਾਨੂੰਨੀ ਤੇ ਅਸੰਵਿਧਾਨਕ ਹਨ। ਅਜਿਹੀਆਂ ਕਾਰਵਾਈਆਂ ਸੂਬੇ ਵਿਚ ਸੰਵਿਧਾਨਕ ਸੰਕਟ ਖੜਾ ਕਰ ਸਕਦੀਆਂ ਹਨ। ਕੇਂਦਰ ਸਰਕਾਰ ਨੂੰ ਅਜਿਹੀਆਂ ਕਾਰਵਾਈਆਂ ਤੋਂ ਗੁਰੇਜ਼ ਕਰਨਾ ਚਾਹੀਦਾ ਹੈ।**

**ਟੀਐੱਮਸੀ ਆਗੂਆਂ ਦੀ ਗ੍ਰਿਫ਼ਤਾਰੀ ਖ਼ਿਲਾਫ਼ ਬੰਗਾਲ ਭਰ ’ਚ ਮੁਜ਼ਾਹਰੇ**

ਨਾਰਦਾ ਸਟਿੰਗ ਮਾਮਲੇ ’ਚ ਸੀਬੀਆਈ ਵੱਲੋਂ ਟੀਐੱਮਸੀ ਆਗੂਆਂ ਨੂੰ ਗ੍ਰਿਫ਼ਤਾਰ ਕੀਤੇ ਜਾਣ ਦੇ ਵਿਰੋਧ ’ਚ ਤ੍ਰਿਣਮੂਲ ਕਾਂਗਰਸ ਦੇ ਸੈਂਕੜੇ ਵਰਕਰਾਂ ਨੇ ਕੋਲਕਾਤਾ ਸਮੇਤ ਸੂਬੇ ਦੀਆਂ ਹੋਰਨਾਂ ਥਾਵਾਂ ’ਤੇ ਰੋਸ ਰੈਲੀਆਂ ਕੀਤੀਆਂ। ਵੱਡੀ ਗਿਣਤੀ ’ਚ ਟੀਐੱਮਸੀ ਵਰਕਰਾਂ ਨੇ ਇੱਥੇ ਸੀਬੀਆਈ ਦਫ਼ਤਰ ਅਤੇ ਰਾਜਭਵਨ ਦੇ ਬਾਹਰ ਰੋਸ ਮੁਜ਼ਾਹਰਾ ਕੀਤਾ ਜਿਨਾਂ ਨੂੰ ਹਟਾਉਣ ਲਈ ਵੱਡੀ ਗਿਣਤੀ ’ਚ ਪੁਲੀਸ ਮੌਕੇ ’ਤੇ ਪਹੁੰਚੀ। ਟੀਐੱਮਸੀ ਆਗੂਆਂ ਦੀ ਗ੍ਰਿਫ਼ਤਾਰੀ ਖ਼ਿਲਾਫ਼ ਪਾਰਟੀ ਵਰਕਰਾਂ ਨੇ ਇੱਥੇ ਝੰਡੇ ਲਹਿਰਾਏ ਅਤੇ ਸੀਬੀਆਈ ਤੇ ਕੇਂਦਰ ਦੀ ਭਾਜਪਾ ਸਰਕਾਰ ਖ਼ਿਲਾਫ਼ ਨਾਅਰੇ ਮਾਰੇ। ਉਨਾਂ ਰਾਜਭਵਨ ਦੇ ਬਾਹਰ ਰਾਜਪਾਲ ਜਗਦੀਪ ਧਨਖੜ ਖ਼ਿਲਾਫ਼ ਵੀ ਨਾਅਰੇਬਾਜ਼ੀ ਕੀਤੀ ਜਿਨਾਂ ਚਾਰਾਂ ਆਗੂਆਂ ਖ਼ਿਲਾਫ਼ ਮੁਕੱਦਮਾ ਚਲਾਉਣ ਦੀ ਮਨਜ਼ੂਰੀ ਦਿੱਤੀ ਸੀ। ਟੀਐੱਮਸੀ ਵਰਕਰਾਂ ਨੇ ਨਿਜ਼ਾਮ ਪੈਲੇਸ ਸਥਿਤ ਸੀਬੀਆਈ ਦਫ਼ਤਰ ਦੇ ਮੁੱਖ ਗੇਟ ਅੱਗੇ ਲੱਗੀਆਂ ਰੋਕਾਂ ਤੋੜ ਦਿੱਤੀਆਂ ਤੇ ਕੇਂਦਰੀ ਗ੍ਰਿਹ ਮੰਤਰੀ ਅਮਿਤ ਸ਼ਾਹ ਤੇ ਪ੍ਰਧਾਨ ਮੰਤਰੀ ਮੋਦੀ ਖ਼ਿਲਾਫ਼ ਨਾਰੇਬਾਜ਼ੀ ਕੀਤੀ। ਕੁਝ ਮੁਜ਼ਾਹਰਾਕਾਰੀਆਂ ਨੇ ਇੱਥੇ ਤਾਇਨਾਤ ਸੁਰੱਖਿਆ ਮੁਲਾਜ਼ਮਾਂ ’ਤੇ ਪਥਰਾਅ ਕੀਤਾ ਅਤੇ ਪਲਾਸਟਿਕ ਦੀਆਂ ਬੋਤਲਾਂ ਵੀ ਸੁੱਟੀਆਂ। ਇਸ ਤੋਂ ਇਲਾਵਾ ਹੁਗਲੀ ਜ਼ਿਲੇ ਦੇ ਆਰਾਮਬਾਗ ਤੇ ਉੱਤਰ 24 ਪਰਗਨਾ ਦੇ ਕਮਾਰਹਾਟੀ ਸਮੇਤ ਹੋਰਨਾਂ ਇਲਾਕਿਆਂ ’ਚ ਮੁਜ਼ਾਹਰਾਕਾਰੀਆਂ ਨੇ ਟਾਇਰ ਸਾੜੇ, ਸੜਕਾਂ ਜਾਮ ਕੀਤੀਆਂ ਤੇ ਪਾਰਟੀ ਆਗੂਆਂ ਨੂੰ ਤੁਰੰਤ ਰਿਹਾਅ ਕਰਨ ਦੀ ਮੰਗ ਕੀਤੀ। ਟੀਐੱਮਸੀ ਦੀ ਨੌਜਵਾਨ ਇਕਾਈ ਦੇ ਪ੍ਰਧਾਨ ਤੇ ਪਾਰਟੀ ਦੇ ਸੰਸਦ ਮੈਂਬਰ ਅਭਿਸ਼ੇਕ ਬੈਨਰਜੀ ਨੇ ਮੁਜ਼ਾਹਰਾਕਾਰੀਆਂ ਨੂੰ ਨਿਆਂਪਾਲਿਕਾ ’ਚ ਭਰੋਸਾ ਰੱਖਣ ਦੀ ਅਪੀਲ ਕੀਤੀ। ਉਨਾਂ ਟਵੀਟ ਕੀਤਾ, ‘ਮੈਂ ਸਾਰਿਆਂ ਨੂੰ ਕਾਨੂੰਨ ਦਾ ਪਾਲਣ ਕਰਨ ਦੀ ਅਪੀਲ ਕਰਦਾ ਹਾਂ ਅਤੇ ਪੱਛਮੀ ਬੰਗਾਲ ਤੇ ਉਸ ਦੀ ਜਨਤਾ ਦੇ ਹਿੱਤ ’ਚ ਲਾਕਡਾਊਨ ਦੇ ਨਿਯਮਾਂ ਦੀ ਉਲੰਘਣਾ ਕਰਨ ਵਾਲੀ ਕਿਸੇ ਵੀ ਗਤੀਵਿਧੀ ਤੋਂ ਬਚਣ ਦੀ ਅਪੀਲ ਕਰਦਾ ਹਾਂ।




# ਜੰਗ ਸਰਹਿੰਦ

## 12 ਮਈ 1710



**ਪ੍ਰਮਿੰਦਰ ਸਿੰਘ ਪ੍ਰਵਾਨਾ,**
**510-415-9377**

ਸਿੱਖ ਧਰਮ ਦੀ ਨੀਂਹ ਸਤ ਤੇ ਰੱਖੀ ਗਈ ਹੈ, ਜਿਸ ਵਿਚ ਮਨੁੱਖਤਾ ਦੀ ਬਰਾਬਰੀ ਦਾ ਸੰਦੇਸ਼ ਹੈ। ਸਾਵੀਂ-ਪੱਧਰੀ ਜੀਵਨ ਜਾਚ ਵਿਚ ਕ੍ਰਿਤ ਕਰੋ, ਨਾਮ ਜਪੋ ਅਤੇ ਵੰਡ ਕੇ ਛਕੋ ਦਾ ਸਿਧਾਂਤ ਹੈ। ਸਿੱਖ ਗੁਰੂਆਂ ਦੇ ਸੱਚੇ ਉਪਦੇਸ਼ ਸਰਵਣ ਕਰਕੇ, ਦੂਸਰੇ ਧਰਮਾਂ ਦੇ ਲੋਕ ਸਵੈ-ਇੱਛਿਆ ਨਾਲ ਸਿੱਖ ਧਰਮ ਨਾਲ ਜੁੜਦੇ ਗਏ। ਸੰਗਤ ਪੰਗਤ ਵਿਚ ਬੈਠ ਕੇ ਸਾਂਝੇ ਲੰਗਰ ਛਕਦਾ, ਬਰਾਬਰਤਾ ਸਮਾਜਿਕ ਅਤੇ ਧਾਰਮਿਕ ਇਨਕਲਾਬ ਸੀ। ਜਿਸ ਵਿਚ ਪ੍ਰਚੱਲਤ ਝੂਠੇ ਕਰਮਕਾਂਡਾਂ, ਬੇਲੋੜੀ ਰੀਤੀ ਰਿਵਾਜਾਂ ਦਾ ਖੰਡਨ ਕਰਕੇ ਸਮਾਜ ਨੂੰ ਇਕ ਸੱਚੇ ਮਾਰਗ ਵਿਚ ਪ੍ਰਮਾਤਮਾ ਵੱਲ ਤੋਰਿਆ। ਮਨੁੱਖ ਨੂੰ ਨਿਰਭਉ ਨਿਰਵੈਰ ਬਣਾ ਕੇ ਸੱਚ ਲਈ ਜੂਝ ਮਰਨ ਲਈ ਤਿਆਰ ਕਰਨਾ ਸੀ। ਧਰਮ ਅਤੇ ਰਾਜਨੀਤੀ ਨੂੰ ਇਕ ਕਰ ਜੋੜਿਆ। ਸਮਾਜਿਕ ਰਾਜਨੀਤਕ ਅਤੇ ਧਾਰਮਿਕ ਚੇਤਨਾ ਵਿਚੋਂ ਨਰੋਆ ਸਮਾਜ ਉਸਾਰਨਾ ਸੀ। ਗੁਰੂ ਗੋਬਿੰਦ ਸਿੰਘ ਜੀ ਨੇ 1699 ਦੀ ਵਿਸਾਖੀ ਤੇ ਖ਼ਾਲਸਾ ਸਾਜ ਕੇ ਭਾਈਚਾਰੇ ਨੂੰ ਜਥੇਬੰਦ ਕੀਤਾ। ਸਵੈ ਮਾਣ ਅਤੇ ਸਵੈ ਰੱਖਿਆ ਦਾ ਐਲਾਨ ਕੀਤਾ। ਗੁਰੂ ਸਾਹਿਬ ਜੀ ਨੇ ਜ਼ੁਲਮ ਵਿਰੁਧ ਡਟਣ ਲਈ ਫੌਜੀ ਖਾਲਸਾ ਤਿਆਰ ਕੀਤਾ। ਮੁਗਲ ਸਾਮਰਾਜ ਦੇ ਜ਼ੁਲਮਾਂ ਦਾ ਟਾਕਰਾ ਕਰਦਿਆਂ ਬੇਸ਼ੁਮਾਰ ਲਾਸਾਨੀ ਸ਼ਹੀਦੀਆਂ ਹੋਈਆਂ। ਇਥੋਂ ਤੱਕ ਕਿ ਗੁਰੂ ਸਾਹਿਬ ਜੀ ਨੇ ਆਪਣਾ ਸਾਰਾ ਸਰਬੰਸ ਖ਼ਾਲਸਾ ਪੰਥ ਲਈ ਵਾਰ ਦਿੱਤਾ। ਗੁਰੂ ਸਾਹਿਬ ਜੀ ਨੇ ਜੋਤੀ ਜੋਤ ਸਮਾਉਣ ਤੋਂ ਪਹਿਲਾਂ ਬਾਬਾ ਬੰਦਾ ਸਿੰਘ ਬਹਾਦਰ ਨੂੰ ਪੰਥ ਦੀ ਅਗਵਾਈ ਕਰਨ ਲਈ ਨਿਯੁਕਤ ਕਰ ਲਿਆ ਸੀ।

ਬਾਬਾ ਬੰਦਾ ਸਿੰਘ ਬਹਾਦਰ ਸਿੱਖ ਪੰਥ ਦੇ ਇਤਿਹਾਸ ਵਿਚ ਇਕ ਜ਼ਾਂਬਾਜ ਯੋਧਾ ਹੋਇਆ ਹੈ। ਉਸ ਨੇ ਫਿਰ ਤੋਂ ਖ਼ਾਲਸਾ ਫੌਜ ਨੂੰ ਬਕਾਇਆ ਜੁਝਾਰੂ ਰੂਪ ਦਿੱਤਾ। ਉਨਾਂ ਦੀ ਅਗਵਾਈ ਹੇਠ ਇਕ ਬਹਾਦਰ ਸਿੱਖ ਕੌਮ ਉਭਰ ਕੇ ਆਈ। ਮੁਗਲਾਂ ਵਿਰੁਧ ਹਥਿਆਰ ਚੁੱਕਣ ਵਾਲੇ ਇਸ ਜਾਂਬਾਜ ਜਰਨੈਲ ਦਾ ਜਨਮ 16 ਅਕਤੂਬਰ 1670 ਨੂੰ ਜੰਮੂ ਕਸ਼ਮੀਰ ਦੇ ਪੁਣਛ ਜ਼ਿਲੇ ਦੇ ਪਿੰਡ ਰਜੌਰੀ ਵਿਖੇ ਕਿਸਾਨ ਰਾਮਦੇਵ ਜੀ ਦੇ ਘਰ ਹੋਇਆ। ਬਚਪਨ ਦਾ ਨਾਉਂ ਲਛਮਣ ਦਾਸ ਸੀ। ਉਨਾਂ ਕੋਲ ਦੁਨਿਆਵੀ ਹਿਸਾਬੀ ਵਿਦਿਆ ਨਹੀਂ ਸੀ। ਉਸ ਸਮੇਂ ਦੇ ਨੌਜਵਾਨਾਂ ਵਿਚ ਸ਼ਿਕਾਰ ਖੇਡਣ ਅਤੇ ਸ਼ਸਤਰ ਵਿਦਿਆ ਸਿੱਖ ਦਾ ਰੁਝਾਨ ਸੀ। ਇਸੇ ਅਭਿਆਸ ਵਿਚ ਲਛਮਣ ਦਾਸ ਵੀ ਇਕ ਚੰਗਾ ਸ਼ਿਕਾਰੀ, ਨਿਸ਼ਾਨੇਬਾਜ, ਘੋੜਸਵਾਰ ਬਣ ਗਿਆ। ਛੇਤੀ ਹੀ ਉਸ ਨੂੰ ਬੈਰਾਗ ਦੀ ਲਗਨ ਲੱਗੀ ਤੇ 15 ਸਾਲ ਦੀ ਉਮਰ ਵਿਚ ਬੈਰਾਗੀ ਹੋ ਗਿਆ। ਉਸ ਨੇ ਜਾਨਕੀ ਦਾਸ ਪ੍ਰਸਾਦ ਨੂੰ ਆਪਣਾ ਗੁਰੂ ਧਾਰਨ ਕੀਤਾ। ਜਿਨਾਂ ਨੇ ਉਸ ਨੂੰ ਮਾਧੋ ਦਾਸ ਦਾ ਨਾਉਂ ਦਿੱਤਾ। ਉਹ ਸਾਧੂ ਮੰਡਲੀਆਂ ਵਿਚ ਘੁੰਮਦਾ, ਨਾਸਕ ਪੂਜਾ ਅਤੇ ਜੋਗੀ ਔਘੜ ਨਾਥ ਦਾ ਚੇਲਾ ਬਣ ਗਿਆ। ਜਿੱਥੇ ਉਸ ਨੇ ਹਠ, ਯੋਗ ਅਤੇ ਤਾਂਤਰਿਕ ਵਿਦਿਆ ਅਤੇ ਕਰਾਮਾਤਾਂ ਦੇ ਸਾਧਨ ਕਮਾਏ। ਯੋਗੀ ਔਘੜ ਨਾਥ ਮਰਨ ਤੋਂ ਬਾਅਦ ਉਸ ਨੇ ਨਾਂਦੇੜ ਵਿਖੇ ਆਪਣਾ ਰਮਣੀਕ ਸੁੰਦਰ ਟਿਕਾਣਾ ਬਣਾ ਲਿਆ। ਆਪਣੀ ਯੋਗ ਵਿਦਿਆ ਨਾਲ ਉਹ ਲੋਕਾਂ ਨੂੰ ਭਰਮਾਉਣ ਲੱਗਾ ਤੇ ਉਨਾਂ ਦਾ ਮਖੌਲ ਉਡਾਉਂਦਾ। ਮਾਧੋ ਦਾਸ ਦੀਆਂ ਚਲਾਕੀਆਂ ਦੀ ਖ਼ਬਰ ਗੁਰੂ ਸਾਹਿਬ ਜੀ ਨੂੰ ਮਿਲ ਚੁੱਕੀ ਸੀ। ਸਤੰਬਰ 3, 1708 ਨੂੰ ਗੁਰੂ ਸਾਹਿਬ ਜੀ ਮਾਧੋ ਦਾਸ ਨੂੰ ਉਸ ਦੇ ਡੇਰੇ ਵਿਚ ਮਿਲੇ। ਗੁਰੂ ਸਾਹਿਬ ਜੀ ਨੂੰ ਖ਼ਾਲਸਾ ਪੰਥ ਦੀ ਅਗਵਾਈ ਸੌਂਪਣ ਲਈ ਇਕ ਬੰਦੇ ਦੀ ਤਲਾਸ਼ ਸੀ। ਗੁਰੂ ਸਾਹਿਬ ਜੀ ਨੇ ਜਾਣ ਲਿਆ ਸੀ ਕਿ ਉਨਾਂ ਨੂੰ ਬੰਦਾ ਲੱਭ ਗਿਆ ਹੈ।

**ਸਰਹਿੰਦ ਫਤਿਹ ਦਿਵਸ ਦਿਵਸ ਤੇ ਵਿਸ਼ੇਸ਼**

ਗੁਰੂ ਸਾਹਿਬ ਜੀ ਨੇ ਮਾਧੋ ਦਾਸ ਨੂੰ ਖੰਡਾ ਦਾ ਅੰਮ੍ਰਿਤ ਛਕਾਇਆ ਤੇ ਉਸ ਦਾ ਨਾਂ 'ਬੰਦਾ ਸਿੰਘ' ਰੱਖਿਆ। ਜੋ ਆਪਣੀ ਬਹਾਦਰੀ ਸਦਕਾ ਇਤਿਹਾਸ ਵਿਚ ਬੰਦਾ ਸਿੰਘ ਬਹਾਦਰ ਵਜੋਂ ਪ੍ਰਸਿੱਧ ਹੋਇਆ। ਬਾਬਾ ਜੀ ਦੀ ਉਮਰ 38 ਸਾਲ ਸੀ। ਉਨਾਂ ਦੇ ਚਿਹਰੇ ਤੇ ਗੰਭੀਰਤਾ ਵਾਲਾ ਜਲਾਲ ਸੀ। ਸਰੀਰਕ ਪੱਖੋਂ ਭਾਵੇਂ ਸਾਵੇਂ ਸਨ ਪਰ ਅੰਤਾਂ ਦੇ ਫੁਰਤੀਲੇ ਸਨ। ਇਹੀ ਉਨਾਂ ਦੀ ਬਹਾਦਰੀ ਦਾ ਕਰਤਬ ਸੀ। ਉਨਾਂ ਦਾ ਗੁਰੂ ਪ੍ਰਤੀ ਜੀਅ ਜਾਨ ਨਾਲ ਖ਼ਾਲਸਾ ਪੰਥ ਦੀ ਵਾਗਡੋਰ ਸੰਭਾਲੀ ਅਤੇ ਸਿੱਖ ਪੰਥ ਦੀ ਸੇਵਾ ਦਾ ਸੁਭਾਗ ਪ੍ਰਾਪਤ ਹੋਇਆ।

ਗੁਰੂ ਸਾਹਿਬ ਜੀ ਨੇ ਉਨਾਂ ਨੂੰ ਸਿੱਖੀ ਦੇ ਜੰਗੀ ਇਤਿਹਾਸ ਅਤੇ ਸੰਘਰਸ਼ ਤੋਂ ਜਾਣੂ ਕਰਵਾਇਆ। ਉਹ ਮਾਨਸਿਕ ਤੌਰ 'ਤੇ ਆਪਣੇ ਕੌਮੀ ਫਰਜ਼ ਲਈ ਤਿਆਰ ਹੋ ਗਏ। ਗੁਰੂ ਸਾਹਿਬ ਜੀ ਨੇ ਉਪਦੇਸ਼ ਦਿੱਤਾ ਕਿ ਸਿੱਖ ਪੰਥ ਦੀ ਸੇਵਾ ਹੀ ਇਸ ਵੇਲੇ ਪੰਥ ਵਾਸਤੇ ਉੱਤਮ ਕਾਰਜ ਹੈ। ਮੁਗਲ ਸਾਮਰਾਜ ਦੇ ਜ਼ੁਲਮਾਂ ਵਿਰੁਧ ਮਨੁੱਖਤਾ ਦੀ ਭਲਾਈ ਲਈ ਜ਼ੁਲਮ ਦਾ ਨਾਸ਼ ਕਰਨਾ ਹੈ। ਗੁਰੂ ਸਾਹਿਬ ਜੀ ਨੇ ਉਨਾਂ ਨੂੰ ਜਥੇਦਾਰ ਬਣਾ ਕੇ ਪੰਜਾਬ ਵੱਲ ਤੋਰਿਆ। ਉਨਾਂ ਨੂੰ ਸੰਗਤ ਲਈ ਹੁਕਮਨਾਮੇ ਲਿੱਖ ਕੇ ਦਿੱਤੇ ਕਿ ਸੰਗਤਾਂ ਮੁਗਲਾਂ ਵਿਰੁਧ ਜੰਗਾਂ ਵਿਚ ਬਾਬਾ ਜੀ ਦਾ ਸਾਥ ਦੇਣ। ਉਨਾਂ ਨੂੰ ਪੰਜ ਤੀਰ, ਦੋਧਾਰੀ ਖੰਡਾ, ਨਿਸ਼ਾਨ (ਝੰਡਾ), ਨਗਾਰਾ ਅਤੇ ਸਲਾਹਕਾਰ ਵਜੋਂ ਸਿੰਘ ਭੇਜੇ ਜਿਨਾਂ ਵਿਚ ਭਾਈ ਦਯਾ ਸਿੰਘ, ਭਾਈ ਬਿਨੋਦ ਸਿੰਘ, ਭਾਈ ਕਾਹਲ ਸਿੰਘ, ਬਾਬਾ ਬਾਜ ਸਿੰਘ ਤੇ ਭਾਈ ਰਣ ਸਿੰਘ ਸ਼ਾਮਲ ਸਨ। ਨਾਲ ਹੀ 25 ਸਿੰਘਾਂ ਦਾ ਜਥਾ ਵੀ ਤੋਰਿਆ।

26 ਨਵੰਬਰ 1708 ਨੂੰ ਜੰਗੀ ਮੁਹਿਮ ਦੀ ਸ਼ੁਰੂਆਤ ਕਰਦਿਆਂ ਸੋਨੀਪਤ, ਸਮਾਣਾ, ਸ਼ਾਹਬਾਦ, ਮੁਸਤਫ਼ਾਬਾਦ, ਕਪੂਰੀ ਅਤੇ ਬਨੂੜ ਨੂੰ ਆਪਣੇ ਅਧੀਨ ਕਰਨ ਤੋਂ ਬਾਅਦ ਉਨਾਂ ਨੇ ਆਪਣੇ ਅਸਲੀ ਨਿਸ਼ਾਨੇ ਵੱਲ ਉਨਾਂ ਵਜ਼ੀਰ ਖਾਨ 'ਤੇ ਹਮਲਾ ਕਰਨ ਲਈ ਖ਼ਾਲਸਾ ਫੌਜ ਦੀ ਅਗਵਾਈ ਕੀਤੀ। ਮਾਝੇ ਅਤੇ ਦੁਆਬੇ ਦੇ ਸਿੰਘਾਂ ਨੂੰ ਹੁਕਮ ਭੇਜਿਆ ਕਿ ਉਹ ਸਰਹਿੰਦ ਵੱਲ ਕੂਚ ਕਰਨ। ਸਿਦਕੀ ਹੁੰਮ ਹੁਮਾ ਕੇ ਆਨੰਦਪੁਰ ਤੇ ਕੀਰਤਪੁਰ ਇਕੱਠੇ ਹੋਣ ਲੱਗੇ। ਬਾਬਾ ਜੀ ਸਢੌਰਾ ਅਤੇ ਮੁਖਲਿਸ ਨੂੰ ਫਤਿਹ ਕਰਕੇ ਸਰਹਿੰਦ ਵੱਲ ਵਧੇ ਤਾਂ ਮਾਝੇ ਤੇ ਦੁਆਬੇ ਦੇ ਸਿੰਘਾਂ ਦਾ ਜਥਾ ਵੀ ਕੀਰਤਪੁਰ ਤੋਂ ਤੁਰ ਪਿਆ। ਵਜ਼ੀਰ ਖਾਨ ਨੇ ਮਲੇਰਕੋਟਲੇ ਦੇ ਨਵਾਬ ਨੂੰ ਭਿੜਨ ਲਈ ਕਿਹਾ। ਰੋਪੜ ਦੇ ਕੋਲ ਸਿੰਘਾਂ ਦੀ ਪਠਾਣਾਂ ਨਾਲ ਦੋ ਦਿਨ ਝੜਪ ਹੋਈ। ਸਿੰਘ ਗਿਣਤੀ ਵਿਚ ਥੋੜੇ ਸਨ ਪਰ ਫਿਰ ਵੀ ਮੈਦਾਨ ਮਾਰ ਲਿਆ ਅੱਗੇ ਸੰਘੋਲ ਜਿੱਤ ਕੇ ਖ਼ਾਲਸਾ ਦਲ ਖਰੜ ਵਲ ਵਧਿਆ। ਬਾਬਾ ਜੀ ਵੀ ਬਨੂੜ ਜਿੱਤ ਕੇ ਖਰੜ ਵੱਲ ਆ ਰਹੇ ਸਨ। ਖ਼ਾਲਸੇ ਦੀ ਵਧਦੀ ਹੋਈ ਤਾਕਤ ਸਰਹਿੰਦ ਵੱਲ ਵਧ ਗਈ।

ਵਜ਼ੀਰ ਖਾਨ ਨੇ ਜੰਗ ਨੂੰ ਹੈਦਰੀ ਝੰਡੇ ਹੇਠ ਜਹਾਦ ਦਾ ਧਾਰਮਿਕ ਰੂਪ ਦੇ ਦਿੱਤਾ। ਉਸ ਨੇ ਸਿੱਖ ਕਾਫ਼ਰਾਂ ਵਿਰੁਧ ਇਸਲਾਮ ਨੂੰ ਸਹਾਇਤਾ ਲਈ ਵੰਗਾਰਿਆ। ਉਸ ਨੇ ਪੰਜਾਬ ਭਰ ਵਿਚੋਂ ਮੁਸਲਮਾਨੀ ਫੌਜ ਮੰਗਵਾਈ। ਪੰਜਾਬ ਭਰ ਦੇ ਪਠਾਣ, ਸੱਯਦ ਰੰਗੜ ਤੇ ਮੁਸਲਮਾਨ ਵੱਡੀ ਗਿਣਤੀ ਵਿਚ ਸ਼ਾਮਲ ਹੋ ਗਏ। ਸੁੱਚਾ ਨੰਦ ਦਾ ਗੱਦਾਰ ਭਤੀਜਾ ਖ਼ਾਲਸਾ ਫੌਜ ਵਿਚ ਭੇਜ ਦਿੱਤਾ ਕਿ ਜਦ ਜੰਗ ਸਿਖਰ ਤੇ ਪੁੱਜੇ ਤਾਂ ਉਹ ਮੁਗਲ ਫੌਜ ਵਿਚ ਪਰਤ ਆਵੇ। ਇਸ ਤਰਾਂ ਖ਼ਾਲਸਾ ਭਾਜੜ ਵਿਚ ਪੈ ਜਾਵੇਗਾ। ਉਹ ਇਕ ਹਜ਼ਾਰ ਦੀ ਫੌਜ ਨਾਲ ਖ਼ਾਲਸਾ ਫੌਜ ਵਿਚ ਜਾ ਘੁਸਿਆ। ਜੇ ਦਾਉ ਲੱਗੇ ਤਾਂ ਬਾਬਾ ਜੀ ਨੂੰ ਵੀ ਮਾਰ ਮੁਕਾਵੇ। ਪਰ ਬਾਬਾ ਜੀ ਤਾਂ ਕੌਤਕ ਵੇਖ ਰਹੇ ਸਨ, ਉਸਦੀ ਮਾੜੀ ਨੀਯਤ ਨੂੰ ਤਾੜ ਗਏ ਅਤੇ ਵਿਸਾਹ ਨਾ ਖਾਧਾ।

ਦੋਵੇਂ ਫੌਜਾਂ ਟਾਕਰੇ ਲਈ ਅਗਾਂਹ ਵਧੀਆਂ। ਮੁਗਲ ਫੌਜ ਵੱਡੀ ਗਿਣਤੀ ਵਿਚ ਤੇ ਵੱਡੀਆਂ ਤੋਪਾਂ (ਜੰਬੂਰੇ) ਹਾਥੀ, ਘੋੜੇ ਅਤੇ ਹਰ ਪ੍ਰਕਾਰ ਦਾ ਜੰਗੀ ਅਸਲਾ ਸੀ। ਦੂਸਰੇ ਪਾਸੇ ਖ਼ਾਲਸੇ ਕੋਲ ਨਾ ਤੋਪਾਂ, ਨਾ ਹਾਥੀ ਅਤੇ ਨਾ ਹੀ ਬਹੁਤਾ ਜੰਗੀ ਸਾਮਾਨ ਸੀ। ਸਰਹਿੰਦ ਤੋਂ 10-12 ਕੋਹ ਦੀ ਵਿੱਥ ਤੇ ਚੱਪੜਚਿੜੀ ਵਿਚ 12 ਮਈ 1710 ਨੂੰ ਬੜੀ ਸਖਤ ਜੰਗ ਹੋਈ। ਮੁੱਖ ਜੰਗ ਚੱਪੜਚਿੜੀ ਦੇ ਮੈਦਾਨ ਵਿਚ ਲੜੀ ਗਈ ਜੋ ਬਨੂੜ-ਖਰੜ ਸੜਕ 'ਤੇ ਖਰੜ ਤਹਿਸੀਲ ਵਿਚ ਹੈ। ਬਾਬਾ ਜੀ ਵਾਸਤੇ ਸਰਹਿੰਦ ਨਾਲ ਭਿੜਨਾ ਸੌਖਾ ਕੰਮ ਨਹੀਂ ਸੀ। ਇਹ ਸੂਬਾਈ ਰਾਜਧਾਨੀ ਸੀ। ਨਵਾਬ ਵਜ਼ੀਰ ਖਾਂ ਮੁਗਲ ਸਾਮਰਾਜ ਦਾ ਸ਼ਕਤੀਸ਼ਾਲੀ ਨਵਾਬ ਸੀ ਜਿਸ ਕੋਲ ਬਹੁਤ ਵੱਡੀ ਫੌਜ ਸੀ। ਉਹ ਕਈ ਸਾਲਾਂ ਤੋਂ ਸੱਤਾ ਤੇ ਕਾਬਜ ਸੀ। ਉਸ ਕੋਲ ਕਾਫ਼ੀ ਧੰਨ ਅਤੇ ਉੱਚੀ ਪਦਵੀ ਸੀ। ਉਸ ਨੇ ਬੜੀ ਤਿਆਰੀ ਕਰ ਰੱਖੀ ਸੀ।

ਬਾਬਾ ਜੀ ਨੇ ਆਪਣੀ ਫੌਜ ਨੂੰ ਸੰਗਠਿਤ ਕੀਤਾ। ਬਾਬਾ ਜੀ ਕੋਲ ਨਾ ਤੋਪਖਾਨਾ ਸੀ, ਨਾ ਕੋਈ ਹਾਥੀ, ਘੋੜੇ। ਖਾਲਸਾ ਫੌਜ ਕੋਲ ਲੰਬੇ ਬਰਛੇ, ਤੀਰ ਅਤੇ ਤਲਵਾਰਾਂ ਹੀ ਸਨ। ਬਾਬਾ ਜੀ ਨੇ ਆਪਣੀ ਫੌਜ ਨੂੰ ਦੋ ਦਲਾਂ ਵਿਚ ਵੰਡਿਆ। ਪਹਿਲੇ ਜਥੇ ਵਿਚ ਮਾਲਵੇ ਤੋਂ ਫਤਹਿ ਸਿੰਘ, ਕਰਮ ਸਿੰਘ, ਧਰਮ ਸਿੰਘ ਅਤੇ ਅਲੀ ਸਿੰਘ ਨੇ ਅਗਵਾਈ ਕੀਤੀ। ਮਝੈਲ ਸਿੰਘਾਂ ਵਿਚ ਬਾਬਾ ਬਿਨੋਦ ਸਿੰਘ, ਭਾਈ ਬਾਜ ਸਿੰਘ, ਰਣ ਸਿੰਘ ਅਤੇ ਸ਼ਾਮ ਸਿੰਘ ਸਨ ਜਿਨਾਂ ਦਾ ਦੂਸਰਾ ਜਥਾ ਸੀ। ਬਾਬਾ ਜੀ ਆਪ ਜੰਗ ਦੀ ਨਿਗਰਾਨੀ ਲਈ ਇਕ ਟਿੱਲੇ ਤੇ ਬੈਠ ਗਏ। ਜੰਗ ਦੀ ਪਹਿਲੀ ਮਾਰ ਹੇਠ ਹੀ ਖ਼ਾਲਸੇ ਦੇ ਉਹ ਸਾਥੀ ਭੱਜ ਗਏ ਜੋ ਸਿਰਫ਼ ਲੁੱਟ ਮਾਰ ਲਈ ਹੀ ਆਣ ਰਲੇ ਸਨ। ਉਸ ਵਲੇ ਸੁੱਚਾ ਨੰਦ ਦਾ ਭਤੀਜਾ ਵੀ ਸਾਥੀਆਂ ਸਮੇਤ ਭੱਜ ਗਿਆ। ਸਿੰਘਾਂ ਨੇ ਛੇਤੀ ਹੀ ਉਸ ਨੂੰ ਘੇਰ ਕੇ ਸਾਥੀਆਂ ਸਮੇਤ ਮਾਰ ਮੁਕਾਇਆ।

ਤੁਰਕਾਂ ਦਾ ਜ਼ੋਰ ਪੈਂਦਾ ਦੇਖ ਕੇ ਬਾਬਾ ਜੀ ਨੇ ਤਲਵਾਰ ਧੂਹ ਲਈ। ਬਾਬਾ ਜੀ ਦੀ ਅਗਵਾਈ ਹੇਠ ਤੁਰਕਾਂ ਦੇ ਆਹੂ ਲੱਥੇ। ਸਿੰਘ ਵੀ ਬਹੁਤ ਸ਼ਹੀਦ ਹੋਏ। ਤੁਰਕੀ ਸੈਨਾ ਦਾ ਵੱਡੀ ਨੁਕਸਾਨ ਹੋਇਆ। ਵਜ਼ੀਰ ਖਾਨ ਨੇ ਬਾਬਾ ਬਾਜ ਸਿੰਘ ਤੇ ਹਮਲਾ ਕੀਤਾ। ਬਾਬਾ ਬਾਜ ਸਿੰਘ ਨੇ ਵਜ਼ੀਰ ਖਾਂ ਦਾ ਨੇਜਾ ਖੋਹ ਕੇ ਉਸ ਦੇ ਘੋੜੇ ਨੂੰ ਜ਼ਖ਼ਮੀ ਕਰ ਦਿੱਤਾ। ਵਜ਼ੀਰ ਖਾਂ ਨੇ ਤੀਰ ਬਾਬਾ ਬਾਜ ਸਿੰਘ ਦੀ ਬਾਂਹ ਵਿਚ ਖੋਭ ਦਿੱਤਾ। ਉਹ ਤਲਵਾਰ ਨਾਲ ਅੱਗੇ ਵਧਿਆ। ਭਾਈ ਫਤਿਹ ਸਿੰਘ ਕੋਲ ਖੜਾ ਸੀ। ਉਸ ਨੇ ਤਲਵਾਰ ਦਾ ਅਜਿਹਾ ਵਾਰ ਕੀਤਾ ਕਿ ਮੋਢਾ ਚੀਰ ਕੇ ਕਮਰ ਤੱਕ ਜਾ ਵੱਢਿਆ। ਉਹ ਉੱਥੇ ਹੀ ਡਿੱਗ ਪਿਆ। ਤੁਰਕੀ ਸੈਨਾ ਵਿਚ ਭਾਜੜ ਪੈ ਗਈ ਤੇ ਭੱਜ ਗਈ।

ਬਾਕੀ ਸਫ਼ਾ 30 'ਤੇ

# ਆਸਟ੍ਰੇਲੀਆ ਸਰਕਾਰ ਨੂੰ ਕਿਰਪਾਨ ਪਹਿਨਣ 'ਤੇ ਲਾਈ ਪਾਬੰਦੀ ਰੱਦ ਕਰਨ ਦੀ ਅਪੀਲ

## ✪ ਕਿਰਪਾਨ ਪਹਿਨਣ 'ਤੇ ਲਾਈ ਪਾਬੰਦੀ ਬੇਹੱਦ ਦੁਖਦਾਈ : ਜਗੀਰ ਕੌਰ ✪ ਕਿਰਪਾਨ 'ਤੇ ਪਾਬੰਦੀ ਧਾਰਮਿਕ ਆਜ਼ਾਦੀ 'ਤੇ ਹਮਲਾ : ਬ੍ਰਹਮਪੁਰਾ ✪ ਸਿੱਖਾਂ ਵਲੋਂ ਆਸਟ੍ਰੇਲੀਅਨ ਮੰਤਰੀਆਂ ਨਾਲ ਗੱਲਬਾਤ ਜਾਰੀ

**ਅੰਮ੍ਰਿਤਸਰ/ਏ.ਟੀ.ਨਿਊਜ਼ :** ਸਕੂਲ ਵਿੱਚ ਕਿਰਪਾਨ ਉੱਤੇ ਪਾਬੰਦੀ ਪਿਛਲੇ ਦਿਨੀਂ ਹੋਈ ਘਟਨਾ ਤੋਂ ਬਾਅਦ ਲਗਾਈ ਗਈ ਸੀ। 6 ਮਈ ਨੂੰ ਸਿਡਨੀ ਦੇ ਇੱਕ ਸਬਰਬ ਗਲੈਨੈਵੁੱਡ ਵਿੱਚ ਜਿਸ ਨੂੰ ਕਿ ਪੰਜਾਬੀਆਂ ਦਾ ਗੜ੍ਹ ਮੰਨਿਆ ਜਾਂਦਾ ਹੈ ਦੇ ਹਾਈ ਸਕੂਲ ਵਿਖੇ ਇਕ ਅੰਮ੍ਰਿਧਾਰੀ 9ਵੀਂ ਵਿਚ ਪੜ੍ਹਦੇ ਬੱਚੇ ਨੇ ਦੂਸਰੇ ਵਿਦਿਆਰਥੀ ਤੇ ਕਿਰਪਾਨ ਨਾਲ ਹਮਲਾ ਕਰ ਦਿੱਤਾ, ਜਿਸ ਨਾਲ ਕਿ ਬੱਚਾ ਜ਼ਖ਼ਮੀ ਹੋ ਗਿਆ ਸੀ। ਮੰਨਿਆ ਜਾ ਰਿਹਾ ਹੈ ਕਿ ਦੂਜੇ ਵਿਦਿਆਰਥੀਆਂ ਵੱਲੋਂ ਪਿਛਲੇ ਕਈ ਮਹੀਨਿਆਂ ਤੋਂ ਕੀਤੀ ਜਾ ਰਹੀ ਧੱਕੇਸ਼ਾਹੀ ਅਤੇ ਭੇਦ ਭਾਵ ਕਰ ਕੇ ਸਿੱਖ ਬੱਚੇ ਨੇ ਇਹ ਕਦਮ ਚੁੱਕਿਆ।

ਦੱਸਣਯੋਗ ਹੈ ਕਿ ਦਸਤਾਰਧਾਰੀ ਬੱਚੇ ਨੂੰ ਦਸਤਾਰ ਤੇ ਦਾੜੀ 'ਤੇ ਨਸਲੀ ਟਿੱਪਣੀਆਂ ਦਾ ਸ਼ਿਕਾਰ ਵੀ ਹੋਣਾ ਪਿਆ।ਜ਼ਖ਼ਮੀ ਵਿਦਿਆਰਥੀ ਖ਼ਤਰੇ ਤੋਂ ਬਾਹਰ ਹੈ। ਸੂਬੇ ਦੀ ਸਿੱਖਿਆ ਮੰਤਰੀ ਸਾਰਾ ਮਿਸ਼ੇਲ ਨੇ ਕਿਹਾ ਕਿ ਇਹ ਸਖ਼ਤ ਕਦਮ ਉਨਾਂ ਨੂੰ ਤਦ ਚੁੱਕਣਾ ਪਿਆ ਤਾਂ ਜੋ ਦੁਬਾਰਾ ਅਜਿਹੀਆਂ ਘਟਨਾਵਾਂ ਨਾ ਹੋਣ। ਦੂਸਰੇ ਪਾਸੇ ਪੰਜਾਬੀ ਭਾਈਚਾਰੇ ਵਿਚ ਇਸ ਪਾਬੰਦੀ ਨੂੰ ਲੈ ਕੇ ਕਾਫ਼ੀ ਰੋਸ ਪਾਇਆ ਜਾ ਰਿਹਾ ਹੈ।

ਆਸਟ੍ਰੇਲੀਆ ਸਰਕਾਰ ਵੱਲੋਂ ਸਕੂਲਾਂ ਵਿੱਚ ਅੰਮ੍ਰਿਤਧਾਰੀ ਸਿੱਖ ਬੱਚਿਆਂ ਨੂੰ ਕਕਾਰ ਵਜੋਂ ਸ੍ਰੀ ਸਾਹਿਬ ਪਹਿਨਣ 'ਤੇ ਲਾਈ ਗਈ ਰੋਕ ਬਾਰੇ ਅਕਾਲ ਤਖ਼ਤ ਦੇ ਜਥੇਦਾਰ ਹਰਪ੍ਰੀਤ ਸਿੰਘ ਨੇ ਆਖਿਆ ਕਿ ਉਥੋਂ ਦੀ ਸਰਕਾਰ ਸਿੱਖ ਭਾਵਨਾਵਾਂ ਦਾ ਧਿਆਨ ਰੱਖਦਿਆਂ ਆਪਣੇ ਇਸ ਫ਼ੈਸਲੇ ਨੂੰ ਵਾਪਸ ਲਵੇ। ਸ਼੍ਰੋਮਣੀ ਕਮੇਟੀ ਨੇ ਭਾਰਤ ਦੇ ਵਿਦੇਸ਼ ਮੰਤਰਾਲੇ ਤੇ ਆਸਟਰੇਲੀਆ ਦੇ ਭਾਰਤ ਵਿਚਲੇ ਸਫਾਰਤਖਾਨੇ ਨੂੰ ਪੱਤਰ ਭੇਜ ਕੇ ਇਸ ਫ਼ੈਸਲੇ ਪ੍ਰਤੀ ਵਿਰੋਧ ਦਾ ਪ੍ਰਗਟਾਵਾ ਕੀਤਾ ਹੈ।



ਸਿਡਨੀ ਦੇ ਸਕੂਲਾਂ ਵਿੱਚ ਕਿਰਪਾਨ 'ਤੇ ਲੱਗੀ ਪਾਬੰਦੀ ਨੂੰ ਲੈ ਕੇ ਸਮੂਹ ਸਿੱਖ ਭਾਈਚਾਰੇ ਦੇ ਨੁਮਾਇੰਦੇ ਆਸਟ੍ਰੇਲੀਅਨ ਸਰਕਾਰ ਦੇ ਮੰਤਰੀਆਂ ਨਾਲ ਗੱਲ-ਬਾਤ ਕਰ ਰਹੇ ਹਨ। ਇਸ ਦੀ ਜਾਣਕਾਰੀ ਅਮਨਦੀਪ ਸਿੰਘ ਸਿੱਧੂ ਨੇ ਦਿੱਤੀ। ਉਨਾਂ ਗੱਲ-ਬਾਤ ਰਾਹੀਂ ਦੱਸਿਆ ਕਿ ਇਹ ਅਸਥਾਈ ਪਾਬੰਦੀ ਹੈ। ਸਰਕਾਰ ਸਿੱਖ ਭਾਈਚਾਰੇ ਦੀਆਂ ਭਾਵਨਾਵਾਂ ਨੂੰ ਸਮਝਦੀ ਹੈ ਤੇ ਸਿੱਖ ਧਰਮ ਵਿੱਚ ਕਿਰਪਾਨ ਦੀ ਮਹੱਤਤਾ ਨੂੰ ਗੰਭੀਰਤਾ ਨਾਲ ਲੈ ਰਹੀ ਹੈ। ਇਹ ਕਿਰਪਾਨ ਸਿੱਖ ਧਰਮ ਵਿੱਚ ਵਿਸ਼ਵਾਸ ਕਰਨ ਵਾਲਿਆਂ ਨੂੰ ਨਿਮਰਤਾ ਅਤੇ ਨੈਤਿਕਤਾ ਪ੍ਰਦਾਨ ਕਰਦੀ ਹੈ ਜੋ ਕਿ ਸਿੱਖ ਧਰਮ ਦੇ ਲੋਕਾਂ ਲਈ ਮਹੱਤਵ ਰੱਖਦੀ ਹੈ।

ਸਕੂਲਾਂ ਵਿੱਚ ਕਿਰਪਾਨ ਦੀ ਪਾਬੰਦੀ ਨੂੰ ਲੈ ਕੇ ਸਰਕਾਰ ਦੇ ਮੰਤਰੀਆਂ ਅਤੇ ਸਿੱਖ ਭਾਈਚਾਰੇ ਦੇ ਨੁਮਾਇੰਦਿਆਂ ਵਿੱਚ ਲਗਾਤਾਰ ਮੀਟਿੰਗਾਂ ਹੋ ਰਹੀਆਂ ਹਨ। ਇੱਕ ਆਨਲਾਈਨ ਮੀਟਿੰਗ ਵਿੱਚ ਸਾਰਾ ਮਿਸ਼ੇਲ (ਸਿੱਖਿਆ ਮੰਤਰੀ), ਜੈਫ ਲੀ (ਬਹੁ ਸਭਿਆਚਾਰਕ ਮੰਤਰੀ), ਗੁਰਮੇਸ਼ ਸਿੰਘ (ਐਮ ਐਲ ਏ ਕੌਫਸ ਹਾਰਬਰ), ਮਾਰਕ ਟੇਲਰ (ਐਮ ਐਲ ਏ ਸੈਵਨ ਹਿੱਲ), ਕੇਵਿਨ ਕੌਨੋਲੀ (ਐਮ ਐਲ ਏ ਰਿਵਰਸਟਨ) ਅਤੇ 30 ਤੋਂ ਵੱਧ ਕਮਿਊਨਿਟੀ ਲੀਡਰਾਂ ਅਤੇ ਅਧਿਕਾਰੀਆਂ ਨੇ ਮੌਜੂਦਾ ਮੁੱਦੇ 'ਤੇ ਮੀਟਿੰਗ ਕੀਤੀ। ਸੂਬਾ ਸਰਕਾਰ ਨੇ ਇੱਕ ਯੋਜਨਾ ਤਿਆਰ ਕਰਨ ਲਈ ਸਿੱਖ ਕੌਮ ਨਾਲ ਇੱਕ ਵਿਸਥਾਰਤ ਪੜਤਾਲ ਅਤੇ ਨਿਰੰਤਰ ਸਲਾਹ ਮਸ਼ਵਰੇ ਦਾ ਭਰੋਸਾ ਦਿੱਤਾ ਹੈ ਜੋ ਭਾਈਚਾਰੇ ਦੀ ਸੁਰੱਖਿਆ ਅਤੇ ਸਿੱਖ ਧਰਮ ਦੇ ਮਾਣ ਨੂੰ ਯਕੀਨੀ ਬਣਾਏਗੀ।

ਇਸ ਮੁੱਦੇ ਨੂੰ ਲੈ ਕੇ ਆਸਟ੍ਰੇਲੀਆ ਦੀਆਂ ਸਮੂਹ ਸਿੱਖ ਜਥੇਬੰਦੀਆਂ, ਗੁਰਦੁਆਰਾ ਸਾਹਿਬਾਨ ਅਤੇ ਸਿੱਖ ਭਾਈਚਾਰੇ ਦੇ ਨੁਮਾਇੰਦਿਆਂ ਇੱਕ ਮੰਚ 'ਤੇ ਇਕੱਠੇ ਹੋ ਕੇ ਸਾਰਥਕ ਯਤਨ ਕਰ ਰਹੇ ਹਨ ਤੇ ਇਸ ਮਸਲੇ ਨੂੰ ਗੰਭੀਰਤਾ ਨਾਲ ਵਿਚਾਰਿਆ ਜਾ ਰਿਹਾ ਹੈ। ਜ਼ਿਕਰਯੋਗ ਹੈ ਕਿ ਹੋਰ ਧਰਮਾਂ ਦੇ ਲੋਕ ਵੀ ਸਿੱਖ ਭਾਈਚਾਰੇ ਦੇ ਲੋਕਾਂ ਦੀ ਹਮਾਇਤ ਵਿੱਚ ਉੱਤਰ ਆਏ ਹਨ।

ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ ਕਿ ਆਸਟ੍ਰੇਲੀਆ ਸਰਕਾਰ ਨੂੰ ਇਹ ਸਮਝਣਾ ਚਾਹੀਦਾ ਹੈ ਕਿ ਕਿਰਪਾਨ ਪੰਜ ਕਕਾਰਾਂ ਵਿੱਚ ਸ਼ਾਮਲ ਹੈ ਤੇ ਸਿੱਖ ਧਰਮ ਵਿੱਚ ਇਸ ਦੀ ਵੱਡੀ ਅਹਿਮੀਅਤ ਹੈ, ਇਸ ਲਈ ਉਥੋਂ ਦੀ ਸਰਕਾਰ ਕਿਰਪਾਨ ਪਹਿਨਣ 'ਤੇ ਲਾਈ ਪਾਬੰਦੀ ਦਾ ਫ਼ੈਸਲਾ ਵਾਪਸ ਲਵੇ। ਉਨਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਸਮੇਤ ਹੋਰ ਸਿੱਖ ਸੰਸਥਾਵਾਂ ਤੇ ਉਥੋਂ ਦੀਆਂ ਸਿੱਖ ਜਥੇਬੰਦੀਆਂ ਇਸ ਸਬੰਧੀ ਆਸਟ੍ਰੇਲੀਆ ਸਰਕਾਰ ਨਾਲ ਰਾਬਤਾ ਕਾਇਮ ਕਰਨ ਤੇ ਸਿੱਖ ਧਰਮ ਵਿੱਚ ਇਸ ਦੀ ਅਹਿਮੀਅਤ ਬਾਰੇ ਦੱਸਣ ਤੇ ਇਸ ਫ਼ੈਸਲੇ ਨੂੰ ਵਾਪਸ ਕਰਵਾਉਣ ਲਈ ਯਤਨ ਕਰਨ।

ਇਸ ਦੌਰਾਨ ਸ਼੍ਰੋਮਣੀ ਕਮੇਟੀ ਦੀ ਪ੍ਰਧਾਨ ਬੀਬੀ ਜਗੀਰ ਕੌਰ ਨੇ ਦੱਸਿਆ ਕਿ ਆਸਟ੍ਰੇਲੀਆ ਦੇ ਸਕੂਲਾਂ ਵਿੱਚ ਕਿਰਪਾਨ ਪਹਿਨਣ 'ਤੇ ਲਾਈ ਪਾਬੰਦੀ ਬਾਰੇ ਭਾਰਤ ਸਰਕਾਰ ਦੇ ਵਿਦੇਸ਼ ਮੰਤਰਾਲੇ ਤੇ ਦਿੱਲੀ 'ਚ ਆਸਟ੍ਰੇਲੀਆ ਦੇ ਹਾਈ ਕਮਿਸ਼ਨਰ ਨੂੰ ਪੱਤਰ ਲਿਖਿਆ ਗਿਆ ਹੈ। ਉਨਾਂ ਕਿਹਾ ਕਿ ਕਿਰਪਾਨ 'ਤੇ ਰੋਕ ਲਗਾਉਣੀ ਬੇਹੱਦ ਦੁਖਦਾਈ ਹੈ।

ਅਕਾਲੀ ਦਲ ਸੰਯੁਕਤ ਦੇ ਸਰਪ੍ਰਸਤ ਰਣਜੀਤ ਸਿੰਘ ਬ੍ਰਹਮਪੁਰਾ ਨੇ ਆਸਟ੍ਰੇਲੀਆ ਦੇ ਸਕੂਲਾਂ ਵਿੱਚ ਸਿੱਖ ਬੱਚਿਆਂ ਨੂੰ ਕਿਰਪਾਨ ਪਹਿਨਣ ਦੀ ਮਨਾਹੀ ਦੇ ਫ਼ੈਸਲੇ ਦਾ ਵਿਰੋਧ ਕਰਦਿਆਂ ਕਿਹਾ ਕਿ ਇਹ ਸਿੱਖਾਂ ਦੀ ਅਜ਼ਾਦੀ 'ਤੇ ਹਮਲਾ ਹੈ, ਜੋ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਉਨਾਂ ਕਿਹਾ ਕਿ ਇਸ ਫ਼ੈਸਲੇ ਨੂੰ ਤੁਰੰਤ ਵਾਪਸ ਲਿਆ ਜਾਣਾ ਚਾਹੀਦਾ ਹੈ।

# ਗੁਰੂ ਅਮਰਦਾਸ ਸ਼ਰਧਾ, ਸੇਵਾ ਭਾਵਨਾ, ਹਲੀਮੀ ਅਤੇ ਨਿਮਰਤਾ ਦੇ ਪੁੰਜ

**ਬਲਵਿੰਦਰ ਸਿੰਘ ਕੋਟਕਪੂਰਾ**

**ਪ੍ਰਕਾਸ਼ ਪੁਰਬ 25 ਮਈ**

ਸਿੱਖ ਕੌਮ ਦੇ ਤੀਜੇ ਗੁਰੂ ਗੁਰੂ ਅਮਰਦਾਸ ਜੀ ਹੋਏ। ਆਪ ਮੁਗਲ ਸਮਰਾਟ ਅਕਬਰ ਦੇ ਸਮਕਾਲੀ ਸਨ। ਗੁਰੂ ਅਮਰਦਾਸ ਜੀ ਸਭ ਗੁਰੂਆਂ ਤੋਂ ਲੰਮੀ ਉਮਰ ਬਤੀਤ ਕਰਨ ਵਾਲੇ ਅਤੇ ਗੁਰੂ ਨਾਨਕ ਦੇਵ ਜੀ ਤੋਂ ਕੇਵਲ ਦਸ ਵਰੇ ਹੀ ਛੋਟੇ ਸਨ। ਗੁਰੂ ਅਮਰਦਾਸ ਦਾ ਜਨਮ 5 ਮਈ 1479ਈ. ਵੈਸਾਖ ਸੁਦੀ 14 ਸੰਮਤ 1536 ਵਿਚ ਜ਼ਿਲਾ ਅੰਮ੍ਰਿਤਸਰ ਵਿਚ ਸਥਿਤ ਬਾਸਰਕੇ ਨਾਮੀ ਪਿੰਡ ਵਿਚ ਹੋਇਆ। ਆਪ ਦੇ ਪਿਤਾ ਤੇਜ ਭਾਨ ਭੱਲਾ ਪਰਿਵਾਰ ਦੇ ਇਕ ਛੋਟੇ ਜਿਹੇ ਵਪਾਰੀ ਸਨ। 24 ਸਾਲ ਦੀ ਉਮਰ ਵਿਚ ਤੀਜੇ ਗੁਰੂ ਦਾ ਵਿਆਹ ਹੋ ਗਿਆ ਤੇ ਉਨਾਂ ਦੇ ਘਰ ਦੋ ਪੁੱਤਰ ਮੋਹਣ ਤੇ ਮੋਹਰੀ ਅਤੇ ਦੋ ਪੁੱਤਰੀਆਂ ਬੀਬੀ ਦਾਨੀ ਤੇ ਬੀਬੀ ਭਾਨੀ ਪੈਦਾ ਹੋਈਆਂ। ਗੁਰੂ ਅਮਰਦਾਸ ਜੀ ਪੱਕੇ ਵੈਸ਼ਨੂੰ ਮਤ ਦੇ ਅਨੁਯਾਈ ਸਨ ਤੇ ਹਰ ਸਾਲ ਗੰਗਾ ਉਪਰ ਇਸ਼ਨਾਨ ਲਈ ਜਾਇਆ ਕਰਦੇ ਸਨ। ਇਕ ਦਿਨ ਉਹ ਗੰਗਾ ਯਾਤਰਾ ਤੋਂ ਵਾਪਸ ਆ ਰਹੇ ਸਨ ਕਿ ਉਨਾਂ ਦੀ ਮੁਲਾਕਾਤ ਇਕ ਸਾਧੂ ਨਾਲ ਹੋਈ। ਅਮਰਦਾਸ ਜੀ ਨੇ ਉਸ ਸਾਧੂ ਨੂੰ ਭੋਜਨ ਛਕਾਇਆ। ਭੋਜਨ ਛਕਣ ਤੋਂ ਬਾਅਦ ਸਾਧੂ ਨੇ ਅਮਰਦਾਸ ਜੀ ਕੋਲੋਂ ਉਨਾਂ ਦੇ ਗੁਰੂ ਬਾਰੇ ਪੁੱਛਿਆ ਤਾਂ ਉਨਾਂ ਕਿਹਾ ਕਿ ਉਨਾਂ ਦਾ ਗੁਰੂ ਕੋਈ ਨਹੀਂ ਤਾਂ ਉਹ ਕ੍ਰੋਧਿਤ ਹੋ ਉਠਿਆ ਅਤੇ ਕਹਿਣ ਲੱਗਾ, ਮੈਂ ਗੁਰੂਹੀਣ ਵਿਅਕਤੀ ਦੇ ਹੱਥੋਂ ਭੋਜਨ ਕਰਕੇ ਬਹੁਤ ਵੱਡਾ ਪਾਪ ਕੀਤਾ ਹੈ ਅਤੇ ਮੈਨੂੰ ਇਹ ਪਾਪ ਧੋਣ ਲਈ ਫਿਰ ਗੰਗਾ ਜਾਣਾ ਪਵੇਗਾ। ਇਹ ਸ਼ਬਦ ਸੁਣ ਕੇ ਅਮਰਦਾਸ ਜੀ ਦਾ ਮਨ ਬੜਾ ਦੁਖੀ ਹੋਇਆ ਤੇ ਉਨਾਂ ਨੇ ਈਸ਼ਵਰ ਅੱਗੇ ਗੁਰੂ ਲਈ ਪ੍ਰਾਰਥਨਾ ਕੀਤੀ। ਇਕ ਦਿਨ ਗੁਰੂ ਅੰਗਦ ਸਾਹਿਬ ਜੀ ਦੀ ਪੁੱਤਰੀ ਬੀਬੀ ਅਮਰੋ ਦੇ ਮੁਖ ਤੋਂ ਗੁਰੂ ਨਾਨਕ ਦੇਵ ਜੀ ਦੀ ਬਾਣੀ ਦੇ ਕੁਝ ਸ਼ਬਦ ਸੁਣੇ। ਇਹ ਮਿੱਠੇ ਸ਼ਬਦ ਸੁਣ ਕੇ ਅਮਰਦਾਸ ਜੀ ਦੇ ਮਨ ਉਤੇ ਡੂੰਘਾ ਪ੍ਰਭਾਵ ਪਿਆ। ਉਨਾਂ ਬੀਬੀ ਅਮਰੋ ਨੂੰ ਕਿਹਾ ਕਿ ਉਹ ਉਨਾਂ ਨੂੰ ਆਪਣੇ ਪਿਤਾ ਜੀ ਪਾਸ ਲੈ ਚੱਲੇ। ਬੀਬੀ ਅਮਰੋ ਦੇ ਉਨਾਂ ਨੂੰ ਉਥੇ ਲਿਜਾਣ ’ਤੇ ਅਮਰਦਾਸ ਜੀ ਗੁਰੂ ਅੰਗਦ ਦੇਵ ਜੀ ਦੇ ਚਰਨੀਂ ਪੈ ਗਏ ਤੇ ਬਾਅਦ ਵਿਚ ਉਨਾਂ ਦੇ ਬਹੁਤ ਪੱਕੇ ਸ਼ਰਧਾਲੂ ਬਣ ਗਏ। ਉਸ ਸਮੇਂ ਅਮਰਦਾਸ ਜੀ ਦੀ ਉਮਰ ਤਕਰੀਬਨ 62 ਸਾਲਾਂ ਦੀ ਸੀ। ਉਨਾਂ ਨੇ ਗੁਰੂ ਸਾਹਿਬ ਦੇ ਕੋਲ ਖਡੂਰ ਸਾਹਿਬ ਵਿਖੇ ਨਿਵਾਸ ਕਰ ਲਿਆ ਅਤੇ ਅਗਲੇ ਗਿਆਰਾਂ ਸਾਲ ਵਿਚ ਉਨਾਂ ਨੇ ਤਨ ਮਨ ਨਾਲ ਗੁਰੂ ਅੰਗਦ ਦੇਵ ਜੀ ਦੀ ਸੇਵਾ ਕੀਤੀ। ਅਮਰਦਾਸ ਜੀ ਹਰ ਰੋਜ਼ ਪ੍ਰਭਾਤ ਵੇਲੇ ਬਿਆਸ ਨਦੀ ’ਤੇ ਗੁਰੂ ਸਾਹਿਬ ਦੇ ਇਸ਼ਨਾਨ ਕਰਨ ਲਈ ਪਾਣੀ ਲਿਆਇਆ ਕਰਦੇ ਸਨ। ਕਈ ਲੋਕ ਉਨਾਂ ਨੂੰ ‘ਨੌਕਰ, ਪਾਗਲ, ਕਹਾਰ’ ਭਾਵ ਪਾਣੀ ਢੋਣ ਵਾਲਾ ਆਦਿ ਕਹਿ ਕੇ ਉਨਾਂ ਦਾ ਮਖੌਲ ਉਡਾਉਂਦੇ ਸਨ। ਪ੍ਰੰਤੂ ਅਮਰਦਾਸ ਜੀ ਇਨਾਂ ਨਿਰਾਦਰੀ ਭਰੇ ਸ਼ਬਦਾਂ ਦੀ ਕੋਈ ਪ੍ਰਵਾਹ ਨਹੀਂ ਕਰਦੇ ਸਨ। ਉਨਾਂ ਦੇ ਮਨ ਵਿਚ ਆਪਣੇ ਗੁਰੂ ਲਈ ਸਤਿਕਾਰ ਸੀ ਕਿ ਉਹ ਆਪਣੇ ਘਰ ਵਿਚ ਵੀ ਗੁਰੂ ਦੇ ਸਥਾਨ ਵੱਲ ਪਿੱਠ ਨਹੀਂ ਕਰਦੇ ਸਨ। ਇਕ ਰਾਤ ਨੂੰ ਜਦੋਂ ਬਹੁਤ ਸਖਤ ਸਰਦੀ ਸੀ ਅਤੇ ਮੀਂਹ ਪੈ ਰਿਹਾ ਸੀ, ਅਮਰਦਾਸ ਪਾਣੀ ਲੈ ਕੇ ਵਾਪਸ ਆ ਰਹੇ ਸਨ ਤਾਂ ਇਕ ਜੁਲਾਹੇ ਦੇ ਘਰ ਦੇ ਅੱਗੇ ਖੱਡੀ ਦੇ ਕਿੱਲੇ ਨਾਲ ਠੋਕਰ ਲੱਗਣ ਨਾਲ ਉਹ ਡਿੱਗ ਪਏ। ਕੌਣ ਹੈ ? ਜੁਲਾਹੇ ਦੀ ਪਤਨੀ ਨੇ ਪੁੱਛਿਆ, ਹੋਵੇਗਾ ਉਹ ਅਮਰੂ ਨਿਥਾਵਾਂ ਜਿਸ ਨੂੰ ਨਾ ਦਿਨੇ ਚੈਨ ਤੇ ਨਾ ਰਾਤੀਂ ਆਰਾਮ। ਪਤੀ ਨੇ ਉੱਤਰ ਦਿੱਤਾ। ਗੁਰੂ ਅੰਗਦ ਦੇਵ ਜੀ ਨੇ ਕਿੱਸਾ ਸੁਣਿਆ ਤਾਂ ਕਿਹਾ, ਅਮਰੂ ਅੱਜ ਤੋਂ ਨਿਥਾਵਿਆਂ ਦੀ ਥਾਂ, ਨਿਆਸਰਿਆਂ ਦਾ ਆਸਰਾ, ਨਿਘਰਿਆਂ ਦਾ ਘਰ ਅਤੇ ਇਹ ਕੁਝ 12 ਨਾਵਾਂ ਨਾਲ ਪ੍ਰਸ਼ੰਸਾ ਕੀਤੀ। ਗੁਰੂ ਅੰਗਦ ਦੇਵ ਜੀ ਅਮਰਦਾਸ ਦੀ ਸ਼ਰਧਾ, ਸੇਵਾ ਭਾਵਨਾ, ਹਲੀਮੀ ਅਤੇ ਨਿਮਰਤਾ ਤੋਂ ਪ੍ਰਭਾਵਿਤ ਹੋਏ। ਸਿੱਖ ਪ੍ਰੰਪਰਾ ਅਨੁਸਾਰ ਗੁਰੂ ਅੰਗਦ ਦੇਵ ਜੀ ਨੇ ਅਮਰਦਾਸ ਜੀ ਨੂੰ ਆਪਣਾ ਉਤਰਾਧਿਕਾਰੀ ਹੋਣ ਦਾ ਐਲਾਨ ਕਰ ਦਿੱਤਾ। ਮਾਰਚ 1552ਈ. ਵਿਚ ਅਮਰਦਾਸ ਜੀ ਦੇ ਗੁਰਗੱਦੀ ਉਤੇ ਬੈਠਣ ਦੀ ਸਾਧਾਰਨ ਰਸਮ ਕੀਤੀ ਗਈ। ਗੁਰੂ ਅਮਰਦਾਸ ਜੀ ਨੂੰ ਗੱਦੀ ਉਤੇ ਬੈਠਣ ਸਮੇਂ ਅਨੇਕਾਂ ਮੁਸ਼ਕਲਾਂ ਦਾ ਸਾਹਮਣਾ ਕਰਨਾ ਪਿਆ। ਮੁਸ਼ਕਲਾਂ ਨੂੰ ਚੀਰਦੇ ਹੋਏ ਆਪ ਨੇ ਸਿੱਖ ਮਤ ਦੇ ਸੰਗਠਨ ਤੇ ਵਿਕਾਸ ਲਈ ਕਈ ਕੰਮ ਵੀ ਕੀਤੇ ਜਿਨਾਂ ਵਿਚੋਂ ਗੋਇੰਦਵਾਲ ਵਿਚ ਬਉਲੀ ਦਾ ਨਿਰਮਾਣ, ਲੰਗਰ ਸੰਸਥਾ ਦਾ ਵਿਸਥਾਰ, ਸ਼ਬਦਾਂ ਦੇ ਸੰਗ੍ਰਹਿ ਤੇ ਸੰਗਠਨ ਤੋਂ ਇਲਾਵਾ ਸਮਾਜਕ ਸੁਧਾਰ ਵੀ ਕੀਤੇ। ਉਨਾਂ ਨੇ ਜਾਤੀ ਭੇਦ-ਭਾਵ ਅਤੇ ਛੂਤ-ਛਾਤ ਦਾ ਖੰਡਨ ਕੀਤਾ, ਸਤੀ ਪ੍ਰਥਾ ਦੀ ਨਿਖੇਧੀ ਕੀਤੀ, ਪਰਦੇ ਦੀ ਪ੍ਰਥਾ ਦੀ ਮਨਾਹੀ, ਨਸ਼ਿਆਂ ਦੀ ਨਿਖੇਧੀ, ਮ੍ਰਿਤੂ, ਵਿਆਹ ਤੇ ਜਨਮ ਸਬੰਧੀ ਰੀਤਾਂ ਵਿਚ ਸੁਧਾਰ ਕੀਤਾ। ਲੰਗਰ ਅਤੇ ਪੰਗਤ ਦੀ ਵਿਵਸਥਾ ਗੁਰੂ ਅਮਰਦਾਸ ਜੀ ਦੀ ਦੇਣ ਹੈ। ਉਨਾਂ ਦੇ ਲੰਗਰ ਵਿਚ ਸਮਰਾਟ ਅਕਬਰ ਨੇ ਵੀ ਲੰਗਰ ਛਕਿਆ। ਗੁਰੂ ਅਮਰਦਾਸ ਨੇ ਸਿੱਖ ਮਤ ਦੇ ਸੰਗਠਨ ਤੇ ਵਿਕਾਸ ਲਈ ਆਪਣੇ 22 ਵਰਿਆਂ ਦੇ ਗੁਰੂ ਕਾਲ ਵਿਚ ਬਹੁਤ ਸਾਰੇ ਮਹੱਤਵਪੂਰਨ ਕੰਮ ਕੀਤੇ। ਗੁਰੂ ਅਮਰਦਾਸ ਜੀ ਦੇ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ 907 ਸ਼ਬਦ 17 ਰਾਗਾਂ ਵਿਚ ਅੰਕਿਤ ਹਨ। ਇਨਾਂ ਦੀ ਪ੍ਰਸਿੱਧ ਬਾਣੀ ਆਨੰਦ ਸਾਹਿਬ ਰੋਜ਼ਾਨਾ ਨਿੱਤਨੇਮ ਵੇਲੇ ਪੜੀ ਜਾਂਦੀ ਹੈ। ਗੁਰੂ ਅਮਰਦਾਸ ਦੀ ਭਾਈ ਜੇਠਾ ਜੀ ਦੇ ਤਨ ਮਨ ਨਾਲ, ਲੋਕ ਲਾਜ ਛੱਡ, ਗੁਰੂ ਘਰ ਦੀ ਸੇਵਾ ਕਰ ਰਹੇ ਸਨ। ਹੁਕਮ ਪਾਲਣ ਵਿਚ ਵੀ ਸਭ ਤੋਂ ਅੱਗੇ ਸਨ। ਬੀਬੀ ਭਾਨੀ ਵੀ ਦਿਲੋਂ ਮਨੋਂ ਗੁਰੂ ਅਮਰਦਾਸ ਜੀ ਦੀ ਸੇਵਾ ਵਿਚ ਜੁਟੇ ਹੋਏ ਸਨ। ਜਦ ਹਰ ਪ੍ਰੀਖਿਆ ਵਿਚ ਭਾਈ ਜੇਠਾ ਜੀ ਸਫਲ ਨਿਕਲੇ ਤਾਂ ਗੁਰਗੱਦੀ ਗੁਰੂ ਅਮਰਦਾਸ ਜੀ ਨੇ ਉਨਾਂ ਨੂੰ ਸੌਂਪ ਦਿੱਤੀ ਤੇ ਗੁਰੂ ਰਾਮਦਾਸ ਬਣਾ ਦਿੱਤਾ। ਸ੍ਰੀ ਗੁਰੂ ਅਮਰਦਾਸ ਜੀ 1 ਸਤੰਬਰ, ਸੰਨ 1574ਈ. ਨੂੰ ਗੋਇੰਦਵਾਲ ਸਾਹਿਬ ਵਿਖੇ ਜੋਤੀ ਜੋਤ ਸਮਾ ਗਏ। ਗੁਰੂ ਅਮਰਦਾਸ ਜੀ ਦਾ 16 ਸਤੰਬਰ ਨੂੰ ਜੋਤੀ ਜੋਤ ਪੁਰਬ ਗੋਇੰਦਵਾਲ ਸਾਹਿਬ ਤੇ ਸ੍ਰੀ ਦਰਬਾਰ ਸਾਹਿਬ ਤੋਂ ਇਲਾਵਾ ਹੋਰ ਧਾਰਮਿਕ ਅਸਥਾਨਾਂ ਵਿਚ ਵੀ ਮਨਾਇਆ ਜਾ ਰਿਹਾ ਹੈ।

# ਆਓ ਜਾਣੀਏ ‘ਛੋਟਾ ਘੱਲੂਘਾਰਾ’ (16-17 ਮਈ 1746 ਈ.) ਕੀ ਸੀ ?

**ਗਗਨਦੀਪ ਧਾਲੀਵਾਲ**

ਸਾਡਾ ਸਿੱਖ ਇਤਿਹਾਸ ਕੁਰਬਾਨੀਆਂ ਨਾਲ ਭਰਿਆ ਹੋਇਆ ਹੈ।ਅਸੀਂ ਸਿੱਖ ਇਤਿਹਾਸ ਨੂੰ ਕੁਰਬਾਨੀਆਂ ਦਾ ਇਤਿਹਾਸ, ਸ਼ਹੀਦੀਆਂ ਦਾ ਇਤਿਹਾਸ, ਘੱਲੂਘਾਰਿਆਂ ਦਾ ਇਤਿਹਾਸ ਵੀ ਕਹਿ ਸਕਦੇ ਹਾਂ। ਸਿੱਖ ਇਤਹਾਸ ਵਿੱਚ ਹੋਈਆ ਲਾਸਾਨੀ ਸ਼ਹਾਦਤਾਂ ਨੂੰ ਇਤਿਹਾਸ ਵਿੱਚ ਸੁਨਹਿਰੀ ਅੱਖਰਾਂ ਵਿੱਚ ਲਿਖਿਆਂ ਗਿਆ ਹੈ।ਸਿੱਖਾਂ ਕੌਮ ਦੁਆਰਾ ਦਿੱਤੀਆਂ ਗਈਆਂ ਕੁਰਬਾਨੀਆਂ ਦਾ ਸਾਡਾ ਇਤਿਹਾਸ ਗਵਾਹ ਹੈ।ਆਓ ਜਾਣਦੇ ਹਾਂ ਇੱਕ ਅਜਿਹੀ ਘਟਨਾ ਬਾਰੇ ਜਿਸ ਵਿੱਚ ਬਹੁਤ ਸਿੱਖਾਂ ਨੇ ਸ਼ਹੀਦੀ ਪਾਈ। ਉਹ ਘਟਨਾ ਹੈ ਛੋਟਾ ਘੱਲੂਘਾਰਾ।ਛੋਟਾ ਘੱਲੂਘਾਰਾ 17 ਮਈ 1746 ‘ਘੱਲੂਘਾਰਾ’ ਸ਼ਬਦ ਦਾ ਸਬੰਧ ਅਫ਼ਗਾਨੀ ਬੋਲੀ ਨਾਲ ਹੈ ਜਿਸ ਦੇ ਅੱਖਰੀ ਅਰਥ ਹਨ ਸਭ ਕੁਝ ਤਬਾਹ ਹੋ ਜਾਣਾ, ਜਾਂ ਸਰਬਨਾਸ਼। 1726 ਈ. ਵਿੱਚ ਯਾਹੀਆ ਖਾਂ ਅਤੇ ਦੀਵਾਨ ਲਖਪਤ ਰਾਏ ਨੇ ਵਿਸ਼ਾਲ ਸੈਨਾ ਸਹਿਤ ਸਿੱਖਾਂ ਵਿਰੁੱਧ ਕਾਰਵਾਈ ਕਰਨ ਲਈ ਕਾਹਨੂੰਵਾਨ ਦੇ ਜੰਗਲ਼ਾਂ ਵੱਲ ਚੜਾਈ ਕੀਤੀ ਜਿੱਥੇ ਲਗਭਗ 15,000 ਸਿੱਖਾਂ ਨੇ ਸ਼ਰਨ ਲਈ ਹੋਈ ਸੀ।ਮੁਗਲ ਸੈਨਾ ਦੇ ਆਉਣ ਦੀ ਖ਼ਬਰ ਮਿਲਦਿਆਂ ਹੀ ਸਿੱਖ ਪਠਾਨਕੋਟ ਤੇ ਡਲਹੌਜੀ ਵਿਚਾਲੇ ਸਥਿਤ ਬਸੌਲੀ ਦੀਆਂ ਪਹਾੜੀਆਂ ਵੱਲ ਭੱਜ ਗਏ ਮੁਗਲਾਂ ਨੇ ਉਨਾਂ ਦਾ ਪਿੱਛਾ ਕੀਤਾ। ਸਿੱਖ ਹੁਣ ਬੜੀ ਭਿਆਨਕ ਅਵਸਥਾ ਵਿੱਚ ਫਸ ਗਏ ਉਨਾਂ ਦੇ ਅੱਗੇ ਉੱਚੇ-ਉੱਚੇ ਸਿੱਧੇ ਪਹਾੜ ਸਨ,ਅਤੇ ਪਹਾੜੀ ਰਾਜੇ ਤੇ ਲੋਕ ਉਨਾਂ ਦੇ ਦੁਸ਼ਮਣ ਸਨ, ਉਨਾਂ ਦੇ ਸੱਜੇ ਪਾਸੇ ਬਿਆਸ ਦਰਿਆ ਸੀ ਜਿਸ ਵਿੱਚ ਹੜ ਆਇਆ ਹੋਇਆ ਸੀ।ਦੁਸ਼ਮਣਾਂ ਦੀ ਸੈਨਾ ਉਨਾਂ ਵੱਲ ਤੇਜ਼ੀ ਨਾਲ ਵੱਧ ਰਹੀ ਸੀ। ਸਿੱਖਾਂ ਕੋਲ ਭੋਜਨ ਤੇ ਯੁੱਧ ਸਮੱਗਰੀ ਦੀ ਵੀ ਘਾਟ ਸੀ।ਘੋੜਸਵਾਰ ਸਿੱਖਾਂ ਨੇ ਸੁੱਖਾ ਸਿੰਘ ਦੀ ਅਗਵਾਈ ਹੇਠ ਦੁਸ਼ਮਣਾਂ ਦੀ ਸੈਨਾ ਨੂੰ ਚੀਰ ਕੇ ਨਿਕਲਣ ਦਾ ਯਤਨ ਕੀਤਾ, ਪਰ ਮੁਗਲਾਂ ਦੀ ਵਿਸ਼ਾਲ ਸੈਨਾ ਨੇ ਉਨਾਂ ਨੂੰ ਘੇਰ ਲਿਆ।ਸੈਂਕੜੇ ਸਿੱਖ ਮੌਤ ਦਾ ਸ਼ਿਕਾਰ ਹੋ ਗਏ ਅਤੇ ਸੈਂਕੜੇ ਗ੍ਰਿਫ਼ਤਾਰ ਕਰ ਲਏ ਗਏ।ਬਾਕੀ ਸਿੱਖਾਂ ਨੇ ਭੱਜ ਕੇ ਜੰਗਲ਼ਾਂ ਵਿੱਚ ਸ਼ਰਨ ਲਈ।ਆਲੇ-ਦੁਆਲੇ ਦੇ ਪਿੰਡਾਂ ਦੇ ਲੋਕਾਂ ਨੇ ਵੀ ਮੁਗਲ ਸੈਨਿਕਾਂ ਦਾ ਸਾਥ ਦਿੱਤਾ।ਬਹੁਤ ਸਾਰੇ ਸਿੱਖਾਂ ਨੂੰ ਮੌਤ ਦੇ ਘਾਟ ਉਤਾਰ ਦਿੱਤਾ ਗਿਆ।ਇਸ ਲੜਾਈ ਵਿੱਚ ਘੱਟੋ-ਘੱਟ 7000 ਸਿੱਖ ਮਾਰੇ ਗਏ ਅਤੇ 3000 ਸਿੱਖਾਂ ਨੂੰ ਕੈਦ ਕਰਕੇ ਲਾਹੌਰ ਲਿਆਂਦਾ ਗਿਆ। ਇਨਾਂ ਨੂੰ ਲਾਹੌਰ ਵਿਖੇ ਨਕਸ਼ ਦੇ ਸਥਾਨ ਤੇ ਲਿਆ ਕੇ ਤਸੀਹੇ ਦੇ ਕੇ ਬੜੀ ਨਿਰਦੈਤਾ ਨਾਲ ਕਤਲ ਕਰ ਦਿੱਤਾ ਗਿਆ। ਪਹਿਲੀ ਵਾਰ ਸਿੱਖਾਂ ਦਾ ਇੱਕ ਹੀ ਲੜਾਈ ਵਿੱਚ ਇੰਨਾ ਭਾਰੀ ਜਾਨੀ ਨੁਕਸਾਨ ਹੋਇਆ। ਇਸ ਲਈ ਇਸ ਘਟਨਾ ਨੂੰ ‘ਪਹਿਲਾ ਘੱਲੂਘਾਰਾ’ ਕਿਹਾ ਜਾਂਦਾ ਹੈ।ਬਾਅਦ ਵਿੱਚ ਇਸ ਨੂੰ ‘ਛੋਟਾ ਘੱਲੂਘਾਰਾ’ ਕਿਹਾ ਜਾਣ ਲੱਗਾ।ਕਿਉਂਕਿ 1762 ਈ.ਵਿੱਚ ‘ਵੱਡਾ ਘੱਲੂਘਾਰਾ’ ਵਾਪਰਿਆ ਜਿਸ ਵਿੱਚ ਇਸ ਤੋਂ ਵੀ ਜਿਆਦਾ ਗਿਣਤੀ ਵਿੱਚ ਸਿੱਖ ਮਾਰੇ ਗਏ ਸਨ।


ਸ਼ਹੀਦ ਜਸਵੰਤ ਸਿੰਘ ਖਾਲੜਾ ਦੀ ਰਾਜਸੀ ਵਿਚਾਰਧਾਰਾ ਤੇ ਬੌਧਿਕ ਪ੍ਰਤਿਭਾ ਬਾਰੇ ਅਣਗੌਲੇ ਸੱਚ ਨੂੰ ਉਜਾਗਰ ਕਰਦੀ ਪੁਸਤਕ

ਜਿਸ ਵਿਚ ਖਾੜਕੂ ਲਹਿਰ, ਖਾਲਿਸਤਾਨ ਤੇ 1992 ਦੀਆਂ ਚੋਣਾਂ ਬਾਰੇ ਸ਼ਹੀਦ ਖਾਲੜਾ ਦੇ ਸਿਧਾਂਤਕ ਨਜ਼ਰੀਏ ਸਮੇਤ ਉਸ ਦੇ ਸ਼ਹਾਦਤ ਦੇ ਸਫਰ ਤੇ ਦ੍ਰਿੜ ਸੰਕਲਪ ਦੀ ਸਿਧਾਂਤਕ ਵਿਆਖਿਆ ਕੀਤੀ ਗਈ ਹੈ








# ਅਸਲ ਵਿੱਚ ਤਿੰਨ ਪੱਖੀ ਸੰਧੀ ਰਣਜੀਤ ਸਿੰਘ ਦੀ ਕੂਟਨੀਤਿਕ ਹਾਰ ਸੀ..

**ਗਗਨਦੀਪ ਕੌਰ**

ਜਦੋਂ 1837 ਵਿੱਚ ਰੂਸ ਬੜੀ ਤੇਜ਼ੀ ਨਾਲ ਏਸ਼ੀਆ ਵੱਲ ਵੱਧ ਰਿਹਾ ਸੀ ਤਾਂ ਅੰਗਰੇਜ਼ਾਂ ਨੂੰ ਇਹ ਖਤਰਾ ਪੈਦਾ ਹੋ ਗਿਆ ਕਿ ਕਿਧਰੇ ਰੂਸ ਅਫ਼ਗਾਨਿਸਤਾਨ ਦੇ ਰਸਤੇ ਭਾਰਤ ’ਤੇ ਹਮਲਾ ਨਾ ਕਰ ਦੇਵੇ ।ਇਸੇ ਹਮਲੇ ਦੇ ਡਰ ਤੋਂ ਅੰਗਰੇਜ਼ਾਂ ਨੇ ਅਫ਼ਗਾਨਿਸਤਾਨ ਦੇ ਹਾਕਮ ਦੋਸਤ ਮੁਹੰਮਦ ਖਾਂ ਨਾਲ ਦੋਸਤੀ ਕਰਨੀ ਚਾਹੀ। ਅੰਗਰੇਜ਼ਾਂ ਨੇ ਰਣਜੀਤ ਸਿੰਘ ਨੂੰ ਵੀ ਇਸ ਸੰਧੀ ਵਿੱਚ ਸ਼ਾਮਿਲ ਹੋਣ ਲਈ ਮਜਬੂਰ ਕੀਤਾ। ਇਸ ਤਰਾਂ ਇਹ ਤਿੰਨ ਪੱਖੀ ਸੰਧੀ ਮਹਾਰਾਜਾ ਰਣਜੀਤ ਸਿੰਘ, ਅੰਗਰੇਜ਼ਾਂ ਅਤੇ ਅਫ਼ਗਾਨਿਸਤਾਨ ਦੇ ਸਾਬਕਾ ਸ਼ਾਸਕ ਸ਼ਾਹ ਸ਼ੁਜਾਹ ਵਿਚਕਾਰ ਹੋਈ ਸੀ। ਇਹ ਸੰਧੀ 26 ਜੂਨ 1838 ਈ. ਨੂੰ ਹੋਈ। ਤਿੰਨ ਪੱਖੀ ਸੰਧੀ ਦਾ ਮੁੱਖ ਉਦੇਸ਼ ਅਫ਼ਗਾਨਿਸਤਾਨ ਦੇ ਸ਼ਾਸਕ ਦੋਸਤ ਮੁਹੰਮਦ ਖਾਂ ਨੂੰ ਗੱਦੀ ਤੋਂ ਉਤਾਰ ਕੇ ਇੱਥੋਂ ਦੇ ਸਾਬਕਾ ਸ਼ਾਸਕ ਸ਼ਾਹ ਸ਼ੁਜਾਹ ਨੂੰ ਮੁੜ ਗੱਦੀ ਉੱਤੇ ਬਿਠਾਉਣਾ ਸੀ ਤਾਂ ਜੋ ਅਜਿਹਾ ਕਰਕੇ ਅੰਗਰੇਜ ਆਪਣਾ ਪ੍ਰਭਾਵ ਅਫ਼ਗਾਨਿਸਤਾਨ ਵਿੱਚ ਵਧਾ ਸਕਣ। ਇਸ ਸੰਧੀ ਦੀਆਂ ਕੁੱਝ (ਧਾਰਾਵਾਂ) ਸ਼ਰਤਾਂ ਸਨ- ਪਹਿਲੀ ਸ਼ਰਤ ਇਹ ਸੀ ਕਿ ਸ਼ਾਹ ਸ਼ੁਜਾਹ



ਅਤੇ ਉਸਦੇ ਉੱਤਰਾਧਿਕਾਰੀ ਦਾ ਸਿੰਧ ਦਰਿਆ ਦੇ ਦੋਹਾਂ ਪਾਸਿਆਂ ਦੇ ਇਲਾਕਿਆਂ ਉੱਤੇ ਕੋਈ ਅਧਿਕਾਰ ਨਹੀਂ ਹੋਵੇਗਾ। ਦੂਸਰੀ ਸ਼ਰਤ ਇਹ ਸੀ ਕਿ ਪਿਸ਼ਾਵਰ ਉੱਤੇ ਰਣਜੀਤ ਸਿੰਘ ਦੇ ਅਧਿਕਾਰ ਨੂੰ ਪ੍ਰਵਾਨ ਕਰ ਲਿਆ ਗਿਆ। ਤੀਸਰੀ ਸ਼ਰਤ ਇਹ ਸੀ ਕਿ ਸਿੰਧ ਦੇ ਸਬੰਧ ਵਿੱਚ ਅੰਗਰੇਜ਼ਾਂ ਅਤੇ ਰਣਜੀਤ ਦੇ ਦਰਮਿਆਨ ਜਿਹੜੇ ਫ਼ੈਸਲੇ ਹੋਣਗੇ, ਸ਼ਾਹ ਸ਼ੁਜਾਹ ਨੇ ਉਨਾਂ ਨੂੰ ਮੰਨਣ ਦਾ ਵਚਨ ਦਿੱਤਾ। ਚੌਥੀ ਸੰਧੀ ਇਹ ਸੀ ਕਿ ਤਿੰਨੇ ਸ਼ਕਤੀਆਂ ਇੱਕ ਦੂਜੇ ਨੂੰ ਬਾਹਰੀ ਹਮਲੇ ਸਮੇਂ ਜਾਂ ਅੰਦਰੂਨੀ ਬਗ਼ਾਵਤ ਸਮੇਂ ਸਹਾਇਤਾ ਦੇਣਗੀਆਂ। ਪੰਜਵੀਂ ਧਾਰਾ ਇਹ ਸੀ ਕਿ ਇੱਕ ਦੇਸ਼ ਦਾ ਦੁਸ਼ਮਣ ਦੂਸਰੇ ਦੇਸ਼ ਦਾ ਦੁਸ਼ਮਣ ਸਮਝਿਆ ਜਾਵੇਗਾ। ਛੇਵੀਂ ਸ਼ਰਤ ਇਹ ਸੀ ਕਿ ਸ਼ਾਹ ਸ਼ੁਜਾਹ ਨੂੰ ਤਖਤ ਉੱਤੇ ਬਿਠਾਉਣ ਲਈ ਰਣਜੀਤ ਸਿੰਘ 5,000 ਸੈਨਿਕ ਦੇਵੇਗਾ ਜਿਸ ਦੇ ਬਦਲੇ ਉਹ ਰਣਜੀਤ ਸਿੰਘ ਨੂੰ 2 ਲੱਖ ਰੁਪਏ ਦੇਵੇਗਾ। ਅਸਲ ਵਿੱਚ ਤਿੰਨ ਪੱਖੀ ਸੰਧੀ ਰਣਜੀਤ ਸਿੰਘ ਦੀ ਕੂਟਨੀਤਿਕ ਹਾਰ ਸੀ। ਕਿਉਂਕਿ ਇਸ ਸੰਧੀ ਨੇ ਰਣਜੀਤ ਸਿੰਘ ਦੀਆਂ ਸਿੰਧ ਅਤੇ ਸ਼ਿਕਾਰਪੁਰ ਉੱਤੇ ਕਬਜ਼ਾ ਕਰਨ ਦੀਆਂ ਇੱਛਾਵਾਂ ਉੱਪਰ ਪਾਣੀ ਫੇਰ ਦਿੱਤਾ ਸੀ।

ਲੜੀ ਜੋੜਨ ਲਈ ਪਿਛਲਾ ਅੰਕ ਦੇਖੋ

# ਜ਼ਫ਼ਰਨਾਮਾ

ਆਖਰੀ ਦਾਅ ਤੇ ਆਖਰੀ ਵਾਅ: ਇਸ ਹਾਲਤ ਵਿਚ ਆਪਣੇ ਬਚਾਅ ਲਈ ਵਿਧਵਾ ਸਦਾ ਕੌਰ ਨੇ ਮਹਾਂ ਸਿੰਘ ਦੀ ਸਭ ਤੋਂ ਵੱਡੀ ਕਮਜ਼ੋਰੀ ਨੂੰ ਜਾ ਹੱਥ ਪਾਇਆ - ਉਸ ਨੇ ਰਾਜ ਕੌਰ, ਮਹਾਂ ਸਿੰਘ ਦੀ ਪਤਨੀ ਨੂੰ ਆਪਣੀ ਪੰਜ ਸਾਲ ਦੀ ਪਿਤਾ ਪਖੋਂ ਯਤੀਮ ਇਕਲੌਤੀ ਬੇਟੀ ਮਹਿਤਾਬ ਕੌਰ ਦਾ ਰਿਸ਼ਤਾ, ਉਸ ਦੇ ਪੰਜ ਸਾਲ ਦੇ ਪੁੱਤਰ ਰਣਜੀਤ ਸਿੰਘ ਜੋ ਇਕ ਅੱਖੋਂ ਹੀਨ ਤੇ ਮੂੰਹ ਤੇ ਮਾਤਾ ਦੇ ਦਾਗ ਸਨ, ਨਾਲ ਮਨਾ ਲਿਆ। ਕਨਿੰਘਮ, ਗਾਂਧੀ ਤੇ ਹੋਰ ਬਹੁਤ ਸਾਰੇ ਇਤਿਹਾਸਕਾਰ ਲਿਖਦੇ ਹਨ ਕਿ ਇਹ ਸਦਾ ਕੌਰ ਦੀ ਰਾਮਗੜੀਏ ਸਰਦਾਰ ਕੋਲੋਂ ਬਦਲਾ ਲੈਣ ਦੀ ਵਿਉਂਤ ਸੀ। ਅੱਜ ਦੀ ਬਣੀ ਫਿਲਮ 'ਮਹਾਰਾਜਾ ਰਣਜੀਤ ਸਿੰਘ' Episote 15 ਵਿਚ ਨਿਰਮਾਤਾ ਸਦਾ ਕੌਰ ਆਪਣੀ ਹੁਣ ਜਵਾਨ ਬੇਟੀ ਮਹਿਤਾਬ ਕੌਰ (ਜੋ ਆਪਣੇ ਪਿਤਾ ਦਾ ਕਾਤਲ ਮਹਾਂ ਸਿੰਘ ਨੂੰ ਠਹਿਰਾਉਂਦੀ ਹੈ, ਕਿਉਂ ਕਿ ਉਸ ਨੇ ਹੀ ਜੱਸਾ ਸਿੰਘ ਨੂੰ ਆਪਣੀ ਮਦਦ ਵਾਸਤੇ ਸਦਿਆ ਸੀ) ਜੋ ਉਸ ਦੀ ਰਣਜੀਤ ਸਿੰਘ ਨਾਲ ਹੋ ਜਾ ਰਹੀ ਸ਼ਾਦੀ ਨੂੰ ਨਫਰਤ ਕਰਦੀ, ਸਮਝਾਉਂਦੀ ਹੈ ਕਿ ਉਸ ਦੀ ਤੇਹ ਸ਼ਾਦੀ ਇਕ ਸਿਆਸਤ ਸੀ ਜਿਸ ਕਰਕੇ 'ਤੂੰ ਬਚ ਗਈ, ਮੈਂ ਬਚ ਗਈ, ਤੇ ਸਾਡੀ ਰਿਆਸਤ ਬਚ ਗਈ'। ਸਾਡਾ ਦੁਸ਼ਮਨ ਰਾਮਗੜੀਆ ਸੀ ਤੇ ਸ਼ਾਇਦ ਸਦਾ ਕੌਰ ਨੇ ਇਸ ਹਾਲਤ ਵਿਚ, ਮਹਿਤਾਬ ਕੌਰ ਦੇ ਦਾਜ ਵਿਚ ਆਪਣੀ ਰਿਆਸਤ ਹੀ ਦੇਣ ਦਾ ਝਾਂਸਾ ਵੀ ਦਿੱਤਾ ਹੋਵੇ। ਮਹਾਂ ਸਿੰਘ ਇਹ ਭੁੱਲ ਕੇ ਕਿ ਉਸ ਨੇ ਜੱਸਾ ਸਿੰਘ ਰਾਮਗੜੀਏ ਨੂੰ ਆਪਣੀ ਬੁਰੀ ਹਾਲਤ ਵਿਚ ਮੰਗ ਤੇ ਸਦਿਆ ਸੀ, ਤੇ ਜੱਸਾ ਸਿੰਘ ਨੇ ਉਸ ਦੇ ਦੁਸ਼ਮਨਾਂ ਨੂੰ ਮਾਰ, ਭਜਾ ਕੇ ਸ਼ੁਕਰਚਕੀਆਂ ਨੂੰ ਸਿਆਸਤ ਦੀ ਆਖਰੀ ਪੌੜੀ 'ਤੇ ਚੜਨ ਦਾ ਮੌਕਾ ਦਿੱਤਾ ਸੀ। ਪਰ ਮਹਾਂ ਸਿੰਘ ਨੇ ਸਦਾ ਕੌਰ ਪਿਛੇ ਲੱਗ ਕੇ, ਉਸ ਨਾਲ ਮਿਲ ਕੇ, ਤੇ ਹੋਰਾਂ ਨੂੰ ਵੀ ਨਾਂ ਲਮਾ ਕੇ, ਜੱਸਾ ਸਿੰਘ ਨੂੰ ਮਾਰ ਮੁਕਾਉਣ ਵਾਸਤੇ ਕਈ ਕਈ ਮਹੀਨੇ ਉਸ ਦੇ ਕਿਲੇ ਵਿਚ ਘੇਰੀ ਰਖਿਆ ਸੀ। 1792 ਵਿਚ, ਜਦ ਕੇ ਮਹਾਂ ਸਿੰਘ ਦੀ ਮੌਤ ਹੋਣ ਤੋਂ ਬਾਅਦ, ਖੁਦ ਜੱਸਾ ਸਿੰਘ ਦੀ ਅੱਗੇ ਆਉਣ ਦੀ ਆਪਣੀ ਵਾਰੀ ਸੀ। ਜੱਸਾ ਸਿੰਘ ਦੇ ਪਰਵਾਰ (ਦਾਦਾ ਹਰਦਾਸ ਸਿੰਘ ਜੀ, ਜੋ ਗੁਰੂ ਜੀ ਦੀ ਹਰ ਪਹਾੜੀਆਂ ਨਾਲ ਜੰਗ ਵਿਚ ਸੀ) ਦੀ ਅਸੀਸ ਸੀ। ਮਹਾਂ ਸਿੰਘ ਤੇ ਸਦਾ ਕੌਰ, ਹੋਰਾਂ ਦੀ ਇਕੱਠੀ ਤਾਕਤ ਵੀ ਉਸ ਦਾ ਕੁਝ ਨਾ ਵਿਗਾੜ ਸਕੇ। ਭਾਵੇਂ ਰਣਜੀਤ ਸਿੰਘ ਦੇ ਗੱਭਰੂ ਹੋਣ ਤੇ ਫਿਰ ਕੋਸ਼ਿਸ਼ ਕੀਤੀ ਗਈ।

ਪੰਜਾਬੀ ਦੀ ਕਹਾਵਤ ਹੈ - ਇਕ ਤੇ ਇਕ ਮਿਲਕੇ ਗਿਆਰਾਂ ਹੋ ਜਾਂਦੇ ਹਨ। ਇਸ ਤਰਾਂ ਰਣਜੀਤ ਸਿੰਘ ਤੇ ਸਦਾ ਕੌਰ ਮਿਲ ਕੇ ਲਾਹੌਰ ਜਾ ਮਲਿਆ, ਜਿੱਥੇ ਤੀਹ ਸਾਲਾਂ ਤੋਂ ਭੰਗੀਆਂ ਦਾ ਕਬਜ਼ਾ ਸੀ। ਇਸ ਬੇਇਨਸਾਫੀ ਨੂੰ ਨਾ ਸਹਾਰਦਾ ਹੋਇਆ, ਦਿੱਲੀ ਜੇਤੂ (ਮੁਗ਼ਲਾਂ ਦੀ ਜੜ ਪੁੱਟਣ ਵਾਲਾ), ਛਿੱਹਤਰ ਸਾਲ ਦਾ ਬੁੱਢਾ ਸ਼ੇਰ, ਜੱਸਾ ਸਿੰਘ ਰਾਮਗੜੀਆ, ਉਨੀ ("✦✦○▲✦✦) ਸਾਲ ਦੇ ਮੁੱਛਫੁੱਟੀਏ ਜਵਾਨ ਰਣਜੀਤ ਸਿੰਘ ਸਾਹਮਣੇ ਭੰਗੀਆਂ ਤੇ ਆਪਣੀਆਂ ਫੌਜਾਂ ਦੀ ਕਮਾਨ ਸੰਭਾਲਦਾ ਜਾ ਖੜਾ ਹੋਇਆ। ਭਾਵੇਂ, ਤੇਜ਼ ਬੁੱਧੀ, ਸਦਾ ਕੌਰ ਨੇ ਆਪਣੇ ਪਤੀ ਦੀ ਮੌਤ ਦੇ ਬਦਲੇ ਦੀ ਭਾਵਨਾ ਦਰਸਾਉਂਦਿਆਂ, ਚਾਰ-ਚਾਰ ਮਿਸਲਾਂ ਨੂੰ ਨਾਲ ਲੈ ਕੇ ਜੱਸਾ ਸਿੰਘ ਨੂੰ ਉਸ ਦੇ ਇਲਾਕਿਆਂ ਵਿਚ ਘੇਰ ਘੇਰ ਅੱਜ ਦੇ ਦਿਨ ਲਈ ਬਹੁਤ ਕਮਜੋਰ ਕਰ ਦਿੱਤਾ ਸੀ। ਵੇਲਾ ਆ ਹੀ ਗਿਆ ਕਿ ਦੋਹਾਂ ਵਿਚੋਂ ਇਕ ਨੇ ਹੀ ਸ਼ੇਰ-ਏ-ਪੰਜਾਬ ਹੋਣਾ ਸੀ। ਦੋ-ਤਿੰਨ ਮਹੀਨੇ ਹੋ ਗਏ ਪਰ ਵਾਰ ਕਿਸੇ ਨੇ ਨਾ ਕੀਤਾ। ਅੰਤ ਵਾਹਿਗੁਰੂ ਨੇ ਆਪ ਹੀ ਫੈਸਲਾ ਕਰ ਦਿੱਤਾ ਕਿ ਗੁਲਾਬ ਸਿੰਘ ਭੰਗੀ ਦੀ ਅਚਾਨਕ ਮੌਤ ਹੋ ਗਈ। ਉਸ ਦਾ ਪੁੱਤਰ ਅਜੇ ਬਹੁਤ ਛੋਟਾ ਸੀ ਤੇ ਜੱਸਾ ਸਿੰਘ ਰਾਮਗੜੀਏ ਦਾ ਪੁੱਤਰ ਜੋਧ ਸਿੰਘ 50-60 ਸਾਲਾਂ ਦਾ ਹੋ ਚੁੱਕਾ ਸੀ, ਲਸਿ ਦਾ ਕੋਈ ਪੁੱਤਰ ਨਹੀਂ ਸੀ। ਭਾਵ ਜੱਸਾ ਸਿੰਘ ਰਾਮਗੜੀਆ ਦਾ ਕੋਈ ਪੋਤਰਾ ਨਹੀਂ ਸੀ। ਜਿੱਤ ਰਣਜੀਤ ਸਿੰਘ ਦੀ ਸਮਝੀ ਗਈ। ਰਣਜੀਤ ਸਿੰਘ ਦੇ ਨਾਨਕੇ-ਦਾਦਕੇ ਸਭ ਸਿਆਸਤ ਵਿਚ ਸਨ। ਕੌਮ ਦਾ ਮੁਖੀ ਹੋਣ ਲਈ, ਪਿਛੋਕੜ ਬਹੁਤ ਹੀ ਨਿੱਗਰ ਹੋਣਾ ਚਾਹੀਦਾ ਹੈ। ਜਿਸ ਤਰਾਂ ਜੱਸਾ ਸਿੰਘ ਰਾਮਗੜੀਆ ਦੇ ਪਿਤਾ, ਤੇ ਦਾਦਾ ਜੀ ਗੁਰੂ ਸਾਹਿਬ ਦੇ ਦਰਬਾਰੀ ਤੇ ਫੌਜੀ ਰਹੇ। ਉਧਰ ਨਵਾਬ ਕਪੂਰ ਸਿੰਘ ਨੇ ਆਪਣੀ ਮਿਸਲ ਦਾ ਸਰਦਾਰ ਸ਼ੁਕਰਚੱਕੀਏ ਸਰਦਾਰ ਬੁੱਧ ਸਿੰਘ, ਮਹਾਰਾਜਾ ਰਣਜੀਤ ਸਿੰਘ ਦੇ ਪੜਦਾਦਾ ਨੂੰ ਚੁਣਿਆ ਸੀ। ਬੁੱਧ ਸਿੰਘ ਨੇ ਦਸਮ ਪਾਤਸ਼ਾਹ ਦੇ ਖੰਡੇ ਦੀ ਪਹੁਲ ਲਈ ਹੋਈ ਸੀ। ਪਿਛੋਂ ਸਰਦਾਰ ਚੜਤ ਸਿੰਘ ਮਹਾਰਾਜਾ ਰਣਜੀਤ ਸਿੰਘ ਦੇ ਦਾਦਾ ਨੇ ਆਪਣੀ ਵੱਖਰੀ ਮਿਸਲ ਆਪਣੇ ਪਿੰਡ ਦੇ ਨਾਂ ਉੱਤੇ ਸ਼ੁਕਰਚੱਕੀਆ ਬਣਾ ਲਈ ਸੀ।)

ਜੱਸਾ ਸਿੰਘ ਆਹਲੂਵਾਲੀਆ (ਦਲ ਖਾਲਸੇ ਦਾ ਮੁਖੀ) ਨੇ ਲਾਹੌਰ ਜਿੱਤ ਕੇ ਸਿੱਕਾ ਜੱਸਾ ਸਿੰਘ ਕਲਾਲ ਨਾਂ ਤੇ ਚਲਾਇਆ, ਜਦਕਿ ਬੰਦਾ ਸੰਘ ਬਹਾਦਰ ਅਤੇ ਬਾਅਦ



ਵਿਚ ਰਣਜੀਤ ਸਿੰਘ ਨੇ ਵੀ ਸਿੱਕਾ ਗੁਰੂਆਂ ਦੇ ਨਾਂ ਤੇ ਚਲਾਇਆ ਸੀ। ਜੱਸਾ ਸਿੰਘ ਆਹਲੂਵਾਲੀਆ ਦਾ ਸਿੱਕਾ ਵਾਪਸ ਲੈਣਾ ਪਿਆ ਸੀ। ਸ਼ਾਹ ਜ਼ਮਾਨ ਇਹ ਗੱਲ ਦਿਲ ਵਿਚ ਰੱਖ ਕੇ - ਮਿਸਲਾਂ ਦੇ ਆਪਸ ਵਿਚ ਝਗੜੇ ਤੇ ਖਾਸ ਕਰ ਜਿਹੜੇ ਯੋਧੇ, ਜੱਸਾ ਸਿੰਘ ਰਾਮਗੜੀਆ, ਜੱਸਾ ਸਿੰਘ ਆਹਲੂਵਾਲੀਆ, ਜੈ ਸਿੰਘ ਕਨਈਆ, ਸਰਦਾਰ ਚੜਤ ਸਿੰਘ ਸ਼ੁਕਰਚਕੀਆ ਅਤੇ ਹਰੀ ਸਿੰਘ ਭੰਗੀ ਅਬਦਾਲੀ ਦਾ ਡੱਟ ਕੇ ਸਾਹਮਣਾ ਕਰਨ ਵਾਲੇ ਬਹਾਦਰ ਸਨ, ਉਨਾਂ ਵਿਚੋਂ ਹੁਣ ਪੰਜਾਬ ਦੀ ਧਰਤੀ ਉੱਤੇ ਕੇਵਲ ਜੱਸਾ ਸਿੰਘ ਰਾਮਗੜੀਆ ਹੀ ਜਿਉਂਦਾ ਸੀ, ਪੰਜਾਬ ਤੇ ਹਮਲਾ ਕਰ ਦਿੱਤਾ। ਅੰਮ੍ਰਿਤਸਰ ਖਾਸ ਕਰ ਹਰਿਮੰਦਰ ਸਾਹਿਬ ਦੇ ਬਚਾਅ ਲਈ ਸਰਬਤ ਖਾਲਸੇ ਨਾਲ ਜੱਸਾ ਸਿੰਘ ਰਾਮਗੜੀਆ ਆਪਣੇ ਪੂਰੇ ਤਾਣ ਨਾਲ ਆਪਣੀ ਫ਼ੌਜ ਲੈ ਕੇ ਪੰਜਾਬ ਉੱਤੇ ਬਣੀ ਭੀੜ ਲਈ ਡਟ ਗਿਆ ਤੇ ਉਧਰ ਰਣਜੀਤ ਸਿੰਘ ਨੇ ਅਬਦਾਲੀ ਦਾ ਪੋਤਰਾ ਸ਼ਾਹ ਜਮਾਨ, ਜੋ ਲਾਹੌਰ ਕਿਲੇ ਅੰਦਰ ਜਾ ਵੜਿਆ ਸੀ, ਦਾ ਪਿੱਛਾ ਕਰਦਿਆਂ, ਨੂੰ ਬਾਹਰੋਂ ਵੰਗਾਰਦਿਆਂ ਆਪਣੇ ਦਾਦਾ ਸਰਦਾਰ ਚੜਤ ਸਿੰਘ ਦਾ ਨਾਂ ਦੁਰਾਇਆ, ਉਹਨੂੰ ਇਹ ਯਾਦ ਕਰਾਉਣ ਲਈ ਕਿ ਰਣਜੀਤ ਸਿੰਘ ਦੇ ਦਾਦਾ ਨੇ ਉਸ ਦੇ, ਦਾਦਾ ਅਬਦਾਲੀ ਦੇ ਚਾਚੇ, ਨੂੰ ਬੰਦੀ ਬਣਾ ਰਖਿਆ ਸੀ। ਰਣਜੀਤ ਸਿੰਘ, ਜੱਸਾ ਸਿੰਘ ਰਾਮਗੜੀਆ ਤੋਂ ਬਾਅਦ, ਗੁਰੂ ਦੇ ਜ਼ਫ਼ਰਨਾਮੇ ਦਾ ਅਗਲਾ ਯੋਧਾ ਹੋਇਆ ।

ਅੰਤ 1803 ਨੂੰ 'ਕਾਜ਼ੀ ਨੂਰ ਮੁਹੰਮਦ' ਦਾ ਜੰਗ ਵਿਚ 'ਬਬਰ ਸ਼ੇਰ' ਤੇ ਗੁਰੂ ਦੇ ਜ਼ਫ਼ਰਨਾਮੇ ਦਾ ਇਕ ਜੋਧਾ, ਜਿਸ ਦਾ ਰਾਹ ਰੋਕਣ ਵਾਸਤੇ ਚਾਰ-ਚਾਰ ਮਿਸਲਾਂ (ਉਸ ਦੇ ਤੇਜ ਪਰਤਾਪ ਦੇ ਇਰਖਾਲੂਆਂ) ਨੂੰ ਇਕੱਠਿਆਂ ਹੋਣਾ ਪੈਂਦਾ ਸੀ, ਜੱਸਾ ਸਿੰਘ ਰਾਮਗੜੀਆ: ਜਿਹਨੇ ਮਿਸਲਾਂ ਦਾ ਸਾਰਾ ਸਮਾਂ ਖੰਡੇ ਦੀ ਧਾਰ ਤੇ ਹੰਡਾਇਆ, ਜਿਸ ਦੇ ਪਿਤਾ ਗੁਰੂ ਗੋਬਿੰਦ ਸਿੰਘ ਨਾਲ ਨਾਂਦੇੜ ਪਹੁੰਚੇ ਤੇ ਬੰਦਾ ਸਿੰਘ ਬਹਾਦਰ ਨਾਲ ਪੰਜਾਬ ਵਾਪਸ ਆਏ ਅਤੇ ਦਾਦਾ ਜੀ, ਗੁਰੂ ਗੋਬਿੰਦ ਸਿੰਘ ਦੀਆਂ ਪਹਾੜੀਆਂ ਨਾਲ ਯੁਧ ਲੜੇ ਤੇ ਜੱਸਾ ਸਿੰਘ ਨੇ ਸਭ ਤੋਂ ਪਹਿਲਾਂ, ਗੁਰੂ ਦੇ ਦੁਸ਼ਮਣ, ਪਹਾੜੀਆਂ ਨੂੰ ਹੀ ਜਿਤਿਆ, ਸ੍ਰੀ ਹਰਗੋਬਿੰਦਪੁਰ ਨੂੰ ਰਾਜਧਾਨੀ ਬਣਾਇਆ, ਜਿਵੇਂ ਕਿ ਉਸ ਦੇ ਪਹਿਲੇ ਪੁਰਖੇ ਵੀ ਗੁਰੂ ਹਰਗੋਬਿੰਦ ਸਾਹਿਬ ਦੀ ਫੌਜ ਵਿਚ ਹੋਣ ਜਾਂ ਹਥਿਆਰ ਬਣਾਉਂਦੇ ਰਹੇ ਹੋਣ।

ਗੁਰੂ ਦਾ ਕੌਲ-(ਮੁਗਲਾਂ ਦੀ ਜੜ ਪੁਟਣੀ) ਨਿਭਾਇਆ, ਰਾਮਗੜ ਕਿਲੇ ਵਿਚ ਘਿਰੇ 500 ਵਿਚੋਂ ਬਚੇ 300 ਸਿੰਘਾਂ ਅਜੇ ਜਿਊਦਿਆਂ ਨੂੰ ਬਚਾਅ, ਉਸ ਨਾਜ਼ਕ ਮੌਕੇ ਵਿਚੋਂ ਲੰਘ ਰਹੇ ਪੰਥ ਦਾ ਰਾਹ ਇਕ ਜੁਗਨੂੰ ਬਣ ਕੇ ਚਾਨਣ ਕੀਤਾ ਸੀ। ਆਪਣੀ ਹਾਰੀ ਹੋਈ ਮਿਸਲ ਨੂੰ ਫਿਰ ਜਿਤਿਆ ਤੇ ਆਖਰ ਰਣਜੀਤ ਸਿੰਘ ਦੀ ਸਮਝੀ ਗਈ ਇਸ ਜਿੱਤ ਨੂੰ ਵਾਹਿਗੁਰੂ ਦੀ ਜਿੱਤ ਮੰਨਦਿਆਂ ਪੰਜਾਬ, ਮਿਸਲਾਂ ਦੀ ਸਿਆਸਤ ਦਾ ਆਖਰੀ ਪਾਸ ਰਣਜੀਤ ਸਿੰਘ ਨੂੰ ਦੇ ਕੇ ਪਰਲੋਕ ਸਿਧਾਰ ਗਏ।

...ਪਾਪ ਕੀ ਜੰਞ ਲੈ ਕਾਬਲਹੁ ਧਾਇਆ ਜੋਰੀ ਮੰਗੈ ਦਾਨੁ ਵੇ ਲਾਲੋ।।..

..ਆਵਨਿ ਅਠਤਰੈ ਜਾਨਿ ਸਤਾਨਵੈ ਹੋਰੁ ਭੀ ਉਠਸੀ ਮਰਦ ਕਾ ਚੇਲਾ।।..

ਸਚ ਕੀ ਬਾਣੀ ਨਾਨਕੁ ਆਖੈ ਸਚੁ ਸੁਣਾਇਸੀ ਸਚ ਕੀ ਬੇਲਾ।।੨।।੩।।੫।।

'ਇਰਾਨ ਤੇ ਅਫਗਾਨਿਸਤਾਨ ਵਿਚ ਰੂਸੀ ਘੁਸਪੈਠ ਦੀਆਂ ਅਫਵਾਹਾਂ ਕਰਕੇ ਗਵਰਨਰ-ਜਨਰਲ ਨੇ ਅਲੈਗਜੇਂਡਰ ਬਰਨਜ਼ ਰਾਹੀਂ ਪਹਿਲਾਂ ਅਫ਼ਗਾਨਿਸਤਾਨ ਦੇ ਦੋਸਤ ਮੁਹੰਮਦ ਨੂੰ ਆਪਣੇ ਨਾਲ ਮਿਲਾਉਣ ਲਈ ਨਿਸਫਲ ਯਤਨ ਕੀਤਾ ਫਿਰ ਰਣਜੀਤ ਸਿੰਘ ਦੀ ਸਹਾਇਤਾ ਲੈਣ ਦਾ ਫੈਸਲਾ ਕਰ ਲਿਆ। ਜਿਸਦਾ ਮਕਸਦ ਦੋਸਤ ਮੁਹੰਮਦ ਨੂੰ ਗੱਦੀ ਤੋਂ ਉਤਾਰ ਕੇ ਉਸ ਦੇ ਸਥਾਨ ਤੇ ਕਾਬਲ ਦੀ ਗੱਦੀ ਤੇ ਸ਼ਾਹ ਸੁਜਾਹ ਨੂੰ ਬਠਾਉਣ ਲਈ ਵਿਚਾਰ-ਵਟਾਂਦਰੇ ਲਈ ਆਕਲੈਂਡ ਨੇ ਰਣਜੀਤ ਸਿੰਘ ਨੂੰ ਮਿਲਣ ਦੀ ਇਛਾ ਪਰਗਟ ਕੀਤੀ, ਤਾਂ ਲੋੜ ਪੈਣ ਤੇ ਰੂਸੀਆਂ ਦਾ ਮੁਕਾਬਲਾ ਕਰਨ ਲਈ ਕਾਬਲ ਰਾਹੀਂ ਇਰਾਨ ਪਹੁੰਚਿਆ ਜਾ ਸਕੇ। ਰਣਜੀਤ ਸਿੰਘ ਤਾਂ ਪਹਿਲਾਂ ਹੀ ਇਸ ਤਰਾਂ ਕਰਨਾ ਚਾਹੁੰਦਾ ਸੀ ਪਰ ਉਸ ਦੀਆਂ ਸ਼ਰਤਾਂ ਨਾਲ ਸ਼ਾਹ ਸੁਜਾਹ ਸਹਿਮਤ ਨਹੀਂ ਸੀ ਹੋਇਆ।'(ਪੇਜ-20)

'ਗਵਰਨਰ-ਜਨਰਲ ਨਾਲ ਕੁਝ ਸਿੱਧੀਆਂ ਮੁਲਾਕਾਤਾਂ ਕਰਕੇ ਪਤਾ ਲੱਗਾ ਕਿ ਆਕਲੈਂਡ ਦੀ ਇੱਛਾ ਸੀ ਕਿ ਦਰਬਾਰ ਆਪਣੇ ਤੌਰ 'ਤੇ ਹੀ ਕਾਬਲ ਤੇ ਚੜਾਈ ਕਰੇ ਤੇ ਜੇ ਉਹ ਅੰਗਰੇਜਾਂ ਦਾ ਸਹਿਯੋਗ ਚਾਹੁੰਦਾ ਹੈ ਤਾਂ ਉਹ ਇਸ ਤਰਾਂ ਕਰਨ ਲਈ ਸਹਿਮਤ ਹਨ। ਰਣਜੀਤ ਸਿੰਘ ਕਾਬਲ ਨੂੰ ਜਿਤ ਦੋਸਤ ਮੁਹੰਮਦ ਨੂੰ ਕਾਬਲ ਤੋਂ ਹਰਾ ਕੇ, ਸ਼ਾਹ ਸੁਜਾਹ ਨੂੰ ਕਾਬਲ ਦੀ ਗੱਦੀ ਤੇ ਬਠਾਉਣ ਲਈ ਸਹਿਯੋਗ ਦੇਣ ਲਈ ਤਿਆਰ ਸੀ ਕਿ ਇਹ ਅੰਗਰੇਜਾਂ ਤੇ ਪੰਜਾਬੀਆਂ ਦੀ ਸਾਂਝੀ ਮੁਹਿੰਮ ਹੋਵੇਗੀ।'( ਪੇਜ-20)

ਰਾਜ ਕਰੇਗਾ ਖ਼ਾਲਸਾ

ਗੁਰੂ ਜੀ ਨੇ ਜੋ 'ਜ਼ਫ਼ਰਨਾਮਾ' ਔਰੰਗਜੇਬ ਨੂੰ ਲਿਖਿਆ ਸੀ, ਦੁਨੀਆਂ ਭਾਵੇਂ ਉਸ ਦਾ ਮਤਲਬ ਸਮਝ ਸਕੀ ਜਾਂ ਨਾ, ਪਰ ਔਰੰਗਜੇਬ ਜਰੂਰ ਸਮਝ ਗਿਆ, ਕਿ ਜਿਹੜਾ ਜ਼ਫ਼ਰਨਾਮਾ ਉਸ ਦੇ ਵਡੇ ਪੁਰਖੇ ਤੈਮੂਰ ਨੇ ਲਿਖਿਆ ਸੀ ਤੇ ਜਿਸਦੇ ਕਰਕੇ ਮੁਗ਼ਲਰਾਜ ਦੀ ਹੋਂਦ ਸੀ, ਉਸ ਦੀ ਮਿਆਦ-ਪੁਗ ਗਈ ਹੈ, ਭਾਵ ਮੁਗਲ ਰਾਜ ਦਾ ਖਾਤਮਾ। ਹੁਣ ਖ਼ਾਲਸਾ ਰਾਜ ਦੇ ਜ਼ਫ਼ਰਨਾਮੇ ਦਾ ਸ਼ੁਰੂ ਹੋਏਗਾ ਭਾਵ 'ਰਾਜ ਕਰੇਗਾ ਖ਼ਾਲਸਾ'। ਗੁਰੂ ਦੇ ਜਥੇਦਾਰ ਬੰਦਾ ਸਿੰਘ ਬਹਾਦਰ ਨੇ ਛੋਟੇ ਸਾਹਿਬਜ਼ਾਦਿਆਂ ਨੂੰ ਨੀਹਾਂ ਵਿਚ ਚਿਣੋਣ ਵਾਲੇ ਵਜੀਰ ਖਾਨ ਨੂੰ ਬਹੁਤ ਬੁਰੀ ਤਰਾਂ ਹਰਾ ਕੇ ਮਾਰਿਆ ਅਤੇ ਬਾਕੀ ਗੁਰੂਆਂ ਦੇ ਦੁਸ਼ਮਨਾਂ ਨੂੰ ਵੀ ਲਤਾੜ ਕੇ ਖ਼ਾਲਸਾ ਰਾਜ ਦੀ ਨੀਂਹ ਰੱਖੀ।

ਸੁੱਖਾ ਸਿੰਘ ਤੇ ਮਹਿਤਾਬ ਸਿੰਘ ਨੇ ਮੱਸਾ ਰੰਘੜ ਜੋ 'ਗੁਰੂ ਗ੍ਰੰਥ ਸਾਹਿਬ' ਤੇ 'ਦਰਬਾਰ ਸਾਹਿਬ' ਦੀ ਬੇਤਬੀ ਕਰ ਰਿਹਾ ਸੀ, ਸਿਰ ਵੱਢ ਖੜ, ਖਾਲਸੇ ਦੀ ਚੜਦੀ ਕਲਾ ਦਾ ਸਬੂਤ ਦੇ ਕੇ ਇਸ ਪਰਖ ਨੂੰ ਪਾਸ ਕੀਤਾ।

ਤਿੰਨ ਖ਼ਾਲਸੇ ਸਰਦਾਰਾਂ ਆਪਣੀਆਂ ਫੌਜਾਂ ਨਾਲ ਦਿੱਲੀ ਜਿੱਤੀ ਤੇ ਜੱਸਾ ਸਿੰਘ ਰਾਮਗੜੀਏ ਨੇ ਤਖਤਿ-ਤਾਊਸ ਨੂੰ ਜੜੋਂ ਪੁਟ ਲਿਆ ਗੁਰੂ ਦਾ ਕੌਲ ਨਿਭਾਇਆ ਤੇ ਅਗਲੀ ਜਿੰਮੇਵਾਰੀ 'ਰਾਜ ਕਰੇਗਾ ਖ਼ਾਲਸਾ' ਦੀ ਰਣਜੀਤ ਸਿੰਘ ਨੂੰ ਸੌਂਪੀ।

ਰਣਜੀਤ ਸਿੰਘ ਨੇ ਦੋ ਮਿਸਲਾਂ ਨੂੰ ਛੱਡ, ਸਭ ਮਿਸਲਾਂ ਨੂੰ ਆਪਣੇ ਅਧੀਨ ਇਕੱਠਾ ਕਰ ਲਿਆ। ਉਨਾਂ ਵਿਚੋਂ ਆਹਲੂਵਾਲੀਆ ਫਤੇਹ ਸਿੰਘ ਨੂੰ ਪੱਗ ਵਟ ਭਰਾ ਬਣਾ ਤੇ ਜੱਸਾ ਸਿੰਘ ਰਾਮਗੜੀਏ ਦੇ ਪੁੱਤਰ ਜੋਧ ਸਿੰਘ ਦੀਆਂ ਦੋ ਸ਼ਰਤਾਂ ਮਨ ਕੇ, ਇਕ, ('ਚਾਰ-ਚਾਰ ਮਿਸਲਾਂ ਦੇ ਅਕੱਠ ਨਾਲ') ਉਸ ਦੇ ਖੋਹੇ ਹੋਏ ਇਲਾਕੇ ਵਾਪਸ ਤੇ ਦੂਜੀ, ਭੰਗੀ ਮਿਸਲ ਜੋ ਰਾਮਗੜੀਏ ਤੇ ਨਿਰਭਰ ਰਹਿ ਗਈ ਸੀ ਨੂੰ ਜਗੀਰ ਲਾਈ ਜਾਵੇ), ਆਪਣੇ ਨਾਲ ਮਿਲਾ ਲਿਆ। ਉਹ ਲਹੌਰ ਨੂੰ ਜਿੱਤ, ਸਾਰੇ ਪੰਜਾਬ ਦਾ ਰਾਜਾ ਬਣ ਗਿਆ। ਫਿਰ ਦਰਾਹ ਖੈਬਰ ਦੀ ਹੱਦ ਉਤੇ ਜਮਰੌਦ ਦਾ ਕਿਲਾ ਜਿੱਤ ਤੇ ਉਸ ਵਿਚ ਸਰਹੱਦ ਦੀ ਰਾਖੀ ਲਈ ਸ਼ੇਰ ਮਰੋੜ 'ਹਰੀ ਸਿੰਘ ਨਲੂਆ' ਦੀ ਸਰਦਾਰੀ ਹੇਠ ਫੌਜ ਬਿਠਾ ਦਿੱਤੀ। ਹਰੀ ਸਿੰਘ ਨਲੂਆ ਦੇ ਜੀਵਨ ਕਾਲ ਸਮੇਂ ਕੋਈ ਵੀ ਸਿਕੰਦਰ, ਚੰਗੇਜ ਖਾਨ, ਤੈਮੂਰ ਦੀ ਔਲਾਦ ਜਾਂ ਅਗਲੀ ਪਨੀਰੀ ਪੰਜਾਬ ਰਾਹੀਂ ਭਾਰਤ ਵਿਚ ਵੜਨ ਦੀ ਜੁਅੱਰਤ ਨਾ ਕਰ ਸਕੇ। ਸਗੋਂ ਅੰਗਰੇਜ ਵੀ ਨੈਪੋਲੀਅਨ ਦੇ ਡਰ ਤੋਂ ਸੁਰਖਰੂ ਰਹੇ ਭਾਵ ਉਨਾਂ ਦੀ ਨੀਂਦ ਵੀ ਹਰਾਮ ਨਾ ਹੋਈ, ਤੇ ਚੈਨ ਨਾਲ ਸੌਂ ਸਕੇ। ਰਣਜੀਤ ਸਿੰਘ ਨੂੰ ਮਹਾਰਾਜਾ ਤੇ ਸ਼ੇਰ-ਏ-ਪੰਜਾਬ ਦਾ ਖ਼ਿਤਾਬ ਦਿੱਤਾ ਗਿਆ। ਗੁਰੂ ਨੇ ਤੇ ਪਹਿਲਾਂ ਹੀ ਸਿੱਖਾਂ ਨੂੰ ਸਿੰਘ ਬਣਾ ਕੇ ਬਾਣੀ ਦੇ ਲੜ ਲਾ ਦਿੱਤਾ ਸੀ, ਜਿਥੋਂ ਉਨਾਂ ਨੂੰ ਸ਼ਕਤੀ ਮਿਲਦੀ ਸੀ ਤੇ ਫਿਰ ਜ਼ਫ਼ਰਨਾਮਾ ...

ਚਿਹਾ ਸ਼ੁਦ ਲਕ ਚੂੰ ਬੱਚਗਾਂ ਕੁਸ਼ਤਹ ਚਾਰ।।

ਕਿ ਬਾਕੀ ਬਿਮਾਂਦਸਤ ਪੇਚੀਦਹ ਮਾਰ।।੭੮।।

ਕੀ ਹੋਇਆ ਜਦ ਤੂੰ (ਮੇਰੇ) ਚਾਰ ਪੁਤਰ ਮਾਰ ਸੁਟੇ ਹਨ। ਕੁੰਡਲੀਦਾਰ ਸੱਪ ਤਾਂ ਪਿੱਛੇ ਰਹਿੰਦਾ ਹੈ।੭੮।

ਉਹ ਗੁਰੂ ਜੀ ਨੂੰ ਆਪਣੇ ਅੰਗ ਸੰਗ ਹੀ ਮਹਿਸੂਸ ਕਰਦੇ ਰਹੇ!

ਰਣਜੀਤ ਸਿੰਘ ਨੇ ਇਕ ਵਿਸ਼ਾਲ ਸਲਤਨਤ ਦਾ ਅਯੋਜਨ ਕੀਤਾ। ਇਸ ਲਈ ਹੀ ਸ਼ਾਹ ਮੁਹੰਮਦ ਆਪਣੇ ਕਿੱਸੇ ਵਿਚ ਲਿਖਦਾ ਹੈ:

ਮਹਾਂਬਲੀ ਰਣਜੀਤ ਸਿੰਘ ਹੋਇਆ ਪੈਦਾ,

ਨਾਲ ਜ਼ੋਰ ਦੇ ਮੁਲਕ ਹਿਲਾਇ ਗਿਆ।

ਮੁਲਤਾਨ, ਕਸ਼ਮੀਰ, ਪਸ਼ੌਰ, ਚੰਬਾ,

ਜੰਮੂ, ਕਾਂਗੜਾ ਕੋਟ ਨਿਵਾਇ ਗਿਆ।

ਹੋਰ ਦੇਸ਼ ਲੱਦਾਖ ਤੇ ਚੀਨ ਤੋੜੀ,

ਸਿੱਕਾ ਆਪਣੇ ਨਾਮ ਚਲਾਇ ਗਿਆ।

ਸ਼ਾਹ ਮੁਹੰਮਦਾ ਜਾਣ ਪਚਾਸ ਬਰਸਾਂ,

ਅੱਛਾ ਰੱਜ ਕੇ ਰਾਜ ਕਮਾਇ ਗਿਆ।

ਤੇ 'ਇਤਿਹਾਸਕਾਰ ਖ਼ੁਸ਼ਵੰਤ' ਸਿੰਘ ਮੁਤਾਬਕ, 'ਰਣਜੀਤ ਸਿੰਘ ਆਪਣੇ ਦੋ ਸਮਕਾਲੀਆਂ, ਨਪੋਲੀਅਨ ਬੋਨਾਪਾਰਟ ਤੇ ਮੁਹੰਮਦ ਅਲੀ ਵਾਂਗ ਇਕ ਵਿਲੱਖਣ ਸ਼ਖ਼ਸੀਅਤ ਸੀ। ਇਕ ਛੋਟੇ ਜਿਹੇ ਸਰਦਾਰ ਦੀ ਪੱਧਰ ਤੋਂ ਉੱਨਤੀ ਕਰਕੇ ਉਹ ਆਪਣੇ ਸਮੇਂ ਭਾਰਤ ਦਾ ਸਭ ਤੋਂ ਤਾਕਤਵਰ ਹਾਕਮ ਬਣਿਆ। ਉਸ ਦਾ ਸਾਮਰਾਜ ਤਿੱਬਤ ਤੋਂ ਲੈ ਕੇ ਸਿੰਧ ਦੇ ਮਾਰੂਥਲ ਤਕ ਤੇ ਖੈਬਰ ਦੇ ਦੱਰੇ ਤੋਂ ਲੈ ਕੇ ਸਤਲੁਜ ਤੱਕ ਫੈਲਿਆ ਹੋਇਆ ਸੀ। ਉਸ ਦੀ ਸੈਨਾ ਜਿਸ ਨੂੰ ਫਰਾਂਸੀਸੀ ਅਫਸਰਾਂ ਨੇ ਸਿਖਲਾਈ ਦਿੱਤੀ ਸੀ, ਏਸ਼ੀਆ ਵਿਚੋਂ ਆਪਣੇ ਸਮੇਂ ਵਿਚ ਸਭ ਤੋਂ ਸ਼ਕਤੀਸ਼ਾਲੀ ਸੀ ਤੇ ਅਜਿਹੀ ਪਹਿਲੀ ਭਾਰਤੀ ਸੈਨਾ ਸੀ, ਜਿਸ ਨੇ ਇਕ ਹਜ਼ਾਰ ਸਾਲ ਤੋਂ ਉੱਤਰ-ਪੱਛਮੀ ਸੀਮਾਂ ਵਲੋਂ ਹਿੰਦੁਸਤਾਨ ਦੇ ਹੜ ਨੂੰ ਠੱਲ ਪਾਈ।'

(ਚਲਦਾ...)

**ਅਦਾਰਾ 'ਅੰਮ੍ਰਿਤਸਰ ਟਾਈਮਜ਼' ਵੱਲੋਂ ਆਪਣੇ ਪਾਠਕਾਂ ਲਈ ਸਿੱਖ ਧਰਮ ਦੇ ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ 400ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਲੇਖ ਲੜੀ ਸ਼ੁਰੂ ਕੀਤੀ ਗਈ ਹੈ। ਇਸ ਲੜੀ ਤਹਿਤ ਹਥਲਾ ਲੇਖ ਪਾਠਕਾਂ ਲਈ ਪੇਸ਼ ਕੀਤਾ ਜਾ ਰਿਹਾ ਹੈ - ਸੰਪਾਦਕ**

# ਨੌਵੇਂ ਪਾਤਸ਼ਾਹ ਦਾ ਫਲਸਫਾ ਤੇ ਆਤਮ ਚਿੰਤਨ

**ਡਾ. ਸਤਿੰਦਰ ਪਾਲ ਸਿੰਘ**

ਗੁਰੂ ਸਾਹਿਬਾਨ ਨੇ ਜੀਵਨ ਬਾਰੇ ਮਨੁੱਖ ਦੇ ਸਾਰੇ ਭਰਮ ਦੂਰ ਕੀਤੇ ਜੋ ਲੋਕਾਈ 'ਤੇ ਮਹਾਨ ਉਪਕਾਰ ਸੀ। ਗੁਰੂ ਸਾਹਿਬਾਨ ਨੇ ਮਨੁੱਖੀ ਜੀਵਨ ਨੂੰ ਇਕ ਦੁਰਲੱਭ ਅਉਸਰ (ਅਵਸਰ) ਕਿਹਾ। ਉਨਾਂ ਕਿਹਾ ਕਿ ਮਨੁੱਖ ਨੂੰ ਸਮਝਣ ਦੀ ਲੋੜ ਹੈ, ਜੀਵਨ ਦਾ ਮਕਸਦ ਕੀ ਹੈ ਤੇ ਇਸ ਨੂੰ ਕਿਵੇਂ ਪ੍ਰਾਪਤ ਕਰਨਾ ਹੈ। ਇਨਾਂ ਸਵਾਲਾਂ 'ਤੇ ਸੋਚ ਸਪੱਸ਼ਟ ਹੋਣ ਤੋਂ ਬਾਅਦ ਹੀ ਬੋਧ ਹੁੰਦਾ ਹੈ ਕਿ ਜੀਵਨ ਦਾ ਮੁੱਲ ਤੇ ਮੰਤਵ ਕੀ ਹੈ। ਗੁਰਬਾਣੀ ਦੀ ਸ਼ਰਣ ਗਿਆਂ ਹੀ ਇਨਾਂ 'ਤੇ ਸਰਬਪੱਖੀ ਤੇ ਦੁਬਿਧਾ ਮੁਕਤ ਦ੍ਰਿਸ਼ਟੀ ਪ੍ਰਾਪਤ ਹੁੰਦੀ ਤੇ ਜੀਵਨ ਸਕਾਰਥ ਕਰਨ ਦੀ ਪ੍ਰੇਰਨਾ ਮਿਲਦੀ ਹੈ। ਮਨੁੱਖ ਅੰਦਰ ਚੇਤਨਾ ਪੈਦਾ ਹੁੰਦੀ ਹੈ ਕਿ ਉਸ ਦੇ ਜੀਵਨ ਦਾ ਇੱਕ ਇੱਕ ਪਲ, ਲਿਆ ਜਾਣ ਵਾਲਾ ਹਰ ਸੁਆਸ ਫ਼ਲ ਦੇਣ ਵਾਲਾ ਸਾਬਿਤ ਹੋਵੇ। ਗੁਰੂ ਨਾਨਕ ਦੇਵ ਜੀ ਨੇ ਤਾਂ ਮਨੁੱਖ ਦੇ ਜੀਵਨ ਨੂੰ ਮਾਤਰ ਇੱਕ ਦਮ ਦੀ ਮੁਹਲਤ ਦਿੰਦਿਆਂ ਵਚਨ ਕੀਤੇ ਜੋ ਦਮ ਲਿਆ ਜਾ ਰਿਹਾ ਹੈ ਉਸ ਦੀ ਪੂਰੀ ਸੰਭਾਲ ਕਰੇ। ਇਸ ਦਾ ਭਾਵ ਸੀ ਕਿ ਮਨੁੱਖੀ ਜੀਵਨ ਪੂਰੀ ਗੰਭੀਰਤਾ ਤੇ ਸੁਚੱਜੇ ਢੰਗ ਨਾਲ ਜਿਉਣ ਦੀ ਲੋੜ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਅੰਦਰ ਪੰਜ ਗੁਰੂ ਸਾਹਿਬਾਨ ਦੀ ਬਾਣੀ ਦਰਜ ਕਰਨ ਤੋਂ ਬਾਅਦ ਨੌਵੇਂ ਪਾਤਸ਼ਾਹ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਦਸਮ ਪਿਤਾ ਗੁਰੂ ਗੋਬਿੰਦ ਸਿੰਘ ਸਾਹਿਬ ਨੇ ਆਪਨੇ ਜੀਵਨ ਦੇ ਅੰਤਿਮ ਚਰਣ ਵਿਚ ਦਮਦਮਾ ਸਾਹਿਬ ਵਿਖੇ ਸ਼ਾਮਿਲ ਕੀਤੀ। ਉਨਾਂ ਨੇ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਗੁਰੂ ਤੇਗ ਬਹਾਦਰ ਜੀ ਤੱਕ, ਗੁਰੂ ਸਾਹਿਬਾਨ ਦੇ ਲੋਕਾਈ 'ਤੇ ਕੀਤੇ ਉਪਕਾਰ ਆਪ ਵਰਤਦੇ ਵੇਖੇ ਸਨ। ਯਕੀਨੀ ਤੌਰ 'ਤੇ ਕਿਹਾ ਜਾ ਸਕਦਾ ਹੈ ਕਿ ਉਨਾਂ ਨੂੰ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਵਿਚ ਗੁਰ-ਉਪਦੇਸ਼ਾਂ ਦਾ ਸਾਰ ਨਜ਼ਰ ਆਇਆ ਤਾਂ ਹੀ ਉਨਾਂ ਨੇ ਨੌਵੇਂ ਪਾਤਸ਼ਾਹ ਦੀ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸ਼ਾਮਿਲ ਕਰ ਸੰਪੂਰਨਤਾ ਪ੍ਰਦਾਨ ਕੀਤੀ।

ਗੁਰੂ ਤੇਗ ਬਹਾਦਰ ਜੀ ਦੀ ਬਾਣੀ ਦਾ ਰਚਨਾ ਕਾਲ ਸਭ ਤੋਂ ਆਧੁਨਿਕ ਹੀ ਨਹੀਂ, ਗੁਰਬਾਣੀ ਦਾ ਸਾਰ ਮੰਨਿਆ ਜਾ ਸਕਦਾ ਹੈ।ਗੁਰੂ ਤੇਗ ਬਹਾਦਰ ਜੀ ਦੀ ਬਾਣੀ ਮਨੁੱਖ ਨਾਲ ਸਿੱਧੇ ਸੰਵਾਦ ਦੀ ਬਾਣੀ ਹੈ। ਰਾਗ ਜੈਜਾਵੰਤੀ ਅੰਦਰ ਮਾਤਰ ਗੁਰੂ ਤੇਗ ਬਹਾਦਰ ਸਾਹਿਬ ਦੀ ਬਾਣੀ ਹੈ। ਸੰਗੀਤ ਦੇ ਵਿਦਵਾਨਾਂ ਦਾ ਵਿਚਾਰ ਹੈ ਕਿ ਜੈਜਾਵੰਤੀ ਰਾਗ ਦੀ ਰਚਨਾ ਵੀ ਗੁਰੂ ਤੇਗ ਬਹਾਦਰ ਸਾਹਿਬ ਨੇ ਆਪ ਕੀਤੀ ਸੀ। ਇਸ ਰਾਗ ਦੀ ਵਿਲੱਖਣਤਾ ਹੈ ਕਿ ਇਸ ਅੰਦਰ ਦੁੱਖ ਤੇ ਸੁੱਖ ਦੋਵਾਂ ਦੇ ਭਾਵ ਨਾਲੋ ਨਾਲ ਪ੍ਰਵਾਹਮਾਨ ਹੁੰਦੇ ਹਨ।

ਗੁਰੂ ਸਾਹਿਬ ਸਪਸ਼ਟ ਸੁਨੇਹਾ ਦੇਣਾ ਚਾਹੁੰਦੇ ਸਨ ਕਿ ਜੀਵਨ ਅੰਦਰ ਦੁੱਖ ਵੀ ਹਨ ਤੇ ਸੁੱਖ ਵੀ ਹਨ, ਮਨੁੱਖ ਸੁੱਖ ਤੇ ਦੁੱਖ ਦੇ ਵਿਚਾਰ ਤੋਂ ਉੱਪਰ ਉੱਠ ਕੇ ਮਾਤਰ ਆਪਣਾ ਧਰਮ ਨਿਭਾਵੇ।

**ਰਾਮੁ ਸਿਮਰਿ ਰਾਮੁ ਸਿਮਰਿ ਇਹੈ ਤੇਰੈ ਕਾਜਿ ਹੈ।।**
**ਮਾਇਆ ਕੋ ਸੰਗੁ ਤਿਆਗੁ ਪ੍ਰਭ ਜੂ ਕੀ ਸਰਨਿ ਲਾਗੁ।।**
**ਜਗਤ ਸੁਖ ਮਾਨੁ ਮਿਥਿਆ ਝੂਠੋ ਸਭ ਸਾਜੁ ਹੈ।।**
(ਪੰਨਾ ੧੩੫੨)

ਮਨੁੱਖ ਆਪਣੇ ਜੀਵਨ ਦਾ ਟੀਚਾ ਆਪ ਤੈਅ ਕਰਦਾ ਹੈ। ਕਿਸੇ ਨੂੰ ਧਨ, ਕਿਸੇ ਨੂੰ ਬਲ, ਕਿਸੇ ਨੂੰ ਸੰਸਾਰਕ ਵਿਦਵਤਾ ਤੇ ਕਿਸੇ ਨੂੰ ਮਾਣ ਸਨਮਾਨ ਚਾਹੀਦਾ ਹੈ। ਕੋਈ ਸੱਤਾ ਦਾ ਚਾਹਵਾਨ ਹੈ, ਕੋਈ ਵੱਡਾ ਧਰਮੀ ਅਖਵਾਉਣਾ ਚਾਹੁੰਦਾ ਹੈ। ਮਨੁੱਖ ਇਨਾਂ ਵਿਚ ਆਪਣਾ ਸੁਖ ਵੇਖਦਾ ਹੈ। ਗੁਰੂ ਤੇਗ ਬਹਾਦਰ ਜੀ ਉਸ ਦੇ ਸਾਰੇ ਭਰਮ ਦੂਰ ਕਰਦਿਆਂ ਨਾਮ ਸਿਮਰਨ ਨੂੰ ਹੀ ਜੀਵਨ ਦਾ ਇੱਕੋ ਇੱਕ ਕਾਰਜ ਦੱਸਦੇ ਹਨ। ਜੀਵਨ ਪ੍ਰਮਾਤਮਾ ਦਾ ਸਿਮਰਨ ਕਰਨ ਲਈ ਹੀ ਪ੍ਰਾਪਤ ਹੋਇਆ ਹੈ। ਮਨੁੱਖ ਆਤਮ ਚਿੰਤਨ ਕਰਦਾ ਰਹੇ ਕਿ ਉਸ ਦੇ ਜੀਵਨ ਦਾ ਕਿੰਨਾ ਸਮਾਂ ਪ੍ਰਮਾਤਮਾ ਦੀ ਭਗਤੀ ਅਤੇ ਚੰਗੇ ਕਾਰਜਾਂ ਵਿਚ ਲੱਗ ਰਿਹਾ ਹੈ ਕਿਉਂਕਿ ਇਹੋ ਸਫਲਤਾ ਦੀ ਪੌੜੀ ਹੈ। ਸੰਸਾਰਕ ਪਦਾਰਥ, ਸੰਸਾਰਕ ਤਾਕਤ ਪ੍ਰਾਪਤ ਕਰਨ ਨਾਲ ਜੀਵਨ ਨਹੀਂ ਸੰਵਰ ਸਕਦਾ। ਅਜਿਹੀਆਂ ਪ੍ਰਾਪਤੀਆਂ ਰਾਤ ਦੇ ਸੁਪਨੇ ਵਾਂਗੂੰ ਹਨ। ਇਨਾਂ 'ਤੇ ਮਾਣ ਕਰਨ ਦਾ ਕੋਈ ਕਾਰਨ ਨਹੀਂ ਹੈ ਕਿਉਂਕਿ ਇਹ ਰੇਤ ਦੀ ਉਸਾਰੀ ਕੰਧ ਦੀ ਤਰਾਂ ਢਹਿ ਢੇਰੀ ਹੋ ਜਾਣ ਵਾਲੀਆਂ ਹਨ ਭਾਵ ਸਦਾ ਨਾਲ ਨਹੀਂ ਰਹਿਣ ਵਾਲੀਆਂ। ਇਕ ਪ੍ਰਮਾਤਮਾ ਦਾ ਸਿਮਰਨ ਹੀ ਨਾਲ ਰਹਿਣ ਵਾਲਾ ਤੇ ਹਿਤ ਕਰਨ ਵਾਲਾ ਹੈ। ਜੀਵਨ ਦੇ ਅਸਲ ਮਨੋਰਥ ਨੂੰ ਸਮਝਣ ਵਾਲਾ ਮਨੁੱਖ ਵਿਕਾਰਾਂ, ਮਾਇਆ ਤੋਂ ਮੁਕਤ ਹੋ ਜਾਂਦਾ ਹੈ ਤੇ ਪ੍ਰਮਾਤਮਾ ਨੂੰ ਜੀਵਨ ਦਾ ਸਾਰਾ ਸਮਾਂ ਸਕਾਰਥ ਕਰਦਾ ਹੈ।

ਗੁਰੂ ਤੇਗ ਬਹਾਦਰ ਜੀ ਜਾਣਦੇ ਸਨ ਕਿ ਵਿਕਾਰਾਂ ਤੇ ਮਾਇਆ ਤੋਂ ਉੱਭਰਨਾ ਸੌਖਾ ਨਹੀਂ ਹੈ, ਇਨਾਂ 'ਚ ਫਸ ਕੇ ਮਨੁੱਖ ਜੀਵਨ ਦਾ ਅਨਮੋਲ ਸਮਾਂ ਵਿਅਰਥ ਗੁਆ ਦਿੰਦਾ ਹੈ। ਆਪ ਨੇ ਮਨੁੱਖ ਨੂੰ ਉਸ ਦੀ ਅਗਿਆਨਤਾ ਤੇ ਭਰਮ ਪ੍ਰਤੀ ਸੁਚੇਤ ਕਰਦਿਆਂ ਬਚਨ ਕੀਤੇ ਕਿ ਜੀਵਨ ਦਾ ਸਮਾਂ ਤੇਜ਼ੀ ਨਾਲ ਬਤੀਤ ਹੁੰਦਾ ਜਾ ਰਿਹਾ ਹੈ:

**ਰਾਮੁ ਭਜੁ ਰਾਮੁ ਭਜੁ ਜਨਮੁ ਸਿਰਾਤੁ ਹੈ।।**
(ਪੰਨਾ ੧੩੫੨)

ਮਨੁੱਖ ਸੰਸਾਰਕ ਪ੍ਰਾਪਤੀਆਂ ਪ੍ਰਤੀ ਜਿੰਨਾ ਯਤਨਸ਼ੀਲ ਰਹਿੰਦਾ ਹੈ, ਆਤਮਿਕ ਪ੍ਰਾਪਤੀ ਲਈ ਓਨਾ ਹੀ ਅਵੇਸਲਾ ਨਜ਼ਰ ਆਉਂਦਾ ਹੈ। ਉਹ ਪ੍ਰਮਾਤਮਾ ਦੀ ਭਗਤੀ ਨੂੰ ਸਦਾ ਹੀ ਕੱਲ ਲਈ ਟਾਲ ਦਿੰਦਾ ਹੈ ਜੋ ਕਦੇ ਵੀ ਨਹੀਂ ਆਉਂਦਾ। ਕਿਸੇ ਨੂੰ ਪਤਾ ਨਹੀਂ ਕਿ ਉਸ ਕੋਲ ਜੀਵਨ ਦਾ ਕਿੰਨਾ ਸਮਾਂ ਬਚਿਆ ਹੈ। ਮਨੁੱਖ ਕਦੇ ਜੀਵਨ ਦੇ ਅੰਤ ਬਾਰੇ ਨਹੀਂ ਸੋਚਦਾ ਤੇ ਸੰਸਾਰਕ ਕਾਰ ਵਿਹਾਰ ਨੂੰ ਅੱਗੇ ਰੱਖਦਾ ਹੈ। ਗੁਰੂ ਸਾਹਿਬ ਨੇ ਕਿਹਾ ਕਿ ਇਹ ਉਸ ਦੀ ਮੂੜਤਾ ਹੈ। ਮਾਇਆ ਤੇ ਵਿਕਾਰਾਂ ਨੂੰ ਮਨੁੱਖ ਬਿਖ (ਜ਼ਹਿਰ) ਦੀ ਤਰਾਂ ਸਮਝ ਕੇ ਉਨਾਂ ਤੋਂ ਬਚੇ ਤੇ ਪਰਮਾਤਮਾ ਨਾਲ ਮਨ ਜੋੜੇ। ਮਨੁੱਖ ਨੂੰ ਜਦੋਂ ਇਹ ਸਮਝ ਆ ਜਾਵੇ ਕਿ ਉਸ ਕੋਲ ਸਮਾਂ ਥੋੜਾ ਹੈ ਤਾਂ ਹੀ ਉਹ ਇਹ ਸੋਚਣ ਲਈ ਮਜਬੂਰ ਹੁੰਦਾ ਹੈ ਪਈ ਜੋ ਕੰਮ ਉਸ ਦੇ ਜ਼ਿੰਮੇ ਹੈ ਉਸ ਨੂੰ ਸਮਾਂ ਪੂਰਾ ਹੋਣ ਤੋਂ ਪਹਿਲਾਂ ਹੀ ਪੂਰਾ ਕਰ ਲਵੇ। ਇਹ ਕੰਮ ਹੈ ਪ੍ਰਮਾਤਮਾ ਦਾ ਸਿਮਰਨ ਜਿਸ ਵਿਚ ਉਸ ਦਾ ਹੀ ਹਿਤ ਨਿਹਿਤ ਹੈ।

ਗੁਰੂ ਤੇਗ ਬਹਾਦਰ ਜੀ ਨੇ ਕਿਹਾ ਕਿ ਮਨੁੱਖ ਚਿੰਤਾ ਕਰੇ ਕਿ ਜੀਵਨ ਬਤੀਤ ਹੋਣ ਤੋਂ ਬਾਅਦ ਉਸ ਦਾ ਕੀ ਨਿਬੇੜਾ ਹੋਣ ਵਾਲਾ ਹੈ। ਜੀਵਨ ਸੰਸਾਰਕ ਰੰਗ-ਰਸ ਵਿਚ ਹੀ ਚਲਾ ਗਿਆ ਤਾਂ ਆਵਾਗਮਨ ਦੇ ਫੇਰ ਤੋਂ ਨਿਕਲਣਾ ਸੰਭਵ ਨਹੀਂ ਹੋਵੇਗਾ। ਸਦਾ ਅਗਿਆਨਤਾ ਤੇ ਭਰਮਾਂ ਵਿਚ ਹੀ ਭਟਕਣਾ ਪਵੇਗਾ।

**ਰੇ ਮਨ ਕਉਨ ਗਤਿ ਹੋਇ ਹੈ ਤੇਰੀ।।**
(ਪੰਨਾ ੧੩੫੨)

ਮਨੁੱਖ ਜ਼ਰੂਰ ਸੋਚੇ ਕਿ ਉਹ ਜੀਵਨ ਵਿਚ ਕਿਹੋ ਜਿਹੇ ਕਰਮ ਕਰ ਰਿਹਾ ਹੈ ਤੇ ਇਨਾਂ ਕਰਮਾਂ ਦਾ ਕੀ ਫ਼ਲ ਮਿਲਣ ਵਾਲਾ ਹੈ। ਗੁਰੂ ਸਾਹਿਬ ਨੇ ਮਾਇਆ ਦੇ ਮੋਹ ਵਿਚ ਪਏ ਮਨੁੱਖ ਲਈ ਅਤਿ ਮਹੱਤਵਪੂਰਨ ਗੱਲ ਕਹੀ ਕਿ ਜਿਸ ਮਾਇਆ ਪਿੱਛੇ ਪ੍ਰਮਾਤਮਾ ਨੂੰ ਵਿਸਾਰ ਕੇ ਉਹ ਜਨਮ ਅਕਾਰਥ ਕਰ ਰਿਹਾ ਹੈ ਉਹ ਮਾਇਆ ਤਾਂ ਆਪ ਪ੍ਰਮਾਤਮਾ ਦੀ ਦਾਸੀ ਹੈ ਤੇ ਪਰਮਾਤਮਾ ਦੇ ਹੁਕਮ ਅੰਦਰ ਹੈ। ਪਰਿਵਾਰ ਦਾ ਮੋਹ ਵੀ ਮਾਇਆ ਕਾਰਨ ਹੀ ਹੈ ਜੋ ਪੈਰਾਂ ਵਿਚ ਪਈਆਂ ਬੇੜੀਆਂ ਵਾਂਗੂੰ ਹੈ। ਇਹ ਬੇੜੀਆਂ ਮਨੁੱਖ ਨੂੰ ਪ੍ਰਮਾਤਮਾ ਦੇ ਮਾਰਗ 'ਤੇ ਚੱਲਣ ਤੋਂ ਵਰਜਦੀਆਂ ਹਨ। ਬਹੁਤ ਸਾਰੇ ਲੋਕ ਹਨ ਜੋ ਕਦੇ ਵੀ ਪ੍ਰਮਾਤਮਾ ਦਾ ਧਿਆਨ ਨਹੀਂ ਕਰਦੇ। ਉਨਾਂ ਲਈ ਗੁਰੂ ਸਾਹਿਬ ਨੇ ਜ਼ੋਰ ਦਿੰਦਿਆਂ ਕਿਹਾ ਕਿ ਜਿਸ ਸੰਸਾਰ ਦੇ ਮੋਹ ਵਿਚ ਲੋਕ ਪਏ ਹੋਏ ਹਨ, ਉਹ ਸੰਸਾਰ ਤਾਂ ਸੁਪਨੇ ਦੀ ਤਰਾਂ ਮਿਥਿਆ ਹੈ। ਸੰਸਾਰ ਦਾ ਮੋਹ ਕੋਈ ਫ਼ਲ ਨਹੀਂ ਦਿੰਦਾ ਸਗੋਂ ਗਿਆਨ ਤੇ ਵਿਵੇਕ ਤੋਂ ਦੂਰ ਕਰਨ ਵਾਲਾ ਸਾਬਿਤ ਹੁੰਦਾ ਹੈ। ਮਨੁੱਖ ਜੀਵਨ ਦੀ ਅਵਧੀ ਪੂਰੀ ਹੋਣ ਤੋਂ ਬਾਅਦ ਹੋਣ ਵਾਲੇ ਲੇਖੇ ਜੋਖੇ ਦੀ ਚਿੰਤਾ ਕਰੇ।

ਹਰ ਜੀਅ, ਜਿਸ ਦਾ ਜਨਮ ਹੋਇਆ ਹੈ, ਦਾ ਅੰਤ ਹੋਣਾ ਹੀ ਹੈ। ਮਨੁੱਖ ਸਦਾ ਕਾਲ ਨੂੰ ਯਾਦ ਰੱਖੇ।

**ਅਸਥਿਰੁ ਜੋ ਮਾਨਿਓ ਦੇਹ ਸੋ ਤਉ ਤੇਰਉ ਹੋਇ ਹੈ ਖੇਹੁ।।**
(ਪੰਨਾ ੧੩੫੩)

ਅਗਿਆਨੀ ਮਨੁੱਖ ਆਪਣੇ ਤਨ ਨੂੰ ਹੀ ਆਪਣੇ ਵਜੂਦ ਦੇ ਤੌਰ 'ਤੇ ਵੇਖਦਾ ਹੈ। ਉਹ ਭਵਿੱਖ ਲਈ ਕਾਰਜ ਕਰਦਾ ਹੈ, ਪਰ ਇਹ ਧਿਆਨ ਨਹੀਂ ਰੱਖਦਾ ਕਿ ਸੰਸਾਰ ਅੰਦਰ ਕਿੰਨਾ ਜਿਉਣਾ ਹੈ। ਇਹ ਤਨ ਤਾਂ ਭਸਮ ਹੋ ਜਾਣਾ ਹੈ। ਮਨੁੱਖ ਕਾਲ ਤੋਂ ਬਚ ਕੇ ਕਿਧਰੇ ਨਹੀਂ ਜਾ ਸਕਦਾ। ਗੁਰੂ ਸਾਹਿਬ ਨੇ ਕਿਹਾ ਕਿ ਆਪਣੇ ਤਨ 'ਤੇ ਮਾਣ ਕਰਨ ਦੀ ਥਾਂ ਮਨੁੱਖ ਪ੍ਰਮਾਤਮਾ ਨੂੰ ਮਨ ਵਿਚ ਵਸਾਏ ਤੇ ਭਗਤੀ ਵਿਚ ਹੀ ਜੀਵਨ ਬਤੀਤ ਕਰੇ। ਇਹੋ ਸੁਚੱਜਾ ਜੀਵਨ ਢੰਗ ਹੈ।

ਧਰਮ ਦੇ ਮਾਰਗ 'ਤੇ ਚੱਲਣ ਲਈ ਸਾਫ਼ ਤੇ ਸਪੱਸ਼ਟ ਦ੍ਰਿਸ਼ਟੀ ਧਾਰਨ ਕਰਨ ਦੀ ਲੋੜ ਹੈ। ਮਨੁੱਖ ਸਮਝੇ ਕਿ ਜੀਵਨ ਦਾ ਸਮਾਂ ਬਹੁਤ ਅਨਮੋਲ ਤੇ ਸੀਮਤ ਹੈ ਜਿਸ ਦੀ ਸੰਭਾਲ ਪ੍ਰਮਾਤਮਾ ਦਾ ਧਿਆਨ ਕਰ ਕੇ ਹੀ ਕੀਤੀ ਜਾ ਸਕਦੀ ਹੈ। ਮਨੁੱਖ ਅਜਿਹੇ ਕਾਰਜ ਕਰੇ ਜੋ ਪਰਲੋਕ ਸੰਵਾਰਨ ਵਾਲੇ ਹੋਣ। ਪਰਮਾਤਮਾ ਦੀ ਭਗਤੀ ਬਿਨਾ ਜਨਮ ਅਕਾਰਥ ਚਲਾ ਜਾਂਦਾ ਹੈ। ਗੁਰੂ ਤੇਗ ਬਹਾਦਰ ਜੀ ਦੀ ਰਾਗ ਜੈਜਾਵੰਤੀ ਹੇਠ ਦਰਜ ਬਾਣੀ ਅੰਦਰ ਸੰਸਾਰ ਦਾ ਨਾਸ਼ਮਾਨ ਰੂਪ ਵੀ ਪ੍ਰਗਟ ਹੋਇਆ ਹੈ ਤੇ ਵਿਕਾਰਾਂ ਤੇ ਮਾਇਆ ਦਾ ਮਨੁੱਖ 'ਤੇ ਪੈਣ ਵਾਲਾ ਗਹਿਰਾ ਅਸਰ ਵੀ। ਗੁਰੂ ਸਾਹਿਬ ਦੀ ਬਾਣੀ ਅੰਦਰ ਵਿਕਾਰਾਂ ਤੇ ਮਾਇਆ ਮੋਹ ਦਾ ਭਰਮ ਵੀ ਟੁੱਟਦਾ ਨਜ਼ਰ ਆਉਂਦਾ ਹੈ ਤੇ ਜੀਵਨ ਜਿਉਣ ਦੀ ਸੱਚੀ ਰਾਹ ਵੀ ਵਿਖਾਈ ਦਿੰਦੀ ਹੈ। ਇਹ ਮਨੁੱਖ ਨੂੰ ਅਗਿਆਨਤਾ ਦੀ ਨੀਂਦ ਤੋਂ ਜਗਾਉਣ ਵਾਲੀ ਤੇ ਪ੍ਰੇਮਮਈ ਝਿੜਕਾਂ ਦੇ ਕੇ ਸੁਚੇਤ ਕਰਨ ਵਾਲੀ ਬਾਣੀ ਵੀ ਹੈ। ਇਹ ਰੋਜ਼ਾਨਾ ਚਿੰਤਨ ਦੀ ਪ੍ਰੇਰਨਾ ਹੈ ਤੇ ਕਿਸੇ ਵੀ ਪਲ ਅਵੇਸਲਾ ਨਾ ਹੋਣ ਦੇਣ ਦੀ ਪੁਕਾਰ ਵੀ ਹੈ। ਗੁਰੂ ਤੇਗ ਬਹਾਦਰ ਦੀ ਇਹ ਬਾਣੀ ਜਿਸ ਸੰਸਾਰ ਦਾ ਸੱਚ ਪ੍ਰਗਟ ਕਰ ਜੀਵਨ ਅੰਦਰ ਵੈਰਾਗ ਪੈਦਾ ਕਰਦੀ ਹੈ, ਉਹੀ ਬਾਣੀ ਪ੍ਰਮਾਤਮਾ ਲਈ ਪ੍ਰੇਮ ਭਾਵਨਾ ਪੈਦਾ ਕਰ ਜੀਵਨ ਦੇ ਵੈਰਾਗ ਨੂੰ ਪ੍ਰਮਾਤਮਾ ਨਾਲ ਮੇਲ ਦਾ ਚਾਉ ਤੇ ਆਨੰਦ ਵੀ ਪੈਦਾ ਕਰਦੀ ਹੈ।



# ਕੌਣ ਕਰ ਰਿਹੈ ਗੁਰੂ ਗ੍ਰੰਥ ਸਾਹਿਬ ਵਿਚ ਤਬਦੀਲੀਆਂ



ਗੁਰਤੇਜ ਸਿੰਘ

ਗੁਰੂ ਗ੍ਰੰਥ ਦੀ ਲਾਸਾਨੀ ਸੰਪਾਦਨ-ਵਿਧੀ ਦਾ ਸਾਰਾ ਜੱਗ ਕਾਇਲ ਹੈ। ਏਸ ਦੇ ਸੰਪਾਦਕ ਦੇ 'ਪ੍ਰਤੱਖ ਹਰ' ਰੁਤਬੇ ਤੋਂ ਹਰ ਕੋਈ ਜਾਣੂੰ ਹੈ। ਪਰ ਸਾਡੇ ਇੱਕ ਹਉਮੈ ਦਾ ਭਰਿਆ, ਆਪਣੇ ਖਾਂਘੜ ਨਕਲੀ ਬ੍ਰਹਮ ਗਿਆਨੀ ਦੇ ਸੁੱਕੇ ਹੱਡਾਂ ਦੇ ਚੂਰਣ, ਜਿਸ ਨੂੰ ਇਹ 'ਸ਼ਬਦ ਦੀ ਕਮਾਈ' ਆਖਦੇ ਹਨ, ਦੀ ਚਾਟ ਉੱਤੇ ਲੱਗਿਆ ਐਸਾ ਤਬਕਾ ਵੀ ਹੈ ਜੋ ਗੁਰੂ ਗ੍ਰੰਥ ਅਤੇ ਗੁਰੂ ਅਰਜਨ ਸੱਚੇ ਸਾਹਿਬ ਵਿੱਚ ਖਾਮੀਆਂ ਲੱਭਣ ਲਈ ਪੱਬਾਂ ਭਾਰ ਹੋਇਆ ਰਹਿੰਦਾ ਹੈ। ਗ਼ੈਰਾਂ ਦੀ ਸ਼ਹਿ ਉੱਤੇ, ਰੇਤ ਛਾਣ-ਛਾਣ ਕੇ ਕੋਈ ਇੱਕ ਦੁਰਲੱਭ 'ਗ਼ਲਤੀ' ਉਨਾਂ ਦੀ ਝੋਲੀ ਪਾਉਣਾ ਚਾਹੁੰਦਾ ਹੈ ਤਾਂ ਕਿ ਉਹ ਉਸ ਤੇੜ ਵਿੱਚ ਫਾਨਾ ਲਾ ਕੇ ਸਿੱਖੀ ਦੇ ਸਮੁੱਚੀ ਮਾਨਵਤਾ ਲਈ ਕਲਿਆਣਕਾਰੀ ਅਧਿਆਤਮਵਾਦ ਦਾ ਘਾਣ ਕਰ ਸਕਣ।

ਅਫ਼ਵਾਹ ਦੀ ਹੋਂਦ ਤੋਂ ਅਗਾਂਹ ਦੀ ਗੱਲ ਜਾਪਦੀ ਹੈ ਕਿ ਇਨਾਂ ਅਕਲਕੋਟਾਂ ਨੇ ਇੱਕ 21 ਵਿਦਵਾਨਾਂ ਦੀ ਕਮੇਟੀ ਬਣਾਈ ਹੈ ਜੋ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਕਰ ਕੇ ਮੰਗਲ ਪ੍ਰਬੰਧ ਨੂੰ ਦਰੁਸਤ ਕਰੇਗੀ, ਕੁਝ ਸ਼ਬਦ ਕੱਢੇਗੀ, ਕੁਝ ਪਾਏਗੀ ਅਤੇ ਜਿੱਥੇ ਇਹ ਸਮਝਦੇ ਹਨ ਕਿ ਮਹਲਾ ਦਸਵਾਂ ਲਿਖਣਾ ਰਹਿ ਗਿਆ ਹੈ, ਉੱਥੇ ਇਹ ਅਲਫ਼ਾਜ਼ ਲਿਖੇਗੀ। ਵਿਦਵਾਨੀ ਵੇਖੋ ਕਿ ਧੁਰ ਕੀ ਬਾਣੀ ਵੱਲ ਕੈਰੀ ਅੱਖ ਚੁੱਕਣ ਨੂੰ, ਜਿਸ ਦਾ ਉਨਾਂ ਨੂੰ ਉੱਕਾ ਹੀ ਅਧਿਕਾਰ ਨਹੀਂ, ਸ਼ੀਰੇ ਮਾਦਰ ਸਮਝਦੇ ਹਨ। ਇਹ ਜਿਵੇਂ ਵੀ ਹੈ, ਇਵੇਂ ਬਾਣੀ ਹੈ, ਸਦੀਵੀ ਹੈ, ਅਟੱਲ ਹੈ, ਮੁਕੰਮਲ ਹੈ। ਏਸ ਵਿੱਚੋਂ ਕੱਢਿਆ-ਪਾਇਆ ਕੁਝ ਨਹੀਂ ਜਾ ਸਕਦਾ ਕਿਉਂਕਿ ਏਸ ਦਾ ਇਹੋ ਸਰੂਪ ਹੀ ਬਾਣੀ ਹੈ। ਦੁਨਿਆਵੀ ਫ਼ਲਸਫ਼ਿਆਂ ਵਿੱਚ ਵੀ ਮਹਿਜ਼ ਇੱਕ ਨੁਕਤੇ ਦਾ ਹੇਰ-ਫ਼ੇਰ ਵੀ ਨਦੀਆਂ ਦੇ ਵਾਹ ਵਿਛੋੜ ਦਿੰਦਾ ਹੈ। ਵਹਦਤ ਉਲ ਵਜੂਦ ਤੋਂ ਵਹਿਦਤ ਉਲ ਸ਼ਹੂਦ ਨੂੰ ਲੱਖਾਂ ਕੋਹ ਦੂਰ ਲੈ ਜਾਂਦਾ ਹੈ। ਫ਼ੇਰ '.... ਮੇਲਾ ਸੰਜੋਗੀ ਰਾਮ॥'

ਗੁਰਬਾਣੀ ਵਿੱਚ ਉਹ ਸੱਚ ਹਨ ਜੋ ਕੱਲ ਹੈਰਾਨ ਕਰਦੇ ਸਨ ਪਰ ਮਨੁੱਖੀ ਸੱਭਿਅਤਾ ਦੀ ਸਮੇਂ ਨਾਲ ਤਰੱਕੀ ਕਰਨ ਕਰਕੇ, ਅੱਜ ਸਮਝ ਆਉਂਦੇ ਹਨ। ਏਸ ਵਿੱਚ ਉਹ ਸੱਚ ਵੀ ਹਨ ਜੋ ਹਜ਼ਾਰਾਂ ਸਾਲਾਂ ਬਾਅਦ ਆਪਣੇ ਮਨਮੋਹਣੇ ਮੁਖਾਰਬਿੰਦ ਤੋਂ ਘੁੰਡ ਚੁੱਕਣਗੇ। ਜੇ ਖਰੜ ਗਿਆਨੀਆਂ ਦੀਆਂ ਅਕਲਕੋਟ ਕਮੇਟੀਆਂ ਅੱਜ ਦੀ ਸਮਝ ਅਨੁਸਾਰ ਇਨਾਂ ਦਾ ਖੁਰਾ-ਖੋਜ ਮਿਟਾ ਦੇਣਗੀਆਂ ਤਾਂ ਇਹ ਸਿਲਸਿਲਾ ਕਿਵੇਂ ਜਾਰੀ ਰਹਿ ਸਕੇਗਾ। ਆਉਣ ਵਾਲੀਆਂ ਲੱਖਾਂ ਪੁਸ਼ਤਾਂ ਨੂੰ ਉਨਾਂ ਦੀ ਅਧਿਆਤਮਕ ਤਰੱਕੀ ਤੋਂ ਕਿਸ ਹੌਂਸਲੇ ਨਾਲ ਖਰੜ ਗਿਆਨੀ ਮਹਿਰੂਮ ਰੱਖਣਾ ਚਾਹੁੰਦੇ ਹਨ। ਵਾਸਤੇ ਰੱਬ ਦੇ ਜਾਣੋ, ਇਹ ਬਾਣੀ ਤ੍ਰੈਕਾਲ ਦਰਸ਼ੀ ਦੀ ਹੈ। ਤੁਹਾਨੂੰ ਤਾਂ ਪਿੱਠ ਪਿੱਛੇ ਪਿਆ ਗੜਵਾ ਵੀ ਨਜ਼ਰ ਨਹੀਂ ਆ ਰਿਹਾ।

ਫ਼ੇਰ ਉਸ ਫ਼ਿਤਰਤ ਨੂੰ ਕੀ ਆਖੋਗੇ ਜਿਸ ਦਾ ਜ਼ਿਕਰ ਸਾਢੇ ਪੰਜ ਸੌ ਸਾਲ ਤੋਂ ਲਗਾਤਾਰ ਹੋ ਰਿਹਾ ਹੈ 'ਸਲਾਮੁ ਜਬਾਬੁ ਦੋਵੈ ਕਰੇ ਮੁੰਢਹੁ ਘੁਥਾ ਜਾਇ॥' ਇਨਾਂ ਦੇ ਬ੍ਰਹਮ ਗਿਆਨੀ ਗੁਰੂ ਨੂੰ ਮਹਿਜ਼ ਲਫ਼ਜ਼ਾਂ ਵਿੱਚ ਅਭੁੱਲ ਅਤੇ ਕਰਤਾਰ ਵੀ ਪ੍ਰਵਾਨ ਕਰਦੇ ਹਨ ਪਰ ਉਸੇ ਸਾਹੇ ਇਨਾਂ ਨੂੰ ਗੁਰਬਾਣੀ ਵਿੱਚ ਖਾਮੀਆਂ ਹੀ ਖਾਮੀਆਂ ਨਜ਼ਰ ਆਉਂਦੀਆਂ ਹਨ।' ਬੜਾ ਅਜਬ ਹੈ ਇਨਾਂ ਦਾ ਇਹ ਕੋਝਾ ਟੀਰ।

ਦਰਅਸਲ ਜਿਨਾਂ ਨੂੰ ਢੁੱਕਵੇਂ ਲਫ਼ਜ਼ਾਂ ਦੀ ਘਾਟ ਕਾਰਨ ਅਤੇ ਆਪਣੀ ਸਹੂਲਤ ਲਈ ਅਸੀਂ ਮੰਗਲ ਆ ਕੇ ਸਾਰ ਲੈਂਦੇ ਹਾਂ, ਇਹ ਗੁਰਬਾਣੀ ਦਾ ਬੀਜ ਹਨ, ਗੁਰਬਾਣੀ ਦਾ ਸਾਰ ਅਤੇ ਜੜ ਹਨ। ਇਹ ਅੱਖਰ ਅ-ਖਰ ਹਨ, ਇਨਾਂ ਨੂੰ ਖਾਰ ਕਦੇ ਨਹੀਂ ਪਵੇਗੀ। ਇਨਾਂ ਦੇ ਅਸਲ ਸਰੂਪ ਦੀਆਂ ਦੋ ਖਸਲਤਾਂ ਹਨ ਜਿਨਾਂ ਨੂੰ ਜਾਣਨਾ ਇਨਾਂ ਦੀ ਸਲਾਹੀਅਤ ਦੇ ਡੂੰਘੇ ਰਹੱਸ ਵੱਲ ਪਹਿਲਾ ਕਦਮ ਚੁੱਕਣਾ ਹੈ। ਮੰਗਲ ਅਨਾਹਦ ਨਾਦ ਹਨ। ਰਾਗਾਂ, ਨਾਦਾਂ, ਰਾਗਣੀਆਂ ਦੇ ਮੁਥਾਜ ਨਹੀਂ। ਏਸੇ ਲਈ ਸੱਚੇ ਸਾਹਿਬ ਨੇ ਇਨਾਂ ਨੂੰ ਰਾਗ-ਮੁਕਤ ਰੱਖਿਆ ਹੈ। ਏਸੇ ਕਾਰਨ ਇਹ ਨਿਆਰੇ, ਵਿਲੱਖਣ ਹਨ ਅਤੇ ਹੋਰ ਕਾਸੇ ਵਰਗੇ ਨਹੀਂ। ਹਰ ਪੱਖੋਂ ਗੁਰਬਾਣੀ ਨਾਲ ਰਲਗੱਡ ਹਨ ਪਰ ਫ਼ੇਰ ਵੀ ਉਸੇ ਥਾਲ ਵਿੱਚ ਗਗਨ ਦੇ ਤਾਰਿਆਂ ਵਾਂਗ ਚਮਕ ਰਹੇ ਹਨ ਅਤੇ ਆਪਣੀ ਅਲੌਕਿਕ ਆਭਾ ਨਾਲ ਗੁਰਬਾਣੀ ਨੂੰ ਸਰਸ਼ਾਰ ਕਰ ਰਹੇ ਹਨ। ਸਭ ਤੋਂ ਅਹਿਮ ਇਹ ਹੈ ਕਿ ਮੰਗਲ ਅਕਾਲ ਪੁਰਖ-ਵਾਚ ਹਨ। ਇਹ ਕਿਸੇ ਮਨੁੱਖ ਨੇ ਨਹੀਂ ਆਖੇ, ਅਕਾਲ ਨੇ ਆਪਣੇ ਸਰੂਪ ਦਾ ਬੋਧ ਕਰਾਉਣ ਲਈ ਪ੍ਰਗਟ ਕੀਤੇ ਹਨ ਜਿਸ ਦਾ ਸਿੰਘਨਾਦ ਆਪਣਾ ਸਰੂਪ ਬਖ਼ਸ਼ ਕੇ ਗੁਰੂ ਨਾਨਕ ਕੋਲੋਂ ਅੰਤ ਵਿੱਚ ਆਏ 'ਗੁਰਪ੍ਰਸਾਦਿ' ਰਾਹੀਂ ਕਰਵਾਇਆ ਹੈ। ਬ੍ਰਹਿਮੰਡ ਵਿੱਚ ਗੂੰਜ ਰਹੇ ਅਨਹਦ ਨਾਦ ਦਾ ਵੀ ਏਹੀ ਅੱਖਰ ਰੂਪ ਮੰਗਲ ਹਨ।

ਹਾਣ ਦੀ ਅਧਿਆਤਮਕ ਅਵਸਥਾ ਦੀ ਘਾਟ ਕਾਰਨ ਮੁਕੰਮਲ ਵਿਆਖਿਆ ਨਹੀਂ ਕੀਤੀ ਜਾ ਸਕਦੀ। ਉਸ ਤਰਾਂ ਵੀ ਗੂੰਗੇ ਦਾ ਗੁੜ ਹੈ। ਮੁਕੰਮਲ ਵਿਆਖਿਆ ਕੇਵਲ ਕਲਗ਼ੀਧਰ ਦਾ ਖ਼ਾਲਸਾ ਹੀ ਕਰ ਸਕਦਾ ਹੈ। 'ਅਬ ਆਨ ਕੀ ਆਸ ਨਿਰਾਸ ਭਈ ਸ੍ਰੀ ਕਲਗ਼ੀਧਰ ਵਾਸ ਕੀਓ ਮਨ ਮਾਹਿ।' ਅਜੇ ਹੋਰ ਮਨਣ ਦੀ ਲੋੜ ਸੀ ਪਰ ਮਹਾਂਮਾਰੀ ਦੇ ਪ੍ਰਕੋਪ ਤੋਂ ਡਰ ਕੇ ਜਿੰਨੇ ਕੁ ਨੇੜੇ ਦੇ ਤੱਥਾਂ ਬਾਰੇ ਥੋੜੀ ਬਹੁਤ ਜਾਣਕਾਰੀ, ਅਨੁਭਵ ਸੀ ਉਸ ਨੂੰ ਅੱਖਰ ਰੂਪ ਦਿੱਤਾ ਜਾ ਰਿਹਾ ਹੈ।

ਕਲਗ਼ੀਧਰ ਨਾਨਕ ਦੇ ਪੰਥ ਨੂੰ ਦੋ ਬੇਨਤੀਆਂ ਸਭ ਨੂੰ ਕਰਨੀਆਂ ਚਾਹੀਦੀਆਂ ਹਨ, ਕਿਉਂਕਿ ਖ਼ਤਰਾ ਵੱਡਾ ਹੈ, ਮਾਨਵਤਾ ਲਈ ਘਾਤਕ ਹੈ ਅਤੇ ਅੱਖੜ ਦੁਸ਼ਮਣ ਬਜ਼ਿੱਦ ਹੈ। ਮੰਗਲ ਦੇ ਇੱਕ ਅਤਿ ਮਨਮੋਹਣੇ ਅਥਾਹ ਸਕੂਨ ਬਖ਼ਸ਼ਣ ਵਾਲੇ ਸਰੂਪ ੧ਓ ਨੂੰ ਗੁਰੂ ਗ੍ਰੰਥ ਵਿੱਚੋਂ ਮਨਫੀ ਵੀ ਕੀਤਾ ਜਾ ਚੁੱਕਿਆ ਹੈ। ਗਿਆਨ ਖੜਗ ਧਾਰਨ ਦਾ ਵੇਲਾ ਹੈ, ਜੋ ਵੀ ਹੋਰ ਹੀਲਾ-ਵਸੀਲਾ ਹੈ ਉਸ ਨੂੰ ਕਰਨ ਦੀ ਲੋੜ ਹੈ। ਇਨਾਂ ਸ੍ਰਿਸ਼ਟੀ ਦੇ ਆਧਾਰ ਹਰਫ਼ਾਂ ਨੂੰ, ਗੁਰੂ ਗ੍ਰੰਥ ਦੇ ਸਿਰਮੌਰ ਹਰਫ਼ਾਂ ਨੂੰ ਉਸੇ ਮੁਬਾਰਕ ਸਰੂਪ ਵਿੱਚ ਕਾਇਮ ਰੱਖਣਾ ਮਨੁੱਖਤਾ ਦੀ ਸੇਵਾ ਹੈ। ਸਭ ਹਿਜੇ, ਕਾਰ, ਏਕਾ ਅਤੇ ਡੰਡੀਆਂ ਉਸੇ ਰੂਪ ਵਿੱਚ ਕਾਇਮ ਰਹਿਣੀਆਂ ਜ਼ਰੂਰੀ ਹਨ। ਏਸ ਸਦੀ ਵਿੱਚ ਗੁਰੂ-ਪਰਮੇਸ਼ਰ ਨੇ ਖ਼ਾਲਸੇ ਦੀ ਅਗਵਾਈ ਦੀਆਂ ਅਸੀਮ ਸੰਭਾਵਨਾਵਾਂ ਦਾ ਬਦਰਾ ਸੰਸਾਰ ਦੇ ਜ਼ਿਹਨ ਵਿੱਚ ਪਲਟਾਇਆ ਹੈ। ਏਸ ਤੋਂ ਅੱਗੇ ਜੋ ਪ੍ਰਾਪਤੀ ਹੋਵੇਗੀ, ਨਿਰੋਲ ਸੱਚ ਉੱਤੇ ਅਡਿੱਗ ਖੜੇ ਰਹਿਣ ਸਦਕਾ ਹੀ ਹੋਵੇਗੀ। ਕਿਤੇ ਕੱਚ ਨੂੰ ਗਲ਼ ਨਾਲ ਬੰਨ ਬੰਨ ਰੱਖਦਿਆਂ ਲਾਲ ਹੀ ਨਾ ਗਵਾ ਲਈਏ!

**'ਕਾਚ ਬਾਦਰੈ ਲਾਲੁ ਖੋਈ ਹੈ ਫਿਰਿ ਇਹੁ ਅਉਸਰੁ ਕਦਿ ਲਹਾ॥੨॥'** (ਸਾਰੰਗ ਮ: ੫, ਪੰਨਾ 1203)

# ਕੌੜੇ ਬੋਲ ਨਾ ਬੋਲੀਏ, ਕਰਤਾਰੋਂ ਡਰੀਏ



ਹਰਕੀਰਤ ਕੌਰ

9779118066

ਅਕਸਰ ਕਿਹਾ ਜਾਂਦਾ ਹੈ ਕਿ ਤਲਵਾਰ ਦੇ ਫੱਟ ਤਾਂ ਰਾਜੀ ਹੋ ਜਾਂਦੇ ਹਨ ਪਰ ਜ਼ੁਬਾਨ ਦੇ ਫੱਟ ਕਦੇ ਨਹੀਂ ਭਰਦੇ। ਅੱਜ ਦੇ ਅਧੁਨਿਕ ਦੌਰ ਵਿੱਚ ਹਰ ਕੋਈ ਆਪਣੀ ਜ਼ਿੰਦਗੀ ਵਿੱਚ ਮਸਤ ਹੈ, ਸੁਖ ਸਹੂਲਤਾਂ ਲੋਕਾਂ ਕੋਲ ਬਹੁਤ ਨੇ ਪਰ ਬੋਲਾਂ ਦਾ ਮਿੱਠਾਪਣ, ਸਹਿਣਸ਼ੀਲਤਾ, ਪਿਆਰ ਮਹੁੱਬਤ, ਪਰਿਵਾਰਕ ਸਾਂਝ ਕਿਤੇ ਖੰਭ ਲਾ ਉੱਡ ਗਈ ਹੈ। ਬਹੁਤ ਵਿਰਲੇ ਘਰ ਪਰਿਵਾਰ ਵੇਖਣ ਨੂੰ ਮਿਲਦੇ ਹਨ, ਜਿੱਥੇ ਆਪਸੀ ਪ੍ਰੇਮ ਪਿਆਰ ਨਾਲ ਟੱਬਰ ਸੁਖੀ ਵਸ ਰਿਹਾ ਹੈ ਨਹੀਂ ਤਾਂ ਬਹੁਤਾਂਤ ਘਰਾਂ ਵਿੱਚ ਆਪਣੇ ਹੀ ਖ਼ੂਨ ਆਪਣੇ ਹੀ ਪਰਿਵਾਰਕ ਮੈਬਰਾਂ ਨਾਲ ਸ਼ਰੀਕੇਬਾਜ਼ੀ ਨੇ ਪਰਿਵਾਰਕ ਸਾਂਝ ਖਤਮ ਕਰ ਦਿੱਤੀ ਹੈ। ਮੈਨੂੰ ਅੱਜ ਵੀ ਯਾਦ ਹੈ ਮੈਂ ਸਾਡੇ ਘਰ ਇੱਕ ਸੀਰੀ ਰੱਖਿਆ ਹੁੰਦਾ ਸੀ, ਮੈਂ ਉਸ ਨੂੰ ਕੰਮ ਨਾ ਸਹੀ ਕਰਨ ਲਈ ਜਰਾ ਉੱਚੇ ਬੋਲ ਬੋਲ ਦਿੱਤੇ। ਕੋਲ ਬੈਠੀ ਮੇਰੇ ਦਾਦੀ ਜੀ ਕਹਿਣ ਲੱਗੇ 'ਪੁੱਤ ਕੌੜੇ ਬੋਲ ਨਾ ਬੋਲੀਏ, ਕਰਤਾਰੋਂ ਡਰੀਏ।' ਉਮਰ ਨਿਆਣੀ ਹੋਣ ਕਰਕੇ ਉਸ ਸਮੇਂ ਇਨਾਂ ਗੱਲਾਂ ਦੀ ਕੁਝ ਜਿਆਦਾ ਸਮਝ ਨਹੀਂ ਸੀ, ਪਰ ਦਾਦੀ ਵੱਲੋਂ ਜਦੋਂ ਉਦਹਾਰਣਾਂ ਦੇ ਅਰਥ ਸਮਝਾਏ ਤਾਂ ਮਿੱਠਾ ਬੋਲਣ ਦਾ ਪ੍ਰਣ ਲਿਆ। ਹਰ ਇਨਸਾਨ ਵਿੱਚ ਇੱਕ ਦਿਲ ਹੈ, ਹਰ ਇਨਸਾਨ ਦੇ ਜਜ਼ਬਾਤ ਅਤੇ ਅਹਿਸਾਸ ਹੁੰਦੇ ਹਨ, ਉਹ ਚਾਹੇ ਅਮੀਰ ਹੇਵੇ ਚਾਹੇ ਗਰੀਬ। ਦਾਦੀ ਦੀ ਇਹ ਗੱਲ ਵੀ ਸੋ ਆਨੇ ਸੱਚ ਹੈ ਕਿ ਕਰਤਾਰ ਤੋਂ ਡਰਨਾ ਚਾਹੀਦਾ ਹੈ, ਕਿਉਂਕਿ ਗੁਰਬਾਣੀ ਵੀ ਸਾਨੂੰ ਮਿੱਠਾ ਬੋਲਣ, ਹਲੀਮੀ ਵਿੱਚ ਰਹਿਣ ਦਾ ਸਬਕ ਦਿੰਦੀ ਹੈ। ਪਰ ਅੱਜ ਦੇ ਸਮੇਂ ਵਿੱਚ ਲੋਕਾਂ ਦੇ ਬਹੁਤ ਘੱਟ ਚਿਹਰੇ ਹਨ ਜੋ ਹੱਸਦੇ ਖੇਡਦੇ ਹਨ, ਬੇਲੋੜੀਆਂ ਇਛਾਵਾਂ ਵਧਾ ਵਧਾ ਕੇ ਲੋਕ ਆਪਣੀ ਜ਼ਿੰਦਗੀ ਬੋਝ ਬਣਾ ਚੁੱਕੇ ਹਨ। ਅਸੀਂ ਅਕਸਰ ਸੁਣਦੇ ਹਾਂ ਕਿ ਜੇਕਰ ਕੋਈ ਇਨਸਾਨ ਸਾਡੇ ਕਰਕੇ ਦੁਖੀ, ਉਦਾਸ ਜਾਂ ਨਿਰਾਸ਼ ਹੋ ਰਿਹਾ ਹੈ ਤਾਂ ਉਸਦਾ ਫਲ ਸਾਨੂੰ ਦੇਣਾ ਪੈਂਦਾ ਹੈ। ਇਹ ਧਰਤੀ ਗੋਲ ਹੈ, ਜੋ ਵੀ ਕਰਮ ਕਰਾਂਗੇ ਉਹ ਘੁੰਮ ਘੁੰਮਾ ਕੇ ਸਾਡੇ ਕੋਲ ਵਾਪਿਸ ਜਰੂਰ ਆਉਂਦੇ ਹਨ। ਜੋ ਬੀਜਾਂਗੇ ਉਹ ਸਾਨੂੰ ਹਰ ਹਾਲ ਵੱਢਣਾ ਪਵੇਗਾ। ਹਰ ਦਿਲ ਅੰਦਰ ਪ੍ਰਮਾਤਮਾ ਦਾ ਵਾਸ ਹੈ, ਕਿਸੇ ਦਾ ਦਿਲ ਦੁਖਾਉਣ, ਕਿਸੇ ਨੂੰ ਬੁਰੇ ਸ਼ਬਦ ਬੋਲਣ ਤੋਂ ਪਹਿਲਾਂ ਸੋ ਵਾਰ ਸੋਚੋ। ਕਿਉਂਕਿ ਬੋਲ ਹਮੇਸ਼ਾ ਦਿਲ ਤੇ ਲਿਖੇ ਜਾਂਦੇ ਹਨ, ਜਦੋਂ ਵੀ ਕੌੜੇ ਬੋਲ ਬੋਲਣ ਵਾਲਾ ਵਿਅਕਤੀ ਸਾਡੇ ਸਾਹਮਣੇ ਆਉਂਦਾ ਹੈ ਤਾਂ ਸਾਡੇ ਅੰਦਰ ਲੱਗੇ ਫੱਟ ਰਿਸਣ ਲੱਗਦੇ ਹਨ, ਜਿਨਾਂ ਦੀ ਚੀਸ ਬਹੁਤ ਦੁਖਦਾਈ ਹੁੰਦੀ ਹੈ, ਖਾਸ ਕਰ ਉਦੋਂ ਜਦੋਂ ਇਹ ਫੱਟ ਕੋਈ ਆਪਣਾ ਮਾਰੇ। ਅੱਜ ਬਹੁਤ ਸਾਰੇ ਪਰਿਵਾਰਾਂ ਵਿੱਚ ਹਾਲ ਵੇਖਣ ਨੂੰ ਮਿਲਦਾ ਹੈ ਕਿ ਕਈ ਘਰਾਂ ਦੇ ਬੱਚੇ ਮਾਪਿਆਂ ਦੇ ਕਹਿਣੇ ਤੋਂ ਬਾਹਰ ਹਨ ਅਤੇ ਕਈ ਮਾਪੇ ਅਜਿਹਾ ਤਾਨਾਸ਼ਾਹੀ ਰੂਪ ਧਾਰ ਕੇ ਬੈਠੇ ਹੁੰਦੇ ਹਨ ਕਿ ਉੱਥੇ ਬੱਚਿਆਂ ਦਾ ਜੀਣਾ ਮੁਸ਼ਕਿਲ ਹੋਇਆ ਹੁੰਦਾ ਹੈ, ਹਰ ਚੀਜ਼ ਦੀ ਇੱਕ ਸੀਮਾ ਹੁੰਦੀ ਹੈ ਕੋਈ ਵੀ ਵਰਤਾਓ ਜਦੋਂ ਆਪਣੀ ਹੱਦ ਪਾਰ ਕਰਦਾ ਹੈ ਤਾਂ ਉਹ ਅਸਹਿਣਸ਼ੀਲ ਹੁੰਦਾ ਹੈ। ਯਤਨ ਕਰੋ ਕਿ ਹਰ ਦੁਵਿਧਾ ਦਾ ਹੱਲ ਹਲੀਮੀ ਨਾਲ ਕੱਢਿਆ ਜਾਵੇ ਤਾਂ ਜੋ ਕੌੜੇ ਬੋਲ ਬੋਲਣ ਦੀ ਨੌਬਤ ਨਾ ਆਵੇ। ਮਿੱਠਾ ਬੋਲਣ ਨਾਲ ਤੁਸੀਂ ਕੇਵਲ ਆਪਣੇ ਰਿਸ਼ਤੇ ਹੀ ਨਹੀਂ ਬਚਾ ਸਕੋਗੇ ਬਲਕਿ ਆਪਣੀ ਸ਼ਖਸੀਅਤ ਨੂੰ ਵੀ ਨਿਖਾਰੋਗੇ। ਚੰਗਾ ਬੋਲਣਾ ਸਾਡੀ ਇੱਕ ਵਧੀਆ ਸ਼ਖਸੀਅਤ ਹੋਣ ਦਾ ਨਮੂਨਾ ਹੈ। ਸੋ ਯਤਨ ਰਹੇ ਕਿ ਸਾਡੇ ਮੂੰਹੋਂ ਕੋਈ ਵੀ ਅਜਿਹਾ ਬੋਲ ਨਾ ਨਿਕਲੇ ਜੋ ਕਿਸੇ ਨੂੰ ਦੁਖੀ ਕਰੇ ਅਤੇ ਸਾਡੀ ਸ਼ਖਸੀਅਤ ਉੱਪਰ ਇੱਕ ਨਾਕਾਰਤਮਕ ਪ੍ਰਭਾਵ ਪਾਵੇ।

**ਜੂਨ 1984 'ਚ ਫ਼ੌਜੀ ਹਮਲਿਆਂ ਨੂੰ ਬਿਆਨ ਕਰਦੀ ਪੁਸਤਕ "ਗੁਰਦੁਆਰਿਆਂ 'ਤੇ ਹੋਏ ਫੌਜੀ ਹਮਲਿਆਂ ਦੀ ਵਿਥਿਆ"**




ਇਸ ਪੁਸਤਕ ਵਿਚ ਜੂਨ ੧੯੮੪ ਵਿਚ ਇੰਡੀਆ ਦੀ ਫੌਜ ਦੁਆਰਾ ਦਰਬਾਰ ਸਾਹਿਬ ਤੋਂ ਇਲਾਵਾ ਵੱਖ-ਵੱਖ ਗੁਰਦੁਆਰਿਆਂ 'ਤੇ ਕੀਤੇ ਫੌਜੀ ਹਮਲਿਆਂ ਦੀ ਵਿਥਿਆ ਹੈ। ਜਿਸਦੀ ਗਵਾਹੀ ਮੌਕੇ 'ਤੇ ਮੌਜੂਦ ਚਸ਼ਮਦੀਦ ਗਵਾਹ ਆਪਣੀ ਜੁਬਾਨੀ ਬਿਆਨ ਕਰਦੇ ਹਨ, ਗਵਾਹੀਆਂ ਨੂੰ ਅਧਾਰ ਬਣਾ ਕੇ ਇਹ ਪੁਸਤਕ ਮਲਕੀਤ ਸਿੰਘ 'ਭਵਾਨੀਗੜ੍ਹ' ਵਲੋਂ ਲਿਖੀ ਗਈ ਹੈ ਜੋ ਕਿ ਜਲਦ ਹੀ ਬਿਬੇਕਗੜ੍ਹ ਵਲੋਂ ਪ੍ਰਕਾਸ਼ਿਤ ਹੋ ਸੰਗਤਾਂ ਦੇ ਸਨਮੁੱਖ ਹੋਵੇਗੀ।



# ਸਵਾਲ :- ਲੇਖਕ ਕੌਣ ਹੁੰਦਾ ਹੈ ?

## ਨਿੰਦਕ, ਪ੍ਰਸੰਸਕ ਅਤੇ ਆਲੋਚਕਾਂ ਦੀ ਅਵਸਥਾ ਬਾਰੇ ਨਿੱਜੀ ਵਿਚਾਰ



ਹਰਮਿੰਦਰ ਸਿੰਘ ਭੱਟ
09914062205(ਵੱਟਸਐਪ)

ਇਸ ਸਦੀ ਦੇ ਮਹਾਨ ਪ੍ਰਚਾਰਕ ਭਾਈ ਮਸਕੀਨ ਜੀ ਦੇ ਫੁਰਮਾਨ ਇੱਕ ਲੇਖਕ ਦੀ ਅਵਸਥਾ ਨੂੰ ਦਰਸਾਉਣ ਲਈ ਬਹੁਤ ਹਨ ਕਿ 'ਜੇ ਕਿਸੇ ਦੀ ਦੋ ਬੋਲਾਂ ਰਾਹੀ ਲਿਖਤ ਦੀ ਸਿਫ਼ਤ ਨਹੀਂ ਕਰ ਸਕਦੇ ਤਾਂ ਨਿੰਦਾ ਵੀ ਕਰਨਾ ਜ਼ਰੂਰੀ ਨਹੀਂ ਹੋਣੀ ਚਾਹੀਦੀ'। ਮੁਆਫ਼ ਕਰਨਾ ਦਾਸ ਨੇ ਕਦੇ ਨਹੀਂ ਕਿਹਾ ਕਿ ਮੈਂ ਕੋਈ ਕਵੀ ਹਾਂ, ਗੀਤਕਾਰ ਹਾਂ, ਕੋਈ ਰਚਨਾਕਾਰ ਹਾਂ, ਕੋਈ ਕਹਾਣੀਕਾਰ ਹਾਂ ਜਾਂ ਇੰਜ ਕਹਿ ਲਵੋ ਕਿ ਲਿਖਣ ਯੋਗ ਹਾਂ। ਹਾਂ ਬਸ ਲਿਖਦਾ ਹਾਂ, ਜਿਸ ਕਰ ਕੇ ਆਪਣੇ ਆਪ ਨੂੰ ਲਿਖਾਰੀ ਜਾਂ ਲੇਖਕ ਕਹਿ ਦਿੰਦਾ ਹਾਂ। ਮੇਰੇ ਲਈ ਉਹ ਹਰ ਲਿਖਿਆ ਹੋਇਆ ਪਾਵਨ ਸ਼ਬਦ (ਅੱਖਰ) ਸਤਿਕਾਰਯੋਗ ਹਨ ਚਾਹੇ ਉਸ ਦੀ ਕੋਈ ਵਿਧਾ ਹੈ ਚਾਹੇ ਨਾ। ਚਾਹੇ ਕੰਧਾਂ 'ਤੇ ਮਾਰੀਆਂ ਹੋਈਆਂ ਲੀਕਾਂ ਹੀ ਹਨ ਉਹ ਵੀ ਸਤਿਕਾਰਯੋਗ ਹਨ।

ਹਾਂ ਇੱਥੇ ਸਪੱਸ਼ਟ ਕਰਦਾ ਹਾਂ ਕਿ ਮੈਨੂੰ ਇਹ ਲੇਖ ਇਸ ਕਰ ਕੇ ਲਿਖਣ ਲਈ ਜ਼ਰੂਰਤ ਮਹਿਸੂਸ ਹੋਈ ਕਿ ਕਈ ਮੇਰੇ ਵਰਗੇ ਚੰਦ ਰਚਨਾਵਾਂ ਨੂੰ ਅਖ਼ਬਾਰਾਂ, ਕਿਤਾਬਾਂ ਛਪਵਾ ਕੇ ਜਾਂ ਸਨਮਾਨ ਪ੍ਰਾਪਤ ਕਰ ਕੇ ਬਹੁਤ ਮਾਣ ਮਹਿਸੂਸ ਕਰਨ ਲੱਗ ਜਾਂਦੇ ਹਨ ਅਤੇ ਆਪਣੇ ਆਪ ਨੂੰ ਸਿਖਰ ਤੇ ਸਮਝਣਾ ਇਹ ਅਣਭੋਲਪੁਣਾ ਹੈ ਜੋ ਮੈਨੂੰ ਮਹਿਸੂਸ ਹੋਇਆ ਓਹ ਹੀ ਲਿਖਾਂਗਾ, ਕਿਸੇ ਨੂੰ ਵੀ ਇਸ ਲੇਖ ਵਿਚ ਨਿਸ਼ਾਨਾ ਨਹੀਂ ਬਣਾਇਆ ਗਿਆ ਹੈ ਜਿਸ ਤੇ ਇਤਰਾਜ਼ ਕੀਤਾ ਜਾਵੇ ਮੇਰੇ ਲਈ ਸਾਰੇ ਹੀ ਸਤਿਕਾਰਯੋਗ ਹਨ (ਨੋਟ:- ਇਸ ਕਰ ਕੇ 'ਹਰਮਿੰਦਰ ਸਿੰਘ ਭੱਟ ਕੋਈ ਮਹਾਨ ਕਵੀ ਜਾਂ ਲੇਖਕ' ਨਹੀਂ ਹੈ ਜੋ ਕਿ ਆਪਣੇ ਮਿੱਤਰ ਸੂਚੀ ਵਿਚ ਦਰਜ ਕੀਤਾ ਜਾਵੇ) ਤੇ ਉਨਾਂ ਦੀ ਇਸ ਲਿਖਣ ਦੀ ਪ੍ਰਕ੍ਰਿਆ ਨੂੰ ਸਲਾਮ ਕਰਦਾ ਹਾਂ ਤੇ ਉਨਾਂ ਦੀ ਸ਼ਖ਼ਸੀਅਤ ਤੋਂ ਪ੍ਰਭਾਵਿਤ ਹੋ ਕਿ ਸਿੱਖਣ ਤੇ ਲਿਖਣਯੋਗ ਹੋ ਰਿਹਾ ਹਾਂ ਜੋ ਰਹਿੰਦੇ ਸਾਹਾਂ ਤੱਕ ਜਾਰੀ ਰਹਿਣ ਦੀ ਨਿਰੰਤਰ ਕੋਸ਼ਿਸ਼ ਕਰਦਾ ਰਹਾਂਗਾ।

ਹੁਣ ਗੱਲ ਕਰਦੇ ਹਾਂ ਕਿ ਅਗਲੇ ਵਿਚਾਰ ਦੀ ਲੇਖਕ ਦੀ ਭਾਵਨਾ ਦਾ ਲਿਖਣ ਦਾ ਮੁੱਖ ਕੇਂਦਰ ਭਾਵ ਸਮਝਣਾ ਬਹੁਤ ਜ਼ਰੂਰੀ ਹੁੰਦਾ ਹੈ ਉਹ ਜਿਸ ਅਵਸਥਾ ਚ ਲਿਖ ਰਿਹਾ ਹੈ ਉਹ ਉਹੀ ਸਮਝ ਸਕਦਾ ਹੈ ਜਾਂ ਉਹ ਜੋ ਇਸ ਅਵਸਥਾ ਵਿਚ ਰਹਿ ਰਿਹਾ ਹੋਵੇ ਜਾਂ ਰਿਹਾ ਹੋਵੇ। ਅੱਖਰ ਦੀ ਗਹਿਰਾਈ ਵਿਚ ਜਾਣਾ ਹੀ ਲੇਖਕ ਦੀ ਮੁੱਖ ਨਿਸ਼ਾਨੀ ਹੁੰਦਾ ਹੈ। ਜੇਕਰ ਕੋਈ ਸ਼ਬਦ ਸਮਝ ਨਾ ਆਵੇ ਤਾਂ ਪੁੱਛਿਆ ਜਾ ਸਕਦਾ ਹੈ, ਹੋ ਸਕਦਾ ਹੈ ਕਿ ਉਹ ਸਵੈ ਸ਼ਬਦ ਹੋਵੇ ਜਿਵੇਂ ਕਿ ਕਈ ਸ਼ਬਦ ਹਨ ਜੋ ਲਿਖਣ ਦੀ ਪ੍ਰਕ੍ਰਿਆ ਹੇਠ ਸਮਾਨਰਥਕ ਸਵੈਸ਼ਬਦ ਘੜਦਾ ਹੈ। ਇਸ ਦੀ ਬੇਅੰਤ ਉਦਾਹਰਨਾਂ ਹਨ ਜੋ ਕਿ ਆਮ ਬੋਲੀ ਵਿੱਚ ਵੀ ਮਿਲ ਜਾਂਦੇ ਹਨ ਇਹ ਸਵੈ ਘੜੇ ਸ਼ਬਦ ਹੀ ਸਮੇਂ ਨਾਲ ਲੋਕ ਗੀਤ ਜਾਂ ਲੋਕ ਸ਼ਬਦ(ਅੱਖਰ) ਬਣ ਜਾਂਦੇ ਹਨ ਜਿਵੇਂ ਬੇਅੰਤ ਬੋਲੀਆਂ ਹਰ ਇੱਕ ਵਿਰਸੇ ਦੀ, ਹਰ ਇੱਕ ਖ਼ਿੱਤੇ ਦੀ, ਹਰ ਇੱਕ ਕੌਮ ਦੀ ਤੇ ਹਰ ਇੱਕ ਉਸ ਸੰਸਥਾ ਦੀ ਜੋ ਉਹ ਸੰਸਥਾ ਦੀ ਸਹਿਯੋਗੀ ਹੀ ਸਮਝ ਸਕਦੇ ਹਨ।

ਭਾਈ ਮਸਕੀਨ ਜੀ ਕਹਿੰਦੇ ਹਨ ਕਿ, ਇਹ ਕੁਦਰਤੀ ਕਿਰਿਆ ਹੈ ਜਿਵੇਂ ਹਰ ਵਸਤੂ ਅੰਦਰੋਂ ਬਾਹਰ ਨੂੰ ਆਉਂਦੀ ਹੈ, ਜਿਵੇਂ ਕਿ ਬੱਚਾ ਪੈਦਾ ਹੁੰਦਾ ਹੈ , ਜਿਵੇਂ ਕਿ ਧਰਤੀ ਵਿਚੋਂ ਪੌਦੇ ਫੁੱਟਕੇ ਬਾਹਰ ਨੂੰ ਆਉਂਦੇ ਹਨ। ਜੋ ਕੁਦਰਤੀ ਕਿਰਿਆ ਹੈ ਉਹੀ ਸੱਚੀ ਹੈ। ਬਨਾਵਟੀ ਫੁਲ ਸੋਹਣੇ ਤਾਂ ਬਹੁਤ ਹੋਣਗੇ ਪਰ ਕੁਦਰਤੀ ਖ਼ੁਸ਼ਬੂ ਉਸ ਵਿਚ ਨਹੀਂ ਹੋਵੇਗੀ। ਏਸੇ ਤਰਾਂ ਜਿਹੜੀ ਵਸਤੂ ਬਾਹਰੋਂ ਅੰਦਰ ਜਾਂਦੀ ਹੈ ਉਸ ਵਿੱਚ ਏਨੇ ਵਿਸ਼ੇਸ਼ ਗੁਣ ਨਹੀਂ ਹੋਣਗੇ, ਜਿੰਨੇ ਕਿ ਅੰਦਰੋਂ ਬਾਹਰ ਆਉਣ ਦੀ ਪ੍ਰਕਿਰਿਆ ਵਿਚ ਹੋਣਗੇ। ਉਦਾਹਰਨ ਦੇ ਤੌਰ 'ਤੇ ਹਰ ਇੱਕ ਧਰਮ ਦੇ ਪੁਰਾਤਨ ਪਾਵਨ ਪਵਿੱਤਰ ਗ੍ਰੰਥ ਸਾਹਿਬ, ਉਨਾਂ ਦੇ ਸਟੀਕ, ਕਿਸੇ ਮਹਾਨ ਲੇਖਕ ਦੀ ਹੰਢਾਈ ਤੇ ਲੁਕਾਈ ਦੇ ਦਰਦ ਨੂੰ ਮਹਿਸੂਸ ਕੀਤੇ ਗਏ ਮੌਲਿਕ ਵਿਚਾਰ ਉਹ ਚਾਹੇ ਗੀਤ ਦੇ ਜਰੀਏ ਹੋਣ ਜਾਂ ਲੇਖ ਦੇ, ਜਾਂ ਕਿਸੇ ਹੋਰ ਬੇਅੰਤ ਕਹਾਣੀਆਂ-ਨਾਵਲ ਦੀਆਂ ਛਪੀਆਂ ਪਾਵਨ ਜਾਂ ਵਿੱਦਿਅਕ ਕਿਤਾਬਾਂ ਹੋਣ।

ਲੇਖਣੀ ਵੀ ਅਜਿਹੀ ਹੈ, ਜੇਕਰ ਅੰਦਰੋਂ ਬਾਹਰ ਨੂੰ ਆਵੇਗੀ ਤਾਂ ਕੁਦਰਤੀ ਹੋਵੇਗੀ। ਮਨਾ ਨੂੰ ਖਿੱਚ ਪਾਵੇਗੀ , ਇੱਕ ਸਕੂਨ ਦੇਵੇਗੀ। ਪਰ ਜੇਕਰ ਬਾਹਰੋਂ ਅੰਦਰ ਜਾਵੇਗੀ , ਮਤਲਬ ਕਿ ਦੁਨਿਆਵੀ ਸਿੱਖਿਆ ਹੋਵੇਗੀ ਤਾਂ ਉਸ ਵਿਚ ਇੰਨਾ ਰਸ ਨਹੀਂ ਹੋਵੇਗਾ ਜੇਕਰ ਰਸ ਹੋਵੇਗਾ ਵੀ ਤਾਂ ਦੁਨਿਆਵੀ ਜੀਵਨ ਰਸਾਂ ਨੂੰ ਪ੍ਰਾਪਤ ਕਰਨ ਦਾ ਸਕੂਨ ਹੋਵੇਗਾ। ਸਕੂਲਾਂ, ਕਾਲਜਾਂ ਦੇ ਲੈਕਚਰਾਰ ਪੜ ਰਹੇ ਹਨ ਅਤੇ ਪੜਾ ਰਹੇ ਹਨ।

ਰੂਹਾਨੀ ਸਕੂਨ ਦੀ ਉਦਾਹਰਨ ਵੀ ਉਹ ਦਿੰਦੇ ਹਨ ਕਿ ਜਿਵੇਂ ਭਗਤ ਕਬੀਰ ਜੀ, ਭਗਤ ਰਵਿਦਾਸ ਜੀ ਜਾ ਫਿਰ ਬਾਬਾ ਫ਼ਰੀਦ ਜੀ, ਜਿਨਾਂ ਦੇ ਅੰਦਰੋਂ ਸ਼ਬਦਾਂ ਦੇ ਫੁਹਾਰੇ ਉੱਠਦੇ ਹਨ। ਜਿਨਾਂ ਕੋਲ ਦੁਨਿਆਵੀ ਸਿੱਖਿਆ ਨਾ ਹੋਣ ਦੇ ਬਾਵਜੂਦ ਵੀ ਉਨਾਂ ਦੇ ਸ਼ਬਦਾਂ ਉੱਪਰ ਵੱਡੀਆਂ ਵਿੱਦਿਅਕ ਪ੍ਰਾਪਤੀਆਂ ਹੋ ਰਹਿਆਂ ਹਨ। ਅੰਦਰੋਂ ਬਾਹਰ ਦੀ ਪ੍ਰਕਿਰਿਆ ਸਦਾ ਵਗਦੀ ਰਹਿੰਦੀ ਹੈ। ਜਿਨਾਂ ਲੇਖਕਾਂ ਵਿਚ ਇਹ ਅੰਦਰੋਂ ਬਾਹਰ ਨੂੰ ਵਗਦੀ ਹੈ, ਉਹ ਨੂੰ ਕਿਸੇ ਵੀ ਖ਼ਾਸ ਮਾਹੌਲ ਜਾਂ ਵਡਿਆਈ ਜਾਂ ਸ਼ੁਹਰਤ ਦੀ ਜਾ ਕਿਸੇ ਵੀ ਤਰਾਂ ਦੇ ਨਸ਼ੇ ਦੇ ਸੇਵਨ ਦੀ ਜ਼ਰੂਰਤ ਨਹੀਂ ਹੁੰਦੀ। ਉਹ ਜਦ ਵੀ ਕਲਮ ਚੁੱਕਦੇ ਹਨ ਵਹਾਣ ਤੇਜ਼ੀ ਨਾਲ ਵਗਣ ਲੱਗ ਜਾਂਦਾ ਹੈ। ਪਰ ਅੱਜ ਕੱਲ ਸਾਡੇ ਦੇ ਮਾਰੇ ਲੇਖਕ ਬਾਹਰੋਂ - ਅੰਦਰ ਦੀ ਕਿਰਿਆ ਵਿਚ ਉਲਝੇ ਹਨ। ਏਸੇ ਲਈ ਖ਼ੂਬਸੂਰਤੀ ਨਿੱਖਰ ਕੇ ਸਾਹਮਣੇ ਨਹੀਂ ਆਉਂਦੀ ਉਹ ਕਹਿੰਦੇ ਹਨ ਕਿ ਜੇ ਕਿਸੇ ਦੀ ਦੋ ਬੋਲਾਂ ਰਾਹੀ ਲਿਖਤ ਦੀ ਸਿਫ਼ਤ ਨਹੀਂ ਕਰ ਸਕਦੇ ਤਾਂ ਨਿੰਦਾ ਵੀ ਕਰਨਾ ਜ਼ਰੂਰੀ ਨਹੀਂ ਹੋਣੀ ਚਾਹੀਦੀ।

ਉਹ ਕਹਿੰਦੇ ਹਨ ਕਿ ਅਜੋਕੇ ਲੇਖਕ ਦੀ ਤਿੰਨ ਤਰਾਂ ਦਾ ਜੀਵਨ ਹੈ ਇੱਕ ਨਿੰਦਕ ਦਾ, ਦੂਜਾ ਪ੍ਰਸੰਸਕ ਦਾ ਤੇ ਤੀਜਾ ਆਲੋਚਕ ਦਾ। ਜਿਵੇਂ 1) ਨਿੰਦਕ:- ਸਾਡੇ ਵਿਚ ਆ ਕਿ ਬਗੈਰ ਕਿਸੇ ਸ਼ਬਦ(ਅੱਖਰ) ਦੀ ਗਹਿਰਾਈ ਨੂੰ ਸਮਝਣ ਤੋਂ ਬਿਨਾ ਨਿੰਦਾ ਕਰਨੀ ਤੇ ਹਾਸੋਹੀਣੀ ਸਥਿਤੀ ਬਣਾਉਣੀ, 2) ਪ੍ਰਸੰਸਕ:- ਪ੍ਰਸੰਸਕ ਦਾ ਹੋਣਾ ਵੀ ਬਹੁਤ ਲਾਜ਼ਮੀ ਹੁੰਦਾ ਹੈ ਜੇ ਪ੍ਰਸੰਸਾ ਨਹੀਂ ਹੋਵੇਗੀ ਤਾਂ ਲੇਖਕ ਦੇ ਲਿਖਣ ਦੀ ਪ੍ਰਬਲਤਾ ਨਹੀਂ ਆਵੇਗੀ ਪਰ ਇੱਥੇ ਆਪਣੇ ਨੂੰ ਖ਼ੁਦ ਹੀ ਅੰਦਾਜ਼ਾ ਲਗਾਉਣਾ ਪੈਣਾ ਮੁੱਖ ਹੈ ਕਿ ਉਹ ਪ੍ਰਸੰਸਾ ਦਾ ਪ੍ਰਕਾਰ ਕੀ ਹੈ ਸਵਾਰਥ ਜਾਂ ਨਿਰਸਵਾਰਥ (ਮਾਫ਼ ਕਰਨਾ ਇਸ ਦਾ ਸਰਲਾਥ ਕਦੇ ਫਿਰ ਸੰਯੋਗ ਨਾਲ ਕਿਸੇ ਹੋਰ ਲੇਖ ਵਿਚ ਜ਼ਰੂਰ ਆਪਣੇ ਨਿੱਜੀ ਅਨੁਭਵ ਅਨੁਸਾਰ ਕਰਾਂਗਾ ਜੀ) ਹੁਣ ਤੀਜੀ ਅਵਸਥਾ ਦੀ ਗੱਲ ਕਰਨੀ ਮੈਂ ਬਹੁਤ ਜ਼ਰੂਰੀ ਸਮਝਦਾ ਹਾਂ ਕਿ 3) ਆਲੋਚਕ:- ਕਿਸੇ ਲਿਖੀ ਗਈ ਰਚਨਾ ਵਿਚ ਬੇਅੰਤ ਤਰੁੱਟੀਆਂ ਹੋਣਗੀਆਂ ਉਸ ਨੂੰ ਉਸ ਦੀ ਗ਼ਲਤੀ ਬਾਰੇ ਦੱਸਿਆ ਜਾਣਾ ਤੇ ਉਸ ਤਰੁੱਟੀ (ਗ਼ਲਤੀ) ਦਾ ਹੱਲ ਵੀ ਦਰਸਾਉਣਾ ਬਹੁਤ ਲਾਜ਼ਮੀ ਹੁੰਦਾ ਹੈ ਸਾਨੂੰ ਆਲੋਚਕ ਬਣਨਾ ਚਾਹੀਦਾ ਹੈ।

ਨਾ ਕਿ ਨਿਰਾ ਪੂਰਾ ਪਹਿਲੀਆਂ ਦੋ ਅਵਸਥਾਵਾਂ ਨੂੰ ਦਰਸਾ ਕਿ ਕਿਸੇ ਨੂੰ ਕਹਿਣਾ ਕਿ 'ਮੈਂ ਤਾਂ ਤੇਰਾ ਭਲਾ ਲੋਚਦਾ ਹਾਂ ਬਾਕੀ ਤੇਰੀ ਮਰਜ਼ੀ' ਇਹ ਕਹਿਣਾ ਸਿਰਫ਼ ਖ਼ੁਦ ਅਣਜਾਣਪੁਣੇ ਦੀਆਂ ਨਿਸ਼ਾਨੀਆਂ ਹਨ ਦਾਸ ਵੀ ਇੰਨਾ ਦੋ ਅਵਸਥਾਵਾਂ ਤੋਂ ਬੇਅੰਤ ਬਾਰ ਗੁਜ਼ਰ ਚੁੱਕਾ ਹੈ। ਸੋ ਇਸ ਕਰ ਕੇ ਲੇਖਕ ਬਣਿਆ ਜਾਵੇ ਤੇ ਹਾਂ ਇੱਥੇ ਇਹ ਵੀ ਕਹਿ ਦੇਵਾਂ ਕਿ ਲੇਖਕ ਦੀ ਕੋਈ ਵੀ ਰਚਨਾ ਲਿਖਣ ਦੀ ਅਵਸਥਾ ਤੇ ਹਾਲਤਾਂ ਨੂੰ ਵੀ ਸਮਝਣਾ ਅਤਿ ਜ਼ਰੂਰੀ ਹੈ। ਇਹ ਵੀ ਸਹੀ ਕੀ ਕਿਸੇ ਵੀ ਰਚਨਾ ਨੂੰ ਲਿਖਣ ਜਾਂ ਸਮਝਣ ਲਈ ਉਸ ਲੇਖਕ ਨਾਲ ਵਿਚਾਰ ਕਰੋ ਤਕਰਾਰ ਨਾ ਕਰੋ ਤਾਂ ਕਿ ਜੰਗ ਤੋਂ ਬਚਿਆ ਜਾਵੇ। ਸੱਚ ਇਹ ਵੀ ਹੈ ਕਿ ਹਰ ਰਚਨਾ ਦੀ ਉਪਜ ਲਈ ਨਿਯਮ ਤੇ ਸ਼ਰਤਾਂ ਹੁੰਦੀਆਂ ਹਨ ਉਹ ਹੌਲੀ ਹੌਲੀ ਸਮਝ ਤੇ ਰਮਜ਼ ਵਿਚ ਆਉਂਦੀਆਂ ਹਨ ਇਸ ਲਈ ਮੇਰੇ ਬੇਨਤੀ ਹੈ ਕਿ ਬਸ ਲਿਖਦੇ ਰਹੋ ਤੇ ਸਿੱਖਦੇ ਰਹੋ ਤੇ ਸਿੱਖਣ ਤੋਂ ਬਾਅਦ ਆਲੋਚਕ ਬਣ ਕੇ ਕਿਸੇ ਲਈ ਯੋਗ ਰਾਹ ਦਸੇਰਾ ਬਣੋ। ਹੱਥ ਬੰਨ ਕੇ ਬੇਨਤੀ ਹੈ ਕਿ ਤੋੜੋ ਨਾ ਜੋੜਦੇ ਰਹੋ।

# ਗਫ਼ੂਰ ਤਾਂਗੇ ਵਾਲਾ

ਵਿਅੰਗ

ਸ਼ੰਕਰ ਪੁਣਤਾਬੇਕਰ

ਗਫ਼ੂਰ ਦਾ ਤਾਂਗਾ ਨੇਤਾ ਅਤੇ ਉਸ ਦਾ ਸਾਮਾਨ ਲੱਦੀ ਜਾ ਰਿਹਾ ਸੀ। ਪਿੰਡ ਦਾ ਵਿੰਗਾ ਟੇਢਾ ਅਤੇ ਲੰਬਾ ਰਾਹ ਸੀ। ਤਾਂਗਾ ਸਟੇਸ਼ਨ ਤੋਂ ਚੱਲਿਆ ਸੀ। ਚੁੱਪ ਤੋੜਦਿਆਂ ਗਫ਼ੂਰ ਨੇ ਗੱਲ ਤੋਰੀ, 'ਬਾਊ ਜੀ, ਲੱਗਦਾ ਇਸ ਵਾਰ ਸਾਮਾਨ ਕੁਝ ਜ਼ਿਆਦਾ ਹੀ ਲਿਆਏ ਹੋ।'

'ਤੂੰ ਥੋੜਾ ਤੇਜ਼ ਚੱਲ।' ਨੇਤਾ ਨੇ ਕਿਹਾ।

'ਇਸ ਵਿੱਚ ਨਾ ਮੇਰੇ ਘੋੜੇ ਦਾ ਕਸੂਰ ਹੈ ਨਾ ਇਹਦੇ ਵਰਗੇ ਹੋਰ ਘੋੜਿਆਂ ਦਾ।' ਗਫ਼ੂਰ ਬੋਲਿਆ। 'ਤੂੰ ਅਰਥ ਪੁੱਛੇਂਗਾ ਇਸ ਦਾ, ਮੈਂ ਜਾਣਦਾ ਹਾਂ ਇਹ ਉਨਾਂ ਘੋੜਿਆਂ ਦਾ ਕਸੂਰ ਹੈ ਜਿਹੜੇ ਚਾਲੀ ਸਾਲਾਂ ਤੋਂ ਇੱਥੇ ਸੜਕ ਪੁੱਟ ਸੁੱਟਣ ਦੀਆਂ ਗੱਲਾਂ ਕਰਦੇ ਆ ਰਹੇ ਨੇ।' ਗਫ਼ੂਰ ਅੱਗੇ ਬੋਲਿਆ।

'ਗਫ਼ੂਰ, ਤੇਰੀ ਘਰ ਵਾਲੀ ਦਾ ਕੀ ਹਾਲ ਹੈ ?'

'ਓਹੀ ਜੋ ਬਿਨਾਂ ਦਵਾਈ, ਤੇਰੀਆਂ ਵੋਟਾਂ ਤੋਂ ਪਹਿਲਾਂ ਸੀ।'

'ਪਿੰਡ ਦਾ ਕੀ ਹਾਲ ਹੈ ?'

'ਪਾਣੀ ਤੋਂ ਬਿਨਾਂ ਲੋਕ ਤ੍ਰਾਹ ਤ੍ਰਾਹ ਕਰ ਰਹੇ ਹਨ। ਹਾਂ, ਤੇਰੇ ਖੂਹ ਦੁਆਲੇ ਉੱਚੀ ਅਤੇ ਮਜ਼ਬੂਤ ਚਾਰਦੀਵਾਰੀ ਹੋ ਗਈ ਹੈ। ਬਾਊ ਜੀ ਤੁਸੀਂ ਲੋਕਾਂ ਖ਼ਾਤਰ ਨਵੇਂ ਖੂਹ ਲਗਾਉਣ ਦਾ ਵਾਅਦਾ ਵੀ ਕੀਤਾ ਸੀ। ਆਪਣੇ ਸਾਮਾਨ ਵਿੱਚ ਤੁਸੀਂ ਨਵੇਂ ਖੂਹ ਨਹੀਂ ਤਾਂ ਖੂਹਾਂ ਦਾ ਨਕਸ਼ਾ ਜ਼ਰੂਰ ਲੈ ਕੇ ਆਏ ਹੋਵੋਗੇ।'

'ਜੇ ਆਪਾਂ ਥੋੜੀ ਦੇਰ ਚੁੱਪ ਹੀ ਰਹੀਏ ਤਾਂ ਚੰਗਾ।'

'ਤਾਂਗਾ ਉਲਾਰ ਹੋ ਰਿਹਾ ਹੈ। ਸਵਾਰੀਆਂ ਲੈ ਕੇ ਜਾਣਾ ਤਾਂ ਐਦਾਂ ਨਹੀਂ ਹੁੰਦਾ। ਤੇਰੀ ਵਾਰੀ ਹੀ ਇੰਝ ਹੁੰਦਾ ਹੈ। ਤੇਰਾ ਸਾਮਾਨ ਵੀ ਤਾਂ ਵਾਹਵਾ ਹੀ ਹੁੰਦਾ ਹੈ ਨਾਂ।' ਨੇਤਾ ਬੋਲਿਆ ਹੀ ਨਹੀਂ।

'ਇਹ ਘੋੜਾ ਵੀ ਸਾਮਾਨ ਖਿੱਚਦਾ ਖਿੱਚਦਾ ਹਫ਼ ਜਾਂਦਾ ਹੈ।' ਗਫ਼ੂਰ ਫਿਰ ਬੋਲਿਆ। 'ਕਹਿੰਦਾ ਮੈਨੂੰ ਭਰ ਪੇਟ ਘਾਹ ਦੇ, ਤਾਂ ਹੀ ਖਿੱਚੂੰ ਐਨਾ ਭਾਰ। ਪਰ ਮੈਂ ਕਿੱਥੋਂ ਲਿਆਵਾਂ ਭਰ ਪੇਟ ਘਾਹ ਅਤੇ ਛੋਲੇ ਇਹਦੇ ਲਈ ?' ਨੇਤਾ ਤਾਂ ਜਿਵੇਂ ਮੌਨ ਹੀ ਧਾਰ ਗਿਆ ਸੀ।

'ਬਾਊ ਜੀ ! ਤੁਸੀਂ ਲੋਕਾਂ ਨੂੰ ਰੋਟੀ ਦੇਣ ਦੀ ਗੱਲ ਵੀ ਆਖੀ ਸੀ। ਆਪਣੇ ਸਾਮਾਨ ਵਿੱਚ ਤੁਸੀਂ ਲੋਕਾਂ ਲਈ ਰੋਟੀਆਂ ਵੀ ਜ਼ਰੂਰ ਲੈ ਕੇ ਆਏ ਹੋਵੋਗੇ।'



ਨੇਤਾ ਫਿਰ ਵੀ ਕੁਝ ਨਾ ਬੋਲਿਆ ਸਗੋਂ ਉਸ ਨੂੰ ਆਪਣੇ ਸਾਮਾਨ ਵਿਚਲੇ ਬ੍ਰਾਂਡਡ ਕੱਪੜਿਆਂ, ਸਾੜੀਆਂ, ਬੱਚਿਆਂ ਦੇ ਖਿਡੌਣਿਆਂ, ਸ਼ੈਂਪੂਆਂ, ਚਾਕਲੇਟਾਂ, ਪ੍ਰਫਿਊਮਾਂ ਦੀ ਯਾਦ ਆਈ।

'ਤੁਸੀਂ ਸੁਣਿਆਂ ਹੋਣੈ।' ਗਫ਼ੂਰ ਦਾ ਗਲਾ ਭਰ ਆਇਆ। ਕੁਝ ਦੇਰ ਚੁੱਪ ਰਹਿਣ ਪਿੱਛੋਂ ਗਫ਼ੂਰ ਬੋਲਿਆ, 'ਬੱਚਿਆਂ ਦੇ ਸਕੂਲ ਦੀ ਛੱਤ ਡਿੱਗ ਪਈ ਸੀ।' ਨੇਤਾ ਚੁੱਪ ਹੀ ਰਿਹਾ। ਉਸ ਨੂੰ ਚੇਤਾ ਨਹੀਂ ਆਇਆ ਕਿ ਸਕੂਲ ਦੀ ਛੱਤ ਬਦਲਾਉਣ ਦਾ ਤਾਂ ਉਸ ਨੇ ਪਿੰਡ ਵਾਲਿਆਂ ਨਾਲ ਵਾਅਦਾ ਵੀ ਕੀਤਾ ਸੀ। ਇਸ ਦੇ ਉਲਟ ਉਸ ਨੂੰ ਚੇਤੇ ਆਇਆ ਕਿ ਉਸ ਦੇ ਪੋਤੇ ਤਾਂ ਸ਼ਹਿਰ ਦੇ ਬੋਰਡਿੰਗ ਸਕੂਲ ਵਿੱਚ ਪੜਦੇ ਸਨ।

'ਬਾਊ ਜੀ ਸੌਂ ਗਏ ਸੀ ?' ਗਫ਼ੂਰ ਨੇ ਅੱਗੇ ਗੱਲ ਤੋਰੀ। 'ਹਾਂ ਸੌਂ ਹੀ ਗਿਆ ਸਾਂ। ਤਾਂ ਹੀ ਤਾਂ ਸਕੂਲ ਦੀ ਛੱਤ ਡਿੱਗ ਪਈ। ਗਫ਼ੂਰ ਥੋੜਾ ਤੇਜ਼ ਚਲਾ।' ਨੇਤਾ ਬੋਲਿਆ। 'ਮੈਥੋਂ ਤਾਂ ਘੋੜੇ ਦੇ ਛਾਂਟਾ ਵੀ ਨਹੀਂ ਵੱਜਦਾ। ਆ ਜਾ ਤੂੰ ਬੈਠ ਜਾ ਮੇਰੀ ਥਾਂ 'ਤੇ। ਤੂੰ ਮਾਰ ਸਕਦਾਂ ਛਾਂਟੇ, ਖਿੱਚਣ ਵਾਲਿਆਂ ਨੂੰ ਭੁੱਖੇ ਰੱਖ ਕੇ।'

ਨੇਤਾ ਚੁੱਪ ਹੀ ਰਿਹਾ।

'ਤੈਨੂੰ ਆਉਂਦੀ ਹੈ ਛਾਂਟੇ ਮਾਰ ਕੇ ਸਪੀਡ ਵਧਾਉਣੀ। ਤੁਹਾਡਾ ਘੋੜਾ ਭੁੱਖਣ ਭਾਣਾ ਦੇਸ਼ ਨੂੰ ਖਿੱਚੀ ਜਾਂਦਾ। ਨਾ ਕੋਈ ਉਸ ਨੂੰ ਘਾਹ ਪਾਉਂਦਾ। ਨਾ ਖਾਣ ਨੂੰ ਛੋਲੇ ਦਿੰਦਾ।'

ਗਫ਼ੂਰ ਨੇ ਪਹਿਲਾਂ ਤਾਂਗਾ ਹੌਲੀ ਕੀਤਾ ਫਿਰ ਰੋਕ ਲਿਆ। 'ਤੂੰ ਤਾਂਗਾ ਰੋਕ ਕਿਉਂ ਲਿਆ ?' ਨੇਤਾ ਨੇ ਪੁੱਛਿਆ। 'ਘੋੜਾ ਆਰਾਮ ਚਾਹੁੰਦਾ ਏ।'

'ਦੇਖ ਗਫ਼ੂਰ ਮੈਂ ਜਲਦੀ ਪਹੁੰਚਣਾ ਹੈ।'

ਗਫ਼ੂਰ ਨੇ ਘੋੜਾ ਜੰਗਲ ਵਿੱਚ ਚਰਨ ਲਈ ਖੁੱਲਾ ਛੱਡ ਦਿੱਤਾ। ਮਜਬੂਰ ਹੋ ਕੇ ਨੇਤਾ ਨੂੰ ਵੀ ਤਾਂਗੇ ਤੋਂ ਥੱਲੇ ਉਤਰਨਾ ਪਿਆ। 'ਤੈਨੂੰ ਪਤਾ ਕਿ ਪਿਛਲੇ ਮਹੀਨੇ ਇਕ ਆਦਮੀ ਦਾ ਖ਼ੂਨ ਹੋ ਗਿਆ ਸੀ। ਮੋਟਰ ਸਾਈਕਲ 'ਤੇ ਸੀ ਉਹ। ਅਚਾਨਕ ਲੋਕ ਜੰਗਲ ਵਿਚਦੀ ਆਏ ਅਤੇ ਉਸ ਨੂੰ ਘੇਰ ਲਿਆ। ਉਸ ਆਦਮੀ ਦੀ ਆਤਮਾ ਕਹਿੰਦੇ ਨੇ ਉਸ ਰੁੱਖ ਵਿੱਚ ਹੈ।' ਇਕ ਰੁੱਖ ਵੱਲ ਇਸ਼ਾਰਾ ਕਰਦਿਆਂ ਗਫ਼ੂਰ ਬੋਲਿਆ, 'ਇਹ ਵੀ ਸੁਣਿਆ ਹੈ ਕਿ ਜੇ ਕੋਈ ਇਸ ਰੁੱਖ ਦੁਆਲੇ ਸੱਤ ਗੇੜੇ ਲਗਾਵੇ ਤਾਂ ਉਸ ਦੀ ਮਨੋਕਾਮਨਾ ਪੂਰੀ ਹੋ ਜਾਂਦੀ ਹੈ। ਤੇਰੀ ਕੋਈ ਮਨੋ ਇੱਛਾ ਹੈ ਤਾਂ ਤੂੰ ਵੀ ਲਗਾ ਲੈ ਸੱਤ ਗੇੜੇ।'

'ਤੂੰ ਕਿੰਨਾ ਚੰਗਾ ਏਂ ਗਫ਼ੂਰ ?' ਨੇਤਾ ਬੋਲਿਆ। ਨੇਤਾ ਵੀ ਰੁੱਖ ਦੁਆਲੇ ਸੱਤ ਗੇੜੇ ਕੱਢ ਆਇਆ। ਜਦ ਤਾਂਗਾ ਉੱਥੋਂ ਚੱਲਿਆ ਤਾਂ ਗਫ਼ੂਰ ਨੇ ਨੇਤਾ ਨੂੰ ਪੁੱਛਿਆ, 'ਤੂੰ ਕਿਹੜੀ ਮਨੋਕਾਮਨਾ ਲਈ ਸੱਤ ਗੇੜੇ ਲਗਾਏ ? ਸੱਚੋ ਸੱਚ ਦੱਸੀਂ। ਝੂਠ ਬੋਲੇਂਗਾ ਤਾਂ ਨੁਕਸਾਨ ਹੋਜੂ।' ਤਾਂਗਾ ਆਪਣੀ ਤੋਰ ਤੁਰ ਪਿਆ। ਨੇਤਾ ਨੇ ਗੱਲ ਬਦਲਦਿਆਂ ਕਿਹਾ, 'ਹੁਣ ਘੋੜੇ ਨੂੰ ਜ਼ਰਾ ਤੇਜ਼ ਭਜਾਈਂ।'

'ਤੂੰ ਐਨਾ ਸਾਮਾਨ ਕੇਵਲ ਆਪਣੇ ਲਈ ਹੀ ਲਿਆਇਆ ਏਂ ? ਜਾਂ ਪਿੰਡ ਵਾਲਿਆਂ ਲਈ ਵੀ ਕੁਝ ਲੈ ਕੇ ਆਇਆਂ ?'

ਬਾਕੀ ਸਫ਼ਾ 30 'ਤੇ

## ਪੰਜਾਬ ਤੇ ਪੰਥਕ ਚੇਤਨਾ

# ਬਘੇਲ ਸਿੰਘ ਧਾਲੀਵਾਲ ਦੀ ਪੁਸਤਕ 'ਰਾਜੇ ਸੀਹ ਮੁਕਦਮ ਕੁਤੇ'

ਪ੍ਰਸਿੱਧ ਪੱਤਰਕਾਰ ਬਘੇਲ ਸਿੰਘ ਧਾਲੀਵਾਲ ਦੀ ਪੁਸਤਕ 'ਰਾਜੇ ਸੀਹ ਮੁਕਦਮ ਕੁਤੇ' ਪੰਜਾਬ,ਪੰਜਾਬੀਅਤ ਤੇ ਪੰਥਕ ਮੁੱਦਿਆਂ ਬਾਰੇ ਹੈ। ਧਾਲੀਵਾਲ ਦੇ ਆਰਟੀਕਲ ਅਕਸਰ ਹੀ ਪੰਜਾਬ ਸਮੇਤ ਆਸਟਰੇਲੀਆ, ਇੰਗਲੈਂਡ, ਕੈਨੇਡਾ, ਅਮਰੀਕਾ ਜਰਮਨੀ, ਫਰਾਂਸ, ਹਾਲੈਂਡ ਆਦਿ ਮੁਲਕਾਂ ਵਿੱਚ ਛਪਦੇ ਪੰਜਾਬੀ ਅਖ਼ਬਾਰਾਂ ਵਿੱਚ ਲੱਗਦੇ ਰਹਿੰਦੇ ਹਨ। ਇਸ ਪੁਸਤਕ 'ਰਾਜੇ ਸੀਹ ਮੁਕਦਮ ਕੁਤੇ' ਵਿਚ 83 ਦੇ ਕਰੀਬ ਨਿਬੰਧ ਹਨ। ਇਨਾਂ ਨਿਬੰਧਾਂ ਵਿਚ ਪੰਜਾਬ ਦੇ ਲੁੱਟੇ ਪਾਣੀਆਂ, ਪਾਣੀਆਂ ਤੋਂ ਪੈਦਾ ਹੁੰਦੀ ਬਿਜਲੀ ਦੀ ਕੇਂਦਰ ਵੱਲੋਂ ਕੀਤੀ ਜਾ ਰਹੀ ਲੁੱਟ, ਭਾਖੜਾ ਨੰਗਲ ਡੈਮ ਦੇ ਖੋਹੇ ਗਏ ਪ੍ਰਬੰਧ, ਪੰਜਾਬ ਤੋਂ ਬਾਹਰ ਰੱਖੇ ਪੰਜਾਬੀ ਬੋਲਦੇ ਇਲਾਕਿਆਂ, ਪੰਜਾਬੀ ਬੋਲੀ ਦੀ ਦੁਰਦਸ਼ਾ ਅਤੇ ਚੱਲ ਰਹੇ ਮੌਜੂਦਾ ਕਿਸਾਨ ਅੰਦੋਲਨ ਦੇ ਸਬੰਧ ਵਿਚ ਆਰਟੀਕਲ, ਖਾਲਸਾ ਏਡ ਦੀਆਂ ਸੇਵਾਵਾਂ ਅਤੇ ਭਾਰਤ ਸਰਕਾਰ ਦੀ ਸਿੱਖਾਂ ਪ੍ਰਤੀ ਬੇਰੁਖੀ ਨਾਲ ਸਬੰਧਤ ਲੇਖਾਂ ਤੋਂ ਇਲਾਵਾ ਸ਼੍ਰੋਮਣੀ ਕਮੇਟੀ



ਵਿੱਚ ਆਏ ਨਿਘਾਰ, ਆਰ ਐਸ ਐਸ ਦੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਿਚ ਦਖਲਅੰਦਾਜ਼ੀ, ਅਕਾਲ ਤਖ਼ਤ ਸਾਹਿਬ ਸਮੇਤ ਸਾਰੇ ਹੀ ਜਥੇਦਾਰਾਂ ਵੱਲੋਂ ਸਿਧਾਂਤਾਂ ਦੀ ਅਣਦੇਖੀ ਅਤੇ ਇੱਕੋ ਪਰਿਵਾਰ ਨੂੰ ਖ਼ੁਸ਼ ਕਰਨ ਵਾਸਤੇ ਨਿਭਾਈ ਜਾ ਰਹੀ ਭੂਮਿਕਾ ਅਤੇ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਜੂਨ 2015 ਤੋਂ ਸ਼ੁਰੂ ਹੋਈਆਂ ਲਗਾਤਾਰ ਬੇਅਦਬੀਆਂ, ਗੁਰੂ ਸਾਹਿਬ ਦੀਆਂ ਬੇਅਦਬੀਆਂ 'ਤੇ ਹੋ ਰਹੀ ਸਿਆਸਤ ਸਮੇਤ ਹਰ ਉਹ ਮੁੱਦੇ ਨੂੰ ਛੂਹਿਆ ਗਿਆ ਹੈ, ਜਿਹੜਾ ਪੰਜਾਬ, ਪੰਜਾਬੀ, ਪੰਜਾਬੀਅਤ ਅਤੇ ਪੰਥਕ ਹਿਤਾਂ ਨਾਲ ਸਬੰਧ ਰੱਖਦਾ ਹੈ।ਜੋ ਪੰਥ ਅਤੇ ਪੰਜਾਬ ਨੂੰ ਪਿਆਰ ਕਰਨ ਵਾਲੇ ਸੁਹਿਰਦ ਪਾਠਕਾਂ ਨੂੰ ਇਹ ਪੁਸਤਕ ਨੂੰ ਜ਼ਰੂਰ ਪੜਨੀ ਚਾਹੀਦੀ ਹੈ। 264 ਸਫਿਆਂ ਦੀ ਇਹ ਪੁਸਤਕ ਦੀ ਕੀਮਤ ਭਾਰਤ ਲਈ 350 ਰੁਪਏ ਅਤੇ ਭਾਰਤ ਤੋਂ ਬਾਹਰ ਮੰਗਵਾਉਣ ਲਈ 30 ਡਾਲਰ ਹੈ।ਤੁਸੀ ਇਹ ਪੁਸਤਕ ਮੰਗਵਾਉਣ ਲਈ ਧਾਲੀਵਾਲ ਨਾਲ ਉਸਦੇ ਮੋਬਾਇਲ ਨੰਬਰ 99142-58142 'ਤੇ ਸੰਪਰਕ ਕਰ ਸਕਦੇ ਹੋ ਜਾਂ ਵਟਸਐਪ ਤੇ ਸੁਨੇਹਾ ਦੇ ਸਕਦੇ ਹੋ।

# ਅਪੁਨੇ ਸੇਵਕ ਕੀ ਆਪੇ ਰਾਖੈ ਆਪੇ ਨਾਮੁ ਜਪਾਵੈ ॥

ਰੁਪਿੰਦਰ ਪਾਲ ਕੌਰ

ਜਦੋਂ ਅੰਮ੍ਰਿਤ ਵੇਲੇ ਦੋ ਢਾਈ, ਤਿੰਨ, ਚਾਰ ਵਜੇ ਅੱਖ ਖੁੱਲਣ ਲੱਗ ਜਾਵੇ ਜਾਂ ਫਿਰ ਅਪਣੀ ਮਰਜ਼ੀ ਨਾਲ ਨੀਂਦ ਨੂੰ ਭੁੱਲ ਉੱਠ ਇਸ਼ਨਾਨ ਕਰਕੇ ਨਿਤਨੇਮ ਕਰਨ ਦਾ ਮਨ ਹੋਵੇ, ਜਦੋਂ ਪੂਰਾ ਦਿਨ ਤੁਹਾਨੂੰ ਅਗਲੇ ਦਿਨ ਦੇ ਅੰਮ੍ਰਿਤ ਵੇਲੇ ਦੀ ਉਡੀਕ ਰਹਿਣ ਲੱਗ ਜਾਵੇ, ਜਦੋਂ ਕਦੀ ਅਨੰਦ ਸਾਹਿਬ ਛੇ ਪਉੜੀਆਂ ਦੀ ਬਜਾਏ ਸੰਪੂਰਨ ਕਰਨ ਦਾ ਮਨ ਕਰ ਜਾਵੇ, ਜਦੋਂ ਕਦੇ ਪਾਠ ਕਰਦੇ ਕਦੇ ਟਾਈਮ ਨਾ ਦੇਖਿਆ ਜਾਵੇ, ਜਦੋਂ ਨਿਤਨੇਮ ਤੋਂ ਵੱਧ ਹੋਰ ਬਾਣੀ ਪੜਨ ਦਾ ਮਨ ਕਰ ਜਾਵੇ, ਜਦੋਂ ਕੰਨ ਕੀਰਤਨ ਸੁਣਨ ਦੀ ਭੁੱਖ ਰੱਖਣ ਲੱਗ ਜਾਣ, ਜਦੋਂ ਧਿਆਨ ਅਰਥਾਂ ਤੇ ਵਿਆਖਿਆ ਵੱਲ ਹੋਣ ਲੱਗ ਜਾਵੇ, ਫਿਰ ਕਦੇ ਵੀ ਅਪਣੀ ਅਰਦਾਸ ਵਿੱਚ ਕੋਈ ਦੁਨਿਆਵੀ ਮੰਗ ਨਾ ਰੱਖੋ ਕਿਉਂਕਿ ਤੁਸੀਂ ਉਸ ਪਰਮ ਪਿਤਾ ਪ੍ਰਮਾਤਮਾ ਦੀ ਮਿਹਰ ਦੀ ਨਜ਼ਰ ਵਿੱਚ ਹੋ ਵਾਹਿਗੁਰੂ ਜੀ ਜਿਸ ਇਨਸਾਨ ਨੂੰ ਪਿਆਰ ਦੀ ਨਜ਼ਰ ਨਾਲ ਵੇਖਦੇ ਹਨ, ਉਸ ਨੂੰ ਆਪਣਾ ਨਾਮ ਦਿੰਦੇ ਹਨ, ਉਸ ਨੂੰ ਆਪਣੀ ਭਗਤੀ ਦੇ ਕੇ ਆਪਣੇ ਨਾਲ ਜੋੜ ਲੈਂਦੇ ਹਨ, ਇਹ ਰੱਬ ਦੇ ਪਿਆਰ ਦੀ ਨਿਸ਼ਾਨੀ। ਬਿਨਾਂ ਸ਼ੱਕ ਤੁਸੀਂ ਗ਼ਰੀਬ ਹੋ, ਬੀਮਾਰ ਹੋ, ਨਾਕਾਮਯਾਬ, ਕਿਸੇ ਵੀ ਪੱਖੋਂ ਕਮਜ਼ੋਰ ਸਭ ਭੁੱਲ ਜਾਵੋ ਕਿਉਂਕਿ., ਪਰਮ ਪਿਤਾ ਪ੍ਰਮਾਤਮਾ ਨੇ ਅਮੀਰਾਂ, ਤੰਦਰੁਸਤਾਂ ਤੇ ਕਾਮਯਾਬਾਂ ਦੇ ਵਿੱਚੋ ਤੁਹਾਨੂੰ ਚੁਣਿਆ ਹੈ ਆਪਣੇ ਪਿਆਰਿਆਂ ਵਿੱਚ ਤੁਹਾਨੂੰ ਸ਼ਾਮਿਲ ਕੀਤਾ ਹੈ, ਆਪਣਾ ਨਾਮ ਦਿੱਤਾ ਹੈ, ਆਪਣਾ ਪਿਆਰ ਦਿੱਤਾ ਹੈ ਤੇ ਫਿਰ ਤੁਸੀਂ ਵੀ ਉਸਦੇ ਕੋਲੋਂ ਬਸ ਉਸਦਾ ਪਿਆਰ ਹੀ ਮੰਗੋ, ਉਸਦੇ ਕੋਲੋ ਉਸ ਨੂੰ ਹੀ ਮੰਗੋ, ਉਹ ਜਾਣੂ ਹੈ ਤੁਹਾਡੇ ਹਾਲਾਤਾਂ ਤੋਂ, ਉਹ ਜਾਣੂ ਹੈ, ਤੁਹਾਡੀਆਂ ਜ਼ਰੂਰਤਾਂ ਤੋਂ। ਉਸ ਨੇ ਤੁਹਾਡੇ ਦਿਲ ਨੂੰ, ਮਨ ਨੂੰ ਆਪਣਾ ਘਰ ਬਣਾ ਲਿਆ ਹੈ, ਤੁਸੀਂ ਉਸਦੀ ਰਹਿਮਤ ਵਿੱਚ ਹੋ, ਬਖਸ਼ੀਸ ਵਿੱਚ ਹੋ, ਹੋਰ ਕੀ ਚਾਹੀਦਾ ਦੁਨੀਆ ਦਾ ਵਾਲੀ ਤੁਹਾਡੇ ਅੰਦਰ ਆ ਬੈਠਾ।

**ਅਪੁਨੇ ਸੇਵਕ ਕੀ ਆਪੇ ਰਾਖੈ ਆਪੇ ਨਾਮੁ ਜਪਾਵੈ ॥**
**ਤਿਨ੍ਾ ਸਵਾਰੇ ਨਾਨਕਾ ਜਿਨ੍ ਕਉ ਨਦਰਿ ਕਰੇ॥**

# ਅਮਰ ਕਹਾਣੀਆਂ ਦਾ ਸਿਰਜਕ ਕੁਲਵੰਤ ਸਿੰਘ ਵਿਰਕ

ਭੋਲਾ ਸਿੰਘ ਸੰਘੇੜਾ

ਪੰਜਾਬੀ ਵਿਚ ਕਾਲਜਈ ਰਚਨਾਵਾਂ ਦੀ ਸਿਰਜਣਾ ਕਰਨ ਵਾਲੇ ਲੇਖਕਾਂ ਦੀ ਗਿਣਤੀ ਬਹੁਤੀ ਨਹੀਂ। ਇਹ ਰਚਨਾਵਾਂ ਲੇਖਕ ਨਾਲ ਇਸ ਕਦਰ ਇਕਮੁੱਕ ਹੋ ਜਾਂਦੀਆਂ ਹਨ ਕਿ ਉਨਾਂ ਦਾ ਜ਼ਿਕਰ ਆਉਂਦਿਆਂ ਹੀ ਲੇਖਕ ਦਾ ਨਾਂ ਆਪ-ਮੁਹਾਰੇ ਜ਼ਬਾਨ 'ਤੇ ਆ ਜਾਂਦਾ ਹੈ। ਅਜਿਹੀਆਂ ਕਹਾਣੀਆਂ ਦਾ ਸਿਰਜਕ ਕੁਲਵੰਤ ਸਿੰਘ ਵਿਰਕ ਪੰਜਾਬੀ ਕਹਾਣੀ ਦਾ ਮਾਣ ਹੈ। ਸੱਚੀ ਗੱਲ ਇਹ ਹੈ ਕਿ 'ਨਿੱਕੀ ਹੁਨਰੀ ਕਹਾਣੀ' ਲਿਖਣ ਦਾ ਵੱਲ ਸਿਰਫ਼ ਵਿਰਕ ਦੇ ਹਿੱਸੇ ਹੀ ਆਇਆ ਹੈ। ਪ੍ਰਸਿੱਧ ਤੇ ਚਰਚਿਤ ਕਹਾਣੀਕਾਰਾ ਅਜੀਤ ਕੌਰ ਲਿਖਦੀ ਹੈ : 'ਵਿਰਕ ਨਿੱਕੀ ਕਹਾਣੀ ਦਾ ਬਾਦਸ਼ਾਹ ਹੈ। ਚੈਖਵ ਵਾਂਗੂੰ ਛੋਟੀਆਂ-ਛੋਟੀਆਂ ਗੱਲਾਂ ਅਤੇ ਘਟਨਾਵਾਂ ਦੇ ਦੁਆਲੇ ਉਹ ਆਪਣੀ ਕਹਾਣੀ ਉਣਦਾ ਹੈ।

ਉਹਦੀਆਂ ਕਈ ਕਹਾਣੀਆਂ ਤਾਂ ਹੁਣੇ ਹੀ ਪੰਜਾਬੀ ਸਾਹਿਤ ਵਿਚ ਕਲਾਸਿਕ ਬਣ ਚੁੱਕੀਆਂ ਹਨ।' ਕੁਲਵੰਤ ਸਿੰਘ ਵਿਰਕ ਦੇ ਸਾਰੀ ਜ਼ਿੰਦਗੀ 'ਪੈਰ-ਚੱਕਰ' ਹੀ ਰਿਹਾ। ਬਿਨਾਂ ਸ਼ੱਕ ਇਕ ਲੇਖਕ ਲਈ ਇਹ ਚੱਕਰ ਨਿਆਮਤ ਦਾ ਕੰਮ ਕਰਦਾ ਹੈ। ਵਿਰਕ ਨੂੰ ਵੀ ਇਹ ਚੱਕਰ ਰਾਸ ਆਇਆ। ਇਹ ਚੱਕਰ ਤਾਂ ਉਸ ਦੇ ਬਚਪਨ ਵਿਚ ਹੀ ਸ਼ੁਰੂ ਹੋ ਗਿਆ ਸੀ। ਉਸ ਦਾ ਜਨਮ 20 ਮਈ 1921 ਨੂੰ ਪਿਤਾ ਆਸਾ ਸਿੰਘ ਵਿਰਕ ਤੇ ਮਾਤਾ ਈਸ਼ਰ ਕੌਰ ਦੇ ਘਰ, ਪਿੰਡ ਫੁੱਲਰਵਨ ਜ਼ਿਲਾ ਸ਼ੇਖੂਪੁਰਾ (ਪਾਕਿਸਤਾਨੀ ਪੰਜਾਬ) ਵਿਚ ਹੋਇਆ ਸੀ। ਉਸ ਨੇ ਚਾਰ ਜਮਾਤਾਂ ਪਿੰਡ ਦੇ ਸਕੂਲ 'ਚੋਂ, ਪੰਜਵੀਂ ਨਨਕਾਣਾ ਸਾਹਿਬ ਤੋਂ ਅਤੇ ਦਸਵੀਂ ਸ਼ੇਖੂਪੁਰਾ ਤੋਂ ਕਰਨ ਤੋਂ ਬਾਅਦ ਬੀਏ ਐੱਫਸੀ ਕਾਲਜ ਲਾਹੌਰ ਤੋਂ ਕੀਤੀ ਸੀ।

ਐੱਮਏ ਅੰਗਰੇਜ਼ੀ ਖ਼ਾਲਸਾ ਕਾਲਜ ਅੰਮ੍ਰਿਤਸਰ ਤੋਂ ਕਰਨ ਤੋਂ ਬਾਅਦ ਵਕਾਲਤ ਲਾਹੌਰ ਤੋਂ ਪਾਸ ਕੀਤੀ। ਸੰਨ 1942 ਵਿਚ ਦੂਜਾ ਵਿਸ਼ਵ ਯੁੱਧ ਛਿੜ ਗਿਆ ਸੀ। ਫ਼ੌਜ ਨੇ ਪੰਜਾਬੀਆਂ ਦੇ ਭਰਤੀ ਹੋਣ ਲਈ ਆਪਣੇ ਦਰਵਾਜ਼ੇ ਖੋਲ ਰੱਖੇ ਸਨ। ਕੁਲਵੰਤ ਸਿੰਘ ਵਿਰਕ ਵੀ ਫ਼ੌਜ ਵਿਚ ਲੈਫਟੀਨੈਂਟ ਭਰਤੀ ਹੋ ਗਿਆ ਪਰ ਯੁੱਧ ਸਮਾਪਤ ਹੁੰਦਿਆਂ ਹੀ ਭਾਰਤੀ ਫ਼ੌਜੀਆਂ ਦੀਆਂ ਨੌਕਰੀਆਂ ਵੀ ਸਮਾਪਤ ਹੋ ਗਈਆਂ। ਸੰਨ 1947 ਵਿਚ ਭਾਰਤ ਦੀ ਵੰਡ ਹੋ ਗਈ ਤੇ ਦੰਗੇ ਸ਼ੁਰੂ ਹੋ ਗਏ। ਭਾਰਤ ਸਰਕਾਰ ਨੇ ਪਾਕਿਸਤਾਨ ਵਿਚ ਰਹਿ ਗਈਆਂ ਔਰਤਾਂ ਪੰਜਾਬ ਵਿਚ ਵਸਾਉਣ ਲਈ 'ਮੁੜ ਵਸਾਊ' ਮਹਿਕਮਾ ਬਣਾ ਦਿੱਤਾ। ਵਿਰਕ ਨੂੰ ਸਾਬਕਾ ਫ਼ੌਜੀ ਹੋਣ ਕਾਰਨ ਇਸ ਮਹਿਕਮੇ ਵਿਚ ਤਾਲਮੇਲ ਅਫ਼ਸਰ ਦੀ ਨੌਕਰੀ ਮਿਲ ਗਈ। ਇਸ ਅਫ਼ਸਰੀ ਨੇ ਵੀ ਉਸ ਦੇ ਪੈਰ ਚੱਕਰ ਨੂੰ ਹੋਰ ਤੇਜ਼ ਕਰ ਦਿੱਤਾ। ਇਸ ਤੋਂ ਬਾਅਦ ਉਹ



ਲੋਕ ਸੰਪਰਕ ਵਿਭਾਗ, ਭਾਰਤ ਸਰਕਾਰ ਦੇ ਸੂਚਨਾ ਵਿਭਾਗ ਤੇ ਸੰਤਾਨ ਸੰਜਮ ਵਿਭਾਗ ਵਿਚ ਉੱਚ ਅਹੁਦਿਆਂ 'ਤੇ ਤਾਇਨਾਤ ਰਿਹਾ। ਨੌਕਰੀ ਦੇ ਅਖ਼ੀਰਲੇ ਦਿਨਾਂ ਵਿਚ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਵਿਖੇ ਜੁਆਇੰਟ ਡਾਇਰੈਕਟਰ ਸੂਚਨਾ ਤੇ ਅੰਤ ਪੰਜਾਬ ਦੇ ਮੁੱਖ ਮੰਤਰੀ ਦੇ ਪ੍ਰੈੱਸ ਸਕੱਤਰ ਦੇ ਅਹੁਦੇ 'ਤੇ ਕੰਮ ਕਰਨ ਦਾ ਮੌਕਾ ਮਿਲਿਆ। ਉਸ ਨੂੰ ਕੁਝ ਸਮਾਂ ਸਰਕਾਰੀ ਪਰਚੇ ਜਾਗ੍ਰਿਤੀ ਅਤੇ ਐਡਵਾਂਸ ਦੇ ਸੰਪਾਦਕ ਦੀ ਜ਼ਿੰਮੇਵਾਰੀ ਨਿਭਾਉਣ ਦਾ ਮੌਕਾ ਵੀ ਮਿਲਿਆ। ਉਸ ਦੀ ਸ਼ਾਦੀ 1949 ਵਿਚ ਹਰਬੰਸ ਕੌਰ ਨਾਲ ਹੋਈ ਸੀ। ਉਨਾਂ ਦੇ ਘਰ ਦੋ ਬੇਟੇ ਅਤੇ ਤਿੰਨ ਬੇਟੀਆਂ ਨੇ ਜਨਮ ਲਿਆ। ਪਹਿਲਾਂ ਹਾਲਾਤ ਤੇ ਫਿਰ ਸਰਕਾਰੀ ਨੌਕਰੀ ਉਸ ਲਈ ਲਾਹੇਵੰਦ ਸਿੱਧ ਹੋਈ।

ਉਸ ਨੂੰ ਥਾਂ-ਥਾਂ ਦਾ ਪਾਣੀ ਪੀਂਦਿਆਂ ਕਿੰਨੇ ਹੀ ਤਰਾਂ ਦੇ ਅਨੁਭਵ ਹੋਏ। ਉਸ ਦੀ ਪੈਨੀ ਨਜ਼ਰ ਮਨੁੱਖ ਨੂੰ ਅੰਦਰ ਤੱਕ ਪੜ ਜਾਂਦੀ ਸੀ। ਕਹਾਣੀ ਲਿਖਣ ਲਈ ਉਸ ਨੂੰ ਕੋਈ ਤਰੱਦਦ ਨਹੀਂ ਸੀ ਕਰਨਾ ਪੈਂਦਾ। ਕਹਾਣੀਆਂ ਦੇ ਪਲਾਟ ਤਾਂ ਥਾਂ-ਥਾਂ ਉਸ ਨੂੰ ਗਲਵੱਕੜੀ ਪਾ ਕੇ ਮਿਲਦੇ ਸਨ। ਮੁੜ ਵਸੇਬਾ ਮਹਿਕਮੇ ਵਿਚ ਕੰਮ ਕਰਦਿਆਂ ਵੰਡ 'ਚੋਂ ਪਣਪੀਆਂ ਕਈ ਯਾਦਗਾਰੀ ਕਹਾਣੀਆਂ ਉਸ ਤੋਂ ਸਹਿਵਾਨ ਹੀ ਲਿਖ ਹੋ ਗਈਆਂ। ਕਹਾਣੀ 'ਖੱਬਲ' ਵਿਚ ਇਕ ਉਧਾਲੀ ਹੋਈ ਔਰਤ ਉਸ ਨੂੰ ਕਹਿੰਦੀ ਹੈ, "ਤੂੰ ਮੇਰਾ ਸਿੱਖ ਭਰਾ ਏਂ... ਹੁਣ ਤੇ ਮੈਂ ਮੁਸਲਮਾਨ ਹੋ ਗਈ ਹੋਈ ਆਂ... ਮੇਰੀ ਇਕ ਨਨਾਣ ਏ... ਰੁੜ ਜਾਣੇ ਯਾਰਾਂ ਚੱਕ ਵਾਲੇ ਲੈ ਗਏ ਹੋਏ ਨੀ...ਤੂੰ ਉਹਨੂੰ ਏਥੇ ਮੇਰੇ ਕੋਲ ਲਿਆਦੇ...ਮੈਂ ਆਪਣੇ ਹੱਥੀਂ ਉਹਨੂੰ ਕਿਸੇ ਦੇ ਲੜ ਲਾਂਗੀ...ਮੇਰੀ ਸਾਂਝ ਵਧੇਗੀ...ਮੇਰੀਆਂ ਬਾਹਾਂ ਬਣਨਗੀਆਂ।'

ਵਿਰਕ ਇਸ ਘਟਨਾ 'ਚੋਂ ਮਨੁੱਖ ਦੇ ਔਖੇ ਹਾਲਾਤ 'ਚੋਂ ਜ਼ਿੰਦਗੀ ਦੇ ਲੜ ਲੱਗਣ ਦੇ ਅਰਥ ਤਲਾਸ਼ਦਿਆਂ ਇਕ ਬੁੱਢੇ ਦੀ ਆਖੀ ਗੱਲ ਚੇਤੇ ਕਰਦਾ ਲਿਖਦਾ ਹੈ, 'ਆਹ ਵੇਖ ਖੱਬਲ ਹੁੰਦਾ ਏ ਪੈਲੀ ਵਿਚ... ਜੜੋਂ ਪੁੱਟ ਕੇ ਬਾਹਰ ਸੁੱਟ ਦੇਈਦੇ...ਪਰ ਦਸਾਂ ਦਿਨਾਂ ਮਗਰੋਂ ਫਿਰ ਕੋਈ ਤਿੜ ਫੁੱਟ ਆਉਂਦੀ ਹੈ।' ਇਸੇ ਤਰਾਂ ਫ਼ੌਜੀ ਜੀਵਨ ਨਾਲ ਸਬੰਧਤ 'ਧਰਤੀ ਹੇਠਲਾ ਬਲਦ' ਵਿਰਕ ਦੀ ਇਕ ਹੋਰ ਸ਼ਾਹਕਾਰ ਕਹਾਣੀ ਹੈ। ਪਾਠਕ ਨੂੰ ਧੁਰ ਅੰਦਰ ਤੀਕ ਹਿਲਾਉਣ ਵਾਲੀ ਇਸ ਤਰਾਂ ਦੀ ਕਹਾਣੀ ਕੁਲਵੰਤ ਸਿੰਘ ਵਿਰਕ ਹੀ ਲਿਖ ਸਕਦਾ ਸੀ। ਛੁੱਟੀ ਆਇਆ ਫ਼ੌਜੀ ਮਾਨ ਸਿੰਘ ਆਪਣੇ ਫ਼ੌਜੀ ਮਿੱਤਰ ਕਰਮ ਸਿੰਘ ਦੇ ਘਰ ਸੁੱਖ-ਸਾਂਦ ਦਾ ਸੁਨੇਹਾ ਲੈਣ ਜਾਂਦਾ ਹੈ। ਕਰਮ ਸਿੰਘ ਦਾ ਪਿਤਾ ਆਪਣੇ ਪੁੱਤ ਦੇ ਸ਼ਹੀਦੀ ਪਾਏ ਜਾਣ ਦੀ ਖ਼ਬਰ ਮਾਨ ਸਿੰਘ ਨੂੰ ਦੱਸ ਕੇ ਉਸ ਦੀ ਛੁੱਟੀ ਖ਼ਰਾਬ ਨਹੀਂ ਕਰਨਾ ਚਾਹੁੰਦਾ। ਪਤਾ ਲੱਗਣ 'ਤੇ ਮਾਨ ਸਿੰਘ ਨੂੰ ਕਰਮ ਸਿੰਘ ਦਾ ਪਿਤਾ ਓਸ ਬਲਦ ਤੋਂ ਵੀ ਬਲਵਾਨ ਲੱਗਦਾ ਹੈ ਜਿਸ ਬਾਰੇ ਮਿੱਥ ਹੈ ਕਿ ਉਸ ਨੇ ਧਰਤੀ ਦਾ ਭਾਰ ਆਪਣੇ ਸਿੰਙਾਂ 'ਤੇ ਉਠਾਇਆ ਹੋਇਆ ਹੈ। ਵਿਰਕ ਦੀ ਖ਼ਾਸੀਅਤ ਇਸ ਗੱਲ ਵਿਚ ਹੈ ਕਿ ਉਹ ਪਾਠਕ ਨੂੰ ਅਛੋਪਲੇ ਜਿਹੇ ਆਪਣੇ ਨਾਲ ਤੋਰ ਲੈਂਦਾ ਹੈ। ਕਹਾਣੀ ਦਾ ਅੰਤ ਪਾਠਕ ਦੀਆਂ ਅੱਖਾਂ ਹੀ ਨਮ ਨਹੀਂ ਕਰਦਾ ਸਗੋਂ ਸੁੰਨ ਕਰ ਕੇ ਰੱਖ ਦਿੰਦਾ ਹੈ। ਜਿਸ ਨੇ ਵੀ ਇਸ ਕਹਾਣੀ ਨੂੰ ਪੜਿਆ ਹੈ, ਕਦੇ ਨਹੀਂ ਭੁੱਲ ਸਕਦਾ। ਉਕਤ ਕਹਾਣੀਆਂ ਤੋਂ ਬਿਨਾਂ ਉਨਾਂ ਨੇ 'ਤੂੜੀ ਦੀ ਪੰਡ', 'ਛਾਹ ਵੇਲਾ', 'ਓਪਰੀ ਧਰਤੀ' ਤੇ 'ਮੈਨੂੰ ਜਾਣਨੈ' ਵਰਗੀਆਂ ਅਮਰ ਕਹਾਣੀਆਂ ਲਿਖ ਕੇ ਪੰਜਾਬੀ ਕਹਾਣੀ ਨੂੰ ਅਮੀਰੀ ਬਖ਼ਸ਼ੀ। ਕੁਲਵੰਤ ਸਿੰਘ ਵਿਰਕ ਨੇ 400 ਦੇ ਲਗਭਗ ਕਹਾਣੀਆਂ ਦੀ ਸਿਰਜਣਾ ਕੀਤੀ।

ਇਹ ਕਹਾਣੀਆਂ ਉਸ ਦੇ ਕਹਾਣੀ-ਸੰਗ੍ਰਹਿਾਂ 'ਛਾਹ ਵੇਲਾ', 'ਧਰਤੀ ਤੇ ਆਕਾਸ਼', 'ਤੂੜੀ ਦੀ ਪੰਡ', 'ਏਕਸ ਕੇ ਹਮ ਬਾਰਿਕ', 'ਦੁੱਧ ਦਾ ਛੱਪੜ', 'ਗੋਲਾਂ', 'ਨਵੇਂ ਲੋਕ', 'ਦੁਆਦਸੀ', 'ਅਸਤਬਾਜ਼ੀ' ਵਿਚ ਸ਼ਾਮਲ ਹਨ। ਇਸ ਤੋਂ ਬਿਨਾਂ ਖੋਜ ਅਤੇ ਸੁਹਿਰਦ ਪਾਠਕਾਂ ਦੀ ਸਹੂਲਤ ਲਈ 'ਮੇਰੀਆਂ ਸਾਰੀਆਂ ਕਹਾਣੀਆਂ' ਨਾਂ ਦੀ ਵੱਡ-ਆਕਾਰੀ ਪੁਸਤਕ ਵੀ ਉਪਲਬਧ ਹੈ। ਉਸ ਦੁਆਰਾ ਅਰਨੈਸਟ ਹੈਮਿੰਗਵੇ ਦੀ ਅਨੁਵਾਦ ਕੀਤੀ ਇੱਕੋ-ਇਕ ਪੁਸਤਕ 'ਸ਼ਸਤਰਾਂ ਤੋਂ ਵਿਦਾਇਗੀ' ਨਾਂ ਹੇਠ ਪ੍ਰਕਾਸ਼ਿਤ ਹੋਈ। ਉਸ ਦੀਆਂ ਕਹਾਣੀਆਂ ਰੂਸੀ ਅਤੇ ਜਾਪਾਨੀ ਤੋਂ ਬਿਨਾਂ ਹੋਰ ਭਾਸ਼ਾਵਾਂ ਵਿਚ ਵੀ ਅਨੁਵਾਦ ਹੋਈਆਂ।

ਲਿਓ ਟਾਲਸਟਾਏ ਦੀ ਪੋਤੀ ਨਤਾਸ਼ਾ ਨੇ ਉਸ ਦੀਆਂ ਕਹਾਣੀਆਂ ਰੂਸੀ ਅਤੇ ਓਸਾਕਾ ਵਿਚ ਭਾਰਤੀ ਭਾਸ਼ਾਵਾਂ ਦੇ ਪ੍ਰੋ. ਡਾ. ਟੋਮੀਓ ਮੀਜ਼ੋਕਾਮੀ ਨੇ ਜਾਪਾਨੀ ਵਿਚ ਅਨੁਵਾਦ ਕਰ ਕੇ ਪੰਜਾਬੀ ਕਹਾਣੀ ਨੂੰ ਮਾਣ ਬਖ਼ਸ਼ਿਆ। ਜਲੰਧਰ ਦੂਰਦਰਸ਼ਨ ਨੇ ਉਸ ਦੀਆਂ ਕਈ ਕਹਾਣੀਆਂ ਨੂੰ ਦਰਸ਼ਕਾਂ ਦੀ ਮੰਗ 'ਤੇ ਨਾਟਕੀ ਰੂਪ ਵਿਚ ਪੇਸ਼ ਕੀਤਾ। ਕੁਲਵੰਤ ਸਿੰਘ ਵਿਰਕ ਦੇ ਕਹਾਣੀ-ਸੰਗ੍ਰਹਿ 'ਨਵੇਂ ਲੋਕ' ਨੂੰ ਭਾਰਤੀ ਸਾਹਿਤ ਅਕਾਦਮੀ ਦਿੱਲੀ ਨੇ ਆਪਣਾ ਵੱਕਾਰੀ ਪੁਰਸਕਾਰ ਦੇ ਕੇ ਨਿਵਾਜਿਆ ਸੀ। ਭਾਸ਼ਾ ਵਿਭਾਗ ਪੰਜਾਬ ਵੱਲੋਂ ਸ਼੍ਰੋਮਣੀ ਸਾਹਿਤਕਾਰ ਤੋਂ ਬਿਨਾਂ ਕਹਾਣੀ-ਸੰਗ੍ਰਹਿ 'ਦੁੱਧ ਦਾ ਛੱਪੜ' ਨੂੰ ਵੀ ਪੁਰਸਕਾਰ ਪ੍ਰਦਾਨ ਕੀਤਾ ਗਿਆ ਸੀ। ਪੰਜਾਬੀ ਕਹਾਣੀ ਦੇ ਖ਼ਜ਼ਾਨੇ ਨੂੰ ਵੱਡਮੁੱਲੀਆਂ ਕਹਾਣੀਆਂ ਨਾਲ ਭਰਪੂਰ ਕਰਨ ਵਾਲਾ ਕੁਲਵੰਤ ਸਿੰਘ ਵਿਰਕ 24 ਦਸੰਬਰ 1987 ਨੂੰ ਆਪਣੇ ਪਿਆਰਿਆਂ ਨੂੰ ਸਦਾ ਲਈ ਅਲਵਿਦਾ ਕਹਿ ਗਿਆ ਸੀ।

# 'ਸਬਰ'

ਗੁਰਪ੍ਰੀਤ ਸਿੰਘ 'ਆਫ਼ਤਾਬ'
87278-31290

ਮੈਨੂੰ ਜਦੋਂ ਵੀ ਆਪਣੇ ਕੰਮਕਾਜ ਤੋਂ ਵਿਹਲ ਮਿਲਦੀ ਤਾਂ ਮੈਂ ਘਰ ਦੀ ਛੱਤ ਤੇ ਜਾ ਕੇ ਪੂਰੇ ਸ਼ਹਿਰ ਦਾ ਨਜ਼ਾਰਾ ਜਿਹਾ ਲੈਂਦਾ। ਮੈਂ ਆਪਣੀਆਂ ਨਜ਼ਰਾਂ ਨਾਲ ਪੂਰੇ ਸ਼ਹਿਰ ਦਾ ਆਲਾ ਦੁਆਲਾ ਘੁੰਮ ਲੈਂਦਾ। ਸ਼ਹਿਰ ਵਿਚ ਵੱਸਦਾ ਹਰ ਇੱਕ ਵਿਅਕਤੀ ਇੱਕ ਜਗਾ ਤੋਂ ਦੂਜੀ ਜਗਾ ਵੱਲ ਭੱਜ-ਦੌੜ ਵਿਚ ਰਹਿੰਦਾ ਪਰ ਫੁੱਟਪਾਥ ਤੇ ਖੰਭੇ ਦੇ ਕੋਲ ਬੈਠਾ ਹੋਇਆ ਇੱਕ ਭਿਖਾਰੀ ਉੱਥੇ ਹੀ ਦੇਖਣ ਨੂੰ ਮਿਲਦਾ। ਉਹ ਭਿਖਾਰੀ ਉੱਥੇ ਹੀ ਉੱਠਦਾ, ਸਾਰਾ ਦਿਨ ਹੱਥ ਫੈਲਾ ਕੇ ਬੈਠਾ ਰਹਿੰਦਾ। ਕੋਈ ਵਿਅਕਤੀ ਉਸਨੂੰ ਪੈਸੇ ਤੇ ਕੋਈ ਰੋਟੀ ਆਦਿਕ ਫੜਾ ਜਾਂਦਾ ਜਿਸ ਨਾਲ ਉਹ ਆਪਣਾ ਪੇਟ ਭਰਦਾ। ਇਸ ਤਰਾਂ ਉਸਦਾ ਦਿਨ ਬੀਤਦਾ ਤੇ ਰਾਤ ਨੂੰ ਓਸੇ ਹੀ ਫੁੱਟਪਾਥ ਤੇ ਖੰਭੇ ਕੋਲ ਹੀ ਸੌਂ ਜਾਂਦਾ। ਮੈਂ ਸਵੇਰੇ, ਦੁਪਹਿਰੇ ਜਾਂ ਸ਼ਾਮ ਨੂੰ, ਜਦੋਂ ਵੀ ਛੱਤ ਤੇ ਟਹਿਲਣ ਵਾਸਤੇ ਜਾਂਦਾ ਤਾਂ ਉਸ ਭਿਖਾਰੀ ਨੂੰ ਉੱਥੇ ਹੀ ਦੇਖਦਾ। ਕਈ ਵਾਰ ਸਾਰਾ-ਸਾਰਾ ਦਿਨ ਉਸਨੂੰ ਕੁਝ ਵੀ ਨਾ ਮਿਲਦਾ ਨਾ ਪੈਸੇ ਨਾ ਰੋਟੀ, ਕਈ ਵਾਰ ਤਾਂ ਉਹ ਭੁੱਖੇ ਢਿੱਡ ਹੀ ਉੱਥੇ ਸੌਂ ਜਾਂਦਾ, ਪਰ ਉਸਦੇ ਚਿਹਰੇ ਤੇ ਕਦੀ ਵੀ ਕਿਸੇ ਪ੍ਰਕਾਰ ਰੋਸਾ ਜਾਂ ਗ਼ਿਲਾ ਨਹੀਂ ਦੇਖਿਆ। ਅਜਿਹਾ ਕੀ ਸੀ ਜਿਸਨੇ ਉਸ ਭਿਖਾਰੀ ਨੂੰ ਮਜ਼ਬੂਤ ਬਣਾ ਦਿੱਤਾ ਹੋਇਆ ਸੀ। ਮੈਂ ਜਦੋਂ ਵੀ ਆਪਣੇ ਅੰਦਰ ਝਾਤੀ ਮਾਰਦਾ ਤਾਂ ਇੰਝ ਲੱਗਦਾ ਸਭ ਕੁਝ ਹੈ ਮੇਰੇ ਕੋਲ। ਸਿਵਾਏ ਇੱਕ ਚੀਜ਼ ਦੇ ਜੋ ਸਿਰਫ਼ ਉਸ ਭਿਖਾਰੀ ਕੋਲ ਸੀ। ਮੇਰੇ ਘਰ ਵਿੱਚ ਹਰ ਕੀਮਤੀ ਸ਼ੈਅ ਸੀ ਪਰ ਜੋ ਉਸ ਭਿਖਾਰੀ ਕੋਲ ਸੀ ਉਹ ਅਮੁਲਕ ਸੀ। ਉਸ ਅਮੁੱਲਕ ਸ਼ੈਅ ਕਰਕੇ ਹੀ ਉਸਦੇ ਚੇਹਰੇ ਤੇ ਸਕੂਨ ਸੀ ਤੇ ਮੇਰੇ ਕੋਲ ਸਭ ਕੁੱਝ ਹੋਣ ਦੇ ਬਾਵਜੂਦ ਵੀ ਸਕੂਨ ਤੋਂ ਹੀਣਾ ਸੀ। ਉਸ ਭਿਖਾਰੀ ਦੇ ਕੋਲ ਅਮੁੱਲਕ ਸ਼ੈਅ ਅੱਗੇ ਸਭ ਕੁੱਝ ਸਵਾਹ ਸੀ। ਮੈਂ ਇੱਕ ਦਿਨ ਆਪਣਾ ਮਨ ਬਣਾ ਲਿਆ ਕਿ ਮੈਂ ਓਸ ਅਮੁੱਲਕ ਸ਼ੈਅ ਬਾਰੇ ਪੁੱਛ ਕੇ ਹੀ ਆਉਣਾ ਹੈ। ਅਗਲੀ ਸਵੇਰ ਹੋਈ ਤਾਂ ਮੈਂ ਪੂਰਨ ਮਨ ਬਣਾ ਕੇ ਉਸ ਭਿਖਾਰੀ ਕੋਲ ਜਾ ਪਹੁੰਚਾ। ਮੈਂ ਭਿਖਾਰੀ ਕੋਲ ਬੈਠਾ, ਉਸਦਾ ਹਾਲ-ਚਾਲ ਪੁੱਛਿਆ।

'ਮੈਂ ਮੌਜ ਵਿਚ ਹਾਂ...।' ਉਸਨੇ ਜਵਾਬ ਦਿੱਤਾ।

ਫਿਰ ਮੈਂ ਉਸ ਭਿਖਾਰੀ ਨੂੰ ਕਿਹਾ ਕਿ ਮੇਰੇ ਕੋਲ ਸਭ ਕੁਝ ਹੈ, ਧੰਨ, ਦੌਲਤ ਤੇ ਖ਼ੂਬਸੂਰਤ ਘਰ ਸਭ ਹੈ ਮੇਰੇ ਕੋਲ। ਕਿਸੇ ਵੀ ਚੀਜ਼ ਦੀ ਥੋੜ ਨਹੀਂ ਹੈ ਮੈਨੂੰ ਪਰ ਇਹ ਸਭ ਕੁਝ ਹੋਣ ਦੇ ਬਾਵਜੂਦ ਉਸ ਸ਼ੈਅ ਅੱਗੇ ਕੁਝ ਵੀ ਨਹੀਂ ਹੈ ਜੋ



ਸਿਰਫ਼ ਤੇਰੇ ਕੋਲ ਹੈ।

'ਕੀ ਤੂੰ ਮੈਨੂੰ ਉਹ ਸ਼ੈਅ ਦੇ ਸਕਦਾ ਹੈਂ?'

ਭਿਖਾਰੀ ਵੀ ਸੋਚੀਂ ਪੈ ਗਿਆ ਕਿ ਅਜਿਹਾ ਕੀ ਹੈ ਮੇਰੇ ਕੋਲ ਜੋ ਇੰਨਾ ਜ਼ਿਆਦਾ ਅਮੁੱਲਕ ਹੈ। ...ਤਾਂ ਮੇਰੇ ਮੂੰਹ 'ਚੋਂ ਨਿਕਲਿਆ, 'ਸਬਰ' 'ਸਬਰ ਹੈ ਤੇਰੇ ਕੋਲ।'

ਸਬਰ ਦੇ ਅੱਗੇ ਅਮੀਰ ਤੋਂ ਅਮੀਰ ਬੰਦਾ ਵੀ ਗ਼ਰੀਬ ਹੈ ਤੇ ਤੂੰ ਬੇਸ਼ੱਕ ਭਿਖਾਰੀ ਐਂ, ਗ਼ਰੀਬ ਐਂ ਪਰ ਇਸ ਸਬਰ ਕਰਕੇ ਤੂੰ ਸਭ ਤੋਂ ਅਮੀਰ ਐਂ।

ਕੀ ਤੂੰ ਮੈਨੂੰ ਵੀ ਇਹ ਸਬਰ ਦੇ ਸਕਦੈ ?

ਤਾਂ ਉਸ ਭਿਖਾਰੀ ਨੇ ਕਿਹਾ...ਇਹ ਸਬਰ ਤਾਂ ਉਸ ਮਾਲਕ ਦੀ ਰਹਿਮਤ ਦੇ ਸਦਕਾ ਮਿਲਦਾ ਏ। ਮੈਂ ਦੇ ਤਾਂ ਨਹੀਂ ਸਕਦਾ..ਪਰ ਮੈਂ ਤੇਰੇ ਲਈ ਉਸ ਖ਼ੁਦਾ ਬਖਸ਼ੰਦ ਅੱਗੇ ਦੁਆ ਜ਼ਰੂਰ ਕਰਾਂਗਾ ਕਿ ਤੈਨੂੰ 'ਸਬਰ' ਬਖਸ਼ਿਸ਼ ਕਰੇ।

'ਹਾਂ, ਇੱਕ ਗੱਲ ਹੋਰ'.... ਉਸ ਭਿਖਾਰੀ ਨੇ ਕਿਹਾ।

ਜੇਕਰ ਰੱਬ ਦੀ ਰਹਿਮਤ ਸਦਕਾ 'ਸਬਰ' ਮਿਲ ਵੀ ਗਿਆ ਤਾਂ ਸੰਭਾਲ ਕੇ ਰੱਖੀਂ... ਕਿਉਂਕਿ 'ਸਬਰ' ਬਹੁਤਾ ਸਮਾਂ ਸਥਿਰ ਨਹੀਂ ਰਹਿੰਦਾ। ਤੈਨੂੰ 'ਸਬਰ' ਸੰਭਾਲਣ ਵਾਸਤੇ ਆਤਮਿਕ ਤੌਰ 'ਤੇ ਮੇਰੇ ਵਰਗਾ ਭਿਖਾਰੀ ਬਣਨਾ ਪਏਗਾ। ਆਖ਼ਿਰ ਸੱਚਮੁੱਚ ਉਸ ਭਿਖਾਰੀ ਦੀ ਕੀਤੀ ਹੋਈ ਦੁਆ ਕਬੂਲ ਹੋਈ ਤੇ ਉਸ 'ਸਬਰ' ਨੇ ਮੈਨੂੰ ਵੀ ਇੱਕ ਆਤਮਿਕ ਤੌਰ 'ਤੇ ਅਮੀਰ ਬਣਾ ਦਿੱਤਾ ਸੀ।

# ਹਾਕੀ ਖੇਡ ਜਗਤ ਦਾ ਸਿਤਾਰਾ ਬਲਵੀਰ ਸਿੰਘ ਜੂਨੀਅਰ ਸੰਸਾਰਪੁਰੀਆ

**ਅਰਸ਼ਦੀਪ ਸਿੰਘ**

2 ਮਈ, 1932 ਨੂੰ ਜਨਮੇ ਸ. ਬਲਵੀਰ ਸਿੰਘ ਨੇ 6 ਸਾਲ ਦੀ ਉਮਰ ’ਚ ਆਪਣੇ ਵੱਡੇ ਭਰਾਵਾਂ ਤੋਂ ਪ੍ਰੇਰਿਤ ਹੋ ਕੇ ਹਾਕੀ ਖੇਡਣੀ ਆਰੰਭ ਕੀਤੀ। ਫਿਰ ਲਾਇਲਪੁਰ ਖਾਲਸਾ ਤੇ ਡੀ.ਏ.ਵੀ. ਕਾਲਜ ਜਲੰਧਰ ’ਚ ਪੜਦਿਆਂ ਉਨਾਂ ਕੌਮੀ ਟੀਮ ਵਿਚ ਸ਼ਾਮਲ ਹੋਣ ਵੱਲ ਕਦਮ ਵਧਾਏ। ਜਿਸ ਦੌਰਾਨ ਉਨਾਂ ਪੰਜਾਬ ਯੂਨੀਵਰਸਿਟੀ ਚੰਡੀਗੜ ਦੀ ਕਪਤਾਨੀ ਕੀਤੀ ਅਤੇ 1950 ਵਿਚ ਕੌਮੀ ਪੱਧਰ ’ਤੇ ਪੰਜਾਬ ਵਲੋਂ ਖੇਡਣ ਦਾ ਮਾਣ ਪ੍ਰਾਪਤ ਕੀਤਾ। ਫਿਰ ਭਾਰਤੀ ਰੇਲਵੇ ਵਲੋਂ ਖੇਡਣਾ ਆਰੰਭ ਕੀਤਾ। ਰੇਲਵੇ ਵਲੋਂ ਖੇਡਦਿਆਂ ਉਨਾਂ ਯੂਰਪ ਦੇ ਕਈ ਮੁਲਕਾਂ ਦਾ ਦੌਰਾ ਕੀਤਾ। ਜਿਸ ਦੌਰਾਨ ਸਵਿਟਜ਼ਰਲੈਂਡ, ਸਪੇਨ ਤੇ ਇਟਲੀ ਵਿਚ ਮੈਚ ਖੇਡੇ। ਹਾਲੈਂਡ ਖਿਲਾਫ ਟੈਸਟ ਮੈਚ ਵੀ ਖੇਡੇ। ਪਹਿਲੀ ਵਾਰ 1951 ਵਿਚ ਅਫਗਾਨਿਸਤਾਨ ਦੌਰੇ ’ਤੇ ਗਈ ਭਾਰਤੀ ਟੀਮ ਦੇ ਮੈਂਬਰ ਬਣੇ। ਉਨਾਂ ਨੂੰ ਦੇਸ਼ ਦੇ ਮਹਾਨ ਖਿਡਾਰੀਆਂ ਨਾਲ ਹਾਕੀ ਖੇਡਣ ਦਾ ਮੌਕਾ ਮਿਲਿਆ। 1958 ਦੀਆਂ ਟੋਕੀਓ ਏਸ਼ੀਅਨ ਖੇਡਾਂ ਲਈ ਚੁਣੀ ਗਈ ਭਾਰਤੀ ਟੀਮ ’ਚ ਬਲਵੀਰ ਸਿੰਘ ਜੂਨੀਅਰ ਦੀ ਚੋਣ ਬਲਵੀਰ ਸਿੰਘ ਸੀਨੀਅਰ ਦੇ ਬਦਲ ਵਜੋਂ ਸੈਂਟਰ ਫਾਰਵਰਡ ਦੇ ਤੌਰ ’ਤੇ ਹੋਈ ਪਰ ਉਨਾਂ ਟੂਰਨਾਮੈਂਟ ਵਿਚ ਇਨਸਾਈਡ ਲੈਫਟ ਵਜੋਂ ਵੀ ਸ਼ਾਨਦਾਰ ਖੇਡ ਦਿਖਾਈ।

ਉਨਾਂ ਨੂੰ ਸ. ਬਲਵੀਰ ਸਿੰਘ ਸੀਨੀਅਰ, ਪ੍ਰਿਥੀਪਾਲ ਸਿੰਘ, ਐਲ. ਕਲਾਡੀਅਸ, ਚਾਰਲਸ ਸਟੀਫਨ ਤੇ ਸ. ਬਾਲਕਿਸ਼ਨ ਸਿੰਘ ਨਾਲ ਖੇਡਣ ਦਾ ਮਾਣ ਪ੍ਰਾਪਤ ਸੀ। ਸੰਨ 1962 ਵਿਚ





ਉਨਾਂ ਭਾਰਤੀ ਸੈਨਾ ਵਿਚ ਅਫਸਰ ਵਜੋਂ ਕਮਿਸ਼ਨ ਲਿਆ ਅਤੇ ਸੈਨਾ ਦੀ ਟੀਮ ਵਲੋਂ ਕੌਮੀ ਪੱਧਰ ’ਤੇ ਕਾਫੀ ਟੂਰਨਾਮੈਂਟ ਖੇਡੇ। ਉਹ ਸੈਨਾ ਵਿਚੋਂ ਮੇਜਰ ਵਜੋਂ 1984 ’ਚ ਸੇਵਾਮੁਕਤ ਹੋਏ ਅਤੇ ਉਸ ਤੋਂ ਬਾਅਦ ਚੰਡੀਗੜ ਨੂੰ ਆਪਣਾ ਟਿਕਾਣਾ ਬਣਾ ਲਿਆ। ਜਿੱਥੇ ਉਨਾਂ ਗੌਲਫ ਅਤੇ ਟੈਨਿਸ ਨੂੰ ਆਪਣਾ ਸ਼ੌਕ ਬਣਾ ਲਿਆ। ਉਹ ਚੰਡੀਗੜ ਗੌਲਫ ਕਲੱਬ ਦੇ ਮੈਂਬਰ ਰਹੇ। 1968 ਦੀਆਂ ਮੈਕਸੀਕੋ ਉਲੰਪਿਕ ਖੇਡਾਂ ਵਿਚ ਕਾਂਸੀ ਦਾ ਤਗਮਾ ਜੇਤੂ ਭਾਰਤੀ ਟੀਮ ਦੇ ਖਿਡਾਰੀ ਕਰਨਲ ਬਲਵੀਰ ਸਿੰਘ ਕੁਲਾਰ ਨੇ ਸ. ਜੂਨੀਅਰ ਦੀਆਂ ਯਾਦਾਂ ਤਾਜ਼ਾ ਕਰਦਿਆਂ ਕਿਹਾ ਹੈ, ‘ਬਲਵੀਰ ਸਿੰਘ ਜੂਨੀਅਰ ਇਕ ਵਧੀਆ ਇਨਸਾਨ ਤੇ ਮਹਾਨ ਹਾਕੀ ਖਿਡਾਰੀ ਸਨ। 1982 ਦੀਆਂ ਏਸ਼ੀਅਨ ਖੇਡਾਂ ਸਮੇਂ ਭਾਰਤੀ ਹਾਕੀ ਟੀਮ ਵਿਚ ਖੇਡੇ ਬਲਵੀਰ ਸਿੰਘਾਂ ਬਾਰੇ ਪੱਤਰਕਾਰਾਂ ਨਾਲ ਗੱਲ ਹੋਈ ਤਾਂ ਬਲਵੀਰ ਸਿੰਘ ਜੂਨੀਅਰ ਦੀ ਪਹਿਚਾਣ, ਬਲਵੀਰ ਸਿੰਘ ਸੀਨੀਅਰ ਨਾਲ ਖੇਡਣ ਵਾਲੇ ਬਲਵੀਰ ਵਜੋਂ ਕਰਵਾਈ ਗਈ। ਭਾਵੇਂ ਬਲਵੀਰ ਸਿੰਘ ਜੂਨੀਅਰ ਉਲੰਪਿਕ ਨਹੀਂ ਖੇਡੇ ਪਰ ਉਨਾਂ ਨੂੰ ਬਲਵੀਰ ਸਿੰਘ ਸੀਨੀਅਰ ਨਾਲ ਖੇਡਣ ਦਾ ਐਜ਼ਾਜ਼ ਪ੍ਰਾਪਤ ਸੀ। ਉਨਾਂ ਦੇ ਦੋ ਭਰਾ ਦੂਸਰੀ ਸੰਸਾਰ ਜੰਗ ਵਿਚ ਫੌਤ ਹੋ ਗਏ ਸਨ। ਜੂਨੀਅਰ ਲੰਬਾ ਸਮਾਂ ਕੌਮੀ ਪੱਧਰ ’ਤੇ ਸੈਨਾ ਦੀ ਟੀਮ ਵਲੋਂ ਖੇਡੇ ਅਤੇ 1974 ਵਿਚ ਆਖਰੀ ਵਾਰ ਸੀਨੀਅਰ ਨੈਸ਼ਨਲ ਹਾਕੀ ਚੈਂਪੀਅਨਸ਼ਿਪ ਵਿਚ ਸੈਨਾ ਦੀ ਟੀਮ ਨਾਲ ਮੈਨੇਜਰ ਵਜੋਂ ਜੁੜੇ।

ਸ. ਬਲਵੀਰ ਸਿੰਘ ਜੂਨੀਅਰ ਨਾਲ ਪੰਜਾਬ ਯੂਨੀਵਰਸਿਟੀ ਤੇ ਰੇਲਵੇ ਦੀਆਂ ਟੀਮਾਂ ਵਿਚ ਖੇਡਣ ਵਾਲੇ ਕੁਲਵੰਤ ਅਰੋੜਾ ਉਲੰਪੀਅਨ (1960) ਦਾ ਕਹਿਣਾ ਹੈ ‘1957, 58 ਤੇ 59 ਵਿਚ ਲਗਾਤਾਰ ਤਿੰਨ ਵਾਰ (ਹੈਟ੍ਰਿਕ) ਕੌਮੀ ਚੈਂਪੀਅਨ ਬਣਨ ਵਾਲੀ ਰੇਲਵੇ ਦੀ ਟੀਮ ਦੇ ਉਹ ਸਿਰਕੱਢ ਖਿਡਾਰੀ ਰਹੇ।’ ਬਲਵੀਰ ਸਿੰਘ ਜੂਨੀਅਰ ਦਾ ਇਕਲੌਤਾ ਸਪੁੱਤਰ ਕੈਨੇਡਾ ਦਾ ਬਸ਼ਿੰਦਾ ਹੈ ਅਤੇ ਕੋਰੋਨਾ ਸੰਕਟ ਕਾਰਨ ਉਹ ਆਪਣੇ ਪਿਤਾ ਨੂੰ ਅੰਤਿਮ ਵਿਦਾਇਗੀ ਵੀ ਨਹੀਂ ਦੇ ਸਕਿਆ। ਉਸ ਦੀ ਗ਼ੈਰ-ਹਾਜ਼ਰੀ ਵਿਚ ਸ. ਜੂਨੀਅਰ ਦੀ ਸਪੁੱਤਰੀ ਮਨਦੀਪ ਸਮਰਾ ਨੇ ਆਪਣੀ ਮਾਤਾ ਸੁਖਪਾਲ ਕੌਰ ਦੀ ਹਾਜ਼ਰੀ ’ਚ ਸ. ਬਲਵੀਰ ਸਿੰਘ ਦੀਆਂ ਅੰਤਿਮ ਰਸਮਾਂ ਅਦਾ ਕੀਤੀਆਂ।

# ਪਰਗਟ ਸਿੰਹਾਂ ਹੁਣ ਪਤਾ ਚੱਲੇਗਾ ਕੌਣ ਹੈ ਅਸਲੀ ਅਤੇ ਨਕਲੀ ਕਪਤਾਨ ?



**ਜਗਰੂਪ ਸਿੰਘ ਜਰਖੜ**

**9814300722**

ਪਰਗਟ ਸਿੰਘ ਪੰਜਾਬੀਆਂ ਦੀ ਹਾਕੀ ਦੀ ਦੁਨੀਆਂ ਦਾ ਸਰਤਾਜ ਇਹ ਪੰਜਾਬ ਦਾ ਪਹਿਲਾ ਅਜਿਹਾ ਹਾਕੀ ਖਿਡਾਰੀ ਹੈ ਜਿਸ ਨੂੰ ਭਾਰਤੀ ਹਾਕੀ ਟੀਮ ਦੀ 2 ਓਲੰਪਿਕ ਖੇਡਾਂ 1992 ਬਾਰਸੀਲੋਨਾ ਅਤੇ 1996 ਐਟਲਾਂਟਾ ਓਲੰਪਿਕ ਖੇਡਾਂ ਵਿੱਚ ਕਪਤਾਨੀ ਕਰਨ ਦਾ ਮਾਣ ਮਿਲਿਆ ਅਤੇ ਦੋ ਵਾਰ ਹੀ ਜਲੰਧਰ ਤੋਂ ਐਮ ਐਲ ਏ ਬਣਨ ਦਾ ਮਾਣ ਹਾਸਲ ਹੋਇਆ।

ਭਾਰਤੀ ਹਾਕੀ ਟੀਮ ਵੱਲੋਂ ਅੰਤਰਰਾਸ਼ਟਰੀ ਪੱਧਰ ’ਤੇ 313 ਮੈਚ ਖੇਡਣ ਵਾਲਾ ਅਤੇ 168 ਮੈਚਾਂ ਵਿੱਚ ਭਾਰਤੀ ਹਾਕੀ ਟੀਮ ਦੀ ਕਪਤਾਨੀ ਕਰਨ ਵਾਲਾ ਪਰਗਟ ਸਿੰਘ ਰਾਜਨੀਤੀ ਵਿੱਚ ਆਪਣੀ ਕਪਤਾਨੀ ਦਾ ਜੌਹਰ ਨਹੀਂ ਵਿਖਾ ਸਕਿਆ ਹਾਲਾਂਕਿ ਰਾਜਨੀਤੀ ਵਿੱਚ ਉਹ ਇਸ ਕਰਕੇ ਆਇਆ ਸੀ ਕਿ ਉਹ ਖੇਡਾਂ ਦੇ ਖੇਤਰ ਵਿਚ ਆਪਣੇ ਦਮ ਤੇ ਵੱਡਾ ਸੁਧਾਰ ਕਰੇਗਾ ਪਰ ਰਾਜਨੀਤੀ ਦੀਆ ਤਿਕੜਮ ਚਾਲਾਂ ਵਿੱਚ ਫਸ ਕੇ ਹੀ ਰਹਿ ਗਿਆ। ਪਰਗਟ ਨੇ ਹਾਕੀ ਖੇਡਣ ਤੋਂ ਬਾਅਦ ਸਾਲ 2005 ਵਿੱਚ ਪੰਜਾਬ ਪੁਲਿਸ ਦਾ ਐਸਪੀ ਰੈਂਕ ਦਾ ਅਹੁਦਾ ਛੱਡ ਕੇ ਡਾਇਰੈਕਟਰ ਸਪੋਰਟਸ ਦੀ ਨੌਕਰੀ ਜੁਆਇਨ ਕੀਤੀ ਹੈ ਡਾਇਰੈਕਟਰ ਸਪੋਰਟਸ ਦੇ ਅਹੁਦੇ ਦੀ ਮਿਆਦ ਦੌਰਾਨ ਉਸ ਨੇ ਖੇਡਾਂ ਵਿੱਚ ਸੁਧਾਰ ਕਰਨ ਦਾ ਯਤਨ ਵੀ ਕੀਤਾ। ਪੰਜਾਬ ਦੇ ਖੇਡ ਖੇਤਰ ਨੂੰ ਜਿਸਦੇ ਨਤੀਜੇ ਵੀ ਵਧੀਆ ਮਿਲੇ ਪਰ ਰਾਜਨੀਤਿਕ ਲੀਡਰਾਂ ਨੂੰ ਵਧੀਆ ਨਤੀਜਿਆਂ ਦਾ ਕੋਈ ਸਾਰੋਕਾਰ ਨਹੀਂ ਹੁੰਦ। ਪਰ ਉਸ ਤੋਂ ਬਾਅਦ ਸਾਲ 2011 ਦਸੰਬਰ ਵਿੱਚ ਸੁਖਬੀਰ ਸਿੰਘ ਬਾਦਲ ਦੀ ਹੀ ਪ੍ਰੇਰਨਾ ਨਾਲ ਉਹ ਰਾਜਨੀਤੀ ਵਿੱਚ ਆਇਆ ਅਤੇ 2017 ਵਿਧਾਨ ਸਭਾ ਚੋਣਾਂ ਵਿੱਚ ਅਕਾਲੀਆਂ ਵਲੋਂ ਜਲੰਧਰ ਤੋਂ ਵਿਧਾਇਕ ਬਣੇ। ਉਨਾਂ ਨੂੰ ਇਹ ਪੂਰੀ ਆਸ ਸੀ ਕਿ ਅਕਾਲੀ ਸਰਕਾਰ ਉਨਾਂ ਨੂੰ ਖੇਡ ਮੰਤਰੀ ਦਾ ਅਹੁਦਾ ਜਰੂਰ ਦੇਵੇਗੀ ਪਰ ਰਾਜਨੀਤੀ ਵਿੱਚ ਮੰਤਰੀਆਂ ਵਾਲੇ ਅਹੁਦੇ ਬਿਨਾਂ ਚਾਪਲੂਸੀ ਕਦੇ ਵੀ ਨਹੀਂ ਮਿਲਦੇ ਹੁੰਦੇ ਕਿਉਂਕਿ ਚਾਪਲੂਸੀ ਖਿਡਾਰੀ ਦੇ ਜ਼ेहਨ ਵਿੱਚ ਘੱਟ ਹੀ ਹੁੰਦੀ ਹੈ। ਇਸੇ ਕਰਕੇ ਬਾਦਲਾਂ ਨੇ ਅਕਾਲੀ ਸਰਕਾਰ ਵਿਚ ਪਰਗਟ ਦੀ ਚੰਗੀ ਘਸਾਈ ਕੀਤੀ, ਫਿਰ ਅਕਾਲੀ ਦਲ ਤੋਂ ਵੱਖ ਹੋ ਕੇ ਨਵਜੋਤ ਸਿੱਧੂ ਤੇ ਬੈਂਸ ਬ੍ਰਦਰਜ਼ ਨਾਲ ਰਲਕੇ ‘ਆਵਾਜ਼ ਏ ਪੰਜਾਬ’ ਬਣਾਉਣ ਦਾ ਬਿਗਲ ਵਜਾਇਆ ਪਰ ਗੱਲ ਨਹੀਂ ਬਣੀ।

ਸਾਲ 2016 ਵਿੱਚ ਮੈਂ ਵੀ ਆਮ ਆਦਮੀ ਪਾਰਟੀ ਜੁਆਇਨ ਕਰਕੇ ਰਾਜਨੀਤਕ ਪਾਰੀ ਖੇਡਣ ਦਾ ਮਨ ਬਣਾਇਆ ਸੀ ਮੈਂ ਪਰਗਟ ਸਿੰਘ ਨੂੰ ਆਮ ਆਦਮੀ ਪਾਰਟੀ ਵਿਚ ਲਿਆਉਣ ਲਈ ਕਾਫੀ ਲੰਬੀ ਚੌੜੀ



ਵਿਚੋਲਗੀ ਕੀਤੀ ਪਰ ਆਮ ਆਦਮੀ ਪਾਰਟੀ ਦੀ ਹਾਈਕਮਾਂਡ ਦੇ ਸਿਰ ਤੇ ਯਕੀਨਨ ਸਰਕਾਰ ਬਣਨ ਦੇ ਹੰਕਾਰ ਦੇ ਭੂਤ ਸਵਾਰ ਨੇ ਪਰਗਟ ਸਿੰਘ ਦੀ ਐਂਟਰੀ ਆਪ ਵਿਚ ਨਹੀਂ ਹੋਣ ਦਿੱਤੀ। ਅਖੀਰ ਪਰਗਟ ਸਿੰਘ ਨੇ ਨਵੰਬਰ ਮਹੀਨੇ ਕਾਂਗਰਸ ਜੁਆਇੰਨ ਕਰ ਲਈ। 2017 ਵਿਚ ਪਰਗਟ ਸਿੰਘ ਵੱਡੀ ਲੀਡ ਨਾਲ ਜਲੰਧਰ ਕੈਂਟ ਤੋਂ ਦੂਸਰੀ ਵਾਰ ਵਿਧਾਇਕ ਬਣਿਆ, ਪਰਗਟ ਸਿੰਘ ਪਹਿਲਾ ਅਜਿਹਾ ਹਾਕੀ ਖਿਡਾਰੀ ਹੈ ਜਿਸ ਨੇ ਦੂਸਰੀ ਵਾਰ ਵਿਧਾਇਕ ਬਣਨ ਦਾ ਮਾਣ ਹਾਸਲ ਹੋਇਆ। ਪਰਗਟ ਸਿੰਘ ਨੂੰ ਖ਼ੁਦ ਵੀ ਅਤੇ ਲੋਕਾਂ ਨੂੰ ਵੀ ਇਹ ਆਸ ਸੀ ਕਿ ਇਸ ਵਾਰ ਖੇਡ ਮੰਤਰੀ ਦਾ ਅਹੁਦਾ ਪਰਗਟ ਦੀ ਝੋਲੀ ਵਿਚ ਹੀ ਪਵੇਗਾ। ਕਾਂਗਰਸ ਸਰਕਾਰ ਵਿੱਚ ਪਰਗਟ, ਨਵਜੋਤ ਸਿੱਧੂ ਦੇ ਖੇਮੇ ਵਿੱਚ ਆ ਗਿਆ। ਨਵਜੋਤ ਸਿੱਧੂ ਤੇ ਕੈਪਟਨ ਸਾਹਿਬ ਵਿਚਕਾਰ ਸਰਕਾਰ ਦੇ ਸ਼ੁਰੂ ਹੋਣ ਤੋਂ ਹੀ ਦਰਾਣੀ ਜਠਾਣੀ ਵਾਲਾ ਕਾਟੋ ਕਲੇਸ਼ ਚੱਲ ਪਿਆ, ਫਿਰ ਕਿਹੜੇ ਭੜੂਏ ਨੇ ਪਰਗਟ ਸਿੰਘ ਨੂੰ ਮੰਤਰੀ ਸੰਤਰੀ ਬਣਾਉਣਾ ਸੀ। ਜਿਸ ਨਾਲ ਖੇਡ ਖੇਤਰ ਨਾਲ ਵੱਡੀ ਬੇਇਨਸਾਫ਼ੀ ਹੋ ਗਈ, ਮੇਰੇ ਖਿਆਲ ਮੁਤਾਬਕ ਪਰਗਟ ਸਿੰਘ ਇਕ ਚੰਗਾ ਖਿਡਾਰੀ ਹੋਣ ਦੇ ਨਾਲ ਨਾਲ ਰਾਜਨੀਤਿਕ ਲੀਡਰ ਵੀ ਹੈ। ਉਹ ਹਮੇਸ਼ਾ ਮੌਕੇ ਦੀ ਤਲਾਸ਼ ਵਿੱਚ ਰਿਹਾ ਭਾਵੇਂ ਖੇਡ ਮੈਦਾਨ ਹੋਵੇ ਭਾਵੇਂ ਰਾਜਨੀਤੀ ਦਾ ਮੈਦਾਨ ਹੋਵੇ। ਭਾਰਤੀ ਹਾਕੀ ਵਿਚ ਉਸ ਨੇ ਕੇ ਪੀ ਐਸ ਗਿੱਲ ਨਾਲ ਵੀ ਕਈ ਵਾਰ ਆਢਾ ਲਾਇਆ, ਉਹ ਵੱਖਰੀ ਗੱਲ ਕਿ ਸਫਲਤਾ ਨਹੀਂ ਮਿਲੀ ਪਰ ਸਫ਼ਲਤਾ ਉਸ ਨੂੰ ਰਾਜਨੀਤੀ ਦੇ ਮੈਦਾਨ ਵਿੱਚ ਵੀ ਨਹੀਂ ਮਿਲੀ ਜੋ ਸਫਲਤਾ ਉਹ ਭਾਲਦਾ ਸੀ।

ਲੁਧਿਆਣਾ ਤੋਂ ਵਾਪਸ ਆਉਂਦੇ ਸਮੇਂ ਮੈਂ ਇਕ ਟਰਾਲੀ ਪਿੱਛੇ ਲਿਖਿਆ ਪੜਿਆ ਕਿ ‘ਆਪਣੀ ਬਣਾ ਲੈ ਮਿੱਤਰਾ, ਨਿੱਤ ਨਿੱਤ ਨੀਂ ਮੰਗਵੀਂ ਮਿਲਣੀ’ ਮੈਨੂੰ ਲੱਗਿਆ ਇਹ ਲਾਈਨਾਂ ਹੁਣ ਪਰਗਟ ਸਿੰਘ ਤੇ ਪੂਰੀਆਂ ਢੁੱਕਦੀਆਂ ਹਨ ਕਿਉਂਕਿ ਹੁਣ ਉਸ ਨੂੰ ਨਾ ਅਕਾਲੀਆਂ ਨੇ, ਨਾ ਕਾਂਗਰਸੀਆਂ ਨੇ, ਨਾ ਹੀ ਆਪ ਵਾਲਿਆਂ ਨੇ ਝੱਲਣਾ, ਹੁਣ ਰਾਜਨੀਤੀ ਆਪਣੇ ਦਮ ’ਤੇ ਕਰਨੀ ਪੈਣੀ, ਸੌੜੀ ਸਿਆਸਤ ਦੇ ਝੂਠ ਦੇ ਬੋਲਬਾਲੇ ਵਿੱਚ ਹੁਣ ਇਕ ਪਾਸੇ ਭਾਰਤੀ ਹਾਕੀ ਟੀਮ ਦਾ ਸਾਬਕਾ ਕਪਤਾਨ, ਦੂਜੇ ਪਾਸੇ ਫ਼ੌਜ ਦਾ ਸਾਬਕਾ ਕਪਤਾਨ, ਹੁਣ ਪਤਾ ਲੱਗੇਗਾ ਕਿ ਰਾਜਨੀਤੀ ਵਿੱਚ ਕਿਹੜਾ ਸਫਲ ਕਪਤਾਨ ਬਣ ਕੇ ਨਿੱਤਰਦਾ ਹੈ।

ਪਰਗਟ ਸਿਹਾਂ ਛੱਡੋ, ਹੁਣ ਮੰਤਰੀ ਸੰਤਰੀ ਬਣਨ ਦੀ ਗੱਲ, ਕੈਪਟਨ ਅਮਰਿੰਦਰ ਸਿੰਘ ਨੇ ਤਾਂ ਬਦਲਾਖੋਰੀ ਵਾਲੀ ਬਾਲ ਤੁਹਾਡੇ ਵਾਲੇ ਪਾਲੇ ਵਿੱਚ ਸੁੱਟ ਦਿੱਤੀ ਹੈ, ਅੱਗੇ ਪਰਗਟ ਉਸ ਬਾਲ ਨੂੰ ਕਿਵੇਂ ਵਾਪਸ ਮੋੜਦਾ ਇਹ ਤਾਂ ਸਮਾਂ ਹੀ ਦੱਸੇਗਾ। ਵਿਜੀਲੈਂਸ ਦੀਆਂ ਧਮਕੀਆਂ ਦੇਣਾ, ਝੂਠੇ ਪਰਚੇ ਕਰਾਉਣਾ ਤਾਂ ਹੁਣ ਤਾਕਤਵਰ ਰਾਜਨੀਤਕ ਲੋਕਾਂ ਦਾ ਕਰਮ ਬਣ ਗਿਆ ਹੈ ਪਰ ਸੱਚ ਅਤੇ ਆਪਣੇ ਸਿਧਾਂਤਾਂ ਤੇ ਅੜੇ ਰਹਿਣਾ ਵੀ ਚੰਗੇ ਲੋਕਾਂ ਦਾ ਧਰਮ ਬਣ ਗਿਆ ਹੈ। ਜਿੱਤ ਹਮੇਸ਼ਾ ਸੱਚ ਦੀ ਹੁੰਦੀ ਹੈ। ਇਤਿਹਾਸ ਦੇ ਪਾਤਰ ਵੀ ਹਮੇਸ਼ਾ ਸੱਚ ਨਾਲ ਖੜਨ ਵਾਲੇ ਬਣਦੇ ਹਨ, ਪਰਗਟ ਅਤੇ ਕੈਪਟਨ ਵਾਲੀ ਰਾਜਨੀਤਿਕ ਖਿੱਚੋਤਾਣ ਵਿੱਚ ਪਰਗਟ ਸਿੰਘ ਦਾ ‘ਇਹ ਕਸੂਰ ਹੈ ਕਿ ਉਹ ਬੇਕਸੂਰ ਹੈ ‘ਕੈਪਟਨ ਸਾਹਿਬ ਦਾ ਇਹ ਕਸੂਰ ਹੈ ਕਿ ਉਸ ਕੋਲ ਤਾਕਤ ਦਾ ਗਰੂਰ ਹੈ, ਪੰਜਾਬ ਦੇ ਲੋਕਾਂ ਕੋਲ ਵੋਟਾਂ ਦਾ ਸਰੂਰ ਹੈ, ਹੁਣ ਲੋਕਾਂ ਦੀ ਵੋਟਾਂ ਦੀ ਤਾਕਤ ਨੇ ਫੈਸਲਾ ਇਹ ਕਰਨਾ ਕਿ ਦੋਹਾਂ ’ਚੋਂ ਰਾਜਨੀਤੀ ਦਾ ਅਸਲੀ ਕਪਤਾਨ ਕੌਣ ਹੈ ? ਖੇਡਾਂ ਵਾਲਿਆਂ ਨੂੰ ਇਸ ਮਾੜੀ ਘੜੀ ਪਰਗਟ ਸਿੰਘ ਦਾ ਸਾਥ ਦੇਣਾ ਬਣਦਾ ਪਰ ਪੰਜਾਬ ਦੀ ਰਾਜਨੀਤੀ ਵਿਚ ਜੋ ਵੀ ਇਹ ਘਟਨਾਕ੍ਰਮ ਵਾਪਰ ਰਹੇ ਹਨ ਬਹੁਤ ਮੰਦਭਾਗੇ ਹਨ ਪ੍ਰਮਾਤਮਾ ਪੰਜਾਬ ਨੂੰ ਬਦਲਾਖੋਰੀ ਵਾਲੀ ਰਾਜਨੀਤੀ ਤੋਂ ਬਚਾਵੇ, ਰੱਬ ਰਾਖਾ!

## ਇਜ਼ਰਾਈਲ ਤੇ ਫ਼ਲਸਤੀਨੀ...

ਦਿੱਤੀ ਤੇ ਰਾਕਟ ਸੁੱਟਣੇ ਸ਼ੁਰੂ ਕਰ ਦਿੱਤੇ ਜਿਸ ਤੋਂ ਬਾਅਦ ਇਜ਼ਰਾਈਲ ਨੇ ਵੀ ਮੋੜਵੀਂ ਕਾਰਵਾਈ ਸ਼ੁਰੂ ਕਰ ਦਿੱਤੀ।ਹਮਾਸ ਅਧੀਨ ਸਿਹਤ ਮੰਤਰਾਲੇ ਮੁਤਾਬਕ ਗਾਜ਼ਾ ਵਿੱਚ ਇਸ ਲੜਾਈ ਵਿੱਚ ਘੱਟੋ ਘੱਟ 232 ਜਿਨਾਂ ਵਿੱਚ 100 ਤੋਂ ਵਧੇਰੇ ਔਰਤਾਂ ਅਤੇ ਬੱਚੇ ਸ਼ਾਮਲ ਹਨ, ਗਾਜ਼ਾ ਵਿੱਚ ਆਪਣੀ ਜਾਨ ਗੁਆ ਚੁੱਕੇ ਹਨ।

ਇਜ਼ਰਾਈਲ ਮੁਤਾਬਕ ਮਰਨ ਵਾਲਿਆਂ ਵਿੱਚ ਘੱਟੋ-ਘੱਟ 150 ਮਿਲੀਟੈਂਟ ਵੀ ਸਨ। ਜਦਕਿ ਹਮਾਸ ਨੇ ਲੜਾਕਿਆਂ ਬਾਰੇ ਅਜਿਹੀ ਕੋਈ ਗਿਣਤੀ ਨਹੀਂ ਦੱਸੀ ਹੈ। ਇਜ਼ਰਾਈਲ ਦੀ ਰਾਜਨੀਤਕ ਸੁਰੱਖਿਆ ਕੈਬਨਿਟ ਨੇ ਕਿਹਾ ਹੈ ਕਿ ਉਸ ਨੇ ਇਸ ਗੋਲੀਬੰਦੀ ਦੇ ‘ਪ੍ਰਸਤਾਵ ਨੂੰ ਇੱਕਮਤ ਨਾਲ ਸਵੀਕਾਰ’ ਕਰ ਲਿਆ ਹੈ।ਇਜ਼ਰਾਈਲ ਦੇ ਰੱਖਿਆ ਮੰਤਰੀ ਨੇ ਟਵਿੱਟਰ ਤੇ ਕਿਹਾ ਕਿ ਗਾਜ਼ਾ ਮੁਹਿੰਮ ਨਾਲ ਅਜਿਹਾ ਲਾਭ ਹੋਇਆ ਹੈ ਜੋ ਪਹਿਲਾਂ ਕਦੇ ਨਹੀਂ ਹੋਇਆ। ਹਮਾਸ ਦੇ ਅਧਿਕਾਰੀ ਨੇ ਕਿਹਾ ਕਿ ਇਜ਼ਰਾਈਲ ਦੇ ਗੋਲੀਬੰਦੀ ਦਾ ਐਲਾਨ ਫਲਸਤੀਨੀ ਲੋਕਾਂ ਦੀ ਜਿੱਤ ਹੈ ਤੇ ਇਜ਼ਰਾਈਲੀ ਪ੍ਰਧਾਨ ਮੰਤਰੀ ਬਿਨਿਆਮਿਨ ਨੇਤਨਯਾਹੂ ਦੀ ਹਾਰ।

ਗੋਲੀਬੰਦੀ ਦਾ ਫੈਸਲਾ ਕਿਵੇਂ ਸਿਰੇ ਚੜਿਆ

ਇਸ ਸੰਘਰਸ਼ ਨੂੰ ਖ਼ਤਮ ਕਰਨ ਲਈ ਦੋਹਾਂ ਧਿਰਾਂ ’ਤੇ ਕੌਮਾਂਤਰੀ ਦਬਾਅ ਵਧਦਾ ਹੀ ਜਾ ਰਿਹਾ ਸੀ।ਅਮਰੀਕੀ ਰਾਸ਼ਟਰਪਤੀ ਜੋਅ ਬਾਈਡਨ ਨੇ ਇਜ਼ਰਾਈਲੀ ਪੀਐੱਮ ਨੂੰ ਕਿਹਾ ਸੀ ਕਿ ਉਹ ਉਨਾਂ ਤੋਂ ਉਮੀਦ ਕਰਦੇ ਹਨ ਕਿ ਸੰਘਰਸ਼ ਰੋਕਣ ਲਈ ਉਹ ਅਹਿਮ ਕਦਮ ਚੁੱਕਣਗੇ। ਇਸ ਤੋਂ ਇਲਾਵਾ ਮਿਸਰ, ਕਤਰ ਅਤੇ ਸੰਯੁਕਤ ਰਾਸ਼ਟਰ ਦੀ ਵਿਚੋਲਗੀ ਵੀ ਗੱਲਬਾਤ ਨੂੰ ਅੱਗੇ ਲੈ ਕੇ ਗਈ।

## ਪੰਜਾਬ ਕਾਂਗਰਸ ਵਿਚ...

ਕੈਪਟਨ ਦੀ ਅਗਲੀ ਰਣਨੀਤੀ ਕੀ ਹੋਵੇਗੀ, ਇਸ 'ਤੇ ਸਾਰੇ ਕਾਂਗਰਸੀਆਂ ਦੀਆਂ ਨਜ਼ਰਾਂ ਟਿਕੀਆਂ ਹੋਈਆਂ ਹਨ।

ਦੂਸਰੇ ਪਾਸੇ ਕਾਂਗਰਸੀ ਵਿਧਾਇਕ ਨਵਜੋਤ ਸਿੰਘ ਸਿੱਧੂ ਨੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੂੰ ਘੇਰਦਿਆਂ ਆਖਿਆ ਕਿ ਜੇਕਰ ਕੋਈ ਸੱਚ ਬੋਲਦਾ ਹੈ ਤਾਂ ਉਹ ਉਨਾਂ ਦਾ ਦੁਸ਼ਮਣ ਬਣ ਜਾਂਦਾ ਹੈ। ਉਨਾਂ ਇੱਕ ਟਵੀਟ ਰਾਹੀਂ ਵਿਧਾਇਕ ਪ੍ਰਗਟ ਸਿੰਘ ਦਾ ਮਾਮਲਾ ਉਭਾਰਦਿਆਂ ਲਿਖਿਆ ਕਿ ਕਾਂਗਰਸ ਸਰਕਾਰ ਦੇ ਮੰਤਰੀ, ਵਿਧਾਇਕ ਅਤੇ ਸੰਸਦ ਮੈਂਬਰ ਲੋਕਾਂ ਦੇ ਮੁੱਦੇ ਉਭਾਰ ਕੇ ਪਾਰਟੀ ਨੂੰ ਮਜ਼ਬੂਤ ਕਰ ਰਹੇ ਹਨ। ਉਹ ਅਜਿਹਾ ਕਰ ਕੇ ਆਪਣੀ ਜਮਹੂਰੀ ਜ਼ਿੰਮੇਵਾਰੀ ਤੇ ਸੰਵਿਧਾਨਕ ਹੱਕਾਂ ਦੀ ਵਰਤੋਂ ਕਰ ਰਹੇ ਹਨ, ਪਰ ਇਸ ਵੇਲੇ ਜੇਕਰ ਕੋਈ ਸੱਚ ਬੋਲਦਾ ਹੈ ਤਾਂ ਉਹ ਉਨਾਂ ਦਾ ਦੁਸ਼ਮਣ ਬਣ ਜਾਂਦਾ ਹੈ। ਇਸ ਟਵੀਟ ਨਾਲ ਉਨਾਂ ਪ੍ਰਗਟ ਸਿੰਘ ਦੀ ਇੱਕ ਵੀਡੀਓ ਵੀ ਅਪਲੋਡ ਕੀਤੀ ਹੈ, ਜਿਸ ਵਿੱਚ ਉਹ ਡਰਾਉਣ-ਧਮਕਾਉਣ ਬਾਰੇ ਖੁਲਾਸਾ ਕਰ ਰਹੇ ਹਨ।

ਦੱਸ ਦਈਏ ਕਿ ਨਵਜੋਤ ਸਿੱਧੂ ਵੱਲੋਂ ਸੋਸ਼ਲ ਮੀਡੀਆ ਉੱਪਰ ਛੇੜੀ ਜੰਗ ਮਗਰੋਂ ਮਾਮਲਾ ਗਰਮਾਉਂਦਾ ਜਾ ਰਿਹਾ ਹੈ। ਹਾਲਾਤ ਇੱਥੋਂ ਤੱਕ ਪਹੁੰਚ ਗਏ ਹਨ ਕਿ ਕੈਪਟਨ ਨੇ ਸਿੱਧੂ ਵਿਰੁੱਧ ਲਗਭਗ ਅੱਧੀ ਦਰਜਨ ਤੋਂ ਵੱਧ ਮੰਤਰੀ ਉਤਾਰਨ ਮਗਰੋਂ ਸਿੱਧੂ ਤੇ ਉਨਾਂ ਦੇ ਨੇੜਲਿਆਂ ਦੀਆਂ ਵਿਜੀਲੈਂਸ ਫ਼ਾਈਲਾਂ ਖੋਲਣੀਆਂ ਸ਼ੁਰੂ ਕਰ ਦਿੱਤੀਆਂ ਹਨ। ਵਿਧਾਇਕ ਪਰਗਟ ਸਿੰਘ ਨੇ ਦਾਅਵਾ ਕੀਤਾ ਹੈ ਕਿ ਉਨਾਂ ਨੂੰ ਵੀ ਜਾਂਚ ਦੀ ਧਮਕੀ ਮਿਲੀ ਹੈ। ਪੰਜਾਬ ਕਾਂਗਰਸ ਦੇ ਕਲੇਸ਼ ਉੱਪਰ ਹਾਈਕਮਾਨ ਸਿਰਫ਼ ਮੂਕ ਦਰਸ਼ਕ ਦੀ ਭੂਮਿਕਾ ਨਿਭਾਅ ਰਹੀ ਹੈ। ਦੂਸਰੇ ਪਾਸੇ ਪੰਜਾਬ ਕਾਂਗਰਸ ਦੇ ਪ੍ਰਧਾਨ ਸੁਨੀਲ ਜਾਖੜ ਨੇ ਕਾਂਗਰਸੀ ਆਗੂਆਂ ਖ਼ਿਲਾਫ਼ ਵਿਜੀਲੈਂਸ ਜਾਂਚ ਨੂੰ ਕੋਰੀ ਅਫ਼ਵਾਹ ਦੱਸਿਆ ਹੈ। ਉਨਾਂ ਵਿਧਾਇਕ ਪ੍ਰਗਟ ਸਿੰਘ ਨੂੰ ਨੌਜਵਾਨਾਂ ਦਾ ਆਦਰਸ਼ ਦੱਸਦਿਆਂ ਕਿਹਾ ਕਿ ਪਾਰਟੀ ਉਨਾਂ ਦਾ ਪੂਰਾ ਸਨਮਾਨ ਕਰਦੀ ਹੈ। ਉਨਾਂ ਨੇ ਕਿਹਾ ਕਿ ਇਸ ਸਮੇਂ ਪਾਰਟੀ ਦਾ ਮੁੱਖ ਏਜੰਡਾ ਲੋਕਾਂ ਨੂੰ ਕੋਵਿਡ ਤੋਂ ਬਚਾਉਣਾ ਅਤੇ ਬੇਅਦਬੀ ਦੀਆਂ ਘਟਨਾਵਾਂ ਦੇ ਦੋਸ਼ੀਆਂ ਨੂੰ ਸਜ਼ਾ ਦਿਵਾਉਣਾ ਹੈ।

ਜਾਖੜ ਨੇ ਕਿਹਾ ਕਿ ਕਾਂਗਰਸ ਪਾਰਟੀ ਕਦੇ ਵੀ ਬਦਲੇ ਦੀ ਰਾਜਨੀਤੀ ਨਹੀਂ ਕਰਦੀ। ਕਾਂਗਰਸ ਦਾ ਅਸੂਲ ਰਿਹਾ ਹੈ ਕਿ ਇਹ ਸੰਵਿਧਾਨਕ ਅਦਾਰਿਆਂ ਦਾ ਆਪਣੇ ਨਿੱਜੀ ਹਿੱਤਾਂ ਲਈ ਇਸਤੇਮਾਲ ਨਹੀਂ ਕਰਦੀ ਹੈ ਅਤੇ ਆਪਣੇ ਵਿਧਾਇਕ ਖ਼ਿਲਾਫ਼ ਅਜਿਹਾ ਕਰਨ ਦਾ ਤਾਂ ਸੋਚਿਆ ਵੀ ਨਹੀਂ ਜਾ ਸਕਦਾ ਹੈ। ਉਨਾਂ ਕਿਹਾ ਕਿ ਕੈਪਟਨ ਸੰਦੀਪ ਸੰਧੂ ਨੇ ਤਾਂ ਆਪ ਸਪੱਸ਼ਟ ਕਰ ਦਿੱਤਾ ਹੈ ਕਿ ਉਨਾਂ ਨੇ ਪਰਗਟ ਸਿੰਘ ਨੂੰ ਧਮਕੀ ਦੇਣ ਵਾਲਾ ਜਾਂ ਧਮਕੀ ਭਰਿਆ ਕੋਈ ਫੋਨ ਨਹੀਂ ਕੀਤਾ ਹੈ।

ਸੂਬਾ ਕਾਂਗਰਸ ਪ੍ਰਧਾਨ ਨੇ ਕਿਹਾ ਕਿ ਅਜਿਹੇ ਵਿਚ ਉਹ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੂੰ ਅਪੀਲ ਕਰਦੇ ਹਨ ਕਿ ਪਾਰਟੀ ਦੇ ਅਕਸ ਨੂੰ ਢਾਹ ਲਾਉਣ ਵਾਲੀਆਂ ਅਜਿਹੀਆਂ ਕਾਰਵਾਈਆਂ ਦੀ ਜਾਂਚ ਹੋਵੇ। ਹਾਈਕਮਾਂਡ ਨੇ ਤਾਂ ਇਸ ਮੁੱਦੇ ਉੱਤੇ ਕੋਈ ਪ੍ਰਤੀਕਰਮ ਪ੍ਰਗਟਾਇਆ ਹੀ ਨਹੀਂ, ਪਾਰਟੀ ਦੇ ਜਨਰਲ ਸਕੱਤਰ ਤੇ ਪੰਜਾਬ ਮਾਮਲਿਆਂ ਦੇ ਇੰਚਾਰਜ ਹਰੀਸ਼ ਰਾਵਤ ਨੇ ਵੀ ਮੁੱਖ ਮੰਤਰੀ ਤੇ ਸੂਬਾ ਪ੍ਰਧਾਨ ਸੁਨੀਲ ਜਾਖੜ ਨਾਲ ਕੋਈ ਗੱਲ ਨਹੀਂ ਕੀਤੀ। ਹੁਣ ਇਹ ਮੰਨਿਆ ਜਾ ਰਿਹਾ ਹੈ ਕਿ ਨਵਜੋਤ ਸਿੰਘ ਸਿੱਧੂ ਪਾਰਟੀ ਹਾਈਕਮਾਨ ਦੀ ਸ਼ਹਿ ਹੈ। ਉੱਧਰ ਪੰਜਾਬ ਦੇ ਜੇਲ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਹੁਣ ਨਵਜੋਤ ਸਿੰਘ ਸਿੱਧੂ ਦੇ ਹੱਕ ਵਿੱਚ ਆ ਖਲੋਤੇ ਹਨ। ਉਨਾਂ ਕਿਹਾ ਕਿ ਸਰਕਾਰਾਂ ਵਿਜੀਲੈਂਸ ਨੂੰ ਵਿਰੋਧੀ ਧਿਰ ਦੇ ਲੋਕਾਂ ਨੂੰ ਡਰਾਉਣ ਤੇ ਧਮਕਾਉਣ ਲਈ ਕਰਦੀਆਂ ਰਹਿੰਦੀਆਂ ਹਨ। ਰੰਧਾਵਾ ਦਾ ਇਹ ਬਿਆਨ ਅਜਿਹੇ ਵੇਲੇ ਆਇਆ ਹੈ, ਜਦੋਂ ਨਵਜੋਤ ਸਿੰਘ ਸਿੱਧੂ ਦੇ ਨੇੜਲਿਆਂ ਵਿਰੁੱਧ ਵਿਜੀਲੈਂਸ ਜਾਂਚ ਵਿੱਚ ਤੇਜ਼ੀ ਲਿਆਂਦੀ ਗਈ ਹੈ।

**ਬਾਦਲ ਦਲ ਵਲੋਂ ਨਿਖੇਧੀ**

ਅਕਾਲੀ ਦਲ ਨੇ ਮੰਗ ਕੀਤੀ ਕਿ ਵਿਧਾਨ ਸਭਾ ਦਾ ਵਿਸ਼ੇਸ਼ ਇਜਲਾਸ ਸੱਦਿਆ ਜਾਵੇ ਤਾਂ ਜੋ ਉਸ ਤਰੀਕੇ ਬਾਰੇ ਚਰਚਾ ਕੀਤੀ ਜਾ ਸਕੇ ਜੋ ਮੰਤਰੀਆਂ ਤੇ ਵਿਧਾਇਕਾਂ ਨੂੰ ਪਹਿਲਾਂ ਭ੍ਰਿਸ਼ਟਾਚਾਰ ਲਈ ਉਤਸ਼ਾਹਿਤ ਕਰਨ ਤੇ ਫਿਰ ਉਨਾਂ ਨੂੰ ਸਰਕਾਰ ਦੇ ਖਿਲਾਫ ਬੋਲਣ ਤੋਂ ਰੋਕਣ ਲਈ ਬਲੈਕਮੇਲ ਕਰਨ ਵਾਸਤੇ ਵਰਤਿਆ ਜਾ ਰਿਹਾ ਹੈ। ਸਾਬਕਾ ਮੰਤਰੀ ਡਾ. ਦਲਜੀਤ ਸਿੰਘ ਚੀਮਾ ਨੇ ਕਿਹਾ ਕਿ ਇਹ ਬਹੁਤ ਹੈਰਾਨੀ ਵਾਲੀ ਗੱਲ ਹੈ ਕਿ ਕਾਂਗਰਸ ਦਾ ਵਿਧਾਇਕ ਆਪ ਹੀ ਇਹ ਦੱਸ ਰਿਹਾ ਹੈ ਕਿ ਸਰਕਾਰ ਆਪਣੇ ਵਿਧਾਇਕਾਂ ਖਿਲਾਫ ਫਾਈਲਾਂ ਤਿਆਰ ਕਰ ਰਹੀ ਹੈ ਤਾਂ ਜੋ ਉਨਾਂ ਨੂੰ ਮੁੱਖ ਮੰਤਰੀ ਖਿਲਾਫ ਆਵਾਜ਼ ਬੁਲੰਦ ਕਰਨ ਤੋਂ ਰੋਕਿਆ ਜਾ ਸਕੇ। ਉਨਾਂ ਕਿਹਾ ਕਿ ਇਹ ਵਿਧਾਇਕ ਦੇ ਵਿਸ਼ੇਸ਼ ਅਧਿਕਾਰ ਦੀ ਸਪੱਸ਼ਟ ਉਲੰਘਣਾ ਹੈ ਤੇ ਇਸ ਮਾਮਲੇ 'ਤੇ ਵਿਧਾਨ ਸਭਾ ਵਿਚ ਹੀ ਚਰਚਾ ਹੋਣੀ ਚਾਹੀਦੀ ਹੈ ਕਿ ਕਿਸਨੇ ਭ੍ਰਿਸ਼ਟਾਚਾਰ ਦੀਆਂ ਕਾਰਵਾਈਆਂ ਦੀ ਪੁਸ਼ਤਪਨਾਹੀ ਕੀਤੀ,

ਜਿਸਨੇ ਇਨਾਂ ਕਾਰਵਾਈਆਂ ਦੀਆਂ ਫਾਈਲਾਂ ਤਿਆਰ ਕੀਤੀਆਂ ਤੇ ਕੌਣ ਵਿਧਾਇਕਾਂ ਨੂੰ ਚੁੱਪ ਕਰਵਾਉਣ ਲਈ ਇਨਾਂ ਦੀ ਵਰਤੋਂ ਉਨਾਂ ਨੂੰ ਬਲੈਕਮੇਲ ਕਰਨ ਵਾਸਤੇ ਕਰ ਰਿਹਾ ਹੈ। ਡਾ. ਚੀਮਾ ਨੇ ਕਿਹਾ ਕਿ ਇਹ ਮੁੱਖ ਮੰਤਰੀ ਦਾ ਫਰਜ਼ ਹੈ ਕਿ ਭ੍ਰਿਸ਼ਟਾਚਾਰ ਵਿਚ ਲੱਗੇ ਕਿਸੇ ਵੀ ਵਿਅਕਤੀ ਦੇ ਖਿਲਾਫ ਕਾਰਵਾਈ ਕਰਨ। ਇਸੇ ਤਰੀਕੇ ਸਰਕਾਰੀ ਏਜੰਸੀਆਂ ਦੀ ਵਰਤੋਂ ਬਦਲਾਖੋਰੀ ਵਾਸਤੇ ਨਾ ਕੀਤੀ ਜਾਵੇ ਭਾਵੇਂ ਉਹ ਆਪਣੇ ਹੀ ਵਿਧਾਇਕ ਜਾਂ ਵਿਰੋਧੀ ਧਿਰ ਦੇ ਆਗੂ ਹੋਣ। ਉਨਾਂ ਕਿਹਾ ਕਿ ਸਰਕਾਰ ਦੇ ਕੰਮ ਵਿਚ ਪਾਰਦਰਸ਼ਤਾ ਯਕੀਨੀ ਬਣਾਉਣਾ ਸਰਕਾਰ ਦੀ ਜ਼ਿੰਮੇਵਾਰੀ ਹੈ ਤੇ ਮੁਲਜ਼ਮਾਂ ਦੀ ਸਿਆਸੀ ਸਾਂਝ ਦੀਪਰਵਾਹ ਕੀਤੇ ਬਗੈਰ ਨਿਯਮਾਂ ਦੀ ਪਾਲਣਾ ਹੋਣੀ ਚਾਹੀਦੀ ਹੈ। ਅਜਿਹਾ ਨਾ ਕਰਨ ਨਾਲ ਲੋਕਤੰਤਰ ਤੇ ਇਸਦੀਆਂ ਸੰਸਥਾਵਾਂ ਕਮਜ਼ੋਰ ਹੁੰਦੀਆਂ ਹਨ।

ਡਾ. ਚੀਮਾ ਨੇ ਮੰਗ ਕੀਤੀ ਕਿ ਇਨਾਂ ਤੱਥਾਂ ਨੂੰ ਧਿਆਨ ਵਿਚ ਰੱਖਦਿਆਂ ਸਰਕਾਰ ਨੂੰ ਕਾਂਗਰਸੀ ਵਿਧਾਇਕਾਂ ਨੂੰ ਭ੍ਰਿਸ਼ਟਾਚਾਰ ਦੀ ਆਗਿਆ ਦੇਣ ਵਾਲਿਆਂ ਖਿਲਾਫ ਕਾਰਵਾਈ ਕਰਨੀ ਚਾਹੀਦੀ ਹੈ।

## ਇਕ ਨਜ਼ਰ: ਪੰਜਾਬ ਦੇ...

1985 ਵਿਚ ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ ਦੁਬਾਰਾ ਬਣਨ ਤੇ ਦਸੰਬਰ 1981 ਵਾਲਾ ਸਮਝੌਤਾ ਮੰਨਣ ਤੋਂ ਇਨਕਾਰ ਕਰ ਦਿੱਤਾ ਗਿਆ। ਇਸ ਨਾਲ ਮਸਲਾ ਗੰਭੀਰ ਰੂਪ ਧਾਰਨ ਕਰ ਗਿਆ। ਇਸ ਮਸਲੇ ਲਈ ਟ੍ਰਿਬਿਊਨਲ ਬਣਾਇਆ ਗਿਆ ਤੇ 1987 ਵਿਚ ਆਪਣੀ ਰਿਪੋਰਟ ਵਿਚ ਇਸ ਟ੍ਰਿਬਿਊਨਲ ਨੇ 1955, 1976 ਅਤੇ 1981 ਦੇ ਸਮਝੌਤਿਆਂ ਨੂੰ ਕਾਨੂੰਨੀ ਤੌਰ 'ਤੇ ਜਾਇਜ਼ ਠਹਿਰਾਇਆ ਅਤੇ ਕਿਹਾ ਕਿ ਹਰਿਆਣਾ ਨੇ ਕਿਉਂਕਿ ਨਹਿਰ ਦਾ ਆਪਣਾ ਹਿੱਸਾ ਉਸਾਰ ਦਿੱਤਾ ਹੈ, ਇਸ ਲਈ ਪੰਜਾਬ ਨੂੰ ਉਸਾਰੀ ਦਾ ਕੰਮ ਸ਼ੁਰੂ ਕਰਨਾ ਚਾਹੀਦਾ ਹੈ। ਸੁਰਜੀਤ ਸਿੰਘ ਬਰਨਾਲਾ ਦੀ ਅਗਵਾਈ ਵਾਲੀ ਅਕਾਲੀ ਸਰਕਾਰ ਨੇ 1990 ਵਿਚ ਨਹਿਰ ਉਸਾਰੀ ਦਾ ਕੰਮ ਸ਼ੁਰੂ ਕਰਵਾ ਦਿੱਤਾ ਪਰ ਕੁਝ ਹੀ ਮਹੀਨਿਆਂ ਬਾਅਦ ਇਹ ਕੰਮ ਫਿਰ ਰੋਕ ਦਿੱਤਾ ਗਿਆ, ਇਸ ਦੀ ਉਸਾਰੀ ਲਈ ਤਾਇਨਾਤ ਚੀਫ ਇੰਜਨੀਅਰ ਦੀ ਹੱਤਿਆ ਕਰ ਦਿੱਤੀ ਗਈ ਸੀ।

ਫਿਰ 1999 ਵਿਚ ਹਰਿਆਣਾ ਨੇ ਇਸ ਨਹਿਰ ਦੀ ਉਸਾਰੀ ਲਈ ਪੰਜਾਬ ਤੇ ਜ਼ੋਰ ਪਾਉਣ ਲਈ ਸੁਪਰੀਮ ਕੋਰਟ ਵਿਚ ਕੇਸ ਦਾਇਰ ਕੀਤਾ। 2002 ਵਿਚ ਸੁਪਰੀਮ ਕੋਰਟ ਨੇ ਪੰਜਾਬ ਨੂੰ ਆਦੇਸ਼ ਦਿੱਤਾ ਕਿ ਨਹਿਰ ਦਾ ਕੰਮ ਇੱਕ ਸਾਲ ਦੇ ਵਿਚ ਵਿਚ ਪੂਰਾ ਕੀਤਾ ਜਾਵੇ ਪਰ ਪੰਜਾਬ ਨੇ ਇਨਕਾਰ ਕਰਦਿਆਂ ਸੁਪਰੀਮ ਕੋਰਟ ਦੇ ਹੁਕਮਾਂ ਨੂੰ ਦੁਬਾਰਾ ਤੋਂ ਘੋਖਣ ਲਈ ਬੇਨਤੀ ਕੀਤੀ ਜੋ ਸੁਪਰੀਮ ਕੋਰਟ ਵੱਲੋਂ ਖਾਰਜ ਕਰ ਦਿੱਤੀ ਗਈ। ਇਸ ਹਾਲਤ ਵਿਚ 2004 ਵਿਚ ਕਾਂਗਰਸ ਪਾਰਟੀ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਪੰਜਾਬ ਵਿਧਾਨ ਸਭਾ ਵਿਚ ਮਤਾ ਪਾਸ ਕਰਵਾ ਲਿਆ ਜਿਸ ਤਹਿਤ ਪੰਜਾਬ ਨੇ ਪਿਛਲੇ ਪਾਣੀਆਂ ਦੀ ਵੰਡ ਬਾਰੇ ਕੀਤੇ ਸਾਰੇ ਸਮਝੌਤੇ ਰੱਦ ਕਰ ਦਿੱਤੇ ਸਨ। ਇਸ ਕਾਨੂੰਨ ਨੂੰ 'ਪਾਣੀਆਂ ਦੇ ਸਮਝੌਤੇ ਰੱਦ ਕਰਨ ਬਾਰੇ ਕਾਨੂੰਨ' (2004) ਕਿਹਾ ਜਾਂਦਾ ਹੈ। ਭਾਰਤ ਦੇ ਰਾਸ਼ਟਰਪਤੀ ਨੇ ਇਸ ਕਾਨੂੰਨ ਤੇ ਉਸੇ ਸਮੇਂ ਸੁਪਰੀਮ ਕੋਰਟ ਦੀ ਰਾਏ ਮੰਗ ਲਈ। 15 ਮਾਰਚ 2016 ਨੂੰ ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ ਨੇ 'ਸਤਲੁਜ ਯਮੁਨਾ ਲਿੰਕ ਨਹਿਰ ਜ਼ਮੀਨ ਬਾਰੇ ਐਕਟ ਪਾਸ ਕਰ ਦਿੱਤਾ ਜਿਸ ਤਹਿਤ ਐੱਸਵਾਈਐੱਲ ਲਈ ਜੋ ਜ਼ਮੀਨ ਕਿਸਾਨਾਂ ਤੋਂ ਪ੍ਰਾਪਤ ਕੀਤੀ ਗਈ ਸੀ, ਉਹ ਉਨਾਂ ਨੂੰ ਵਾਪਸ ਕੀਤੀ ਜਾਣੀ ਸੀ ਪਰ 18 ਮਾਰਚ ਨੂੰ ਸੁਪਰੀਮ ਕੋਰਟ ਨੇ ਪੰਜਾਬ ਸਰਕਾਰ ਨੂੰ ਹਾਲਤ ਜਿਉਂ ਦੀ ਤਿਉਂ ਬਣਾਈ ਰੱਖਣ ਲਈ ਨਿਰਦੇਸ਼ ਜਾਰੀ ਕਰ ਦਿੱਤੇ।

ਮਗਰੋਂ 10 ਨਵੰਬਰ ਨੂੰ ਸੁਪਰੀਮ ਕੋਰਟ ਨੇ 1004 ਦੇ ਪਾਣੀਆਂ ਦੇ ਸਮਝੌਤੇ ਰੱਦ ਕਰਨ ਵਾਲੇ ਪੰਜਾਬ ਦੇ ਕਾਨੂੰਨ ਬਾਬਤ ਆਪਣੀ ਰਾਇ ਦਿੱਤੀ ਅਤੇ ਇਸ ਕਾਨੂੰਨ ਨੂੰ ਗੈਰ ਕਾਨੂੰਨੀ ਕਰਾਰ ਦਿੱਤਾ। 15 ਨਵੰਬਰ ਨੂੰ ਪੰਜਾਬ ਸਰਕਾਰ ਨੇ ਐੱਸਵਾਈਐੱਲ ਲਈ ਪ੍ਰਾਪਤ ਕੀਤੀ ਜ਼ਮੀਨ ਨੂੰ ਕਿਸਾਨਾਂ ਨੂੰ ਵਾਪਿਸ ਕਰਨ ਲਈ ਕਾਰਜਕਾਰੀ ਹੁਕਮ ਜਾਰੀ ਕੀਤਾ ਤੇ ਪੰਜਾਬ ਰੈਵੇਨਿਊ ਦੇ ਵਿੱਤ ਸਕੱਤਰ ਨੇ ਜ਼ਮੀਨ ਮਾਲਕਾਂ ਨੂੰ ਜ਼ਮੀਨ ਵਾਪਸ ਕਰਨ ਲਈ ਨੋਟੀਫਿਕੇਸ਼ਨ ਜਾਰੀ ਕਰ ਦਿੱਤਾ ਪਰ ਸੁਪਰੀਮ ਕੋਰਟ ਨੇ ਇਸ ਤੇ ਵੀ ਰੋਕ ਲਗਾ ਦਿੱਤੀ।

ਇਸ ਤੋਂ ਅਗਲੇ ਹੀ ਦਿਨ ਪੰਜਾਬ ਵਿਧਾਨ ਸਭਾ ਨੇ ਕਾਨੂੰਨ ਪਾਸ ਕਰ ਕੇ 'ਨਾਨ-ਰਿਪੇਰੀਅਨ' ਸਟੇਟਾਂ ਤੋਂ ਪਾਣੀ ਦੇ ਬਦਲੇ ਵਿੱਤੀ ਮਾਲੀਏ ਦੀ ਮੰਗ ਕੀਤੀ। ਨਾਨ-ਰਿਪੇਰੀਅਨ ਸਟੇਟ ਉਹ ਹੁੰਦੇ ਹਨ ਜੋ ਪਾਣੀ ਦੇ ਵਹਾਅ ਦੇ ਉਲਟ ਦਰਿਆਵਾਂ ਤੋਂ ਪਾਣੀ ਪ੍ਰਾਪਤ ਕਰਦੇ ਹਨ। ਪੰਜਾਬ ਦੇ ਦਰਿਆਵਾਂ ਦੇ ਹਿਸਾਬ ਨਾਲ ਹਰਿਆਣਾ, ਰਾਜਸਥਾਨ ਤੇ ਦਿੱਲੀ 'ਨਾਨ-ਰਿਪੇਰੀਅਨ' ਸਟੇਟ ਹਨ। 22 ਫਰਵਰੀ 2019 ਨੂੰ ਸੁਪਰੀਮ ਕੋਰਟ ਨੇ ਫੈਸਲਾ ਦਿੱਤਾ ਕਿ ਜੇਕਰ ਪੰਜਾਬ ਤੇ ਹਰਿਆਣਾ ਕਿਸੇ ਸਾਂਝੇ ਫੈਸਲੇ ਤੇ ਨਹੀਂ ਪਹੁੰਚਦੇ ਤਾਂ ਪੰਜਾਬ ਨੂੰ ਪਿਛਲੇ ਫੈਸਲਿਆਂ ਦੇ ਤਹਿਤ ਸਤਲੁਜ ਯਮੁਨਾ ਲਿੰਕ ਨਹਿਰ ਦੀ ਉਸਾਰੀ ਸ਼ੁਰੂ ਕਰਵਾਉਣੀ ਪਵੇਗੀ। ਹਰਿਆਣਾ ਕਿਸੇ ਮੁੱਦੇ ਤੇ ਪਹੁੰਚਣ ਤੋਂ ਪਹਿਲਾਂ ਹੋਏ ਸਮਝੌਤਿਆਂ, ਸੁਪਰੀਮ ਕੋਰਟ ਦੇ ਫੈਸਲਿਆਂ ਆਦਿ ਦੀ ਵਕਾਲਤ ਕਰਦਾ ਹੈ ਅਤੇ ਪੰਜਾਬ ਇਸ ਮਸਲੇ ਤੇ ਰਿਪੇਰੀਅਨ ਸਿਧਾਂਤ ਨੂੰ ਮੁੱਖ ਰੱਖਦਾ ਹੈ। ਇਸ ਲਈ ਫਿਲਹਾਲ ਇਸ ਬਾਰੇ ਕੋਈ ਅੰਤਿਮ ਨਤੀਜਾ ਨਹੀਂ ਨਿਕਲ ਸਕਿਆ।

## ਪ੍ਰਧਾਨ ਮੰਤਰੀ ਦੀ ਤੇਜ਼ੀ...

ਮਾੜੀਆਂ ਕੰਪਨੀਆਂ ਤੋਂ ਖਰੀਦੇ ਹੋਣ ਕਰਕੇ ਉਹ ਵਰਕਿੰਗ ਕੰਡੀਸ਼ਨ ਵਿੱਚ ਨਹੀਂ ਹਨ। ਉਨਾਂ ਨੂੰ ਕੰਪਨੀ ਜਾਂ ਸਬੰਧਤ ਸੂਬਾ ਸਰਕਾਰਾਂ ਨੇ ਬਣਾਉਣਾ ਹੈ, ਇਸਦਾ ਫੈਸਲਾ ਨਹੀਂ ਹੋ ਸਕਿਆ। ਇਸ ਕਰਕੇ ਕਿੰਤੂ-ਪ੍ਰੰਤੂ ਹੋਣਾ ਸੁਭਾਵਕ ਹੈ।

ਉੱਧਰ ਬਾਰਾਂ ਵਿਰੋਧੀ ਪਾਰਟੀਆਂ ਦੇ ਮੁਖੀਆਂ ਨੇ ਵੀ ਇਕੱਠੇ ਹੋ ਕੇ ਸੈਂਟਰ ਸਰਕਾਰ ਅਤੇ ਸਮੁੱਚੇ ਸਿਸਟਮ 'ਤੇ ਬੜੇ ਸਖ਼ਤ ਲਹਿਜ਼ੇ ਵਿੱਚ ਸਵਾਲ ਉਠਾਏ ਹਨ। ਬਿਮਾਰੀ ਪਿੰਡਾਂ ਵਿੱਚ ਬੱਚਿਆਂ ਤਕ ਪਹੁੰਚ ਗਈ ਹੈ। ਇਸ ਬਿਮਾਰੀ 'ਤੇ ਕਾਬੂ ਪਾਉਣ ਲਈ ਜਿੱਥੇ ਦੇਸ਼ ਦੇ ਮੁਖੀ ਨੂੰ, ਇਸ ਵਾਸਤੇ ਫੰਡਾਂ ਦਾ ਖੁੱਲੇ ਦਿਲ ਨਾਲ ਪ੍ਰਬੰਧ ਕਰਨਾ ਚਾਹੀਦਾ ਹੈ, ਉੱਥੇ ਉਹ ਅੱਜ ਦੇ ਦਿਨ ਸਮੁੱਚੀ ਆਪੋਜ਼ੀਸ਼ਨ ਦੇ ਰੋਕਣ ਦੇ ਬਾਵਜੂਦ ਵੀ ਨਵਾਂ ਪਾਰਲੀਮੈਂਟ ਹਾਊਸ ਬਣਾਉਣ ਲਈ ਬਜ਼ਿੱਦ ਹੈ। ਹਾਲ ਦੀ ਘੜੀ ਅਜਿਹੀ ਜ਼ਿੱਦ ਉਸ ਨੂੰ ਦੇਸ਼ ਹਿਤ ਵਿੱਚ ਤਿਆਗਣੀ ਚਾਹੀਦੀ ਹੈ। ਇਸ ਸਬੰਧ ਵਿੱਚ ਛਤੀਸਗੜ ਦੀ ਸਰਕਾਰ ਨੇ ਇੱਕ ਸ਼ਲਾਘਾਯੋਗ ਫੈਸਲਾ ਲਿਆ ਹੈ। ਉਨਾਂ ਉੱਥੇ ਬਣ ਰਹੀ ਨਵੀਂ ਅਸੰਬਲੀ ਦੀ ਬਿਲਡਿੰਗ ਨੂੰ ਅਤੇ ਬਾਕੀ ਸਰਕਾਰੀ ਉਸਾਰੀਆਂ 'ਤੇ ਪਾਬੰਦੀਆਂ ਲਾ ਦਿੱਤੀਆਂ ਹਨ। ਮੋਦੀ ਨੂੰ ਵੀ ਯਾਦ ਰੱਖਣਾ ਚਾਹੀਦਾ ਹੈ ਕਿ ਜੇਕਰ ਕੋਰੋਨਾ-ਮਹਾਂਮਾਰੀ ਤੋਂ ਦੇਸ਼ ਬਚੇਗਾ, ਅਸੀਂ ਸਭ ਬਚਾਂਗੇ ਤਾਂ ਹੀ ਪਾਰਲੀਮੈਂਟ ਦੀ ਲੋੜ ਹੋਵੇਗੀ। ਇਸ ਸਬੰਧੀ ਬਦੇਸ਼ੀ ਮੀਡੀਏ ਨੇ ਵੀ ਬੀਜੇਪੀ ਸਮੇਤ ਪ੍ਰਧਾਨ ਮੰਤਰੀ ਨੂੰ ਕਟਹਿਰੇ ਵਿੱਚ ਮੁਜਰਮਾਂ ਵਾਂਗ ਖੜਾ ਕੀਤਾ ਹੈ। ਆਓ ਅਸੀਂ ਸਭ ਵੀ ਰਲ ਕੇ ਪਹਿਲਾਂ ਇਸ ਮਹਾਂਮਾਰੀ ਤੋਂ ਦੇਸ਼ ਨੂੰ ਬਚਾਉਣ ਲਈ ਦਿਨ-ਰਾਤ ਇੱਕ ਕਰ ਦੇਈਏ। ਜਿਵੇਂ ਕੋਰੋਨਾ ਬਿਨਾਂ ਭੇਦਭਾਵ ਦੇ ਸਭ ਵਿਚਕਾਰ ਫੈਲਿਆ ਹੈ, ਉਵੇਂ ਹੀ ਸਾਨੂੰ ਸਭ ਨੂੰ ਵੀ ਬਿਨਾਂ ਭੇਦ-ਭਾਵ ਆਪਣੇ ਗਿਲੇ-ਸ਼ਿਕਵੇ ਭੁਲਾ ਕੇ ਕਰੋਨਾ ਜੰਗ ਵਿੱਚ ਆਪਣਾ ਯੋਗਦਾਨ ਪਾਉਣਾ ਚਾਹੀਦਾ ਹੈ, ਜਿਸ ਨਾਲ ਆਪਸੀ ਸਾਂਝ ਮਜ਼ਬੂਤ ਹੋਵੇਗੀ ਅਤੇ ਅਜਿਹੀ ਮਜ਼ਬੂਤ ਸਾਂਝ ਹੀ ਮੌਜੂਦਾ ਭ੍ਰਿਸ਼ਟ ਸਰਕਾਰ ਨੂੰ ਚੱਲਦਾ ਕਰਨ ਲਈ ਆਪਣਾ ਯੋਗਦਾਨ ਪਾਵੇਗੀ।

## ਬੇਅਦਬੀ ਅਤੇ ਬਹਿਬਲ...

**10 ਸਵਾਲ :—**

1. ਸੁੰਹ ਖਾ ਕੇ ਦੱਸ ਸਕਦੇ ਹੋ ਕਿ ਚੋਣਾਂ ਤੋਂ ਪਹਿਲਾਂ ਜਨਵਰੀ 2012 ਵਿੱਚ ਬਠਿੰਡਾ ਅਦਾਲਤ ਤੋਂ ਬੇਅਦਬੀ ਮਾਮਲਾ ਵਾਪਿਸ ਕਿਉਂ ਲਿਆ?

2. ਅਕਾਲ ਤਖਤ ਸਾਹਿਬ ਤੇ ਸੁੰਹ ਖਾ ਕੇ ਦੱਸੋ ਕਿ ਕੀ ਤੁਸੀਂ 16 ਸਤੰਬਰ 2015 ਨੂੰ ਜਥੇਦਾਰ ਸਾਹਿਬਾਨ ਨੂੰ ਮੁੱਖ ਮੰਤਰੀ ਰਿਹਾਇਸ਼ ਤੇ ਤਲਬ ਕੀਤਾ ਸੀਸ ਇਸ ਸਬੰਧੀ ਯੂ-ਟਿਊਬ ਉੱਪਰ ਜਥੇਦਾਰ ਗੁਰਮੁੱਖ ਸਿੰਘ ਦੀ ਵੀਡੀਊ ਹੈ।

3. ਦੱਸੋ ਕਿ ਜਥੇਦਾਰਾਂ ਨੂੰ ਮੁਆਫੀ ਦਿੱਤੇ ਜਾਣ ਲਈ ਤਲਬ ਕੀਤਾ ਸੀ ਤਾਂ ਕਿ ਐਮ.ਐਸ.ਜੀ (MSG) ਫਿਲਮ ਰਿਲੀਜ ਹੋ ਸਕੇ।

4. ਗੁਰੂ ਗ੍ਰੰਥ ਸਾਹਿਬ ਜੀ ਦੇ ਸਰੂਪ ਦੀ ਚੋਰੀ ਅਤੇ ਬੇਅਦਬੀ ਦੀ ਲੜੀ ਉਪਰੰਤ ਤੁਸੀਂ ਗ੍ਰਹਿ ਮੰਤਰੀ ਵਜੋਂ ਕੀ ਕੀਤਾ ਜਦਕਿ ਡੇਰਾ ਪ੍ਰੇਮੀਆਂ ਨੇ ਸਤੰਬਰ 2015 ਨੂੰ ਬਰਗਾੜੀ ਅਤੇ ਬੁਰਜ ਜਵਾਹਰ ਸਿੰਘ ਵਾਲਾ ਵਿਖੇ ਪੋਸਟਰ ਲਗਾ ਕੇ ਚਿਤਾਵਨੀ ਦਿੱਤੀ ਸੀ।

5. ਕਿਸੇ ਵੀ ਡੇਰਾ ਪ੍ਰੇਮੀ ਕੋਲੋਂ ਪੁੱਛਗਿੱਛ ਕਿਉਂ ਨਹੀਂ ਕੀਤੀ ਜਦਕਿ ਤੁਸੀਂ ਚੰਗੀ ਤਰਾਂ ਪੋਸਟਰਾਂ ਅਤੇ ਬੇਅਦਬੀ ਮਾਮਲਿਆਂ ਵਿੱਚ ਉਨਾਂ ਦੀ ਭੂਮਿਕਾ ਸਬੰਧੀ ਜਾਣਦੇ ਸੀ।

6. ਬੇਅਦਬੀ ਦੇ ਜਿੰਮੇਵਾਰ ਵਿਅਕਤੀਆਂ ਨੂੰ ਸਜ਼ਾ ਦੇਣ ਲਈ ਤੁਹਾਡੀ ਸਰਕਾਰ ਨੇ ਲਗਭਗ 2 ਸਾਲਾਂ ਵਿੱਚ ਕੀ ਕੀਤਾ?

7. ਤੁਹਾਡੀ ਸਰਕਾਰ ਦੇ ਲਗਭਗ 2 ਸਾਲ ਦੇ ਕਾਰਜਕਾਲ ਦੌਰਾਨ 14 ਅਕਤੂਬਰ 2015 ਨੂੰ ਬਹਿਬਲ ਵਿਖੇ ਮਾਰੇ ਗਏ ਦੋ ਸਿੱਖਾਂ ਦੀ ਐਫ. ਆਈ.ਆਰ ਵਿੱਚ ਕਿਸੇ ਪੁਲਿਸ ਅਫਸਰ ਦਾ ਨਾਮ ਕਿਉਂ ਨਹੀਂ ਸੀ?

8. ਕੀ ਮੁੱਖ ਮੰਤਰੀ ਬਾਦਲ ਨੇ 14 ਅਕਤੂਬਰ 2015 ਨੂੰ ਸਵੇਰ ਦੇ 2 ਵਜੇ ਡੀ.ਜੀ.ਪੀ ਸੈਣੀ ਨੂੰ ਫੋਨ ਕੀਤਾ ਸੀ ਅਤੇ ਡੀ.ਜੀ.ਪੀ ਨੇ 10 ਮਿੰਟਾਂ ਵਿੱਚ ਕੋਟਕਪੂਰਾ ਖਾਲੀ ਕਰਵਾਉਣ ਦਾ ਵਾਅਦਾ ਕੀਤਾ ਸੀ ਜਿਸ ਕਾਰਨ ਗੋਲੀ ਚੱਲੀ?

9. ਕੋਟਕਪੂਰਾ ਧਰਨਾ ਚੁਕਾਏ ਜਾਣ ਦੌਰਾਨ ਅਜੀਤ ਸਿੰਘ ਉੱਪਰ ਗੋਲੀ ਚਲਾਉਣ ਵਾਲੇ ਪੁਲਿਸ ਅਫਸਰਾਂ ਖਿਲਾਫ 307 ਦਾ ਮੁਕੱਦਮਾ ਕਿਉਂ ਨਹੀਂ ਦਰਜ਼ ਕੀਤਾ ਗਿਆ?

10. 14 ਅਕਤੂਬਰ 2015 ਨੂੰ ਜਬਰਦਸਤੀ ਕੋਟਕਪੂਰਾ ਧਰਨਾ ਚੁਕਾਏ ਜਾਣ ਦੌਰਾਨ ਪੁਲਿਸ ਫਾਈਰਿੰਗ ਅਤੇ ਅੱਤਿਆਚਾਰ ਦੀ ਸੀ.ਸੀ. ਟੀ.ਵੀ ਫੁਟੇਜ ਤੁਸੀਂ ਕਿਉਂ ਲੁਕੋਈ? ਜੋ ਕਿ ਬਾਅਦ ਵਿੱਚ ਜਸਟਿਸ ਰਣਜੀਤ ਸਿੰਘ ਕਮਿਸ਼ਨ ਦੁਆਰਾ ਰਿਕਾਰਡ ਵਿੱਚ ਲਿਆਂਦੀ ਗਈ।

## ਜੰਗ ਸਰਹਿੰਦ

ਘੋੜ ਸਵਾਰ ਅਤੇ ਪੈਦਲ ਬਹੁਤ ਸਾਰੇ ਲੋਕ ਖ਼ਾਲਸੇ ਦੀ ਤਲਵਾਰ ਹੇਠ ਆ ਗਏ। ਖ਼ਾਲਸੇ ਨੇ ਸਰਹਿੰਦ ਤੱਕ ਪਿੱਛਾ ਕੀਤਾ।

ਚੱਪੜਚਿੜੀ ਦੀ ਜਿੱਤ ਤੋਂ ਬਾਅਦ ਖ਼ਾਲਸਾ ਸਰਹਿੰਦ ਵੱਲ ਵਧਿਆ। ਬਾਬਾ ਜੀ ਨੇ 14 ਮਈ, 1719 ਨੂੰ ਰਸਮੀ ਤੌਰ 'ਤੇ ਸਰਹਿੰਦ ਇਲਾਕੇ ਦਾ ਨਿਯੰਤਰਣ ਲੈ ਲਿਆ। ਉਸ ਸਮੇਂ ਹੋਈਆਂ ਵਾਰਦਾਤਾਂ ਵਿਚ ਸ਼ਹਿਰ ਨੂੰ ਲੁੱਟਿਆ ਗਿਆ ਹਕੂਮਤ ਦੇ ਸਿੰਘਾਂ ਵਿਰੁਧ ਵੈਰੀਆਂ ਨੂੰ ਵੱਢਿਆ ਗਿਆ। ਪਾਪੀ ਸੁੱਚਾ ਨੰਦ ਨੂੰ ਕਤਲ ਕੀਤਾ ਗਿਆ। ਬਹੁਤ ਸਾਰਿਆਂ ਨੂੰ ਸਜ਼ਾਵਾਂ ਦਿੱਤੀਆਂ ਗਈਆਂ। ਪਰ ਆਮ ਜਨ ਜੀਵਨ ਨੂੰ ਪ੍ਰਭਾਵਿਤ ਨਹੀਂ ਕੀਤਾ। ਸਰਹਿੰਦ ਦੀ ਇੱਟ ਨਾਲ ਇੱਟ ਖੜਕਾਈ ਗਈ। ਅਟਾਰੀਆਂ ਅਤੇ ਸ਼ਾਹੀ ਮਹੱਲ ਢਾਹੇ ਗਏ। ਸੁੱਚਾ ਨੰਦ ਦੀ ਹਵੇਲੀ ਦਾ ਸਫਾਇਆ ਕੀਤਾ। ਉਨਾਂ ਕੰਧਾਂ ਨੂੰ ਵੀ ਤਹਿ ਕੀਤਾ ਜਿਨਾਂ ਵਿਚ ਛੋਟੇ ਦੋ ਸਾਹਿਬਜ਼ਾਦੇ ਚਿਣੇ ਗਏ ਸਨ। ਸਿੰਘਾਂ ਨੇ ਅਜਿਹੇ ਸੰਜਮ ਦਾ ਸਬੂਤ ਦਿੱਤਾ ਕਿ ਸ਼ੇਖ ਅਹਿਮਦ ਮੁਜੱਦਦ ਅਲਫ਼ ਸਾਨੀ ਦੇ ਮੰਜਾਰ ਅਤੇ ਹੋਰ ਯਾਦਗਾਰਾਂ ਨੂੰ ਛੇੜਿਆ ਵੀ ਨਾ ਗਿਆ। ਇਹ ਸਿੱਖਾਂ ਦੀ ਪਹਿਲੀ ਖੇਤਰੀ ਜਿੱਤ ਸੀ। ਜਿਸ ਨੇ ਉਨਾਂ ਨੂੰ ਸਤਲੁਜ ਦੇ ਦੱਖਣ ਵਿਚ ਪੂਰੇ ਦੇਸ਼ ਦਾ ਕਬਜਾ ਦਿੱਲੀ ਦੇ ਨੇੜੇ ਤੱਕ ਦਿੱਤਾ। ਮਈ 24, 1710 ਨੂੰ ਬਾਬਾ ਜੀ ਨੇ ਪਟਿਆਲੇ ਨੂੰ ਇਕ ਸੁਤੰਤਰ ਰਾਜ ਦਾ ਪਹਿਲਾ ਕੇਂਦਰ ਬਣਾਇਆ। ਮਈ 27,1710 ਨੂੰ ਸਰਹਿੰਦ ਸ਼ਹਿਰ ਵਿਚ ਇਕ ਵਿਸ਼ਾਲ ਇਕੱਤਰਤਾ ਵਿਚ ਬਾਬਾ ਜੀ ਨੇ ਸਰਹਿੰਦ ਸ਼ਹਿਰ ਵਿਚ ਸਿੱਖ ਰਾਜ ਸਥਾਪਤ ਕਰਨ ਅਤੇ ਮੁਗਲਾਂ ਦੇ ਸ਼ਾਸਨ ਨੂੰ ਖਤਮ ਕਰਨ ਦਾ ਐਲਾਨ ਕੀਤਾ। ਜਿਸ ਨੇ ਇਲਾਕੇ ਵਿਚ ਆਪਣੇ ਜ਼ੁਲਮਾਂ ਨਾਲ ਦਹਿਸ਼ਤ ਫੈਲਾਈ ਹੋਈ ਸੀ। ਬਾਬਾ ਜੀ ਨੇ ਮੁਖਲਿਸਪੁਰ ਦੇ ਪੁਰਾਣੇ ਸ਼ਾਹੀ ਕਿਲੇ ਦੀ ਮੁਰੰਮਤ ਕੀਤੀ। ਇਸ ਨੂੰ ਲੋਹਗੜ ਦਾ ਨਾਂ ਦਿੱਤਾ। ਉਥੇ ਆਪਣੀ ਰਾਜਧਾਨੀ ਸਥਾਪਤ ਕੀਤੀ।

ਬਾਬਾ ਬਾਜ ਸਿੰਘ ਨੂੰ ਸਰਹਿੰਦ ਦਾ ਸੂਬਾ ਅਤੇ ਅਲੀ ਸਿੰਘ ਸਲੌਦੀ ਨੂੰ ਸਹਾਇਕ ਨਿਯੁਕਤ ਕੀਤਾ। ਭਾਈ ਫਤਹਿ ਸਿੰਘ ਨੂੰ ਸਮਾਣਾ ਸੌਂਪਿਆ। ਥਾਨੇਸਰ ਦਾ ਪ੍ਰਬੰਧ ਬਾਬਾ ਬਾਜ ਸਿੰਘ ਦੇ ਭਰਾ ਰਾਮ ਸਿੰਘ ਅਤੇ ਬਾਬਾ ਬਿਨੋਦ ਸਿੰਘ ਨੂੰ ਦਿੱਤਾ। ਇਲਾਕੇ ਦੇ ਪ੍ਰਗਨਿਆਂ ਨੇ ਬਾਬਾ ਜੀ ਦੀ ਅਧੀਨਗੀ ਪ੍ਰਵਾਨ ਕਰ ਲਈ। ਕਰਨਾਲ ਤੋਂ ਲੁਧਿਆਣਾ ਤੱਕ ਸਾਰਾ ਇਲਾਕਾ ਸਿੱਖਾਂ ਦੇ ਕਬਜੇ ਵਿਚ ਸੀ। ਇਸ ਦੀ ਆਮਦਨ 36 ਲੱਖ ਰੁਪਏ ਸਾਲਾਨਾ ਸੀ।

ਸਰਹਿੰਦ ਦੀ ਜਿੱਤ ਦੀ ਯਾਦ ਵਿਚ ਫਤਹਿ ਬੁਰਜ ਚੱਪੜਚਿੜੀ ਦੇ ਸਥਾਨ 'ਤੇ ਸਥਾਪਤ ਹੈ।

## ਗਫੂਰ ਤਾਂਗੇ ਵਾਲਾ

'ਪਿੰਡ ਵਾਲਿਆਂ ਲਈ ਵੀ ਲੈ ਕੇ ਆਇਆ ਹਾਂ।' ਨੇਤਾ ਬੋਲਿਆ।

'ਬੜੀ ਵਧੀਆ ਗੱਲ ਹੈ। ਲੋਕ ਬੜੇ ਖ਼ੁਸ਼ ਹੋਣਗੇ, ਪਰ ਪਤਾ ਤਾਂ ਲੱਗੇ ਕਿ ਤੂੰ ਲੈ ਕੇ ਕੀ ਆਇਐਂ ਲੋਕਾਂ ਲਈ?'

'ਧਰਮ ਨਿਰਪੱਖਤਾ...' ਨੇਤਾ ਨੇ ਕਿਹਾ।

'ਹੈਂ ਇਹ ਕੀ ਚੀਜ਼ ਹੁੰਦੀ ਏ?'

'ਹਿੰਦੂ ਮੁਸਲਮਾਨਾਂ ਨੂੰ ਲੜਨ ਤੋਂ ਰੋਕਦੀ ਹੈ।'

'ਹਿੰਦੂ ਮੁਸਲਮਾਨ ਤਾਂ ਆਪਸ ਵਿੱਚ ਲੜਦੇ ਹੀ ਨਹੀਂ। ਇਹ ਕਿਹੜੀ ਬੇਕਾਰ ਚੀਜ਼ ਚੁੱਕ ਲਿਆਇਆ ਤੂੰ।'

'ਮੈਂ ਤਾਂ ਇਸ ਨਾਲੋਂ ਵੀ ਵੱਡੀ ਚੀਜ਼ ਲਿਆਇਆਂ ਪਿੰਡ ਵਾਲਿਆਂ ਲਈ।'

'ਉਹ ਕਿਹੜੀ ਚੀਜ਼ ਹੈ?'

'ਮੇਰਾ ਦੇਸ਼ ਮਹਾਨ ਦਾ ਨਾਅਰਾ।'

'ਇਹ ਲੋਕਾਂ ਦੇ ਕਿਸ ਕੰਮ ਆਊ?'

'ਆਪਣੇ ਦੇਸ਼ ਨੂੰ ਮਹਾਨ ਬਣਾਉਣ ਦਾ ਸੁਨੇਹਾ ਦੇਵੇਗਾ ਇਹ।'

'ਜਿਹੜੇ ਭੁੱਖੇ ਮਰ ਰਹੇ ਹਨ, ਨਕਾਰੇ ਹਨ, ਕੀ ਉਨਾਂ ਨੂੰ ਵੀ ਕੁਝ ਦੇਵੇਗਾ ਇਹ ਨਾਅਰਾ?'

ਗਫੂਰ ਨੇ ਇਹ ਸਵਾਲ ਕੀਤਾ ਅਤੇ ਤਾਂਗਾ ਰੋਕ ਲਿਆ। ਉਸ ਦਾ ਜੁਆਬ ਉਡੀਕੇ ਬਗੈਰ ਗਫੂਰ ਫਿਰ ਬੋਲਿਆ, 'ਸਕੂਲ ਦੀ ਜਿਹੜੀ ਛੱਤ ਡਿੱਗੀ ਸੀ, ਉਸ ਦੇ ਮਲਬੇ ਦੇ ਥੱਲੇ ਆ ਕੇ ਇਕ ਮੁਸਲਮਾਨ ਬੱਚੇ ਦੀ ਮੌਤ ਹੋ ਗਈ ਸੀ। ਉਸ ਨੂੰ ਇਸ ਥਾਂ ਦਫ਼ਨ ਕੀਤਾ ਗਿਆ ਸੀ। ਉਸ ਬੱਚੇ ਦੀ ਕਬਰ ਛੂਹ ਕੇ ਆਉਨਾ ਮੈਂ ਹੁਣੇ ਹੀ।'

ਜਦ ਗਫੂਰ ਕਬਰ ਛੂਹ ਕੇ ਵਾਪਸ ਮੁੜਿਆ ਤਾਂ ਨੇਤਾ ਨੇ ਪੁੱਛਿਆ, 'ਕੀਹਦਾ ਬੱਚਾ ਸੀ ਇਹ?'

'ਕਿਸੇ ਹੋਰ ਦਾ ਨਹੀਂ, ਇਹ ਮੇਰਾ ਬੱਚਾ ਸੀ।' ਗਫੂਰ ਨੇ ਭਰੇ ਮਨ ਨਾਲ ਕਿਹਾ। 'ਚੰਗਾ ਹੋਇਆ ਬਾਊ ਜੀ ਉਹ ਮਰ ਗਿਆ। ਵੱਡਾ ਹੋ ਕੇ ਬੇਰੁਜ਼ਗਾਰਾਂ ਦੀ ਗਿਣਤੀ ਹੀ ਵਧਾਉਣੀ ਸੀ ਉਸ ਨੇ।'

ਨੇਤਾ ਤਾਂ ਕੁਝ ਨਹੀਂ ਬੋਲਿਆ। ਪਰ ਗਫੂਰ ਉਸ ਨੂੰ ਸੁਣਾ ਕੇ ਬੋਲਦਾ ਰਿਹਾ, 'ਮੇਰੇ ਤਾਂਗੇ ਦੀ ਹਾਲਤ ਤਾਂ ਤੂੰ ਦੇਖਦਾ ਹੀ ਏਂ। ਆਟੋ ਰਿਕਸ਼ੇ ਹੜੱਪਦੇ ਜਾ ਰਹੇ ਨੇ ਤਾਂਗਿਆਂ ਨੂੰ।' ਏਨਾ ਕਹਿ ਕੇ ਗਫੂਰ ਨੇ ਘੋੜੇ ਦੀ ਪਿੱਠ 'ਤੇ ਪਿਆਰ ਨਾਲ ਹੱਥ ਫੇਰਿਆ ਤੇ ਬੋਲਿਆ, 'ਚੱਲ ਪੁੱਤ, ਦੇਸ਼ ਨੂੰ ਅੱਗੇ ਲੈ ਕੇ ਚੱਲ।' ਤੇ ਤਾਂਗਾ ਆਪਣੀ ਤੋਰੇ ਤੁਰ ਪਿਆ।

# Valley Real Estate Center



Better Deal will be given from New Builders to Book New home in Mountain House, Tracy, Manteca and lathrop

For agriculture and almond Farm,office building, Farm House and for Truck Yard in Tracy, Manteca, Lathrop and Stockton

ਮਾਊਂਟੇਨ ਹਾਊਸ, ਟਰੇਸੀ, ਮਨਟਿਕਾ ਅਤੇ ਲੈਥਰੋਪ ਵਿਚ ਨਵਾਂ ਘਰ ਬੁੱਕ ਕਰਨ ਲਈ ਨਵੇਂ ਅਤੇ ਤਜਰਬੇਕਾਰ ਬਿਲਡਰਜ਼ ਤੋਂ ਵਧੀਆ ਡੀਲ ਦਿਵਾਈ ਜਾਵੇਗੀ।

ਖੇਤੀਬਾੜੀ, ਅਲਮੰਡ ਫਾਰਮ, ਆਫ਼ਿਸ ਬਿਲਡਿੰਗ, ਫਾਰਮ ਹਾਊਸ ਅਤੇ ਟਰੱਕ ਯਾਰਡ ਲਈ ਵੀ ਵਧੀਆ ਸੇਵਾਵਾਂ ਹਾਸਲ ਕਰੋ।

## Listing

**TOTAL 35.5 YOUNG THREE YEARS OLD TREE PADRE AND NONPAREIL VARIETY. WITH RIPARIAN RIGHT FROM THE SAN JOAQUIN RIVER. WITH A SINGLE FAMILY SMALL HOME, IT'S VERY DESIRABLE PROPERTY**





RANJIT SINGH
(Lic: 01922089)

**PROPERTY ADDRESS: 27022 RIVER ROADM, NEWMAN CA 95360.**

# RANJIT SINGH

**Valley Real Estate Center (Office Lic.: 01392267)**
**68 E 11th Street Ste 109, Tracy, CA 95376**
**Office: 209-956-1000 Cell : 408-355-5700, gbsingh84@gmail.com**


MORE: SAVINGS.
TIRE DISCOUNTS FOR:
TRANS-ALLIANCE
TOGETHER WE SAVE
Trans-Alliance has partnered together with TA Truck Service to provide Trans-Alliance members with awesome discounts on tires.
It's simple - Just give your DOT number to the TA Truck Service attendant at the time of purchase and the savings will be automatically deducted from your bill.
ROADMASTER TIRES™
ENGINEERED BY COOPERTIRES
STEER
DRIVE
TRAILER
RM 180+ EM
$299.00
RETAIL $362.00
RM 852 EM
$309.00
RETAIL $378.00
RM 872 EM
$279.00
RETAIL $339.00
TRANS-ALLIANCE MEMBERS GET $35 OFF RETAIL PRICE ON OTHER TIRE BRANDS
Pricing valid 6/1/2019 through 12/31/2019 for Trans-Alliance members ONLY. This promotion applies to the unit retail price. Pricing shown above is for 295/75R22.5 sizes only; prices on other sizes may vary. Price does not include F.E.T., mounting labor, balancing, valve stem, state, or local taxes. Some brand exclusions may apply.
TA TRUCK SERVICE®
MORE: BAYS. EXPERTISE. SOLUTIONS.®
Visit ta-petro.com or find us on
TA
Nasdaq Listed